**Reo-Bankowned Properties**

From San Jose to Sacramento

JASSI GILL *Broker/Owner*

Ph:510-304-9292

**Refinance Now**

@ZERO COST


Call Sukhi Gill:510-207-9067



*Jassi Gill*

CA DRE Lic.#01180969

CA DRE# 00966763



ਇੰਡੀਆ ਕਾਲ ਕਰਨ ਲਈ ਸਭ ਤੋਂ ਵਧੀਆ ਤੇ ਭਰੋਸੇਮੰਦ ਸਰਵਿਸ

www.011india.com

*ਵਧੀਆ, ਸਾਫ ਆਵਾਜ਼
*ਬਗੈਰ ਪਿੰਨ ਤੋਂ ਵਰਤੋ
*ਸਪੀਡ ਵਾਲੇ ਨੰਬਰ ਸੈਟ ਕਰੋ
*ਘਰੋਂ ਤੇ ਸੈਲ ਫੋਨ ਤੋਂ ਇਕੋ ਵੇਲੇ ਦੋ ਫੋਨ ਚੱਲ ਸਕਦੇ ਹਨ

**$25 2500 Minutes**

ਅਮਰੀਕਾ ਜਾਂ ਕੈਨੇਡਾ ਤੋਂ ਇਕੋ ਰੇਟ

ਦੁਨੀਆਂ ਦੇ ਕਿਸੇ ਫੋਨ 'ਚ ਅਸੀਂ ਪੈਸੇ ਪਾ ਸਕਦੇ ਹਾਂ

ਸਾਡੀ ਸਰਵਿਸ ਹਰ ਦੇਸ਼ ਲਈ ਵਰਤੋ

Limited Time Offer. Restrications & Additional Fees Apply.

800-914-1013 408-428-2300

COVERED CALIFORNIA

**ਓਬਾਮਾ ਕੇਅਰ**

ਦੀ ਐਪਲੀਕੇਸ਼ਨ ਖੁਲ੍ਹ ਗਈ ਹੈ

November 1 to January 31

ਐਪਲੀਕੇਸ਼ਨ ਭਰਨ ਲਈ ਮਿਲੋ

ਗੁਰਚਰਨ ਸਿੰਘ ਮਾਨ

ਫੋਨ: 510-797-7989

Email: duabba1@gmail.com



License# OC70672
Certified Agent

ਐਪਲੀਕੇਸ਼ਨ ਦੀ ਕੋਈ ਫੀਸ ਨਹੀਂ



Sixteenth Year of Publication

ਕੈਲੀਫੋਰਨੀਆ ਐਡੀਸ਼ਨ Price 50¢

Email:punjabtimes1@gmail.com

www.punjabtimesusa.com

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 16, Issue 48, November 28, 2015 20451 N Plum Grove Rd., Palatine, IL 60074 Ph:847-359-0746, Fax:847-705-9388


# ਪੰਜਾਬ 'ਚ ਸਿਆਸੀ ਧਿਰਾਂ ਨੇ ਮੋਰਚੇ ਮੱਲੇ

## ਸਭ ਦਾ ਇਕੋ ਨਿਸ਼ਾਨਾ: 2017 ਵਾਲੀਆਂ ਚੋਣਾਂ

**ਬਠਿੰਡਾ (ਗੁਰਵਿੰਦਰ ਸਿੰਘ ਵਿਰਕ):** ਪੰਜਾਬ ਵਿਚ ਮਾਹੌਲ ਜ਼ਰਾ ਕੁ ਲੀਹ ਉਤੇ ਆਉਂਦੇ ਹੁੰਦੇ ਸਾਰ ਹੀ ਸਿਆਸੀ ਧਿਰਾਂ ਨੇ ਮੋਰਚੇ ਸਾਂਭ ਲਏ ਹਨ। ਡੇਰਾ ਸਿਰਸਾ ਮੁਖੀ ਨੂੰ ਮੁਆਫੀ ਦੇਣ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਕਾਰਨ ਲੋਕ ਰੋਹ ਦਾ ਸ਼ਿਕਾਰ ਹੋਈ ਹਾਕਮ ਧਿਰ ਸ਼੍ਰੋਮਣੀ ਅਕਾਲੀ ਦਲ ਤਕਰੀਬਨ ਡੇਢ ਮਹੀਨੇ ਪਿੱਛੋਂ ਬਠਿੰਡੇ ਵਿਚ ਸਦਭਾਵਨਾ ਰੈਲੀ ਦੌਰਾਨ ਖੁੱਲ੍ਹ ਕੇ ਵਿਚਰੀ।

ਉਧਰ, ਕੈਪਟਨ ਅਮਰਿੰਦਰ ਸਿੰਘ ਨੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵੱਲੋਂ ਬਠਿੰਡਾ ਵਿਚ ਬਰਾਬਰ ਦੀ ਰੈਲੀ ਕਰਨ ਦੀ ਚੁਣੌਤੀ ਸਵੀਕਾਰ ਕਰ ਲਈ ਹੈ। ਆਮ ਆਦਮੀ ਪਾਰਟੀ (ਆਪ) ਦੇ ਮੁੱਖ ਅਹੁਦਿਆਂ ਤੋਂ ਖੁਦ ਹੀ ਫਾਰਗ ਹੋਏ ਸੀਨੀਅਰ ਵਕੀਲ ਹਰਵਿੰਦਰ ਸਿੰਘ ਫੂਲਕਾ ਦੀਆਂ ਪੰਜਾਬ ਵਿਚ ਵਧੀਆਂ ਸਰਗਰਮੀਆਂ ਉਤੇ ਵੀ ਸਿਆਸੀ ਧਿਰਾਂ ਵੱਲੋਂ ਨਿਗ੍ਹਾ ਰੱਖੀ ਜਾ ਰਹੀ ਹੈ। ਕੁਝ ਸਿਆਸੀ ਹਲਕੇ ਸ. ਫੂਲਕਾ ਨੂੰ ਪੰਜਾਬ ਵਿਚ 'ਆਪ' ਦੇ ਮੁੱਖ ਮੰਤਰੀ ਦੇ ਚਿਹਰੇ ਵਜੋਂ ਉਭਾਰਨ ਦੇ ਯਤਨ ਦੱਸ ਰਹੇ ਹਨ। 'ਆਪ' ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਵੀ ਪੰਜਾਬ ਨੂੰ ਆਪਣਾ ਅਗਲਾ ਨਿਸ਼ਾਨਾ ਦੱਸਿਆ ਹੈ।

ਸੂਬੇ ਵਿਚ ਮੁੱਖ ਵਿਰੋਧੀ ਧਿਰਾਂ- ਬਾਦਲ ਵਾਲਾ ਸ਼੍ਰੋਮਣੀ ਅਕਾਲੀ ਦਲ ਤੇ ਕਾਂਗਰਸ, ਇਸ ਵਾਰ ਖਾਲਿਸਤਾਨ ਦਾ ਠੱਪਾ ਇਕ-ਦੂਜੇ ਸਿਰ ਲਾਉਣ ਲਈ ਪੂਰੀ ਵਾਹ ਲਾ ਰਹੀਆਂ ਹਨ। ਹਾਕਮ ਧਿਰ ਵੱਲੋਂ ਬਠਿੰਡੇ ਵਿਚ ਕੀਤੀ ਸਦਭਾਵਨਾ ਰੈਲੀ ਵਿਚ ਵੀ ਕਾਂਗਰਸ ਨੂੰ ਖਾਲਿਸਤਾਨੀ ਪੱਖੀ ਸਾਬਤ ਕਰਨ ਲਈ ਟਿੱਲ ਲਾਇਆ ਗਿਆ। ਦੋਵੇਂ ਧਿਰਾਂ ਵੱਲੋਂ ਇਕ-ਦੂਜੇ ਉਤੇ ਖਾੜਕੂਵਾਦ ਨੂੰ ਮੁੜ ਸੁਰਜੀਤ ਕਰਨ ਦਾ ਦੋਸ਼ ਲਾਉਂਦਿਆਂ ਰਾਸ਼ਟਰਪਤੀ ਕੋਲ ਵੀ ਪਹੁੰਚ ਕੀਤੀ ਜਾ ਚੁੱਕੀ ਹੈ। ਦਰਅਸਲ, 10 ਨਵੰਬਰ ਨੂੰ ਪੰਥਕ ਧਿਰਾਂ ਵੱਲੋਂ ਸੱਦੇ ਸਰਬੱਤ ਖਾਲਸਾ ਵਿਚ ਮਿਸਾਲੀ ਇਕੱਠ ਹੋਇਆ ਸੀ, ਪਰ ਇਸ ਇਕੱਠ ਵਿਚ ਲਏ ਫੈਸਲਿਆਂ ਨੇ ਹੁੰਮ-ਹੁਮਾ ਕੇ ਪੁੱਜੇ ਲੋਕਾਂ ਨੂੰ ਨਿਰਾਸ਼ ਹੀ ਕੀਤਾ। ਸਮਾਗਮ ਦੌਰਾਨ ਭਾਈ

*(ਬਾਕੀ ਸਫਾ 6 'ਤੇ)*



### ਭਲਾ ਇਹ ਕੇਹੀ ਸਦਭਾਵਨਾ?

**ਚੰਡੀਗੜ੍ਹ:** ਪੰਜਾਬ ਵਿਚ ਤਲਖ ਮਾਹੌਲ ਪਿਛੋਂ ਸ਼ਾਂਤੀ ਬਹਾਲੀ ਦੇ ਨਾਂ 'ਤੇ ਹਾਕਮ ਧਿਰ ਜਿਥੇ ਸਦਭਾਵਨਾ ਰੈਲੀਆਂ ਵਿਚ ਜੁਟੀ ਹੋਈ ਹੈ, ਉਥੇ ਜ਼ਿਲ੍ਹਾ ਬਠਿੰਡਾ ਦੇ ਪਿੰਡ ਹਮੀਰਗੜ੍ਹ ਵਿਚ ਕੈਬਨਿਟ ਮੰਤਰੀ ਸਿਕੰਦਰ ਸਿੰਘ ਮਲੂਕਾ ਦੇ ਸਮਰਥਕਾਂ ਵੱਲੋਂ 65 ਸਾਲਾ ਬਜ਼ੁਰਗ ਅਤੇ ਗੁਰਦਾਸਪੁਰ ਵਿਚ ਮੁੱਖ ਪਾਰਲੀਮਾਨੀ ਸਕੱਤਰ ਗੁਰਬਚਨ ਸਿੰਘ ਬੱਬੇਹਾਲੀ ਦੇ ਹਮਾਇਤੀਆਂ ਵੱਲੋਂ ਟਰੇਡ ਯੂਨੀਅਨ ਆਗੂ ਮੱਖਣ ਸਿੰਘ ਕੋਹਾੜ ਦੀ ਕੁੱਟਮਾਰ ਕਰਨ ਦੇ ਮਾਮਲੇ ਸਰਕਾਰ ਦੀ ਨੀਅਤ 'ਤੇ ਸਵਾਲ ਚੁੱਕ ਰਹੇ ਹਨ। ਸਿਤਮਜ਼ਰੀਫ਼ੀ ਇਹ ਕਿ ਕੁੱਟਮਾਰ ਕਰਨ ਵਾਲਿਆਂ ਵਿਰੁੱਧ ਕੇਸ ਦਰਜ ਕਰਨ ਦੀ ਥਾਂ ਕੁੱਟੇ ਜਾਣ ਵਾਲਿਆਂ ਖਿਲਾਫ ਹੀ ਪੁਲਿਸ ਵੱਲੋਂ ਕੇਸ ਦਰਜ ਕੀਤੇ ਜਾ ਰਹੇ ਹਨ। ਸੰਘਰਸ਼ਸ਼ੀਲ ਜਥੇਬੰਦੀਆਂ ਦੇ ਵਰਕਰਾਂ ਨੂੰ ਜਨਤਕ ਤੌਰ ਉਤੇ ਬੇਇੱਜ਼ਤ ਕਰਨ ਦੇ ਨਾਲ-ਨਾਲ ਜਿਸਮਾਨੀ ਨੁਕਸਾਨ ਪਹੁੰਚਾਏ ਜਾਣ ਦੀਆਂ ਕਈ ਘਟਨਾਵਾਂ ਨੂੰ ਅੰਜਾਮ ਦਿੱਤਾ ਜਾ ਚੁੱਕਿਆ ਹੈ।

### ਖਜ਼ਾਨੇ ਨੂੰ ਮਹਿੰਗੀ ਪਈ ਬਾਦਲਾਂ ਦੀ ਰੈਲੀ

**ਬਠਿੰਡਾ:** ਬਠਿੰਡਾ ਦੀ ਸਦਭਾਵਨਾ ਰੈਲੀ ਨੇ ਪੰਜਾਬ ਦੇ ਪ੍ਰਾਈਵੇਟ ਬੱਸ ਮਾਲਕਾਂ ਤੇ ਸਰਕਾਰੀ ਖਜ਼ਾਨੇ ਨੂੰ ਤਕਰੀਬਨ ਢਾਈ ਕਰੋੜ ਰੁਪਏ ਦਾ ਰਗੜਾ ਲਾਇਆ ਹੈ। ਰੈਲੀ ਲਈ ਤਕਰੀਬਨ ਦੋ ਹਜ਼ਾਰ ਬੱਸਾਂ ਲਾਈਆਂ ਗਈਆਂ ਸਨ। ਅਕਾਲੀ ਦਲ ਨੇ ਸਿਰਫ ਤੇਲ ਦਾ ਖਰਚ ਦਿੱਤਾ ਹੈ। ਸਰਕਾਰੀ ਖਜ਼ਾਨੇ ਨੂੰ ਤਕਰੀਬਨ 65 ਲੱਖ ਰੁਪਏ ਦਾ ਨੁਕਸਾਨ ਹੋਇਆ ਹੈ। ਰੈਲੀ ਲਈ ਸਰਕਾਰੀ ਮਸ਼ੀਨਰੀ ਪੱਬਾਂ ਭਾਰ ਰਹੀ। ਪੰਚਾਇਤੀ ਪ੍ਰਤੀਨਿਧ ਸੱਦਾ ਪੱਤਰ ਆਦਿ ਵੰਡਣ ਵਿਚ ਤਾਇਨਾਤ ਰਹੇ ਤੇ ਮਾਲ ਵਿਭਾਗ ਦੇ ਅਫਸਰ ਤਿਆਰੀ 'ਚ ਹਾਜ਼ਰੀ ਭਰਦੇ ਰਹੇ।

### ਕੈਪਟਨ ਅਮਰਿੰਦਰ ਬਣਨਗੇ ਕਪਤਾਨ

**ਨਵੀਂ ਦਿੱਲੀ:** ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦਾ ਪੰਜਾਬ ਕਾਂਗਰਸ ਪ੍ਰਧਾਨ ਬਣਨਾ ਤਕਰੀਬਨ ਤੈਅ ਹੈ ਤੇ ਪੰਜਾਬ ਕਾਂਗਰਸ ਵਿਚ ਫੇਰਬਦਲ ਬਾਰੇ ਐਲਾਨ ਛੇਤੀ ਹੋਣ ਦੀ ਉਮੀਦ ਹੈ।



ਕੈਪਟਨ ਅਮਰਿੰਦਰ ਸਿੰਘ ਦੀ ਪਾਰਟੀ ਦੇ ਕੌਮੀ ਮੀਤ ਪ੍ਰਧਾਨ ਰਾਹੁਲ ਗਾਂਧੀ ਨਾਲ ਤਕਰੀਬਨ 20 ਮਿੰਟ ਮੀਟਿੰਗ ਹੋਈ ਤੇ ਇਹ ਮੀਟਿੰਗ ਕੈਪਟਨ ਦੇ ਹੱਕ ਵਿਚ ਸੰਕੇਤ ਦੇ ਰਹੀ ਹੈ। ਉਂਜ ਰਾਹੁਲ ਗਾਂਧੀ ਦਾ ਮੰਨਣਾ ਹੈ ਕਿ ਪੰਜਾਬ ਵਿਚ ਕਾਂਗਰਸ ਦੀ ਸਥਿਤੀ ਮਜ਼ਬੂਤ ਹੈ ਤੇ 'ਆਪ' ਕਾਂਗਰਸ ਦਾ ਮੁਕਾਬਲਾ ਨਹੀਂ ਕਰ ਸਕਦੀ। ਇਸ ਲਈ ਸ. ਪ੍ਰਤਾਪ ਸਿੰਘ ਬਾਜਵਾ ਨੂੰ ਵੀ ਅਹਿਮ ਜ਼ਿੰਮੇਵਾਰੀ ਦਿੱਤੀ ਜਾਵੇਗੀ। ਸੂਤਰਾਂ ਅਨੁਸਾਰ ਆਗੂਆਂ ਦੀ ਟੀਮ ਸਾਂਝੇ ਤੌਰ 'ਤੇ ਸਭ ਨੂੰ ਢੁਕਵੀਂ ਜ਼ਿੰਮੇਵਾਰੀ ਦੇਵੇਗੀ। ਸਾਬਕਾ ਕੇਂਦਰੀ ਮੰਤਰੀ ਅੰਬਿਕਾ ਸੋਨੀ ਨੂੰ ਪ੍ਰਚਾਰ ਕਮੇਟੀ ਦੀ ਕਮਾਨ ਮਿਲ ਸਕਦੀ ਹੈ। ਜਲੰਧਰ ਤੋਂ ਲੋਕ ਸਭਾ ਮੈਂਬਰ ਚੌਧਰੀ ਸੰਤੋਖ ਸਿੰਘ ਪ੍ਰਚਾਰ ਕਮੇਟੀ ਦੇ ਕਨਵੀਨਰ ਬਣਾਏ ਜਾ ਸਕਦੇ ਹਨ। ਸੂਤਰਾਂ ਅਨੁਸਾਰ ਜੇ ਅਮਰਿੰਦਰ ਸਿੰਘ, ਪ੍ਰਤਾਪ ਸਿੰਘ ਬਾਜਵਾ ਦੀ ਜਗ੍ਹਾ ਲੈਂਦੇ ਹਨ ਤਾਂ ਸ. ਬਾਜਵਾ ਨੂੰ ਵੀ ਅਹਿਮ ਜ਼ਿੰਮੇਵਾਰੀ ਦਿੱਤੀ ਜਾਵੇਗੀ, ਕਿਉਂਕਿ ਰਾਹੁਲ ਗਾਂਧੀ ਸ. ਬਾਜਵਾ ਲਈ ਵੱਕਾਰੀ ਅਹੁਦੇ ਬਾਰੇ ਸੋਚ ਰਹੇ ਹਨ।


**We Do Real Estate in Bay Area & Central Valley**

**We do loans anywhere in California**



Cell: 408-816-0408

Tel: 209-918-6464

Fax: 866-594-4680

email:
realtoramanhundal@gmail.com

AMAN S. HUNDAL
Broker/Realtor/MBA
BRE# 01839828
NMLS# 162808

Alltime REALTY & MORTGAGE

16 Corning Ave, Ste. 230, Milpitas, CA 92035
3819 Northern Oak Dr., Ceres, CA 95307

CDPE, SFR *LAR 2010, 2011, 2012 Masters Club
Masters Emerald Award 2010, 2011



Raja SWEETS & CATERING
Presents
PARADISE BALLROOMS
banquet hall & event center

ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।

SERVICES INCLUDE

- CATERING
- SILVERWARE
- CHINAWARE
- DECORATED HALL
- LINEN
- SEVERAL BAR OPTIONS
- SECURITY
- WAIT STAFF
- FULL SETUP INCLUDING TABLE CLOTH, NAPKINS, CHAIRS ETC.

PARADISE BALLROOMS
4100 Peralta Blvd. Fremont, CA 94536
(510) 900-6319
info@paradiseballrooms.com
www.paradiseballrooms.com

**Law Office of Manpreet S. Gahra**

>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ

Criminal Defense (DUI, simple battery, domestic violence, immigration post-conviction relief)



Manpreet S. Gahra
*Attorny At Law*

Berkeley Office
2161 Shattuck Ave., 304, Berkeley
Ph:510-841-4582 Fax:510-217-6847

Sacramento Office
Call For Appointment
Ph:916-924-1617

**Email:** manpreet@gahralaw.com

ONE | REALTYONEGROUP AMERICAN

ਕਿਰਾਏ ਵਿਚ ਅਜਾਈਂ ਜਾ ਰਹੇ ਹਜ਼ਾਰਾਂ
ਡਾਲਰਾਂ ਨੂੰ ਆਪਣੇ ਘਰ ਦੀ ਕਿਸ਼ਤ ਵਿਚ ਲਾਉ
ਵਿਆਜ ਦੀਆਂ ਦਰਾਂ ਸਸਤੀਆਂ ਹੋਣ ਕਾਰਨ
ਆਪਣਾ ਘਰ ਲੈਣ ਲਈ ਢੁਕਵਾਂ ਸਮਾਂ

ਆਪਣਾ ਘਰ ਖਰੀਦਣ ਜਾਂ
ਵੇਚਣ ਵਾਸਤੇ ਸਲਾਹ ਲਈ
ਇੱਕ ਵਾਰ ਸੰਪਰਕ ਕਰੋ

ਪਹਿਲਾਂ ਘਰ ਲੀਜ਼ 'ਤੇ ਲਓ ਤੇ ਫਿਰ ਖਰੀਦੋ

Duplex, Four Plax ਅਤੇ Apartment Building
ਵਿਚ Investment ਲਈ ਕਾਲ ਕਰੋ ਜੀ



ਜਗਦੇਵ ਸਿੰਘ
ਫੋਨ: 510-689-4625

REALTOR EQUAL HOUSING OPPORTUNITY

JAGDEV SINGH
*Realtor*
CalBre #01423409
42820 Albrae, St.,
Fremont, CA 94538

# Anu Attorney
# Professional Law Group, PLLC.

*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC



*Anu Peshawaria*
*Attorney at Law*
*Licensed to practice Immigration in all 50 states.*
More than 20 year experience in US immigration & Indian law

## US IMMIGRATION
*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist

ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ

ਹੁਣ ਸਿਆਟਲ ਵਿਚ ਵੀ ਦਫਤਰ ਖੁਲ੍ਹ ਚੁਕਾ ਹੈ

**FAMILY LAW** *(Only In WA)*
*Divorce *Annulment
*International Custody

**INCORPORATIONS** *(Only In WA)*
*International Contracts, Mergers
*Attorney Supreme Court of India

Contact numbers:
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com

46560 Fremont Blvd., STE#205, Fremont, CA 94538
801 Pine Street, Suite 7H, Seattle, WA 98101
Offices: Seattle, WA *Fremont, CA *UK *Canada *India

Evening Appointments Available

STATEN SOLAR
AFFORDABLE ENERGY FOR EVERYONE

# Save with Solar

## Commercial, Agricultural and Residential



For South California



Simran Deol
*Solar Engineer*
661-412-4728
661-427-0843 (fax)

## BYE BILL

**No One Can Beat Our Price Guaranteed!**
Top Quality Product *20 Years Performance Guarantee *25 Years Guarantee for Panels *Free Maintenance for 20 Years *No Need to worry about increasing utility *Professional Installation *24/7 Monitoring

For North California



Balwinder Garcha
*Sales Rep Bay Area by North California*
510-468-9525

ਨਿਰਵਿਘਨ ਪ੍ਰਕਾਸ਼ਨ ਦੇ 16ਵੇਂ ਸਾਲ 'ਚ (ਪਹਿਲੀ ਜਨਵਰੀ 2000-2015)

# ਅਦਾਰਾ ਪੰਜਾਬ ਟਾਈਮਜ਼ ਦੇ ਸਮੂਹ ਸਟਾਫ, ਕਾਲਮਨਵੀਸਾਂ, ਸਲਾਹਕਾਰ ਕਮੇਟੀ ਦੇ ਮੈਂਬਰਾਂ ਅਤੇ ਸੁਭਚਿੰਤਕਾਂ ਵਲੋਂ ਸਭ ਨੂੰ


ਰੱਬ ਨੂੰ 'ਏਤੀ ਮਾਰ ਪਈ ਕੁਰਲਾਣੇ ਤੈ ਕੀ ਦਰਦ ਨਾ ਆਇਆ' ਦਾ ਨਿਹੋਰਾ ਦੇਣ ਵਾਲੇ

## ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀ ਲੱਖ ਲੱਖ ਵਧਾਈ


ਪੰਜਾਬ ਟਾਈਮਜ਼ ਨਾਈਟ 2016
26 ਮਾਰਚ 2016 ਨੂੰ

*ਪਿਛਲੇ 15 ਸਾਲਾਂ ਦੌਰਾਨ ਸਹਿਯੋਗੀਆਂ, ਵਿਗਿਆਪਕਾਂ ਅਤੇ ਪਾਠਕਾਂ ਵਲੋਂ ਮਿਲੇ ਸਹਿਯੋਗ ਲਈ ਦਿਲੀ ਧੰਨਵਾਦ*

### ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ


ਸਵਰਨਜੀਤ ਸਿੰਘ ਢਿੱਲੋਂ


ਪ੍ਰੋ. ਜੋਗਿੰਦਰ ਸਿੰਘ ਰਮਦੇਵ


ਅਮੋਲਕ ਸਿੰਘ ਗਾਖਲ



ਡਾ. ਨਵਦੀਪ ਕੌਰ ਸੰਧੂ


ਬਲਵਿੰਦਰ ਕੌਰ (ਨਿੱਕੀ) ਸੇਖੋਂ


ਡਾ. ਗੁਰਦਿਆਲ ਸਿੰਘ ਬਸਰਾਨ


ਹਰਦਿਆਲ ਸਿੰਘ ਦਿਓਲ


ਹਰਜੀਤ ਸਿੰਘ ਸਾਹੀ


ਬਲਵਿੰਦਰ ਸਿੰਘ ਸੰਧੂ


ਸਰਵਣ ਸਿੰਘ ਟਿਵਾਣਾ


ਦਰਸ਼ਨ ਸਿੰਘ ਦਰੜ


ਰਾਜਿੰਦਰ ਸਿੰਘ ਬੈਂਸ


ਜੈਦੇਵ ਸਿੰਘ ਭੱਠਲ


ਜੱਸੀ ਗਿੱਲ


ਦਰਸ਼ਨ ਸਿੰਘ ਗਰੇਵਾਲ



ਡਾ. ਹਰਗੁਰਮੁਖਪਾਲ ਸਿੰਘ


ਡਾ. ਤੇਜਿੰਦਰ ਸਿੰਘ ਮੰਡੇਰ


ਮਨਦੀਪ ਸਿੰਘ ਭੂਰਾ



ਸਰਬਜੀਤ ਸਿੰਘ ਥਿਆੜਾ


ਜਗਦੀਸ਼ਰ ਸਿੰਘ ਕਲੇਰ


ਅਯੁਧਿਆ ਸਲਵਾਨ

### ਵਿਸ਼ੇਸ਼ ਸਹਿਯੋਗੀ


*ਡਾ. ਹਰਜਿੰਦਰ ਸਿੰਘ ਖਹਿਰਾ*


*ਜੈਰਾਮ ਸਿੰਘ (ਨੀਟੂ) ਕਾਹਲੋਂ*


*ਗੁਰਮੁਖ ਸਿੰਘ ਭੁੱਲਰ*


*ਸੁਰਿੰਦਰ ਸਿੰਘ ਭਾਟੀਆ*


*ਇੰਦਰਮੋਹਨ ਸਿੰਘ ਛਾਬੜਾ*

### ਸਾਡੇ ਸਥਾਈ ਲੇਖਕ ਤੇ ਕਾਲਮਨਵੀਸ


*ਗੁਰਬਚਨ ਭੁੱਲਰ*



*ਤਰਲੋਚਨ ਸਿੰਘ*


*ਐਸ. ਅਸ਼ੋਕ ਭੌਰਾ*


*ਡਾ. ਗੁਰਨਾਮ ਕੌਰ*


*ਬੀਬੀ ਸੁਰਜੀਤ ਕੌਰ*


*ਕਾਨਾ ਸਿੰਘ*


*ਬਲਜੀਤ ਬਾਸੀ*


*ਹਰਪਾਲ ਸਿੰਘ ਪੰਨੂ*


*ਜਤਿੰਦਰ ਪੰਨੂ*


*ਦਲਜੀਤ ਅਮੀ*


*ਮੇਜਰ ਕੁਲਾਰ*


*ਇਕਬਾਲ ਜੱਬੋਵਾਲ*

ਪੰਜਾਬ ਟਾਈਮਜ਼

ਬੇਲਾਗ, ਬੇਬਾਕ ਅਤੇ ਜ਼ਿੰਮੇਵਾਰ ਪੱਤਰਕਾਰੀ ਦਾ ਮੁੱਦਈ

**Published simultaneously from Chicago, California & New York.**

**Ph: 847-359-0746**

*e-mail: punjabtimes1@sbcglobal.net, website: www.punjabtimesusa.com*

# ਬਾਦਲਾਂ ਨੇ ਮਾਹੌਲ ਦਾ ਰੁਖ ਬਦਲਣ ਲਈ ਲਾਈ ਸਹੂਲਤਾਂ ਦੀ ਝੜੀ

**ਚੰਡੀਗੜ੍ਹ:** ਪੰਥਕ ਸੰਗਠਨਾਂ ਤੇ ਕਿਸਾਨ-ਮਜ਼ਦੂਰਾਂ ਦੇ ਸੰਘਰਸ਼ਾਂ ਵਿਚ ਘਿਰੀ ਪੰਜਾਬ ਸਰਕਾਰ ਨੇ ਸੂਬੇ ਦੇ ਗਰਮ ਮਾਹੌਲ ਦਾ ਰੁਖ਼ ਤਬਦੀਲ ਕਰਨ ਲਈ ਸਹੂਲਤਾਂ ਦੀ ਝੜੀ ਲਾ ਦਿੱਤੀ ਹੈ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਪ੍ਰਧਾਨਗੀ ਹੇਠ ਮੰਤਰੀ ਮੰਡਲ ਦੀ ਮੀਟਿੰਗ ਵਿਚ ਬੁਢਾਪਾ ਪੈਨਸ਼ਨਾਂ ਦੁੱਗਣੀਆਂ ਕਰ ਦਿੱਤੀਆਂ ਤੇ 41 ਵਿਭਾਗਾਂ ਵਿਚ ਇਕ ਲੱਖ 13 ਹਜ਼ਾਰ ਨੌਕਰੀਆਂ ਦਾ ਰਾਹ ਖੋਲ੍ਹ ਦਿੱਤਾ। ਪਿਛਲੇ ਕਈ ਸਾਲਾਂ ਤੋਂ ਸਰਕਾਰ ਨੇ ਮੁਲਾਜ਼ਮਾਂ, ਮਜ਼ਦੂਰਾਂ, ਬੇਰੁਜ਼ਗਾਰ ਨੌਜਵਾਨਾਂ, ਕਿਸਾਨਾਂ ਤੇ ਸਮਾਜ ਦੇ ਹੋਰ ਵਰਗਾਂ ਨੂੰ ਨਾ ਸਿਰਫ ਅਣਗੌਲੇ ਕਰਕੇ ਰੱਖਿਆ ਹੋਇਆ ਸੀ ਬਲਕਿ ਇਨ੍ਹਾਂ ਦੇ ਹਿੱਤਾਂ ਵਿਰੋਧ ਫੈਸਲੇ ਲੈਣ ਤੋਂ ਵੀ ਗੁਰੇਜ਼ ਨਹੀਂ ਸੀ ਕੀਤਾ। ਸਰਕਾਰ ਦੇ ਇਸ ਰਵੱਈਏ ਅਤੇ ਹਾਲ ਹੀ ਵਿਚ ਵਾਪਰੀਆਂ ਅਣਸੁਖਾਵੀਆਂ ਘਟਨਾਵਾਂ ਕਾਰਨ ਲੋਕਾਂ ਅਤੇ ਸਰਕਾਰ ਵਿੱਚ ਦੂਰੀ ਵਧਦੀ ਜਾ ਰਹੀ ਸੀ।

## ਪੈਨਸ਼ਨਾਂ ਦੁੱਗਣੀਆਂ ਤੇ ਇਕ ਲੱਖ ਨੌਕਰੀਆਂ ਦਾ ਐਲਾਨ



ਸਰਕਾਰ ਵੱਲੋਂ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਦੋਸ਼ਾਂ ਦੀ ਸਜ਼ਾ ਸਖ਼ਤ ਕਰਨ ਲਈ ਆਈ.ਪੀ.ਸੀ. ਦੀ ਧਾਰਾ 295 (ਏਏ) ਵਿਚ ਸੋਧ ਕੀਤੀ ਜਾਵੇਗੀ, ਜਿਸ ਤਹਿਤ ਸਜ਼ਾ ਦੋ ਸਾਲ ਤੋਂ ਵਧਾ ਕੇ ਉਮਰ ਕੈਦ ਕਰਨ ਦੀ ਤਜਵੀਜ਼ ਹੈ। ਮੰਤਰੀ ਮੰਡਲ ਨੇ ਲੋਕਾਂ ਨੂੰ ਸਰਕਾਰੀ ਖਰਚੇ ਉਤੇ ਤੀਰਥ ਯਾਤਰਾ ਕਰਾਉਣ ਸਮੇਤ ਹੋਰ ਕਈ ਲੋਕ ਲੁਭਾਊ ਫੈਸਲੇ ਕੀਤੇ ਹਨ। ਇਨ੍ਹਾਂ ਵਿਚ ਨੰਬਰਦਾਰਾਂ ਦੇ ਭੱਤੇ ਵਿਚ ਵਾਧਾ ਸ਼ਾਮਲ ਹੈ। ਬੁਢਾਪਾ ਤੇ ਸਮਾਜਿਕ ਸੁਰੱਖਿਆ ਵਿਭਾਗ ਦੀਆਂ ਪੈਨਸ਼ਨਾਂ, ਨਵੀਆਂ ਨੌਕਰੀਆਂ ਅਤੇ ਹੋਰ ਸਹੂਲਤਾਂ ਨਾਲ ਸਰਕਾਰੀ ਖ਼ਜ਼ਾਨੇ ਉਤੇ ਸਾਲਾਨਾ 850 ਕਰੋੜ ਰੁਪਏ ਦਾ ਭਾਰ ਪਵੇਗਾ। ਮੰਤਰੀ ਮੰਡਲ ਨੇ ਬਜ਼ੁਰਗਾਂ, ਵਿਧਵਾਵਾਂ, ਬੇਸਹਾਰਾ ਔਰਤਾਂ, ਆਸ਼ਰਿਤ ਬੱਚਿਆਂ ਅਤੇ ਅਪੰਗਾਂ ਲਈ ਪੈਨਸ਼ਨ 250 ਰੁਪਏ ਤੋਂ ਵਧਾ ਕੇ 500 ਰੁਪਏ ਪ੍ਰਤੀ ਮਹੀਨਾ ਕਰ ਦਿੱਤੀ ਹੈ। ਇਸ ਨਾਲ ਤਕਰੀਬਨ 16.50 ਲੱਖ ਲੋਕਾਂ ਨੂੰ ਲਾਭ ਮਿਲੇਗਾ। ਇਹ ਪੈਨਸ਼ਨ ਪੰਚਾਇਤਾਂ ਰਾਹੀਂ ਵੰਡੀ ਜਾਵੇਗੀ। ਪੈਨਸ਼ਨ ਦੀਆਂ ਨਵੀਆਂ ਦਰਾਂ ਇਕ ਜਨਵਰੀ 2016 ਤੋਂ ਲਾਗੂ ਹੋਣਗੀਆਂ।

ਮੰਤਰੀ ਮੰਡਲ ਨੇ 'ਮੁੱਖ ਮੰਤਰੀ ਤੀਰਥ ਯਾਤਰਾ ਸਕੀਮ' ਨੂੰ ਪ੍ਰਵਾਨਗੀ ਦਿੱਤੀ ਹੈ, ਜਿਸ ਤਹਿਤ ਧਾਰਮਿਕ ਸਥਾਨਾਂ ਨਾਂਦੇੜ ਸਾਹਿਬ, ਵਾਰਾਨਸੀ, ਕੱਟੜਾ (ਮਾਤਾ ਵੈਸ਼ਨੂੰ ਦੇਵੀ) ਅਤੇ ਅਜਮੇਰ ਸ਼ਰੀਫ਼ ਲਈ ਸ਼ਰਧਾਲੂਆਂ ਲਈ ਮੁਫਤ ਯਾਤਰਾ ਦਾ ਪ੍ਰਬੰਧ ਕੀਤਾ ਜਾਵੇਗਾ। ਸਰਕਾਰ ਇਨ੍ਹਾਂ ਸ਼ਹਿਰਾਂ ਲਈ ਪੰਜਾਬ ਤੋਂ ਜਾਣ ਵਾਲੇ ਲੋਕਾਂ ਲਈ ਮੁਫਤ ਰੇਲ ਗੱਡੀਆਂ ਅਤੇ ਖਾਣ-ਪੀਣ ਦਾ ਪ੍ਰਬੰਧ ਵੀ ਕਰੇਗੀ। ਇਸ ਸਕੀਮ ਹੇਠ ਸੂਬੇ ਦੇ ਹਰੇਕ ਵਿਧਾਨ ਸਭਾ ਹਲਕੇ ਵਿਚੋਂ 1050 ਸ਼ਰਧਾਲੂਆਂ ਨੂੰ ਸੁਵਿਧਾ ਮੁਹੱਈਆ ਕਰਵਾਈ ਜਾਵੇਗੀ। ਇਹ ਸਕੀਮ ਪਹਿਲੀ ਜਨਵਰੀ 2016 ਤੋਂ ਲਾਗੂ ਹੋਵੇਗੀ। ਇਸ ਸਕੀਮ ਉਤੇ 186.82 ਕਰੋੜ ਰੁਪਏ ਖਰਚ ਆਉਣਗੇ।

ਮੰਤਰੀ ਮੰਡਲ ਨੇ ਤਕਰੀਬਨ 28.50 ਲੱਖ ਨੀਲੇ ਕਾਰਡ ਧਾਰਕਾਂ ਨੂੰ ਸਰਕਾਰੀ ਅਤੇ ਨਿੱਜੀ ਹਸਪਤਾਲਾਂ ਵਿਚ ਮੁਫਤ ਇਲਾਜ ਦੀ ਮੌਜੂਦਾ ਹੱਦ 30,000 ਰੁਪਏ ਤੋਂ 50,000 ਰੁਪਏ ਸਾਲਾਨਾ ਕਰ ਦਿੱਤੀ ਹੈ। ਸਕੀਮ ਤਹਿਤ ਪਰਿਵਾਰ ਦੇ ਨੂੰ ਮੁਖੀ ਦੀ ਮੌਤ ਜਾਂ ਅਪੰਗ ਹੋਣ 'ਤੇ ਪੰਜ ਲੱਖ ਰੁਪਏ ਤੱਕ ਦੇ ਬੀਮੇ ਦੀ ਸਹੂਲਤ ਹੋਵੇਗੀ। ਉਨ੍ਹਾਂ ਸਾਰੇ ਕਿਸਾਨਾਂ ਲਈ ਸਿਹਤ ਤੇ ਦੁਰਘਟਨਾ ਬੀਮਾ ਸਕੀਮ ਲਾਗੂ ਕਰਨ ਦਾ ਫੈਸਲਾ ਕੀਤਾ ਹੈ, ਜੋ ਆਪਣਾ ਉਤਪਾਦਨ ਪੰਜਾਬ ਮੰਡੀ ਬੋਰਡ ਵੱਲੋਂ ਸਥਾਪਤ ਖਰੀਦ ਕੇਂਦਰਾਂ ਉਤੇ ਵੇਚ ਕੇ ਜੇ-ਫਾਰਮ ਹਾਸਲ ਕਰਨਗੇ। ਇਨ੍ਹਾਂ ਕਿਸਾਨਾਂ ਨੂੰ 50,000 ਰੁਪਏ ਤੱਕ ਦਾ ਸਿਹਤ ਬੀਮਾ ਦਿੱਤਾ ਜਾਵੇਗਾ। ਦੁਰਘਟਨਾ ਵਿਚ ਮੌਤ ਹੋਣ ਜਾਂ ਨਕਾਰਾ ਹੋਣ 'ਤੇ ਪੰਜ ਲੱਖ ਰੁਪਏ ਦੇ ਬੀਮੇ ਦੀ ਵਿਵਸਥਾ ਹੈ। ਮੰਤਰੀ ਮੰਡਲ ਨੇ ਨੰਬਰਦਾਰਾਂ ਦਾ ਮਾਸਿਕ ਮਾਣ-ਭੱਤਾ 1000 ਰੁਪਏ ਤੋਂ ਵਧਾ ਕੇ 1500 ਰੁਪਏ ਕਰ ਦਿੱਤਾ ਹੈ, ਜਿਸ ਨਾਲ ਸਰਕਾਰੀ ਖਜ਼ਾਨੇ ਉਤੇ 19 ਕਰੋੜ ਰੁਪਏ ਦਾ ਬੋਝ ਪਵੇਗਾ। ਕਿਸਾਨਾਂ ਨੂੰ ਗੰਨੇ ਦੀ ਅਦਾਇਗੀ 295 ਰੁਪਏ ਪ੍ਰਤੀ ਕੁਇੰਟਲ (ਸਟੇਟ ਐਗਰੀਡ ਪ੍ਰਾਈਸ) ਦੇ ਹਿਸਾਬ ਨਾਲ ਯਕੀਨੀ ਬਣਾਉਣ ਨੂੰ ਮਨਜ਼ੂਰੀ ਦੇ ਦਿੱਤੀ ਗਈ ਹੈ।

## ਉਘੇ ਲੇਖਕ ਡਾ. ਮਹੀਪ ਸਿੰਘ ਨਹੀਂ ਰਹੇ

**ਨਵੀਂ ਦਿੱਲੀ:** ਉਘੇ ਲੇਖਕ ਡਾ. ਮਹੀਪ ਸਿੰਘ ਦਾ ਦੇਹਾਂਤ ਹੋ ਗਿਆ। ਉਹ 86 ਸਾਲਾਂ ਦੇ ਸਨ। ਉਨ੍ਹਾਂ ਹਿੰਦੀ ਅਤੇ ਪੰਜਾਬੀ ਵਿਚ ਕਰੀਬ ਵੀਹ ਕਹਾਣੀ ਸੰਗ੍ਰਿਹ ਲਿਖੇ ਹਨ ਤੇ 4 ਨਾਵਲਾਂ ਤੋਂ ਇਲਾਵਾ ਲੇਖਾਂ ਦੀਆਂ ਕਈ ਕਿਤਾਬਾਂ ਹਨ।



ਉਨ੍ਹਾਂ ਨੇ ਅਖ਼ਬਾਰਾਂ ਲਈ ਵੀ ਲਗਾਤਾਰ ਲਿਖਿਆ। ਯੂ.ਪੀ. ਸਰਕਾਰ ਵੱਲੋਂ ਅਹਿਮ ਸਨਮਾਨ ਦਿੱਤਾ ਗਿਆ ਸੀ। ਉਨ੍ਹਾਂ ਨੂੰ ਕਹਾਣੀ ਸੰਗ੍ਰਿਹ 'ਉਜਾਲੇ ਕੇ ਉਲੂ' ਲਈ ਕੌਮੀ ਪੁਰਸਕਾਰ ਮਿਲਿਆ ਸੀ। ਪੰਜਾਬ ਸਰਕਾਰ ਵੀ ਉਨ੍ਹਾਂ ਦਾ ਸਨਮਾਨ ਕਰ ਚੁੱਕੀ ਹੈ।

## ਬਹਿਬਲ ਕਲਾਂ 'ਚ ਮਰੇ ਨੌਜਵਾਨਾਂ ਦੇ ਵਾਰਸਾਂ ਨੂੰ ਨੌਕਰੀ

**ਚੰਡੀਗੜ੍ਹ:** ਫਰੀਦਕੋਟ ਜ਼ਿਲ੍ਹੇ ਦੇ ਪਿੰਡ ਬਹਿਬਲ ਕਲਾਂ ਪਿੰਡ ਵਿਚ ਪੁਲਿਸ ਗੋਲੀ ਕਾਰਨ ਮਾਰੇ ਗਏ ਕ੍ਰਿਸ਼ਨ ਭਗਵਾਨ ਸਿੰਘ ਦੇ ਲੜਕੇ ਪ੍ਰਭਦੀਪ ਸਿੰਘ ਤੇ ਪਿੰਡ ਸਰਾਵਾਂ ਦੇ ਗੁਰਜੀਤ ਸਿੰਘ ਦੇ ਭਰਾ ਜਗਦੀਪ ਸਿੰਘ ਨੂੰ ਤਰਸ ਦੇ ਅਧਾਰ ਉਤੇ ਸਿੱਖਿਆ ਵਿਭਾਗ ਵਿਚ ਸੀਨੀਅਰ ਲੈਬ ਅਟੈਂਡੈਂਟਾਂ ਦੀਆਂ ਨੌਕਰੀਆਂ ਦੇਣ ਨੂੰ ਹਰੀ ਝੰਡੀ ਦੇ ਦਿੱਤੀ ਹੈ।

## ਸੰਘਰਸ਼ੀ ਯੋਧਿਆਂ ਲਈ ਵੀ ਸਹੂਲਤਾਂ ਦਾ ਫੈਸਲਾ

**ਚੰਡੀਗੜ੍ਹ:** ਪੰਜਾਬ ਮੰਤਰੀ ਮੰਡਲ ਨੇ ਐਮਰਜੈਂਸੀ ਵਿਰੁੱਧ ਮੋਰਚੇ ਤੇ ਪੰਜਾਬੀ ਸੂਬਾ ਮੋਰਚੇ ਵਿਚ ਹਿੱਸਾ ਲੈਣ ਵਾਲੇ ਸੰਘਰਸ਼ੀ ਯੋਧਿਆਂ ਨੂੰ ਸਹੂਲਤਾਂ ਦੇਣ ਦਾ ਫੈਸਲਾ ਕੀਤਾ ਹੈ। ਇਨ੍ਹਾਂ ਸਹੂਲਤਾਂ ਵਿਚ ਸੰਘਰਸ਼ੀ ਯੋਧਾ/ਉਸ ਦੇ ਪਰਿਵਾਰ ਨੂੰ 1000 ਰੁਪਏ ਪ੍ਰਤੀ ਮਹੀਨਾ ਪੈਨਸ਼ਨ ਤੋਂ ਇਲਾਵਾ ਸਨਮਾਨ ਪੱਤਰ, ਸੰਘਰਸ਼ੀ ਯੋਧਿਆਂ ਨੂੰ ਸਰਕਾਰੀ ਦਫਤਰਾਂ ਪਹਿਲ ਦੇਣ ਲਈ ਸਾਰੇ ਵਿਭਾਗਾਂ ਦੇ ਮੁਖੀਆਂ ਨੂੰ ਹਦਾਇਤਾਂ ਕਰਨ ਤੇ ਜ਼ਿਲ੍ਹਾ ਪੱਧਰ ਦੇ ਸਮਾਗਮਾਂ (ਆਜ਼ਾਦੀ ਤੇ ਸੁਤੰਤਰਤਾ ਦਿਵਸ) ਲਈ ਰਸਮੀ ਸੱਦਾ ਪੱਤਰ ਭੇਜਣਾ ਸ਼ਾਮਲ ਹੈ।

## ਸਰਕਾਰ ਨੂੰ ਆਖਰੀ ਸਾਲ ਯਾਦ ਆਏ ਲੋਕ?



**ਚੰਡੀਗੜ੍ਹ:** ਕਾਂਗਰਸ ਦੇ ਲੋਕ ਸਭਾ ਵਿਚ ਉਪ ਨੇਤਾ ਕੈਪਟਨ ਅਮਰਿੰਦਰ ਸਿੰਘ, ਸਾਬਕਾ ਮੁੱਖ ਮੰਤਰੀ ਰਾਜਿੰਦਰ ਕੌਰ ਭੱਠਲ ਤੇ ਕਾਂਗਰਸ ਵਿਧਾਇਕ ਦਲ ਦੇ ਨੇਤਾ ਸੁਨੀਲ ਜਾਖੜ ਨੇ ਪੰਜਾਬ ਵਜ਼ਾਰਤ ਵੱਲੋਂ ਕੀਤੇ ਫੈਸਲਿਆਂ ਬਾਰੇ ਕਿਹਾ ਹੈ ਕਿ ਇਹ ਲੋਕਾਂ ਦੀਆਂ ਅੱਖਾਂ ਵਿਚ ਘੱਟਾ ਪਾ ਕੇ ਸਿਆਸੀ ਖੇਡ ਖੇਡਣ ਦਾ ਯਤਨ ਹੈ।

ਉਨ੍ਹਾਂ ਕਿਹਾ ਕਿ ਲੋਕਾਂ ਦੇ ਗੁੱਸੇ ਨੂੰ ਠੰਢਾ ਕਰਨ ਲਈ ਅਕਾਲੀ ਭਾਜਪਾ ਸਰਕਾਰ ਵੱਲੋਂ ਰੁਜ਼ਗਾਰ ਦੇਣ ਦੇ ਸ਼ੋਸ਼ੇ ਛੱਡੇ ਜਾ ਰਹੇ ਹਨ। ਆਪਣੀ ਹਕੂਮਤ ਦੇ ਆਖਰੀ ਸਾਲ ਹੁਣ ਸਰਕਾਰ ਨੂੰ ਲੋਕ ਯਾਦ ਆ ਗਏ ਹਨ।

ਰੋਸ ਮੁਜ਼ਾਹਰਾ ! ਰੋਸ ਮੁਜ਼ਾਹਰਾ ! ਰੋਸ ਮੁਜ਼ਾਹਰਾ !




ਕੈਲੇਫੋਰਨੀਆ
ਦੇ ਸਮੁੱਚੇ ਗੁਰਦਵਾਰਾ ਸਾਹਿਬਾਨਾਂ
ਅਤੇ ਜਥੇਬੰਦੀਆਂ ਵੱਲੋਂ ਆਪ ਸਮੁੱਚੀ ਸੰਗਤ ਨੂੰ ਬੇਨਤੀ ਹੈ
ਕਿ ਆਉਣ ਵਾਲੇ ਸੋਮਵਾਰ ਨੂੰ ਸੈਕਰਾਮੈਂਟੋ ਦੀ ਸਟੇਟ ਕੈਪੀਟਲ
ਬਿਲਡਿੰਗ ਦੇ ਸਾਹਮਣੇ ਪੰਜਾਬ ਅਤੇ ਭਾਰਤ ਵਿੱਚ ਸਿੱਖਾ ਤੇ ਢਾਹੇ ਜਾ
ਰਹੇ ਜ਼ੁਲਮਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਥਾਂ-ਥਾਂ ਉਤੇ ਕੀਤੀ ਜਾ
ਰਹੀ ਬੇਅਦਬੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕਰਨ ਵਾਲੇ
ਨੂੰ ਸਰਕਾਰ ਫੜ ਨਹੀ ਰਹੀ। ਭਾਈ ਗੁਰਜੀਤ ਸਿੰਘ ਅਤੇ ਭਾਈ
ਕ੍ਰਿਸ਼ਨ ਭਗਵਾਨ ਸਿੰਘ ਨੂੰ ਸ਼ਹੀਦ ਕਰਨ ਵਾਲੇ ਪੁਲਸੀਏ ਚਾਰਜ
ਨਹੀ ਕੀਤੇ। ਸਰਬੱਤ ਖਾਲਸਾ ਵਲੋਂ ਨਿਯੁਕਤ ਕੀਤੇ 3 ਸਿੰਘ
ਸਾਹਿਬਾਨਾਂ ਨੂੰ ਜੇਲ੍ਹ ਵਿੱਚ ਡੱਕਿਆ ਹੋਇਆ ਹੈ। ਪੰਜਾਬ ਵਿੱਚ ਪੁਲਸ
ਤੇ ਫੌਜ ਦੀਆ ਧਾੜਾਂ ਸਿੱਖਾਂ ਦੇ ਹੱਕਾਂ ਤੇ ਡਾਕੇ ਮਾਰ ਰਹੀਆਂ ਹਨ।
ਸਾਡੇ ਬੱਚਿਆਂ, ਬੀਬੀਆਂ ਅਤੇ ਬਜ਼ੁਰਗਾਂ ਨੂੰ ਜ਼ੁਲਮ ਦਾ ਸ਼ਿਕਾਰ ਬਣਾ
ਰਹੀਆ ਹਨ।
ਆਓ ਆਪਾਂ ਓਹਨਾ ਦੁਆਰਾ ਢਾਹੇ ਜਾ ਰਹੇ ਜ਼ੁਲਮਾਂ
ਨੂੰ ਦੁਨੀਆ ਦੇ ਲੋਕਾਂ ਅੱਗੇ
ਰੱਖੀਏ !!

ਬੇਨਤੀ ਕਰਤਾ: ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਅਤੇ ਪੰਥਕ ਜਥੇਬੰਦੀਆਂ

ਜਾਰੀ ਕਰਤਾ: ਭਾਈ ਦਲਜੀਤ ਸਿੰਘ ਸਟਾਕਟਨ 559-351-9986

ਵਧੇਰੇ ਜਾਣਕਾਰੀ ਲਈ ਕਾਲ ਕਰੋ; 209-355-9500, 707-398-5210, 916-385-2735, 510-224-0421

# ਪੰਜਾਬ ਵਿਚ ਤਲਖ ਮਾਹੌਲ ਉਤੇ ਉਲਝੀਆਂ ਸਿਆਸੀ ਧਿਰਾਂ

**ਨਵੀਂ ਦਿੱਲੀ:** ਪੰਜਾਬ ਵਿਚ ਤਲਖ ਮਾਹੌਲ ਨੂੰ ਲੈ ਕੇ ਕਾਂਗਰਸ ਤੇ ਹਾਕਮ ਧਿਰ ਸ਼੍ਰੋਮਣੀ ਅਕਾਲੀ ਦਲ ਆਹਮੋ ਸਾਹਮਣੇ ਆ ਗਈਆਂ ਹਨ। ਦੋਵੇਂ ਧਿਰਾਂ ਇਕ ਦੂਜੇ ਦੀ ਸ਼ਿਕਾਇਤ ਰਾਸ਼ਟਰਪਤੀ ਪ੍ਰਣਬ ਮੁਖਰਜੀ ਕੋਲ ਕਰ ਆਈਆਂ ਹਨ। ਅਕਾਲੀਆਂ ਨੇ ਰਾਸ਼ਟਰਪਤੀ ਪ੍ਰਣਬ ਮੁਖਰਜੀ ਨੂੰ ਅਪੀਲ ਕੀਤੀ ਕਿ ਪੰਜਾਬ ਵਿਚ ਫਿਰਕੂ ਮਾਹੌਲ ਵਿਗਾੜਨ ਲਈ ਦੇਸ਼ ਵਿਰੋਧੀ ਤਾਕਤਾਂ ਨਾਲ ਗੰਢਤੁੱਪ ਕਰਨ ਵਾਲੀ ਕਾਂਗਰਸ ਦੀ ਮਾਨਤਾ ਰੱਦ ਕੀਤੀ ਜਾਵੇ। ਪਾਰਟੀ ਨੇ ਕਾਂਗਰਸ ਵਿਰੁੱਧ ਕਾਰਵਾਈ ਲਈ ਚੋਣ ਕਮਿਸ਼ਨ ਨੂੰ ਵੀ ਮਿਲਣ ਦਾ ਫੈਸਲਾ ਕੀਤਾ ਹੈ।

ਇਸ ਤੋਂ ਇਲਾਵਾ ਗ੍ਰਹਿ ਮੰਤਰਾਲੇ ਕੋਲ ਵੀ ਅਰਜ਼ੀ ਦੇ ਕੇ ਸੂਬੇ ਵਿਚ ਕਾਂਗਰਸ ਦੀਆਂ ਗਤੀਵਿਧੀਆਂ ਦੀ ਨਿਗਰਾਨੀ ਲਈ ਕਿਹਾ ਗਿਆ ਹੈ। ਉਧਰ, ਪੰਜਾਬ ਕਾਂਗਰਸ ਦੇ 25 ਮੈਂਬਰੀ ਵਫਦ ਨੇ ਕਾਂਗਰਸ ਦੇ ਮੀਤ ਪ੍ਰਧਾਨ ਰਾਹੁਲ ਗਾਂਧੀ ਦੀ ਅਗਵਾਈ ਵਿਚ ਰਾਸ਼ਟਰਪਤੀ ਨਾਲ ਮੁਲਾਕਾਤ ਕਰਕੇ ਫਰੀਦਕੋਟ ਵਿਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਤੇ ਪੁਲਿਸ ਫਾਇਰਿੰਗ ਵਿਚ ਮਾਰੇ ਗਏ ਦੋ ਨੌਜਵਾਨਾਂ ਦੇ ਮਾਮਲੇ ਦੀ ਨਿਰਪੱਖ ਨਿਆਂਇਕ ਜਾਂਚ ਦੀ ਮੰਗ ਕੀਤੀ ਹੈ। ਕਾਂਗਰਸੀ ਵਫਦ ਵਿਚ ਸ਼ਾਮਲ ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਤੇ ਸੰਸਦ ਮੈਂਬਰ ਤੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਇਕਜੁਟਤਾ ਦਾ ਪ੍ਰਗਟਾਵਾ ਕੀਤਾ।

ਸ਼੍ਰੋਮਣੀ ਅਕਾਲੀ ਦਲ ਦਾ ਮੁੱਖ ਵਿਰੋਧ ਗਰਮ ਖਿਆਲੀਆਂ ਵੱਲੋਂ 10 ਨਵੰਬਰ ਨੂੰ ਸੱਦੇ ਸਰਬੱਤ ਖਾਲਸਾ ਨਾਲ ਹੈ। ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਿਚ ਸੱਤ ਮੈਂਬਰੀ ਵਫਦ ਨੇ ਰਾਸ਼ਟਰਪਤੀ ਨੂੰ ਮੰਗ ਪੱਤਰ ਦਿੱਤਾ, ਜਿਸ ਵਿਚ ਕਾਂਗਰਸ ਦੀ 'ਫਿਰਕੂ' ਤੇ 'ਦੇਸ਼ ਵਿਰੋਧੀ' ਭੂਮਿਕਾ ਦਾ ਵਿਸਥਾਰ ਨਾਲ ਜ਼ਿਕਰ ਕੀਤਾ ਗਿਆ।

ਸਰਬੱਤ ਖਾਲਸਾ ਦਾ ਜ਼ਿਕਰ ਕਰਦਿਆਂ ਉਪ ਮੁੱਖ ਮੰਤਰੀ ਨੇ ਦੋਸ਼ ਲਾਇਆ ਕਿ ਸੋਸ਼ਲ ਮੀਡੀਆ 'ਤੇ ਪਈਆਂ ਵੀਡੀਓ ਵਿਚ ਕਾਂਗਰਸੀ ਆਗੂਆਂ ਨੂੰ ਵੱਖਵਾਦੀਆਂ ਨੂੰ ਨਿਰਦੇਸ਼ ਦਿੰਦਿਆਂ ਦਿਖਾਇਆ ਗਿਆ ਹੈ। ਇਸ ਤੋਂ ਇਲਾਵਾ ਕਾਂਗਰਸੀਆਂ ਨੇ ਸਰਬੱਤ ਖਾਲਸਾ ਵਿਚ ਭੀੜ ਜੁਟਾਉਣ ਵਿਚ ਵੀ ਮਦਦ ਕੀਤੀ। ਸ੍ਰੀ ਸੁਖਬੀਰ ਬਾਦਲ ਨੇ ਦੋਸ਼ ਲਾਇਆ ਕਿ ਰਾਹੁਲ ਗਾਂਧੀ ਨੇ ਗਰਮ ਖਿਆਲੀਆਂ ਨੂੰ ਉਤਸ਼ਾਹਤ ਕਰਨ ਲਈ ਅਜਿਹੇ ਸਮੇਂ ਪੰਜਾਬ ਦਾ ਦੌਰਾ ਕੀਤਾ, ਜਦੋਂ ਪਾਕਿਸਤਾਨ ਦੀ ਏਜੰਸੀ ਆਈ.ਐਸ.ਆਈ. ਵੀ ਰਾਜ ਵਿਚ ਗੜਬੜੀ ਕਰਨ ਦੀ ਸੰਭਾਵਨਾ ਤਲਾਸ਼ ਰਹੀ ਹੈ।


## ਕਾਂਗਰਸ ਹੁਣ ਬੱਬਰ ਖਾਲਸਾ ਨਾਲ ਬਣਾਏਗੀ ਮਹਾਂਗੱਠਜੋੜ

**ਹੁਸ਼ਿਆਰਪੁਰ:** ਉਪ ਮੁੱਖ ਮੰਤਰੀ ਸੁਖਬੀਰ ਬਾਦਲ ਨੇ ਕਿਹਾ ਹੈ ਕਿ ਕਾਂਗਰਸ 2017 ਦੀਆਂ ਵਿਧਾਨ ਸਭਾ ਚੋਣਾਂ ਵਿਚ ਬੱਬਰ ਖਾਲਸਾ ਨਾਲ ਮਿਲ ਕੇ ਮਹਾਂਗੱਠਜੋੜ ਬਣਾਏਗੀ। ਸਰਬੱਤ ਖਾਲਸਾ ਵਿਚ ਕਾਂਗਰਸ ਲੀਡਰਾਂ ਦੇ ਪਹੁੰਚਣ ਤੋਂ ਬਾਅਦ ਸੁਖਬੀਰ ਬਾਦਲ ਲਗਾਤਾਰ ਕਾਂਗਰਸ 'ਤੇ ਹਮਲਾ ਬੋਲ ਰਹੇ ਹਨ। ਸੁਖਬੀਰ ਨੇ ਕਿਹਾ ਕਿ ਕਾਂਗਰਸ ਹੁਣ ਬੱਬਰ ਖਾਲਸਾ ਨਾਲ ਮਿਲ ਕੇ ਮਹਾਂਗੱਠਜੋੜ ਬਣਾਏਗੀ ਤੇ ਚੋਣ ਲੜੇਗੀ। ਇਸ ਵਿਚ, ਦਲ ਖਾਲਸਾ ਤੇ ਅਕਾਲੀ ਦਲ ਅੰਮ੍ਰਿਤਸਰ ਸਮੇਤ ਹੋਰ ਪੰਜਾਬ ਵਿਰੋਧੀ ਪਾਰਟੀਆਂ ਸ਼ਾਮਲ ਹੋਣਗੀਆਂ। ਪੰਜਾਬ ਦੀ ਅਕਾਲੀ ਸਰਕਾਰ ਲਗਾਤਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਮਾਮਲੇ ਨੂੰ ਲੈ ਕੇ ਵਿਰੋਧੀ ਧਿਰਾਂ ਤੇ ਸਿੱਖ ਜਥੇਬੰਦੀਆਂ ਦੇ ਨਿਸ਼ਾਨੇ ਉਤੇ ਹੈ। ਅਜਿਹੇ ਵਿਚ ਉਪ ਮੁੱਖ ਮੰਤਰੀ ਆਪਣੇ ਬਚਾਅ ਵਿਚ ਲਗਾਤਾਰ ਅਜਿਹੇ ਬਿਆਨ ਦੇ ਰਹੇ ਹਨ।



## ਬਾਦਲ ਨੇ ਖਾਲਿਸਤਾਨ ਦਾ ਕੀਤਾ ਸੀ ਸਮਰਥਨ

**ਨਵੀਂ ਦਿੱਲੀ:** ਕਾਂਗਰਸ 'ਤੇ ਪੰਜਾਬ ਦਾ ਮਾਹੌਲ ਖਰਾਬ ਕਰਨ ਦੇ ਲਾਏ ਦੋਸ਼ਾਂ ਨੂੰ ਨਕਾਰਦਿਆਂ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਹੈ ਕਿ ਕਾਂਗਰਸ ਹਮੇਸ਼ਾ ਦੇਸ਼ ਹਿੱਤ ਲਈ ਕੰਮ ਕਰਦੀ ਹੈ। ਪੰਜਾਬ ਦੇ ਉਪ ਮੁੱਖ ਮੰਤਰੀ ਆਪਣੀ ਨਾਕਾਬਲੀਅਤ ਨੂੰ ਲੁਕਾਉਣ ਲਈ ਪੰਜਾਬ ਦੇ ਵਿਗੜੇ ਹਾਲਾਤ ਲਈ ਕਾਂਗਰਸ 'ਤੇ ਇਲਜ਼ਾਮ ਲਗਾ ਰਹੇ ਹਨ। ਕਾਂਗਰਸ ਪਾਰਟੀ ਨੂੰ ਸੁਖਬੀਰ ਵਰਗੇ ਲੀਡਰ ਤੋਂ ਰਾਸ਼ਟਰਵਾਦ ਦਾ ਸਬਕ ਸਿੱਖਣ ਦੀ ਜ਼ਰੂਰਤ ਨਹੀਂ। ਉਨ੍ਹਾਂ ਇਲਜ਼ਾਮ ਲਾਇਆ ਕਿ ਜਦ ਪੰਜਾਬ ਵਿਚ ਖਾਲਿਸਤਾਨ ਦੀ ਲਹਿਰ ਚੱਲ ਰਹੀ ਸੀ ਤਾਂ ਸੁਖਬੀਰ ਦੇ ਪਿਤਾ ਤੇ ਪੰਜਾਬ ਦੇ ਮੌਜੂਦਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਭਾਰਤੀ ਸੰਵਿਧਾਨ ਦੀਆਂ ਕਾਪੀਆਂ ਸਾੜੀਆਂ ਸਨ। ਉਨ੍ਹਾਂ ਕਿਹਾ ਕਿ ਜਿਸ ਸਰਬੱਤ ਖਾਲਸਾ ਦੇ ਇਕੱਠ ਦੀ ਸੁਖਬੀਰ ਬਾਦਲ ਗੱਲ ਕਰ ਰਹੇ ਹਨ, ਉਸ ਵਿਚ ਖਾਲਿਸਤਾਨ ਦਾ ਕੋਈ ਮਤਾ ਨਹੀਂ ਪੜ੍ਹਿਆ ਗਿਆ।



## ਬਾਦਲ ਨੇ ਵੀ ਮਿਲਾਈ ਪੁੱਤ ਦੀ ਹਾਂ ਵਿਚ ਹਾਂ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਆਪਣੇ ਪੁੱਤਰ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੀ ਹਾਂ ਵਿਚ ਹਾਂ ਮਿਲਾਉਂਦਿਆਂ ਕਿਹਾ ਹੈ ਕਿ ਕਾਂਗਰਸ ਪਾਰਟੀ ਨੇ ਪੰਜਾਬ ਵਿਚ ਸਿੱਖ ਵਿਰੋਧੀ ਗਤੀਵਿਧੀਆਂ ਨੂੰ ਅੰਜਾਮ ਦਿੱਤਾ ਹੈ ਜਿਸ ਨਾਲ ਦੇਸ਼ ਦੇ ਹਿੱਤਾਂ ਨੂੰ ਵੱਡਾ ਨੁਕਸਾਨ ਪੁੱਜਾ ਹੈ।

ਨਵੀਂ ਦਿੱਲੀ ਵਿਖੇ ਅਕਾਲੀ ਆਗੂਆਂ ਵੱਲੋਂ ਪ੍ਰਗਟਾਏ ਗਏ ਵਿਚਾਰਾਂ ਦਾ ਸਮਰਥਨ ਕਰਦਿਆਂ ਸ. ਬਾਦਲ ਨੇ ਕਿਹਾ ਕਿ ਕਾਂਗਰਸੀ ਆਗੂਆਂ ਦੇ ਵਿਹਾਰ ਨੇ ਹਮੇਸ਼ਾ ਹੀ ਪੰਜਾਬ ਵਿਚ ਰਾਸ਼ਟਰ ਵਿਰੋਧੀ ਤੱਤਾਂ ਨੂੰ ਸ਼ਹਿ ਤੇ ਸਮਰਥਨ ਦਿੱਤਾ ਹੈ।



## ਅਜੇ ਬੰਦ ਹੀ ਰਹੇਗਾ 'ਸਿੱਖਸ ਫਾਰ ਜਸਟਿਸ' ਦਾ ਫੇਸਬੁੱਕ ਸਫਾ

**ਵਾਸ਼ਿੰਗਟਨ:** ਅਮਰੀਕੀ ਅਦਾਲਤ ਨੇ ਫੇਸਬੁੱਕ ਦੇ ਹੱਕ ਵਿਚ ਫੈਸਲਾ ਸੁਣਾਉਂਦਿਆਂ ਕਿਹਾ ਹੈ ਕਿ ਫੇਸਬੁੱਕ ਨੂੰ 'ਸਿੱਖਸ ਫਾਰ ਜਸਟਿਸ' ਦਾ ਸਫਾ ਬੰਦ ਕਰਨ ਦਾ ਹੱਕ ਹੈ। ਆਪਣੇ ਫੈਸਲੇ ਵਿਚ ਜ਼ਿਲ੍ਹਾ ਜੱਜ ਲੂਸੀ ਕੋਹ ਨੇ ਕਿਹਾ ਹੈ ਕਿ ਫੇਸਬੁੱਕ ਨੂੰ ਬਿਨਾਂ ਕੋਈ ਕਾਰਨ ਦੱਸਿਆਂ ਸਫਾ ਬਲਾਕ ਕਰਨ ਦਾ ਹੱਕ ਹੈ।

ਅਦਾਲਤ ਦੇ ਧਿਆਨ ਵਿਚ ਇਹ ਲਿਆਂਦਾ ਗਿਆ ਸੀ ਕਿ ਇਹ ਸਫਾ ਵੱਖਵਾਦ ਨੂੰ ਹਵਾ ਦੇਣ ਵਾਲਾ ਹੈ। ਜਥੇਬੰਦੀ ਦੇ ਕਾਨੂੰਨੀ ਸਲਾਹਕਾਰ ਗੁਰਪਤਵੰਤ ਸਿੰਘ ਪੰਨੂ ਨੇ ਕਿਹਾ ਹੈ ਕਿ ਉਹ ਇਸ ਫੈਸਲੇ ਵਿਰੁਧ ਅਪੀਲ ਪਾਉਣਗੇ।

## ਸੁਖਬੀਰ ਦੇ ਮੀਡੀਆ ਸਲਾਹਕਾਰ ਤੇ ਸਰੂਪ ਚੰਦ ਸਿੰਗਲਾ ਹੱਥੋਪਾਈ

**ਬਠਿੰਡਾ:** ਸ਼ਹਿਰ ਵਿਚ ਸਦਭਾਵਨਾ ਰੈਲੀ ਦੀਆਂ ਤਿਆਰੀਆਂ ਨੂੰ ਲੈ ਕੇ ਰੱਖੀ ਡਿਨਰ ਪਾਰਟੀ ਵਿਚ ਸੀ.ਪੀ.ਐਸ. ਸਰੂਪ ਚੰਦ ਸਿੰਗਲਾ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਦੇ ਮੀਡੀਆ ਸਲਾਹਕਾਰ ਹਰਜਿੰਦਰ ਸਿੰਘ ਸਿੱਧੂ ਹੱਥੋਪਾਈ ਹੋ ਗਏ। ਸਿੱਧੂ ਨੇ ਕਿਹਾ ਕਿ ਸਿੰਗਲਾ ਦੇ ਬੇਟੇ ਨੇ ਨਿੱਜੀ ਸਮਰਥਕਾਂ ਦੀ ਮਦਦ ਨਾਲ ਉਸ ਦੇ ਗੰਨਮੈਨਾਂ ਦੇ ਹਥਿਆਰ ਖੋਹਣ ਦੀ ਕੋਸ਼ਿਸ਼ ਕੀਤੀ। ਸਿੰਗਲਾ ਦਾ ਗੰਨਮੈਨ 10 ਹੋਰ ਲੋਕਾਂ ਨੂੰ ਪਾਰਟੀ ਵਿਚ ਲੈ ਕੇ ਆਇਆ ਸੀ। ਉਨ੍ਹਾਂ ਕਿਹਾ ਕਿ ਇਨ੍ਹਾਂ ਲੋਕਾਂ ਨੇ ਬਦਸਲੂਕੀ ਕੀਤੀ, ਜਦੋਂ ਮੈਂ ਜਵਾਬ ਦਿੱਤਾ ਤਾਂ ਮਾਰਕੁੱਟ ਕੀਤੀ ਗਈ। ਉਧਰ, ਸਰੂਪ ਚੰਦ ਸਿੰਗਲਾ ਨੇ ਕਿਹਾ ਕਿ ਪਿਛਲੇ ਦਿਨੀਂ ਉਸ ਦੀ ਸਿੱਧੂ ਨਾਲ ਤਕਰਾਰ ਹੋਈ ਸੀ।



## ਬਿਜਲੀ ਦੀ ਖਪਤ ਘਟਣ ਕਾਰਨ ਪਾਵਰਕੌਮ ਚਿੰਤਤ

**ਜਲੰਧਰ:** ਪੰਜਾਬ ਵਿਚ ਬਿਜਲੀ ਦੀ ਜ਼ਿਆਦਾ ਖਪਤ ਨਾ ਹੋਣ ਕਰਕੇ ਪਾਵਰਕੌਮ ਦੀ ਚਿੰਤਾ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ ਕਿਉਂਕਿ ਜੇਕਰ ਉਸ ਕੋਲ ਮੌਜੂਦ ਵਾਧੂ ਬਿਜਲੀ ਦੀ ਖਪਤ ਨਹੀਂ ਹੁੰਦੀ ਹੈ ਤਾਂ ਤਕਰੀਬਨ 1800 ਕਰੋੜ ਰੁਪਏ ਬਿਜਲੀ ਦੀ ਵਰਤੋਂ ਕੀਤੇ ਬਿਨਾਂ ਹੀ ਨਿੱਜੀ ਕੰਪਨੀਆਂ ਨੂੰ ਫਿਕਸ ਚਾਰਜ ਦੇਣ ਲਈ ਮਜਬੂਰ ਹੋਣਾ ਪੈ ਸਕਦਾ ਹੈ ਤੇ ਇਸ ਕਰਕੇ ਪਾਵਰਕੌਮ ਵਾਧੂ ਬਿਜਲੀ ਦੀ ਖਪਤ ਲਈ ਇਸ ਦੀਆਂ ਦਰਾਂ ਵਿਚ ਕਮੀ ਲਿਆ ਸਕਦਾ ਹੈ।

ਪਾਵਰਕੌਮ ਨੂੰ ਆਸ ਹੈ ਕਿ ਨਵੇਂ ਸਨਅਤੀ ਯੂਨਿਟਾਂ ਨੂੰ 4.99 ਰੁਪਏ ਸਸਤੀ ਬਿਜਲੀ ਦੇਣ ਦਾ ਫੈਸਲਾ ਕੀਤਾ ਗਿਆ ਹੈ, ਇਸ ਨਾਲ ਵਾਧੂ ਬਿਜਲੀ ਦੀ ਖਪਤ ਹੋਣੀ ਸ਼ੁਰੂ ਹੋ ਜਾਏਗੀ। ਪਾਵਰਕੌਮ ਦੇ ਆਪਣੇ ਅਤੇ ਨਿੱਜੀ ਤਾਪ ਘਰ ਜੇਕਰ ਪੂਰੀ ਸਮਰੱਥਾ ਨਾਲ ਬਿਜਲੀ ਦਾ ਉਤਪਾਦਨ ਕਰਦੇ ਹਨ ਤਾਂ 50 ਹਜ਼ਾਰ ਮੈਗਾ ਯੂਨਿਟ ਬਿਜਲੀ ਮੌਜੂਦ ਰਹੇਗੀ ਪਰ ਦੱਸਿਆ ਜਾਂਦਾ ਹੈ ਕਿ ਪਾਵਰਕੌਮ ਦੀ 40 ਹਜ਼ਾਰ ਮੈਗਾ ਯੂਨਿਟ ਹੀ ਬਿਜਲੀ ਦੀ ਖਪਤ ਹੋ ਰਹੀ ਹੈ ਜਦਕਿ 10 ਹਜ਼ਾਰ ਮੈਗਾ ਯੂਨਿਟ ਬਿਜਲੀ ਦੀ ਖਪਤ ਨਾ ਹੋਣ ਕਰਕੇ ਪਾਵਰਕੌਮ ਦੀ ਚਿੰਤਾ ਵਿਚ ਵਾਧਾ ਹੋ ਰਿਹਾ ਹੈ।

ਪਾਵਰਕੌਮ ਦੇ ਆਪਣੇ 14 ਯੂਨਿਟਾਂ ਵਿਚੋਂ 12 ਯੂਨਿਟ ਇਸ ਕਰਕੇ ਹੀ ਬੰਦ ਪਏ ਹਨ। ਜੇਕਰ ਵਾਧੂ ਬਿਜਲੀ ਦੀ ਖਪਤ ਨਹੀਂ ਹੁੰਦੀ ਤਾਂ ਪਾਵਰਕੌਮ ਨੂੰ 1000 ਕਰੋੜ ਤੋਂ ਜ਼ਿਆਦਾ ਬਿਜਲੀ ਸਰੰਡਰ ਕਰਨੀ ਪਏਗੀ। ਪਾਵਰਕੌਮ ਉਂਜ ਲਗਾਤਾਰ ਇਹ ਯਤਨ ਕਰ ਰਿਹਾ ਹੈ ਕਿ ਉਸ ਕੋਲ ਵਾਧੂ ਪਈ ਬਿਜਲੀ ਦੀ ਖਪਤ ਸਨਅਤੀ ਯੂਨਿਟਾਂ ਵਿਚ ਵਧੇਰੇ ਹੋਏ।

## ਗਿਆਰਾਂ ਸਾਲ ਦਾ ਆਤਮਘਾਤੀ ਫੜਿਆ

**ਕਾਬੁਲ:** ਅਫ਼ਗਾਨਿਸਤਾਨ ਦੇ ਕੁੰਦੁਜ਼ ਸੂਬੇ ਵਿਚ ਸੁਰੱਖਿਆ ਬਲਾਂ ਨੇ ਇਕ 11 ਸਾਲਾ ਆਤਮਘਾਤੀ ਹਮਲਾਵਰ ਨੂੰ ਕਾਬੂ ਕੀਤਾ ਹੈ। ਖ਼ਬਰ ਏਜੰਸੀ ਸਿਨਹੂਆ ਮੁਤਾਬਕ 11 ਸਾਲ ਦੇ ਰੋਹੁੱਲਾ ਨੂੰ ਪੰਜ ਸਾਲ ਦੀ ਉਮਰ ਵਿਚ ਤਾਲਿਬਾਨ ਅਤਿਵਾਦੀਆਂ ਨੇ ਅਗਵਾ ਕਰ ਲਿਆ ਸੀ। ਉਸ ਤੋਂ ਬਾਅਦ ਉਸ ਨੂੰ ਬੰਬ ਬਣਾਉਣ ਤੇ ਆਤਮਘਾਤੀ ਹਮਲੇ ਦੀ ਟ੍ਰੇਨਿੰਗ ਦਿੱਤੀ ਗਈ।

ਉਸ ਨੇ ਪੁਲਿਸ ਦੇ ਅੜਿੱਕੇ ਆਉਣ ਉਤੇ ਦੱਸਿਆ ਕਿ ਅਤਿਵਾਦੀਆਂ ਵੱਲੋਂ ਉਸ ਵਰਗੇ ਹੋਰ ਬੱਚਿਆਂ ਨੂੰ ਵੀ ਆਤਮਘਾਤੀ ਹਮਲਿਆਂ ਲਈ ਤਿਆਰ ਕੀਤਾ ਜਾ ਰਿਹਾ ਹੈ।

## ਹਵਾਰਾ ਖਿਲਾਫ 11 ਵਰ੍ਹੇ ਪਹਿਲਾਂ ਦਰਜ ਕੇਸ ਦੀ ਫਾਈਲ ਖੋਲ੍ਹੀ

**ਮੋਗਾ:** ਸਰਬੱਤ ਖਾਲਸਾ ਮੌਕੇ ਥਾਪੇ ਗਏ ਅਕਾਲ ਤਖਤ ਦੇ ਜਥੇਦਾਰ ਜਗਤਾਰ ਸਿੰਘ ਹਵਾਰਾ ਖਿਲਾਫ 11 ਸਾਲ ਪਹਿਲਾਂ ਥਾਣਾ ਬੱਧਨੀ ਕਲਾਂ ਵਿਚ ਦਰਜ ਕੀਤੇ ਗਏ ਜਾਨਲੇਵਾ ਹਮਲੇ ਦੇ ਕੇਸ ਬਾਰੇ ਪੰਜਾਬ ਪੁਲਿਸ ਨੇ ਪੜਚੋਲ ਸ਼ੁਰੂ ਕਰ ਦਿੱਤੀ ਹੈ। ਇਸ ਤੋਂ ਇਲਾਵਾ ਹੋਰ ਸਾਬਕਾ ਖਾੜਕੂਆਂ ਬਾਰੇ ਵੀ ਵੇਰਵੇ ਇਕੱਠੇ ਕੀਤੇ ਜਾ ਰਹੇ ਹਨ। ਪੰਜਾਬ ਦੇ ਡੀ.ਜੀ.ਪੀ. ਤੇ ਕਾਨੂੰਨੀ ਮਾਹਰਾਂ ਤੋਂ ਹਰੀ ਝੰਡੀ ਮਿਲਣ ਤੋਂ ਬਾਅਦ ਜਗਤਾਰ ਸਿੰਘ ਹਵਾਰਾ ਨੂੰ ਤਿਹਾੜ ਜੇਲ੍ਹ ਵਿਚੋਂ ਪ੍ਰੋਡਕਸ਼ਨ ਵਾਰੰਟ 'ਤੇ ਲਿਆਂਦਾ ਜਾ ਸਕਦਾ ਹੈ।

ਸੂਤਰਾਂ ਮੁਤਾਬਕ ਸਰਕਾਰ ਨੇ ਸਰਬੱਤ ਖਾਲਸਾ ਮੌਕੇ ਥਾਪੇ ਗਏ ਜਥੇਦਾਰਾਂ ਦੇ ਅਪਰਾਧਿਕ ਰਿਕਾਰਡ ਦਾ ਵੇਰਵਾ ਤਲਬ ਕੀਤਾ ਹੈ। ਇਸੇ ਕੜੀ ਤਹਿਤ ਥਾਣਾ ਬੱਧਨੀ ਕਲਾਂ ਵਿਚ ਸਿਪਾਹੀ ਜਸਵੀਰ ਸਿੰਘ 'ਤੇ ਜਾਨਲੇਵਾ ਹਮਲੇ ਦੇ ਦੋਸ਼ ਹੇਠ 11 ਵਰ੍ਹੇ ਪਹਿਲਾਂ ਦਰਜ ਕੇਸ ਦੀ ਦੱਬੀ ਪਈ ਜਗਤਾਰ ਸਿੰਘ ਹਵਾਰਾ ਬਾਰੇ ਫਾਈਲ 'ਤੇ ਸੀਨੀਅਰ ਪੁਲੀਸ ਅਫਸਰਾਂ ਦੀ ਨਜ਼ਰ ਪਈ ਤੇ ਉਸ ਦੀ ਪੜਚੋਲ ਕੀਤੀ ਜਾ ਰਹੀ ਹੈ। ਪੁਲਿਸ ਮੁਤਾਬਕ ਇਸ ਕੇਸ ਵਿਚ ਹਵਾਰਾ ਨੂੰ ਮੁੱਖ ਮੁਲਜ਼ਮ ਦੱਸਿਆ ਗਿਆ ਸੀ, ਪਰ ਉਸ ਦੀ ਇਸ ਕੇਸ ਵਿਚ ਗ੍ਰਿਫਤਾਰੀ ਨਹੀਂ ਹੋਈ ਤੇ ਉਸ ਦੇ ਦੋ ਸਾਥੀਆਂ ਨੂੰ 19 ਜਨਵਰੀ 2010 ਨੂੰ ਸਥਾਨਕ ਵਧੀਕ ਜ਼ਿਲ੍ਹਾ ਤੇ ਸੈਸ਼ਨ ਜੱਜ ਦੀ ਅਦਾਲਤ ਨੇ ਸਬੂਤਾਂ ਦੀ ਘਾਟ ਕਾਰਨ ਬਰੀ ਕਰ ਦਿੱਤਾ ਸੀ। ਪੁਲਿਸ ਰਿਕਾਰਡ ਮੁਤਾਬਕ ਘਟਨਾ ਵਾਲੇ ਦਿਨ ਬੱਧਨੀ ਕਲਾਂ ਵਿਚ ਵਿਆਹ ਸਮਾਗਮ ਵਿਚ ਸ਼ਾਮਲ ਹੋਣ ਆਈ ਪਰਵਾਸੀ ਪੰਜਾਬਣ ਜਸਵਿੰਦਰ ਕੌਰ ਦੇ ਕਤਲ ਲਈ ਨਾਰਵੇ ਤੋਂ ਬੱਬਰ ਖਾਲਸਾ ਦੇ ਆਗੂ ਨੇ ਜਗਤਾਰ ਸਿੰਘ ਹਵਾਰਾ ਨਾਲ ਸੰਪਰਕ ਕੀਤਾ ਸੀ।

ਪੁਲਿਸ ਚੌਕੀ ਲੋਪੋ ਵਿਚ ਤਾਇਨਾਤ ਸਿਪਾਹੀ ਜਸਵੀਰ ਸਿੰਘ ਨੂੰ ਕਾਰ ਸਵਾਰ ਨੌਜਵਾਨਾਂ ਨੇ 16 ਫਰਵਰੀ 2005 ਨੂੰ ਉਸ ਵੇਲੇ ਗੋਲੀ ਮਾਰੀ ਸੀ ਜਦੋਂ ਅੰਮ੍ਰਿਤਸਰ ਤੋਂ ਅਗਵਾ ਵਿਦਿਆਰਥੀ ਪਰਬੀਰ ਦੀ ਭਾਲ ਲਈ ਪੰਜਾਬ ਵਿਚ ਰੈੱਡ ਅਲਰਟ ਜਾਰੀ ਕੀਤਾ ਗਿਆ ਸੀ। ਬੱਧਨੀ ਕਲਾਂ ਪੁਲਿਸ ਨੇ 18 ਫਰਵਰੀ ਨੂੰ ਅਣਪਛਾਤੇ ਮੁਲਜ਼ਮਾਂ ਖਿਲਾਫ ਕੇਸ ਦਰਜ ਕੀਤਾ ਸੀ। ਦੱਸਣਯੋਗ ਹੈ ਕਿ ਪੁਲਿਸ ਨੇ ਪਹਿਲਾਂ ਇਸ ਕੇਸ ਵਿਚ ਪਿਉ ਪੁੱਤਰ ਸਮੇਤ ਪੰਜ ਨਿਰਦੋਸ਼ਾਂ ਨੂੰ ਹੀ ਨਾਮਜ਼ਦ ਕਰ ਕੇ ਜੇਲ੍ਹ ਭੇਜ ਦਿੱਤਾ ਸੀ, ਪਰ ਪੰਜ ਮਹੀਨੇ ਬਾਅਦ ਜੁਲਾਈ 2005 ਵਿਚ ਚੰਡੀਗੜ੍ਹ ਵਿਚ ਬੱਬਰ ਖਾਲਸਾ ਦੇ ਕਾਰਕੁਨਾਂ ਦੀ ਗ੍ਰਿਫਤਾਰੀ ਤੋਂ ਬਾਅਦ ਉਸ ਸਮੇਂ ਦੇ ਡੀ.ਜੀ.ਪੀ. ਨੇ ਪ੍ਰੈੱਸ ਕਾਨਫਰੰਸ ਵਿਚ ਖੁਲਾਸਾ ਕੀਤਾ ਸੀ ਕਿ ਲੋਪੋ ਪੁਲਿਸ ਚੌਕੀ ਦੇ ਸਿਪਾਹੀ ਜਸਵੀਰ ਸਿੰਘ ਨੂੰ ਜਗਤਾਰ ਸਿੰਘ ਹਵਾਰਾ ਨੇ ਗੋਲੀ ਮਾਰੀ ਸੀ।

## ਭਾਰਤ ਨੇ ਜਿੱਤਿਆ ਜੂਨੀਅਰ ਏਸ਼ੀਆ ਹਾਕੀ ਕੱਪ

**ਮਲੇਸ਼ੀਆ:** ਡ੍ਰੈਗ ਫਲਿਕਰ ਹਰਮਨਪ੍ਰੀਤ ਸਿੰਘ ਦੇ ਚਾਰ ਗੋਲਾਂ ਦੀ ਮਦਦ ਨਾਲ ਭਾਰਤ ਨੇ ਪਾਕਿਸਤਾਨ ਨੂੰ 8ਵੇਂ ਜੂਨੀਅਰ ਏਸ਼ੀਆ ਕੱਪ ਦੇ ਫਾਈਨਲ ਵਿਚ 6-2 ਦੇ ਵੱਡੇ ਅੰਤਰ ਨਾਲ ਹਰਾ ਕੇ ਜੂਨੀਅਰ ਏਸ਼ੀਆ ਕੱਪ ਜਿੱਤਣ ਦਾ ਮਾਣ ਪ੍ਰਾਪਤ ਕੀਤਾ ਹੈ। ਫਾਈਨਲ ਮੁਕਾਬਲੇ ਵਿਚ ਹਰਮਨਪ੍ਰੀਤ ਜ਼ਬਰਦਸਤ ਫਾਰਮ ਵਿਚ ਦਿੱਸੇ। ਮਲੇਸ਼ੀਆ ਦੇ ਸ਼ਹਿਰ ਕੁਆਂਟਨ ਵਿਚ ਹੋਏ ਫਾਈਨਲ ਮੁਕਾਬਲੇ ਦੌਰਾਨ ਭਾਰਤੀ ਗੱਭਰੂਆਂ ਨੇ ਹਰਮਨਪ੍ਰੀਤ ਸਿੰਘ ਦੀ ਹੈਟ੍ਰਿਕ ਸਦਕਾ ਪਾਕਿਸਤਾਨੀ ਟੀਮ ਦੇ ਪੂਰੇ ਮੈਚ ਦੌਰਾਨ ਪੈਰ ਨਾ ਲੱਗਣ ਦਿੱਤੇ।

ਭਾਰਤੀ ਟੀਮ ਲਈ ਹਰਮਨਪ੍ਰੀਤ ਸਿੰਘ ਨੇ ਚਾਰ, ਅਰਮਾਨ ਕੁਰੈਸ਼ੀ ਤੇ ਮਨਪ੍ਰੀਤ ਸਿੰਘ ਨੇ 1-1 ਗੋਲ ਕੀਤਾ ਜਦੋਂਕਿ ਪਾਕਿਸਤਾਨ ਲਈ ਮੁਹੰਮਦ ਯਾਕੂਬ ਤੇ ਮੁਹੰਮਦ ਦਿਲਬਰ ਨੇ 1-1 ਗੋਲ ਕੀਤਾ। ਭਾਰਤੀ ਟੀਮ ਨੇ ਇਸ ਟੂਰਨਾਮੈਂਟ ਦੌਰਾਨ ਸ਼ਾਨਦਾਰ ਜਿੱਤਾਂ ਦਰਜ ਕੀਤੀਆਂ। ਭਾਰਤੀ ਟੀਮ ਵੱਲੋਂ 10ਵੇਂ ਮਿੰਟ ਵਿਚ ਹਰਮਨਪ੍ਰੀਤ ਸਿੰਘ ਨੇ ਪਹਿਲਾ ਗੋਲ ਕਰਕੇ, ਆਪਣੀ ਟੀਮ ਨੂੰ ਬੜ੍ਹਤ ਦਿਵਾਈ। ਫਿਰ ਉਸ ਨੇ ਉਤੇ-ਤੜੀ 15ਵੇਂ ਤੇ 30ਵੇਂ ਮਿੰਟ ਵਿਚ ਦੋ ਹੋਰ ਗੋਲ ਕਰਕੇ ਆਪਣੀ ਟੀਮ ਨੂੰ ਜਿਥੇ 3-0 ਦੀ ਮਜ਼ਬੂਤ ਬੜ੍ਹਤ ਦਿਵਾਈ ਤੇ ਆਪਣੀ ਹੈਟ੍ਰਿਕ ਵੀ ਪੂਰੀ ਕੀਤੀ। ਉਪਰੰਤ ਦੂਸਰੇ ਅੱਧ ਦੇ ਸ਼ੁਰੂ ਵਿਚ ਯਾਕੂਬ ਮੁਹੰਮਦ ਨੇ ਪਾਕਿਸਤਾਨੀ ਟੀਮ ਲਈ ਪਹਿਲਾ ਗੋਲ ਕੀਤਾ।



ਫਿਰ ਭਾਰਤੀ ਖਿਡਾਰੀ ਅਰਮਾਨ ਕੁਰੈਸ਼ੀ ਨੇ 44ਵੇਂ ਮਿੰਟ ਵਿਚ ਟੀਮ ਲਈ ਇਕ ਹੋਰ ਗੋਲ ਕਰਕੇ, 4-1 ਨਾਲ ਅੱਗੇ ਕਰ ਦਿੱਤਾ। ਇਸ ਦੇ ਨਾਲ ਹੀ 50ਵੇਂ ਮਿੰਟ ਵਿਚ ਮਨਪ੍ਰੀਤ ਸਿੰਘ ਨੇ ਗੋਲ ਦਾਗ ਕੇ ਭਾਰਤੀ ਨੂੰ 5-1 ਦੀ ਅਜੇਤੂ ਬੜ੍ਹਤ ਦਿਵਾ ਦਿੱਤੀ। ਮੈਚ ਦੇ 53ਵੇਂ ਮਿੰਟ ਵਿਚ ਹਰਮਨਪ੍ਰੀਤ ਸਿੰਘ ਨੇ ਇਕ ਹੋਰ ਗੋਲ ਕਰਕੇ ਭਾਰਤੀ ਟੀਮ ਨੂੰ 6-1 ਦੀ ਬੜ੍ਹਤ ਦਿਵਾਉਣ ਦੇ ਨਾਲ ਹੀ ਆਪਣਾ ਚੌਥਾ ਗੋਲ ਦਾਗ ਦਿੱਤਾ। ਉਪਰੰਤ ਪਾਕਿਸਤਾਨ ਲਈ 68ਵੇਂ ਮਿੰਟ ਵਿਚ ਮੁਹੰਮਦ ਦਿਲਬਰ ਨੇ ਗੋਲ ਕੀਤਾ, ਪਰ ਉਸ ਵੇਲੇ ਤੱਕ ਮੈਚ ਤੇ ਏਸ਼ੀਆ ਕੱਪ ਭਾਰਤੀ ਟੀਮ ਦੀ ਗ੍ਰਿਫ਼ਤ ਵਿਚ ਆ ਚੁੱਕਾ ਸੀ।

**Punjab Times**

**Established in 2000**
**16th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Bay Area**
Charanjit Singh Pannu
408-608-4961

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।


**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਪੰਜਾਬ ਬਾਰੇ ਪ੍ਰੋ. ਗਾਂਧੀ ਦੀ ਕਿਤਾਬ ਉਪਰ ਚਰਚਾ



**ਪਟਿਆਲਾ:** ਇਥੇ ਪੰਜਾਬੀ ਯੂਨੀਵਰਸਿਟੀ ਵਿਚ ਪ੍ਰੋ. ਰਾਜਮੋਹਨ ਗਾਂਧੀ ਦੀ ਕਿਤਾਬ 'ਪੰਜਾਬ- ਔਰੰਗਜ਼ੇਬ ਤੋਂ ਮਾਊਂਟਬੈਟਨ ਤੱਕ ਦਾ ਇਤਿਹਾਸ' ਬਾਰੇ ਵਿਚਾਰ-ਵਟਾਂਦਰਾ ਕੀਤਾ ਗਿਆ। ਇਹ ਕਿਤਾਬ ਅੰਗਰੇਜ਼ੀ ਵਿਚ ਦੋ ਸਾਲ ਪਹਿਲਾਂ ਛਪੀ ਸੀ ਅਤੇ ਇਸ ਦਾ ਪੰਜਾਬੀ ਅਨੁਵਾਦ ਪ੍ਰੋ. ਹਰਪਾਲ ਸਿੰਘ ਪੰਨੂ ਨੇ ਕੀਤਾ ਹੈ। ਪ੍ਰੋ. ਗਾਂਧੀ ਦੀ ਹਾਜ਼ਰੀ ਵਿਚ ਇਹ ਕਿਤਾਬ ਸੰਗਰੂਰ ਵਿਰਾਸਤੀ ਮੇਲੇ ਵਿਚ ਸਿਬੀਆ ਪਰਿਵਾਰ ਵਲੋਂ ਰਿਲੀਜ਼ ਕੀਤੀ ਗਈ।

ਇਸੇ ਦੌਰਾਨ ਪ੍ਰੋ. ਗਾਂਧੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਪੁੱਜੇ ਜਿਥੇ ਅਧਿਆਪਕਾਂ ਅਤੇ ਵਿਦਿਆਰਥੀਆਂ ਨੇ ਉਨ੍ਹਾਂ ਦਾ ਭਰਵਾਂ ਸੁਆਗਤ ਕੀਤਾ ਅਤੇ ਨਾਲ ਹੀ ਕਿਤਾਬ ਉਪਰ ਵਿਚਾਰ-ਵਟਾਂਦਰਾ ਕੀਤਾ। ਪ੍ਰੋ. ਪੰਨੂ ਨੇ ਕਿਤਾਬ ਦੇ ਅਨੇਕ ਨਵੇਂ ਦ੍ਰਿਸ਼ਟੀਕੋਣ ਸਰੋਤਿਆਂ ਅੱਗੇ ਪੇਸ਼ ਕੀਤੇ। ਉਨ੍ਹਾਂ ਦੱਸਿਆ ਕਿ ਮਹਾਤਮਾ ਗਾਂਧੀ ਅਤੇ ਮੁਹੰਮਦ ਅਲੀ ਜਿਨਾਹ, ਦੋਵੇਂ ਪੰਜਾਬ ਦੀ ਵੰਡ ਦੇ ਖਿਲਾਫ ਸਨ, ਪਰ ਜਿਨਾਹ ਮੁਲਕ ਦੀ ਵੰਡ ਮੰਗਦਾ ਸੀ ਤਾਂ ਕਿ ਪਾਕਿਸਤਾਨ ਬਣ ਸਕੇ। ਪੇਸ਼ਾਵਰ ਤੋਂ ਲੈ ਕੇ ਦਿੱਲੀ ਹੀ ਨਹੀਂ, ਅਲੀਗੜ੍ਹ ਤੱਕ ਦਾ ਇਲਾਕਾ ਉਸ ਦੇ ਨਕਸ਼ੇ ਵਿਚ ਸ਼ਾਮਲ ਸੀ ਕਿਉਂਕਿ ਇਸ ਖਿੱਤੇ ਵਿਚ ਮੁਸਲਮਾਨ ਬਹੁ-ਗਿਣਤੀ ਵਿਚ ਸਨ। ਪਹਿਲੀ ਵਾਰ ਪੰਜਾਬ ਵੰਡਣ ਦਾ ਪ੍ਰਸਤਾਵ ਕਾਂਗਰਸ ਵਰਕਿੰਗ ਕਮੇਟੀ ਵਿਚ ਲਾਲਾ ਲਾਜਪਤ ਰਾਇ ਨੇ ਪੇਸ਼ ਕੀਤਾ। ਪ੍ਰੋ. ਗਾਂਧੀ ਨੇ ਦੱਸਿਆ ਕਿ ਵਰਕਿੰਗ ਕਮੇਟੀ ਵਿਚ ਪੇਸ਼ ਕੀਤੇ ਮਤਿਆਂ ਉਪਰ ਸਖਤ ਬਹਿਸ ਹੁੰਦੀ ਸੀ। ਕੇਵਲ ਕਿਸੇ ਵੱਡੇ ਬੰਦੇ ਦੀ ਮੌਤ ਦਾ ਸੋਗ ਮਤਾ ਬਿਨਾਂ ਕਿਸੇ ਵਿਵਾਦ ਦੇ ਪਾਸ ਹੁੰਦਾ ਸੀ। ਪੰਜਾਬ ਦੀ ਵੰਡ ਦਾ ਮਤਾ ਸੋਗ ਮਤੇ ਵਾਂਗ ਚੁਪ-ਚਾਪ ਪਾਸ ਹੋ ਗਿਆ। ਇਸ ਮੌਕੇ ਵਿਦਿਆਰਥੀਆਂ ਨੇ ਪ੍ਰੋ. ਗਾਂਧੀ ਨੂੰ ਕਿਤਾਬ ਲਿਖਣ ਦਾ ਕਾਰਨ ਪੁੱਛਿਆ ਤਾਂ ਉਨ੍ਹਾਂ ਕਿਹਾ- "ਮੇਰੇ ਬਾਬਾ ਮਹਾਤਮਾ ਗਾਂਧੀ ਪੰਜਾਬ ਅਤੇ ਪੰਜਾਬੀਆਂ ਨੂੰ ਨਹੀਂ ਜਾਣ ਸਕੇ, ਨਾ ਪੰਜਾਬੀਆਂ ਨੇ ਮਹਾਤਮਾ ਗਾਂਧੀ ਨੂੰ ਜਾਣਿਆ। ਮੈਂ ਫੈਸਲਾ ਕੀਤਾ ਕਿ ਮੈਂ ਪੰਜਾਬ ਨੂੰ ਜਾਣਨਾ ਹੈ। ਇਸ ਖਾਹਿਸ਼ ਨੂੰ ਦਿਲ ਵਿਚ ਲੈ ਕੇ ਪੜ੍ਹਨਾ ਸ਼ੁਰੂ ਕੀਤਾ।" ਵਿਦਿਆਰਥੀਆਂ ਦੀ ਇੱਛਾ ਸੀ ਕਿ ਇੰਨੇ ਵੱਡੇ ਇਤਿਹਾਸਕਾਰ ਨੂੰ ਅਪ੍ਰੇਸ਼ਨ ਬਲੂ ਸਟਾਰ ਬਾਰੇ ਲਿਖਣਾ ਚਾਹੀਦਾ ਹੈ।

ਪ੍ਰੋ. ਗਾਂਧੀ ਨੇ ਕਿਹਾ ਕਿ ਹਾਲੇ ਉਨ੍ਹਾਂ ਪਾਸ ਹੋਰ ਅਹਿਮ ਪ੍ਰੋਜੈਕਟ ਤਿਆਰੀ ਅਧੀਨ ਹਨ, ਜੇ ਵਕਤ ਨੇ ਆਗਿਆ ਦਿੱਤੀ ਤਾਂ ਵਿਸਥਾਰ ਨਾਲ ਇਸ ਪਹਿਲੂ 'ਤੇ ਲਿਖਣਗੇ। ਗੋਸ਼ਟੀ ਵਿਚ ਡਾ. ਸਰਬਜਿੰਦਰ ਸਿੰਘ, ਡਾ. ਰਾਜਿੰਦਰ ਪਾਲ ਸਿੰਘ ਬਰਾੜ, ਡਾ. ਚਰਨਜੀਤ ਕੌਰ ਬਰਾੜ, ਪ੍ਰੋ. ਹਿੰਮਤ ਸਿੰਘ, ਡਾ. ਮਲਕਿੰਦਰ ਕੌਰ, ਡਾ. ਗੁੰਜਨਜੋਤ ਕੌਰ, ਡਾ. ਗੁਰਮੀਤ ਸਿੰਘ ਸਿਧੂ ਅਤੇ ਡਾ. ਮੁਹੰਮਦ ਹਬੀਬ ਨੇ ਭਾਗ ਲਿਆ।

# ਪੰਜਾਬ ਵਿਚ ਸਿਆਸੀ ਧਿਰਾਂ ਨੇ ਮੋਰਚੇ ਮੱਲੇ

*(ਸਫਾ ਇਕ ਦੀ ਬਾਕੀ)*

ਜਗਤਾਰ ਸਿੰਘ ਹਵਾਰਾ ਨੂੰ ਅਕਾਲ ਤਖਤ ਦਾ ਜਥੇਦਾਰ ਲਾਉਣ ਸਮੇਤ ਪਾਸ ਕੀਤੇ ਮਤਿਆਂ ਨੂੰ ਪੰਜਾਬ ਵਿਚ ਮੁੜ ਅਸ਼ਾਂਤੀ ਫੈਲਾਉਣ ਦੀ ਨਿਗ੍ਹਾ ਨਾਲ ਵੇਖਿਆ ਗਿਆ। ਪੰਜਾਬ ਦੀਆਂ ਸਿਆਸੀ ਧਿਰਾਂ ਨੇ ਇਹ ਗੱਲ ਸਮਝਣ ਵਿਚ ਦੇਰ ਨਾ ਲਾਈ ਕਿ ਲੋਕ ਸ਼ਾਂਤ ਮਾਹੌਲ ਚਾਹੁੰਦੇ ਹਨ ਤੇ ਖਾਲਿਸਤਾਨ ਦਾ ਮੁੱਦਾ ਰਾਹ ਵਿਚ ਰੋੜਾ ਬਣ ਸਕਦਾ ਹੈ। ਉਧਰ, ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ, ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਖਾਲਿਸਤਾਨ ਦੀ ਮੰਗ ਉਤੇ ਭਾਰਤੀ ਸੰਵਿਧਾਨ ਦੀਆਂ ਕਾਪੀਆਂ ਸਾੜਨ ਤੇ ਕੈਪਟਨ ਅਮਰਿੰਦਰ ਸਿੰਘ ਨੂੰ ਖਾਲਿਸਤਾਨ ਦੀ ਹਮਾਇਤ ਵਿਚ ਖੜ੍ਹਨ ਦੇ ਦਿਨ ਚੇਤੇ ਕਰਵਾ ਰਹੇ ਹਨ।

ਅਸਲ ਵਿਚ, ਸਰਬੱਤ ਖਾਲਸਾ ਵਿਚ ਮਿਸਾਲੀ ਇਕੱਠ ਵੀ ਬਾਦਲ ਧਿਰ ਲਈ ਚੁਣੌਤੀ ਬਣ ਗਿਆ ਸੀ। ਕੁਝ ਕਾਂਗਰਸ ਆਗੂਆਂ ਦੀ ਫੋਨ ਟੈਪਿੰਗ ਦੇ ਆਧਾਰ 'ਤੇ ਹਾਕਮ ਧਿਰ ਇਹ ਦਾਅਵਾ ਕਰ ਕੇ ਘਿਰ ਗਈ ਸੀ ਕਿ ਇਹ ਇਕੱਠ ਕਾਂਗਰਸੀਆਂ ਦੇ ਕਹਿਣ 'ਤੇ ਹੋਇਆ ਹੈ। ਕਾਂਗਰਸ ਨੇ ਵੀ ਅਕਾਲੀਆਂ ਦੇ ਇਸ ਦਾਅਵੇ ਨੂੰ ਖਿੜੇ ਮੱਥੇ ਕਬੂਲ ਲਿਆ ਸੀ।

ਅਕਾਲੀ ਦਲ ਵੱਲੋਂ ਬਠਿੰਡੇ ਵਿਚ ਭਾਵੇਂ ਸਦਭਾਵਨਾ ਦੇ ਨਾਂ 'ਤੇ ਰੈਲੀ ਕੀਤੀ ਗਈ ਸੀ, ਪਰ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਭਾਸ਼ਣਾਂ ਦੀ ਭਾਸ਼ਾ ਸਦਭਾਵਨਾ ਵਾਲੀ ਨਹੀਂ ਸੀ।

ਹਾਕਮ ਧਿਰ ਨੇ ਕਾਂਗਰਸ ਨੂੰ ਪੰਜਾਬ ਵਿਰੋਧੀ ਸਾਬਤ ਕਰਨ ਲਈ ਪੂਰੀ ਵਾਹ ਲਾ ਦਿੱਤੀ, ਹਾਲਾਂਕਿ ਇਸ ਰੈਲੀ ਦਾ ਮੰਤਵ ਸਿੱਖ ਹਿਰਦਿਆਂ ਵਿਚ ਪੈਦਾ ਹੋਏ ਰੋਸ ਨੂੰ ਸਹੀ ਦਿਸ਼ਾ ਦੇ ਕੇ ਭਾਈਚਾਰਕ ਸਾਂਝ ਨੂੰ ਪਰਪੱਕ ਕਰਨਾ ਸੀ। ਮੁੱਖ ਮੰਤਰੀ ਭਾਵੇਂ ਦਾਅਵਾ ਕਰ ਰਹੇ ਸਨ ਕਿ ਇਹ ਰੈਲੀ ਸਿਆਸੀ ਨਹੀਂ ਬਲਕਿ ਅਮਨ-ਸ਼ਾਂਤੀ ਤੇ ਭਾਈਚਾਰਕ ਸਾਂਝ ਲਈ ਹੈ, ਪਰ ਸੁਖਬੀਰ ਸਿੰਘ ਬਾਦਲ ਇਸ ਰੈਲੀ ਨੂੰ ਆਗਾਮੀ ਵਿਧਾਨ ਸਭਾ ਚੋਣਾਂ ਲਈ ਜੰਗ ਦਾ ਆਗਾਜ਼ ਦੱਸ ਰਹੇ ਸਨ। 'ਰਾਜ ਕਰਾਂਗੇ 25 ਸਾਲ' ਦੇ ਲੱਗੇ ਨਾਅਰੇ ਵੀ ਰੈਲੀ ਦੇ ਸਦਭਾਵਨਾ ਵਾਲੇ ਮੰਤਵ ਦੀ ਥਾਂ ਸਿਆਸੀ ਮਨੋਰਥ ਦੀ ਹਾਮੀ ਭਰਦੇ ਰਹੇ। ਕਪਾਹ ਪੱਟੀ ਵਿਚ ਹੋਈ ਰੈਲੀ ਵਿਚੋਂ ਖੇਤੀ ਮੰਤਰੀ ਜਥੇਦਾਰ ਤੋਤਾ ਸਿੰਘ ਗਾਇਬ ਸਨ, ਜਦੋਂਕਿ ਕੈਬਨਿਟ ਵਜ਼ੀਰ ਬਿਕਰਮ ਸਿੰਘ ਮਜੀਠੀਆ ਨੂੰ ਸਟੇਜ ਤੋਂ ਬੋਲਣ ਦਾ ਮੌਕਾ ਨਾ ਮਿਲਿਆ।

# ਪੰਜਾਬੀ 'ਵਰਸਿਟੀ ਵੱਲੋਂ ਰਤਨ ਸਿੰਘ ਨੂੰ ਸੂਫੀ ਐਵਾਰਡ

**ਪਟਿਆਲਾ:** ਗੁਰੂ ਗ੍ਰੰਥ ਸਾਹਿਬ ਦਾ ਉਰਦੂ ਅਨੁਵਾਦ ਕਰਨ ਵਾਲੇ ਰਤਨ ਸਿੰਘ ਨੂੰ ਬਾਬਾ ਫਰੀਦ ਸੂਫੀ ਐਵਾਰਡ ਸਨਮਾਨ ਦਿੱਤਾ ਗਿਆ ਹੈ। ਉਪ ਕੁਲਪਤੀ ਡਾ. ਜਸਪਾਲ ਸਿੰਘ ਨੇ ਐਲਾਨ ਕੀਤਾ ਕਿ ਇਹ ਐਵਾਰਡ ਹੁਣ ਹਰ ਸਾਲ ਨਵੰਬਰ ਵਿਚ ਸੂਫੀ ਕਾਨਫਰੰਸ ਵਿਚ ਦਿੱਤਾ ਜਾਇਆ ਕਰੇਗਾ। ਇਸ ਮੌਕੇ ਰਤਨ ਸਿੰਘ ਨੇ ਕਿਹਾ ਕਿ ਉਨ੍ਹਾਂ ਵੱਲੋਂ ਕੀਤਾ ਅਨੁਵਾਦ ਭਾਵੇਂ ਛਪਿਆ ਨਹੀਂ ਹੈ, ਪਰ ਉਨ੍ਹਾਂ ਨੂੰ ਆਪਣੇ ਕੰਮ ਦੀ ਕੀਮਤ ਦਾ ਅਹਿਸਾਸ ਹੋਇਆ ਹੈ। ਇਸੇ ਦੌਰਾਨ ਗੁਰੂ ਗ੍ਰੰਥ ਸਾਹਿਬ ਦਾ ਉਰਦੂ ਅਨੁਵਾਦ ਕਰਨ ਵਾਲੇ ਇਕ ਹੋਰ ਵਿਦਵਾਨ ਦਵਿੰਦਰਪਾਲ ਸਿੰਘ ਪਟਵਾਰੀ ਦੇ ਪ੍ਰਤੀਨਿਧ ਜੀ.ਬੀ. ਸਿੰਘ ਸਨੌਰ ਨੇ ਕਿਹਾ ਕਿ ਉਨ੍ਹਾਂ ਦੀ ਸੰਸਥਾ ਸ. ਪਟਵਾਰੀ ਦਾ ਉਰਦੂ ਅਨੁਵਾਦ ਕੀਤਾ ਗੁਰੂ ਗ੍ਰੰਥ ਸਾਹਿਬ ਪ੍ਰਕਾਸ਼ਿਤ ਕਰਵਾ ਰਹੀ ਹੈ। ਉਹ ਡੇਰਾ ਬਾਬਾ ਜਮੀਲ ਸ਼ਾਹ ਪੂਰਨ ਨਾਥ ਨਾਰੋਵਾਲ ਕਰਤਾਰਪੁਰ (ਪਾਕਿਸਤਾਨ) ਦੇ ਪੰਜਾਬ ਕੋਆਰਡੀਨੇਟਰ ਹਨ।

# ਜਗਤਾਰ ਸਿੰਘ ਤਾਰਾ ਇਰਾਦਾ ਕਤਲ ਕੇਸ ਵਿਚੋਂ ਬਰੀ

**ਰੂਪਨਗਰ:** ਰੂਪਨਗਰ ਦੀ ਅਦਾਲਤ ਵੱਲੋਂ ਇਰਾਦਾ ਕਤਲ, ਟਾਡਾ ਅਤੇ ਆਰਮਜ਼ ਐਕਟ ਦੇ ਇਕ ਮਾਮਲੇ ਵਿਚ ਜੇਲ੍ਹ ਵਿਚ ਬੰਦ ਬੱਬਰ ਖ਼ਾਲਸਾ ਦੇ ਕਾਰਕੁਨ ਜਗਤਾਰ ਸਿੰਘ ਤਾਰਾ ਨੂੰ ਬਰੀ ਕਰ ਦਿੱਤਾ ਗਿਆ ਹੈ।

ਰੂਪਨਗਰ ਸਦਰ ਪੁਲਿਸ ਨੇ ਤਾਰਾ ਅਤੇ ਹੋਰਨਾਂ ਵਿਰੁੱਧ 26 ਦਸੰਬਰ 1991 ਨੂੰ ਕੇਸ ਦਰਜ ਕੀਤਾ ਸੀ। ਇਸ ਮਾਮਲੇ ਵਿਚ ਹੋਰ ਮੁਲਜ਼ਮ ਪਹਿਲਾਂ ਹੀ ਬਰੀ ਹੋ ਚੁੱਕੇ ਹਨ। ਜਗਤਾਰ ਸਿੰਘ ਤਾਰਾ ਦੇ ਵਕੀਲ ਸਰਬਜੀਤ ਸਿੰਘ ਬੈਂਸ ਨੇ ਦੱਸਿਆ ਕਿ ਰੂਪਨਗਰ ਸਦਰ ਪੁਲੀਸ ਨੇ ਜਗਤਾਰ ਸਿੰਘ ਤਾਰਾ ਅਤੇ ਹੋਰਨਾਂ 'ਤੇ ਪੁਲਿਸ ਉਪਰ ਗੋਲੀਬਾਰੀ ਕਰਨ ਦਾ ਕੇਸ ਪਾਇਆ ਸੀ ਜਦੋਂ ਕਿ ਮੁਲਜ਼ਮਾਂ ਦਾ ਕਹਿਣਾ ਸੀ ਕਿ ਉਨ੍ਹਾਂ ਨੂੰ ਪੁਲਿਸ ਨੇ ਘਰਾਂ ਤੋਂ ਗ੍ਰਿਫ਼ਤਾਰ ਕੀਤਾ ਸੀ। ਮਾਮਲੇ ਦੀ ਸੁਣਵਾਈ ਬੁੜੈਲ ਜੇਲ੍ਹ ਤੋਂ ਵੀਡੀਓ ਕਾਨਫਰੰਸਿੰਗ ਰਾਹੀਂ ਹੋਈ।

# ਧਿਆਨ ਸਿੰਘ ਮੰਡ ਨੂੰ ਨਿਆਂਇਕ ਹਿਰਾਸਤ 'ਚ ਭੇਜਿਆ

**ਅੰਮ੍ਰਿਤਸਰ:** ਦੇਸ਼ ਧ੍ਰੋਹ ਅਤੇ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਵਿਖੇ ਭੜਕਾਊ ਭਾਸ਼ਣ ਦੇਣ ਦੇ ਮਾਮਲੇ ਵਿਚ ਗ੍ਰਿਫ਼ਤਾਰ ਕੀਤੇ ਭਾਈ ਧਿਆਨ ਸਿੰਘ ਮੰਡ ਨੂੰ ਅਦਾਲਤ ਨੇ ਦੋ ਦਸੰਬਰ ਤੱਕ ਨਿਆਂਇਕ ਹਿਰਾਸਤ ਤਹਿਤ ਜੇਲ੍ਹ ਭੇਜ ਦਿੱਤਾ ਹੈ। ਇਸੇ ਦੌਰਾਨ ਪੁਲਿਸ ਰਿਮਾਂਡ 'ਤੇ ਭੇਜੇ ਗਏ ਯੂਨਾਈਟਿਡ ਅਕਾਲੀ ਦਲ ਦੇ ਮੁਖੀ ਭਾਈ ਮੋਹਕਮ ਸਿੰਘ ਨੇ ਇੱਕ ਬਿਆਨ ਰਾਹੀਂ ਦੋਸ਼ ਲਾਇਆ ਕਿ ਹੁਕਮਰਾਨ ਧਿਰ ਵੱਲੋਂ ਸਿੱਖਾਂ ਨੂੰ ਆਪਸ ਵਿਚ ਲੜਾ ਕੇ ਰਾਜਸੀ ਰੋਟੀਆਂ ਸੇਕਣ ਦਾ ਯਤਨ ਕੀਤਾ ਜਾ ਰਿਹਾ ਹੈ।

ਭਾਈ ਮੰਡ ਨੂੰ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਵਿਚ ਭੜਕਾਊ ਭਾਸ਼ਣ ਦੇਣ ਦੇ ਮਾਮਲੇ ਵਿਚ ਪਹਿਲਾਂ ਇੱਕ ਦਿਨ ਦੇ ਪੁਲਿਸ ਰਿਮਾਂਡ 'ਤੇ ਭੇਜਿਆ ਗਿਆ ਸੀ ਜਿਸ ਦੇ ਖ਼ਤਮ ਹੋਣ 'ਤੇ ਪੁਲਿਸ ਵੱਲੋਂ ਉਨ੍ਹਾਂ ਨੂੰ ਮੁੜ ਅਦਾਲਤ ਵਿਚ ਪੇਸ਼ ਕੀਤਾ ਗਿਆ।

ਯਾਦ ਰਹੇ ਕਿ ਸਰਬੱਤ ਖਾਲਸਾ ਦੌਰਾਨ ਭਾਈ ਮੰਡ ਨੂੰ ਅਕਾਲ ਤਖ਼ਤ ਦਾ ਕਾਰਜਕਾਰੀ ਜਥੇਦਾਰ ਨਿਯੁਕਤ ਕੀਤਾ ਗਿਆ ਸੀ। ਇਸੇ ਦੌਰਾਨ ਭਾਈ ਮੋਹਕਮ ਸਿੰਘ ਵੱਲੋਂ ਜਾਰੀ ਬਿਆਨ ਜੋ ਜਥੇਬੰਦੀ ਦੇ ਬੁਲਾਰੇ ਬਲਵੰਤ ਸਿੰਘ ਗੋਪਾਲਾ ਰਾਹੀਂ ਭੇਜਿਆ ਗਿਆ, ਵਿਚ ਉਨ੍ਹਾਂ ਨੇ ਮੁੱਖ ਮੰਤਰੀ ਅਤੇ ਉਪ ਮੁੱਖ ਮੰਤਰੀ 'ਤੇ ਦੋਸ਼ ਲਾਇਆ ਕਿ ਉਹ ਅਤਿਵਾਦ ਤੇ ਵੱਖਵਾਦ ਦਾ ਹਊਆ ਖੜ੍ਹਾ ਕਰ ਕੇ ਲੋਕਾਂ ਨੂੰ ਡਰਾ ਰਹੇ ਹਨ। ਉਹ ਦੋਵੇਂ ਅਜਿਹਾ ਕਰ ਕੇ ਸਿਆਸੀ ਰੋਟੀਆਂ ਸੇਕ ਰਹੇ ਹਨ ਜਦਕਿ ਪੰਜਾਬ ਵਿਚ ਭਾਈਚਾਰਕ ਸਾਂਝ ਕਾਇਮ ਹੈ ਅਤੇ ਸੂਬੇ ਵਿਚ ਕਿਸੇ ਵੀ ਤਰ੍ਹਾਂ ਅਮਨ ਤੇ ਕਾਨੂੰਨ ਨੂੰ ਕੋਈ ਖ਼ਤਰਾ ਨਹੀਂ ਹੈ। ਉਨ੍ਹਾਂ ਨੇ ਸਮੁੱਚੇ ਪੰਜਾਬੀ ਭਾਈਚਾਰੇ ਨੂੰ ਭਰੋਸਾ ਦਿੱਤਾ ਕਿ ਸੂਬੇ ਵਿਚ ਸਭ ਸੁਰੱਖਿਅਤ ਹਨ ਅਤੇ ਕਿਸੇ ਤੋਂ ਡਰਨ ਦੀ ਲੋੜ ਨਹੀਂ ਹੈ। ਉਨ੍ਹਾਂ ਨੇ ਇਕਮੁੱਠ ਹੋਣ ਦਾ ਸੱਦਾ ਦਿੰਦਿਆਂ ਆਖਿਆ ਕਿ ਪੰਥ ਦੋਖੀ ਤਾਕਤਾਂ ਨੂੰ ਇਕੱਠੇ ਹੋ ਕੇ ਮਾਤ ਦਿੱਤੀ ਜਾਵੇ।

ਸ਼੍ਰੋਮਣੀ ਅਕਾਲੀ ਦਲ ਵੱਲੋਂ ਕੀਤੀ ਸਦਭਾਵਨਾ ਰੈਲੀ ਬਾਰੇ ਉਨ੍ਹਾਂ ਕਿਹਾ ਕਿ ਇਸ ਰੈਲੀ ਵਿਚ ਸਰਕਾਰੀ ਕਰਮਚਾਰੀਆਂ, ਚਿੱਟਕੱਪੜੀਏ ਪੁਲਿਸ ਮੁਲਾਜ਼ਮਾਂ ਅਤੇ ਡੇਰਾ ਪ੍ਰੇਮੀਆਂ ਸਮੇਤ ਦਿੱਲੀ, ਹਰਿਆਣਾ, ਰਾਜਸਥਾਨ ਤੋਂ ਲੋਕਾਂ ਨੂੰ ਲਿਆਂਦਾ ਗਿਆ ਸੀ। ਉਨ੍ਹਾਂ ਆਖਿਆ ਕਿ ਅਜਿਹੇ ਇਕੱਠ ਰਾਹੀਂ ਹੁਕਮਰਾਨ, ਸਰਬੱਤ ਖਾਲਸਾ ਸਮੇਂ ਆਪ ਮੁਹਾਰੇ ਪੁੱਜੇ ਲੋਕਾਂ ਦੇ ਇਕੱਠ ਦੇ ਪ੍ਰਭਾਵ ਨੂੰ ਛੁਟਿਆਉਣਾ ਚਾਹੁੰਦੇ ਹਨ।

# ਰਾਹੁਲ ਗਾਂਧੀ ਖਿਲਾਫ ਪਟੀਸ਼ਨ ਦਾਇਰ

**ਨਵੀਂ ਦਿੱਲੀ:** ਸੁਪਰੀਮ ਕੋਰਟ ਵਿਚ ਇਕ ਲੋਕ ਹਿੱਤ ਪਟੀਸ਼ਨ ਦਾਇਰ ਕਰ ਕੇ ਮੰਗ ਕੀਤੀ ਗਈ ਕਿ ਕਾਂਗਰਸ ਦੇ ਮੀਤ ਪ੍ਰਧਾਨ ਰਾਹੁਲ ਗਾਂਧੀ ਦੇ ਬਰਤਾਨਵੀ ਨਾਗਰਿਕ ਹੋਣ ਦੇ ਦੋਸ਼ਾਂ ਕਾਰਨ ਉਨ੍ਹਾਂ ਨੂੰ ਲੋਕ ਸਭਾ ਮੈਂਬਰੀ ਤੋਂ ਅਯੋਗ ਕਰਾਰ ਦੇ ਕੇ ਇਸ ਮਾਮਲੇ ਦੀ ਸੀ.ਬੀ.ਆਈ. ਤੋਂ ਜਾਂਚ ਕਰਾਈ ਜਾਵੇ।



ਪਟੀਸ਼ਨਰ ਵਕੀਲ ਐਮ.ਐਲ. ਸ਼ਰਮਾ ਨੇ ਨਾਲ ਉਹ ਦਸਤਾਵੇਜ਼ ਵੀ ਲਾਏ ਹਨ, ਜਿਨ੍ਹਾਂ ਵਿਚ ਸ੍ਰੀ ਗਾਂਧੀ ਨੇ ਆਪਣੀ ਬਰਤਾਨਵੀ ਨਾਗਰਿਕਤਾ ਦਾ ਦਾਅਵਾ ਕੀਤਾ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿੱਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ

# ਅਲਬਰਟਾ ਦੇ ਸਾਬਕਾ ਮੰਤਰੀ ਮਨਮੀਤ ਸਿੰਘ ਭੁੱਲਰ ਦਾ ਦੇਹਾਂਤ

**ਕੈਲਗਰੀ:** ਕੈਨੇਡਾ ਦੇ ਅਲਬਰਟਾ ਸੂਬੇ ਦੇ ਸਾਬਕਾ ਮੰਤਰੀ ਮਨਮੀਤ ਸਿੰਘ ਭੁੱਲਰ (35 ਸਾਲ) ਦੀ ਸੜਕ ਹਾਦਸੇ ਵਿਚ ਮੌਤ ਹੋ ਗਈ। ਉਹ ਇੱਥੋਂ ਦੇ ਗਰੀਨਵੇਅ ਹਲਕੇ ਤੋਂ ਵਿਧਾਇਕ ਸਨ ਅਤੇ ਅਸੈਂਬਲੀ ਵਿਚ ਉਹ ਇੱਕੋ-ਇੱਕ ਪੰਜਾਬੀ ਵਿਧਾਇਕ ਸਨ। ਕੰਜਰਵੇਟਿਵ ਪਾਰਟੀ ਦੀ ਸਰਕਾਰ ਦੌਰਾਨ ਉਨ੍ਹਾਂ ਨੂੰ ਅਲਬਰਟਾ ਦਾ ਪਹਿਲਾ ਪੰਜਾਬੀ ਕੈਬਨਿਟ ਬਣਨ ਦਾ ਮਾਣ ਹਾਸਲ ਹੋਇਆ ਸੀ।



ਸੂਤਰਾਂ ਅਨੁਸਾਰ ਹਾਦਸਾ ਕੈਲਗਰੀ-ਐਡਮਿੰਟਨ ਹਾਈਵੇਅ ਉਪਰ ਵਾਪਰਿਆ। ਸ. ਭੁੱਲਰ ਇੱਥੋਂ ਐਡਮਿੰਟਨ ਜਾਂਦਿਆਂ ਉਦੋਂ ਟਰੱਕ ਦੀ ਲਪੇਟ ਵਿਚ ਆ ਗਏ ਜਦੋਂ ਉਹ ਦੁਰਘਟਨਾ ਦੇ ਸ਼ਿਕਾਰ ਵਿਅਕਤੀ ਦੀ ਮਦਦ ਕਰਨ ਲਈ ਆਪਣੇ ਵਾਹਨ ਵਿਚੋਂ ਬਾਹਰ ਨਿਕਲੇ। ਪਿਛਲੇ ਪਾਸਿਓਂ ਆਉਂਦੇ ਟਰੱਕ ਨੇ ਉਨ੍ਹਾਂ ਨੂੰ ਫੇਟ ਮਾਰ ਦਿੱਤੀ। ਜ਼ਖ਼ਮੀ ਹਾਲਤ ਵਿਚ ਹਸਪਤਾਲ ਲਿਜਾਂਦਿਆਂ ਰਸਤੇ ਵਿਚ ਉਨ੍ਹਾਂ ਦੀ ਮੌਤ ਹੋ ਗਈ। ਅੰਮ੍ਰਿਤਸਰ ਜ਼ਿਲ੍ਹੇ ਦੇ ਬਿਆਸ ਨੇੜਲੇ ਪਿੰਡ ਸੁਧਾਰ ਰਾਜਪੂਤਾਂ ਦਾ ਭੁੱਲਰ ਪਰਿਵਾਰ ਕਾਫ਼ੀ ਅਰਸਾ ਪਹਿਲਾਂ ਕੈਨੇਡਾ ਆ ਗਿਆ ਸੀ। ਕੈਨੇਡਾ ਵਿਚ ਜਨਮੇ ਮਨਮੀਤ ਸਿੰਘ ਨੇ ਵਿਦਿਆਰਥੀ ਜੀਵਨ ਦੌਰਾਨ ਮੁਸ਼ਕਿਲਾਂ ਦੇ ਬਾਵਜੂਦ ਸਿੱਖੀ ਸਰੂਪ ਬਰਕਰਾਰ ਰੱਖਿਆ। ਉਹ 2008 ਵਿਚ 28 ਸਾਲ ਦੀ ਉਮਰ ਵਿਚ ਵਿਧਾਇਕ ਬਣ ਕੇ ਅਲਬਰਟਾ ਅਸੈਂਬਲੀ ਵਿਚ ਪਹੁੰਚੇ। ਇਸ ਤੋਂ ਬਾਅਦ 2011 ਵਿਚ ਮੰਤਰੀ ਬਣੇ। ਪਿਛਲੀਆਂ ਵਿਧਾਨ ਸਭਾ ਚੋਣਾਂ ਵਿਚ ਭਾਵੇਂ ਕੰਜਰਵੇਟਿਵ ਪਾਰਟੀ ਹਾਰ ਗਈ ਸੀ, ਪਰ ਸ. ਭੁੱਲਰ ਆਪਣੀ ਸੀਟ ਜਿੱਤਣ ਵਿਚ ਕਾਮਯਾਬ ਰਹੇ ਸਨ। ਮਨਮੀਤ ਭੁੱਲਰ ਦਾ ਵਿਆਹ ਦੋ ਸਾਲ ਪਹਿਲਾਂ ਨਿਮਰਤਾ ਨਾਲ ਵਿਆਹ ਹੋਇਆ ਸੀ।

ਸ. ਭੁੱਲਰ ਨੇ ਅਫ਼ਗਾਨਿਸਤਾਨ ਵਿਚੋਂ ਨਾਟੋ ਫ਼ੌਜਾਂ ਹਟਾਉਣ ਦਾ ਵਿਰੋਧ ਕੀਤਾ ਸੀ। ਕੁਝ ਸਮਾਂ ਪਹਿਲਾਂ ਉਹ ਅਫ਼ਗਾਨਿਸਤਾਨ 'ਚੋਂ ਉਜੜ ਕੇ ਆਏ ਸਿੱਖ ਭਾਈਚਾਰੇ ਨੂੰ ਮਿਲਣ ਵਫ਼ਦ ਲੈ ਕੇ ਦਿੱਲੀ ਗਏ ਸਨ।

# ਭੁਪਿੰਦਰ ਸਿੰਘ ਚੀਮਾ ਪੰਜਾਬ ਪੁਲਿਸ ਵਲੋਂ ਗ੍ਰਿਫਤਾਰ

**ਸੈਨ ਹੋਜ਼ੇ (ਬਿਊਰੋ):** ਅਮਰੀਕੀ ਸਿਟੀਜ਼ਨ ਅਤੇ ਸੈਂਟਾ ਕਲਾਰਾ, ਕੈਲੀਫੋਰਨੀਆ ਵਾਸੀ ਸ. ਭੁਪਿੰਦਰ ਸਿੰਘ ਚੀਮਾ ਨੂੰ ਪਿੰਡ ਚੱਬਾ, ਅੰਮ੍ਰਿਤਸਰ ਵਿਖੇ 10 ਨਵੰਬਰ ਨੂੰ ਹੋਏ ਸਰਬੱਤ ਖਾਲਸਾ ਵਿਚ ਸ਼ਾਮਲ ਹੋਣ ਬਦਲੇ ਪੰਜਾਬ ਪੁਲਿਸ ਵਲੋਂ ਗ੍ਰਿਫਤਾਰ ਕਰ ਲਿਆ ਗਿਆ ਹੈ। ਜ਼ਿਕਰਯੋਗ ਹੈ ਕਿ ਸ. ਚੀਮਾ ਸਥਾਨਕ ਸਿੱਖ ਭਾਈਚਾਰੇ ਵਿਚ ਕਾਫੀ ਸਰਗਰਮ ਹਨ।



ਭੁਪਿੰਦਰ ਸਿੰਘ ਚੀਮਾ

ਪ੍ਰਾਪਤ ਜਾਣਕਾਰੀ ਅਨੁਸਾਰ ਸ. ਚੀਮਾ ਜ਼ਿਲ੍ਹਾ ਗੁਰਦਾਸਪੁਰ ਦੇ ਪਿੰਡ ਕਾਲਾ ਅਫਗਾਨਾ ਤੋਂ ਹਨ ਅਤੇ ਉਹ ਪੰਜਾਬ ਆਪਣੀ ਮਾਤਾ ਸੁਰਿੰਦਰ ਕੌਰ ਨੂੰ ਮਿਲਣ ਗਏ ਹੋਏ ਸਨ। ਉਹ ਵੀ ਸਰਬੱਤ ਖਾਲਸਾ ਵਿਚ ਸ਼ਾਮਲ ਹੋਏ ਅਤੇ ਉਨ੍ਹਾਂ ਦਾ ਨਾਂ ਵੀ ਸਟੇਜ ਤੋਂ ਅਨਾਊਂਸ ਕੀਤਾ ਗਿਆ। ਜ਼ਿਕਰਯੋਗ ਹੈ ਕਿ ਭੁਪਿੰਦਰ ਸਿੰਘ ਦਾ ਭਰਾ ਗੁਰਬਿੰਦਰ ਸਿੰਘ ਜੌਲੀ ਸ੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦਾ ਸਰਗਰਮ ਮੈਂਬਰ ਹੈ ਅਤੇ ਬਟਾਲਾ ਹਲਕੇ ਲਈ ਜ਼ਿਲ੍ਹਾ ਪ੍ਰਧਾਨ ਵੀ ਹੈ। ਪੁਲਿਸ ਕਈ ਦਿਨਾਂ ਤੋਂ ਗੁਰਬਿੰਦਰ ਸਿੰਘ ਦੀ ਤਲਾਸ਼ ਵਿਚ ਸੀ ਅਤੇ ਉਸ ਨੂੰ ਗ੍ਰਿਫਤਾਰ ਕਰਨ ਲਈ ਇਸ ਨੇ ਉਸ ਦੇ ਘਰ ਕਈ ਛਾਪੇ ਵੀ ਮਾਰੇ ਪਰ ਉਸ ਨੂੰ ਗ੍ਰਿਫਤਾਰ ਨਾ ਕਰ ਸਕੀ। ਅਖੀਰ ਇਸ ਨੇ ਭੁਪਿੰਦਰ ਸਿੰਘ ਚੀਮਾ ਨੂੰ ਗ੍ਰਿਫਤਾਰ ਕਰਨ ਦਾ ਫੈਸਲਾ ਕਰ ਲਿਆ।

ਸੂਤਰਾਂ ਅਨੁਸਾਰ ਲੰਘੀ 21 ਨਵੰਬਰ, ਸਨਿਚਰਵਾਰ ਨੂੰ ਭਾਰਤੀ ਸਮੇਂ ਅਨੁਸਾਰ ਤੜਕੇ 6 ਵਜੇ ਪੁਲਿਸ ਆਈ ਅਤੇ ਭੁਪਿੰਦਰ ਸਿੰਘ ਚੀਮਾ ਨੂੰ ਗ੍ਰਿਫਤਾਰ ਕਰ ਕੇ ਲੈ ਗਈ। ਪੁਲਿਸ ਨੇ ਇਹ ਬਿਲਕੁਲ ਨਹੀਂ ਦੱਸਿਆ ਕਿ ਸ. ਚੀਮਾ ਨੂੰ ਕਿਸ ਦੋਸ਼ ਹੇਠ ਗ੍ਰਿਫਤਾਰ ਕੀਤਾ ਗਿਆ ਹੈ। ਇਸ ਪਿਛੋਂ ਉਸ ਨੂੰ 12 ਘੰਟੇ ਦੇ ਅੰਦਰ ਅੰਦਰ ਫਹਿਤਗੜ੍ਹ ਚੂੜੀਆਂ, ਮਜੀਠਾ, ਸੀ ਆਈ ਏ ਸਟਾਫ ਅੰਮ੍ਰਿਤਸਰ ਅਤੇ ਬਟਾਲਾ ਸਮੇਤ ਕਈ ਪੁਲਿਸ ਸਟੇਸ਼ਨਾਂ ਵਿਚ ਤਬਦੀਲ ਕੀਤਾ ਗਿਆ। ਇਸ ਦੌਰਾਨ ਪੁਲਿਸ ਪੁਛਗਿਛ ਸਮੇਂ ਉਸ ਨੂੰ ਵਾਰ ਵਾਰ ਆਪਣਾ ਪਾਸਪੋਰਟ ਪੁਲਿਸ ਹਵਾਲੇ ਕਰਨ ਲਈ ਜੋਰ ਪਾਉਂਦੀ ਰਹੀ। ਪੁਲਿਸ ਨੇ ਉਸ ਉਪਰ ਕਾਫੀ ਮਾਨਸਿਕ ਤੇ ਸਰੀਰਕ ਤਸ਼ੱਦਦ ਕੀਤਾ ਅਤੇ ਅਖੀਰ ਉਸ ਨੂੰ ਦੱਸਿਆ ਗਿਆ ਕਿ ਗ੍ਰਿਫਤਾਰੀ ਧਾਰਾ 107/51 ਅਧੀਨ ਕੀਤੀ ਗਈ ਹੈ।

ਇਸੇ ਦੌਰਾਨ ਪਰਿਵਾਰ ਵਲੋਂ ਦਿੱਲੀ ਸਥਿਤ ਅਮਰੀਕੀ ਸਿਫਾਰਤਖਾਨੇ ਨੂੰ ਇਸ ਗ੍ਰਿਫਤਾਰੀ ਬਾਰੇ ਇਤਲਾਹ ਅਤੇ ਸ਼ਿਕਾਇਤ ਕਰ ਦਿੱਤੀ ਗਈ ਹੈ। ਆਸ ਕੀਤੀ ਜਾ ਰਹੀ ਹੈ ਕਿ ਅਮਰੀਕੀ ਸਿਫਾਰਤਖਾਨੇ ਵਲੋਂ ਸ. ਭੁਪਿੰਦਰ ਸਿੰਘ ਚੀਮਾ ਦੀ ਰਿਹਾਈ ਲਈ ਯੋਗ ਕਦਮ ਉਠਾਏ ਜਾਣਗੇ।

# ਜਸਵਿੰਦਰ ਸੱਗੀ ਨੂੰ ਸਦਮਾ ਪਿਤਾ ਦਾ ਦੇਹਾਂਤ

**ਫਰੀਮਾਂਟ:** ਪੰਜਾਬ ਲੋਕ ਰੰਗ ਦੇ ਸਾਰੇ ਨਾਟਕਾਂ 'ਚ ਅਹਿਮ ਭੂਮਿਕਾ ਨਿਭਾਉਣ ਵਾਲੀ ਅਦਾਕਾਰਾ ਜਸਵਿੰਦਰ ਸੱਗੀ ਨੂੰ ਉਦੋਂ ਸਦਮਾ ਲੱਗਾ ਜਦੋਂ ਉਸ ਦੇ 70 ਸਾਲਾ ਪਿਤਾ ਸ. ਹਰਬੰਸ ਸਿੰਘ ਯੂਬਾ ਸਿਟੀ 'ਚ ਇਕ ਸੜਕ ਹਾਦਸੇ ਵਿਚ ਚਲਾਣਾ ਕਰ ਗਏ।



ਸਵਰਗੀ ਹਰਬੰਸ ਸਿੰਘ ਹੁਸ਼ਿਆਰਪੁਰ ਦੇ ਪਿੰਡ ਬੋਹਣ ਤੋਂ ਸਨ। ਉਹ ਆਪਣੇ ਪਿੱਛੇ ਪਤਨੀ ਗੁਰਦੇਵ ਕੌਰ ਤੋਂ ਇਲਾਵਾ ਤਿੰਨ ਧੀਆਂ-ਜਸਵਿੰਦਰ ਸੱਗੀ, ਨਿੰਦਰ ਕੌਰ, ਜਿੰਦਰ ਕੌਰ, ਪੁੱਤਰ ਅਮਰੀਕ ਸਿੰਘ ਅਤੇ ਦੋਹਤਿਆਂ-ਪੋਤਿਆਂ ਦਾ ਭਰਿਆ ਪਰਿਵਾਰ ਛੱਡ ਗਏ ਹਨ।

ਸਵਰਗੀ ਹਰਬੰਸ ਸਿੰਘ ਦਾ ਅੰਤਿਮ ਸੰਸਕਾਰ 29 ਨਵੰਬਰ, ਐਤਵਾਰ ਨੂੰ ਸਵੇਰੇ ਦਸ ਵਜੇ 715 ਸ਼ਾਸਤਾ ਸਟਰੀਟ, ਯੂਬਾ ਸਿਟੀ ਵਿਖੇ ਹੋਵੇਗਾ ਅਤੇ ਅੰਤਿਮ ਅਰਦਾਸ ਉਸੇ ਦਿਨ ਗੁਰਦੁਆਰਾ ਟਾਇਰਾ ਬਿਊਨਾ ਵਿਖੇ ਹੋਵੇਗੀ।

ਪੰਜਾਬ ਲੋਕ ਰੰਗ ਤੇ ਇਸ ਦੇ ਨਿਰਦੇਸ਼ਕ ਸੁਰਿੰਦਰ ਧਨੋਆ ਅਤੇ ਕੈਲੀਫੋਰਨੀਆ ਦੀਆਂ ਸੱਭਿਆਚਾਰਕ ਤੇ ਸਾਹਿਤਕ ਸੰਸਥਾਵਾਂ ਨੇ ਪਰਿਵਾਰ ਨਾਲ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਪਰਿਵਾਰ ਨਾਲ ਸੰਪਰਕ ਅਮਰੀਕ ਸਿੰਘ (530-713-5218) ਅਤੇ ਜਸਵਿੰਦਰ ਸੱਗੀ (510-825-9318) ਰਾਹੀਂ ਕੀਤਾ ਜਾ ਸਕਦਾ ਹੈ।

## Matrimonial

### ਕੰਨਿਆ ਦੀ ਲੋੜ ਹੈ

Suitable US/Canadian match for Sikh Ramgaria clean-shaven handsome boy, working as software engineer in San Jose, California, holds master's degree 29/5'-10" making six figures. Caste no bar. Please contact (425) 773-9030 or psingh03850@gmail.com 48

Ghumiyar Sikh (Amritdhari), Engineer, Work Visa Holder, Living in Houston (USA), Age 27, Height 5'-7". Looking For well educated, US/Canadian Citizen girl. Contact: Ph. 281-253-3743 jasvirk.7812@gmail.com 43-46

Looking a match for a turbaned Saini Sikh, 27, computer Engineer, working in Canada after higher studies. Girl from USA or Canada will be preferred. Contact, Ph: 510-557-6988 or raj@gfbontime.com 43-46

ਪੜ੍ਹੇ ਲਿਖੇ ਚੰਗੇ ਖਾਨਦਾਨ ਦੇ 24 ਸਾਲ, 6'-1", ਲੜਕੇ ਲਈ ਅਮਰੀਕਨ ਪੱਕੀ ਵਸਨੀਕ ਲੜਕੀ ਦੀ ਲੋੜ ਹੈ। ਲੜਕਾ ਯੂਰਪ ਦਾ ਪੱਕਾ ਵਸਨੀਕ ਹੈ ਤੇ ਅੱਜ ਕੱਲ੍ਹ ਆਪਣੇ ਅਮਰੀਕਨ ਸਿਟੀਜ਼ਨ ਪਰਿਵਾਰ ਕੋਲ ਆਇਆ ਹੋਇਆ ਹੈ। ਉਹ ਵੀ ਸੰਪਰਕ ਕਰ ਸਕਦੇ ਹਨ ਜੋ ਲੜਕੇ ਦੇ 26 ਸਾਲਾ ਵੱਡੇ ਅਮਰੀਕਨ ਸਿਟੀਜ਼ਨ ਭਰਾ ਨੂੰ ਇੰਡੀਆ ਤੋਂ ਰਿਸ਼ਤਾ ਕਰਵਾਉਣ ਦੇ ਇੱਛੁਕ ਹੋਣੇ। ਸੰਪਰਕ ਕਰੋ, ਫੋਨ: 510-695-4836


Golden State Realty

9912 Kapalua Ln., Elk Grove, CA 95624



Please Contact For
Commercial
or
Residential
Needs

Sohanpreet (Sam) Chahal
CA Lic. 01504071
Realtor/CEO
CRE Group Inc.
Multi Million Dollar Producers
2009 to 2014

ਅਸੀਂ ਲੋਨ ਲੈਣ ਵਿਚ ਤੁਹਾਡੀ ਮਦਦ ਕਰਦੇ ਹਾਂ

Call: Sohanpreet 'Sam' Chahal
Ph: 916-612-5773
email: samchahal@hotmail.com
Serving all over California



ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
National Truck Driving School

ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ

ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ





Call For Special Price

Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058
1816 Main Ave., Secramento CA, 95838

# ਪੰਜਾਬ ਦੇ ਵਜ਼ੀਰਾਂ ਨੇ ਕੱਢਿਆ ਖਜ਼ਾਨੇ ਦਾ ਧੂੰਆਂ

**ਬਠਿੰਡਾ:** ਪੰਜਾਬ ਵਿਚ ਸਰਕਾਰੀ ਮੁਲਾਜ਼ਮ ਭਾਵੇਂ ਤਨਖਾਹਾਂ ਨਾ ਮਿਲਨ ਦੇ ਰੋਸ ਵਜੋਂ ਧਰਨੇ ਮਾਰ ਰਹੇ ਹਨ ਪਰ ਸੂਬੇ ਦੇ ਵਜ਼ੀਰਾਂ ਦਾ ਚਾਹ ਪਾਣੀ ਪਿਛਲੇ ਸਵਾ ਤਿੰਨ ਸਾਲ ਵਿਚ ਸਰਕਾਰੀ ਖਜ਼ਾਨੇ ਨੂੰ ਤਕਰੀਬਨ 75 ਲੱਖ ਵਿਚ ਪਿਆ ਹੈ ਅਤੇ ਇਹ ਮੰਤਰੀ ਹਰ ਸਾਲ ਔਸਤਨ ਤਕਰੀਬਨ 25 ਲੱਖ ਦਾ ਖਰਚਾ ਇਕੱਲੇ ਚਾਹ ਪਾਣੀ ਉਤੇ ਕਰਦੇ ਹਨ।

ਟਰਾਂਸਪੋਰਟ ਮੰਤਰੀ ਅਜੀਤ ਸਿੰਘ ਕੋਹਾੜ ਹੁਣ ਚਾਹ ਪਾਣੀ ਦੇ ਮਾਮਲੇ ਵਿਚ ਵੀ ਝੰਡੀ ਲੈ ਗਏ ਹਨ ਜਦਕਿ ਪਹਿਲਾਂ ਉਨ੍ਹਾਂ ਨੇ ਗੱਡੀ ਦੇ ਤੇਲ ਖਰਚ ਵਿਚ ਮੱਲ ਮਾਰੀ ਸੀ। ਪੰਜਾਬ ਸਰਕਾਰ ਵੱਲੋਂ ਮੰਤਰੀਆਂ ਦੇ ਚਾਹ ਪਾਣੀ ਦੇ ਖਰਚ 'ਤੇ ਕੋਈ ਬੰਦਿਸ਼ ਨਹੀਂ ਲਾਈ ਗਈ ਹੈ। ਵਜ਼ੀਰਾਂ ਦੇ ਦਫਤਰਾਂ ਵਿਚ ਵਰਤਾਏ ਜਾਂਦੇ ਚਾਹ ਪਾਣੀ ਦਾ ਖਰਚਾ ਪ੍ਰਾਹੁਣਚਾਰੀ ਵਿਭਾਗ ਵੱਲੋਂ ਚੁੱਕਿਆ ਜਾਂਦਾ ਹੈ। ਪੂਰੀ ਵਜ਼ਾਰਤ ਤੇ ਮੁੱਖ ਸੰਸਦੀ ਸਕੱਤਰਾਂ ਦਾ ਚਾਹ ਪਾਣੀ 'ਤੇ ਖਰਚ ਵੇਖੀਏ ਤਾਂ ਹਰ ਸਾਲ ਔਸਤਨ 50 ਲੱਖ ਰੁਪਏ ਦਾ ਖਰਚਾ ਬਣ ਜਾਂਦਾ ਹੈ। ਪੰਜਾਬ ਸਰਕਾਰ ਵੱਲੋਂ ਮਾਲੀ ਸੰਕਟ ਕਰ ਕੇ ਕਿਫਾਇਤੀ ਮੁਹਿੰਮ ਵਿੱਢੀ ਗਈ ਸੀ, ਜਿਸ ਤਹਿਤ ਡਿਪਟੀ ਕਮਿਸ਼ਨਰਾਂ ਤੇ ਹੋਰਨਾਂ ਅਫਸਰਾਂ ਦੇ ਖਰਚਿਆਂ ਉਤੇ ਤਾਂ ਕੱਟ ਲਾ ਦਿੱਤਾ ਗਿਆ, ਪਰ ਵਜ਼ਾਰਤ ਖੁਦ ਇਸ ਪਾਸੇ ਧਿਆਨ ਨਹੀਂ ਦੇ ਰਹੀ।

ਪ੍ਰਾਹੁਣਚਾਰੀ ਵਿਭਾਗ ਪੰਜਾਬ ਤੋਂ ਆਰ.ਟੀ.ਆਈ. ਤਹਿਤ ਪ੍ਰਾਪਤ ਵੇਰਵਿਆਂ ਮੁਤਾਬਕ ਅਕਾਲੀ ਹਕੂਮਤ ਦੇ ਪਹਿਲੇ ਦੋ ਵਰ੍ਹਿਆਂ (2007 ਤੇ 2008) ਦੌਰਾਨ ਪੂਰੀ ਵਜ਼ਾਰਤ ਅਤੇ ਮੁੱਖ ਸੰਸਦੀ ਸਕੱਤਰਾਂ ਦਾ ਚਾਹ ਪਾਣੀ ਖਜ਼ਾਨੇ ਨੂੰ 1.12 ਕਰੋੜ ਰੁਪਏ ਵਿਚ ਪਿਆ ਸੀ। ਮੁੱਖ ਮੰਤਰੀ ਪੰਜਾਬ ਦਾ ਸਾਲ 2009 ਤੋਂ ਅਪਰੈਲ 2015 ਤੱਕ (ਤਕਰੀਬਨ ਸਵਾ ਛੇ ਵਰ੍ਹਿਆਂ) ਦਾ ਸਿਰਫ ਦਫਤਰੀ ਚਾਹ ਖਰਚ 17.99 ਲੱਖ ਰੁਪਏ ਰਿਹਾ ਜਦਕਿ ਉਪ ਮੁੱਖ ਮੰਤਰੀ ਦਾ ਇਸ ਸਮੇਂ ਦੌਰਾਨ ਚਾਹ ਪਾਣੀ 'ਤੇ ਖਰਚਾ 20.37 ਲੱਖ ਰੁਪਏ ਆਇਆ। ਵੇਰਵਿਆਂ ਮੁਤਾਬਕ ਪੰਜਾਬ ਦੇ ਵਜ਼ੀਰਾਂ ਦੇ ਚਾਹ ਪਾਣੀ 'ਤੇ 2012 ਤੋਂ ਅਪਰੈਲ 2015 (ਸਵਾ ਤਿੰਨ ਵਰ੍ਹਿਆਂ) ਤੱਕ 73.03 ਲੱਖ ਰੁਪਏ ਖਰਚ ਆਇਆ ਹੈ।

ਸੂਤਰ ਦੱਸਦੇ ਹਨ ਕਿ ਵਜ਼ੀਰਾਂ ਦੇ ਦਫਤਰੀ ਸਟਾਫ ਦਾ ਵੀ ਇਸ ਖਰਚੇ ਵਿਚ ਵੱਡਾ ਹੱਥ ਹੁੰਦਾ ਹੈ, ਜੋ ਮੰਤਰੀ ਦੀ ਗੈਰਹਾਜ਼ਰੀ ਵਿਚ ਖੁੱਲ੍ਹਾ ਛਕਦੇ ਹਨ। ਪ੍ਰਾਹੁਣਚਾਰੀ ਵਿਭਾਗ ਵੱਲੋਂ ਸਿਵਲ ਸਕੱਤਰੇਤ ਵਿਚਲੇ ਵਜ਼ੀਰਾਂ ਦੇ ਦਫਤਰਾਂ ਵਿਚ ਵਰਤਾਏ ਜਾਂਦੇ ਚਾਹ ਪਾਣੀ ਦੇ ਖਰਚੇ ਦਾ ਪੂਰਾ ਹਿਸਾਬ-ਕਿਤਾਬ ਰੱਖਿਆ ਜਾਂਦਾ ਹੈ। ਮੁੱਖ ਸੰਸਦੀ ਸਕੱਤਰਾਂ ਦੇ ਚਾਹ ਪਾਣੀ ਦਾ ਖਰਚਾ ਹਜ਼ਾਰਾਂ ਵਿਚ ਹੀ ਰਹਿੰਦਾ ਹੈ ਕਿਉਂਕਿ ਕੰਮ ਨਾ ਹੋਣ ਕਰ ਕੇ ਉਨ੍ਹਾਂ ਦੀ ਦਫਤਰੀ ਹਾਜ਼ਰੀ ਘੱਟ ਹੁੰਦੀ ਹੈ। ਵੇਰਵਿਆਂ ਮੁਤਾਬਕ ਸ੍ਰੀ ਕੋਹਾੜ ਦਾ ਸਾਲ 2013 ਵਿਚ ਤਾਂ ਚਾਹ ਪਾਣੀ ਦਾ ਖਰਚਾ 3.15 ਲੱਖ ਰੁਪਏ ਰਿਹਾ। ਖਜ਼ਾਨਾ ਮੰਤਰੀ ਪਰਮਿੰਦਰ ਢੀਂਡਸਾ ਦਾ ਸਵਾ ਤਿੰਨ ਵਰ੍ਹਿਆਂ ਦਾ ਚਾਹ ਪਾਣੀ 'ਤੇ ਖਰਚਾ 5.73 ਲੱਖ ਰੁਪਏ ਆਇਆ ਹੈ।

### ਕੋਹਾੜ ਤੇ ਜਿਆਣੀ ਸਭ ਤੋਂ ਵੱਧ ਖਰਚਖੋਰੇ

**ਚੰਡੀਗੜ੍ਹ:** ਵਜ਼ੀਰਾਂ ਵਿਚੋਂ ਇਸ ਮਾਮਲੇ ਵਿਚ ਝੰਡੀ ਟਰਾਂਸਪੋਰਟ ਮੰਤਰੀ ਦੀ ਹੈ ਜਿਨ੍ਹਾਂ ਦਾ ਸਵਾ ਤਿੰਨ ਵਰ੍ਹਿਆਂ ਦੇ ਚਾਹ ਪਾਣੀ ਦਾ ਖਰਚ 8.62 ਲੱਖ ਰੁਪਏ ਰਿਹਾ। ਸ੍ਰੀ ਕੋਹਾੜ ਦਾ ਰੋਜ਼ਾਨਾ ਦਾ ਤਕਰੀਬਨ 700 ਰੁਪਏ ਔਸਤਨ ਚਾਹ ਪਾਣੀ ਦਾ ਖਰਚਾ ਹੈ। ਦੂਜਾ ਨੰਬਰ ਸਿਹਤ ਮੰਤਰੀ ਸੁਰਜੀਤ ਕੁਮਾਰ ਜਿਆਣੀ ਦਾ ਹੈ ਜਿਨ੍ਹਾਂ ਦਾ ਖਰਚ 7.64 ਲੱਖ ਰੁਪਏ ਹੈ। ਤੀਜਾ ਨੰਬਰ ਕੈਬਨਿਟ ਮੰਤਰੀ ਬਿਕਰਮ ਮਜੀਠੀਆ ਦਾ ਹੈ ਜਿਨ੍ਹਾਂ ਦਾ ਚਾਹ ਪਾਣੀ ਦਾ ਖਰਚਾ 7.34 ਲੱਖ ਰੁਪਏ ਰਿਹਾ।

## ਸਭ ਤੋਂ ਵੱਧ ਪ੍ਰਸ਼ੰਸਕਾਂ ਵਾਲੇ ਦੂਜੇ ਨੇਤਾ ਬਣੇ ਕੇਜਰੀਵਾਲ


**ਨਵੀਂ ਦਿੱਲੀ:** ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੇ ਪ੍ਰਸ਼ੰਸਕ ਦਿਨੋਂ ਦਿਨ ਵਧਦੇ ਜਾ ਰਹੇ ਹਨ। ਉਹ ਸਭ ਤੋਂ ਵੱਧ ਪ੍ਰਸ਼ੰਸਕਾਂ ਵਾਲੇ ਦੂਸਰੇ ਨੇਤਾ ਬਣ ਗਏ ਹਨ। ਕੇਜਰੀਵਾਲ ਦੇ ਪ੍ਰਸ਼ੰਸਕਾਂ ਦੀ ਗਿਣਤੀ 60 ਲੱਖ ਦਾ ਅੰਕੜਾ ਪਾਰ ਕਰ ਗਈ। ਆਮ ਆਦਮੀ ਪਾਰਟੀ ਦੇ ਸੋਸ਼ਲ ਮੀਡੀਆ ਮੁਖੀ ਅੰਕਿਤ ਲਾਲ ਨੇ ਟਵਿੱਟਰ ਉਤੇ ਦੱਸਿਆ ਕਿ ਇਸ ਕ੍ਰਮ ਵਿਚ ਕੇਜਰੀਵਾਲ, ਪ੍ਰਧਾਨ ਮੰਤਰੀ ਨਰੇਂਦਰ ਮੋਦੀ ਤੋਂ ਪਿੱਛੇ ਹਨ। ਟਵਿੱਟਰ ਉਤੇ ਮੋਦੀ ਦੇ 1.6 ਕਰੋੜ ਪ੍ਰਸ਼ੰਸਕ ਹਨ। ਦੋਵੇਂ ਹੀ ਸੋਸ਼ਲ ਮੀਡੀਆ ਦਾ ਜ਼ਿਆਦਾ ਇਸਤੇਮਾਲ ਕਰਨ ਲਈ ਜਾਣੇ ਜਾਂਦੇ ਹਨ। ਕਾਂਗਰਸ ਨੇਤਾ ਸ਼ਸ਼ੀ ਥਰੂਰ ਦੇ ਵੀ ਟਵਿੱਟਰ 'ਤੇ ਕਾਫੀ ਪ੍ਰਸ਼ੰਸਕ ਹਨ।




# ਰਾਜੀਵ ਗਾਂਧੀ ਦੀ ਸਿੱਖ ਕਤਲੇਆਮ ਬਾਰੇ ਬਿਆਨ ਵਾਲੀ ਵੀਡੀਓ ਜਨਤਕ

**ਨਵੀਂ ਦਿੱਲੀ:** ਸੀਨੀਅਰ ਐਡਵੋਕੇਟ ਐਚ.ਐਸ. ਫੂਲਕਾ ਤੇ ਭਾਜਪਾ ਦੇ ਕੌਮੀ ਜਨਰਲ ਸਕੱਤਰ ਆਰ.ਪੀ. ਸਿੰਘ ਵੱਲੋਂ ਸਾਂਝੀ ਪ੍ਰੈਸ ਕਾਨਫਰੰਸ ਦੌਰਾਨ 1984 ਸਿੱਖ ਕਤਲੇਆਮ ਦੇ ਮੁੱਦੇ ਨੂੰ ਲੈ ਕੇ ਕਾਂਗਰਸ ਖਿਲਾਫ ਨਵਾਂ ਮੋਰਚਾ ਖੋਲ੍ਹਦੇ ਹੋਏ ਭਾਰਤ ਦੇ ਸਾਬਕਾ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੂੰ ਦਿੱਤਾ ਗਿਆ 'ਭਾਰਤ ਰਤਨ ਸਨਮਾਨ' ਵਾਪਸ ਲੈਣ ਦੀ ਮੰਗ ਕੀਤੀ ਹੈ।

ਪ੍ਰੈਸ ਕਾਨਫਰੰਸ ਦੌਰਾਨ ਰਾਜੀਵ ਗਾਂਧੀ ਦਾ 31 ਸਾਲ ਪਹਿਲਾਂ ਦਾ ਉਹ ਵੀਡੀਓ ਵੀ ਪਹਿਲੀ ਵਾਰ ਜਨਤਕ ਕੀਤਾ ਗਿਆ ਜਿਸ ਵਿਚ ਉਹ ਬੋਟ ਕਲੱਬ ਵਿਖੇ ਰੈਲੀ ਨੂੰ ਸੰਬੋਧਨ ਕਰਦੇ ਹੋਏ ਆਖ ਰਹੇ ਹਨ ਕਿ 'ਜਬ ਬੜਾ ਪੇੜ ਗਿਰਤਾ ਹੈ ਤੋਂ ਧਰਤੀ ਹਿਲਤੀ ਹੈ'। ਫੂਲਕਾ ਤੇ ਆਰ.ਪੀ. ਸਿੰਘ ਨੇ ਸਵਾਲ ਉਠਾਇਆ ਕਿ ਉਸ ਵਿਅਕਤੀ (ਰਾਜੀਵ ਗਾਂਧੀ) ਨੂੰ ਭਾਰਤ ਰਤਨ ਸਨਮਾਨ ਕਿਸ ਤਰ੍ਹਾਂ ਦਿੱਤਾ ਜਾ ਸਕਦਾ ਹੈ, ਜਿਹੜਾ ਭਾਰਤ ਦੀ ਆਜ਼ਾਦੀ ਲਈ ਸਭ ਤੋਂ ਵੱਧ ਕੁਰਬਾਨੀਆਂ ਕਰਨ ਵਾਲੇ ਹਜ਼ਾਰਾਂ ਸਿੱਖਾਂ ਦੇ ਕਤਲੇਆਮ ਕਰਨ ਦੀ ਕਾਰਵਾਈ ਨੂੰ ਸਹੀ ਠਹਿਰਾ ਰਿਹਾ ਹੋਵੇ। ਇਹੀ ਨਹੀਂ ਜਿਹੜੇ ਕਾਂਗਰਸੀ ਆਗੂਆਂ (ਟਾਈਟਲਰ ਤੇ ਸੱਜਣ ਕੁਮਾਰ) ਨੂੰ ਸਿੱਖ ਕਤਲੇਆਮ ਲਈ ਪ੍ਰਮੁੱਖ ਤੌਰ ਉਤੇ ਦੋਸ਼ੀ ਮੰਨਿਆ ਗਿਆ, ਉਨ੍ਹਾਂ ਖਿਲਾਫ ਕੋਈ ਕਾਰਵਾਈ ਕਰਨ ਦੀ ਬਜਾਏ ਰਾਜੀਵ ਗਾਂਧੀ ਨੇ ਉਨ੍ਹਾਂ ਨੂੰ ਵਜ਼ੀਰੀਆਂ ਤੇ ਅਹੁਦੇਦਾਰੀਆਂ ਦੇ ਕੇ ਸਨਮਾਨਤ ਕੀਤਾ।



ਉਕਤ ਆਗੂਆਂ ਨੇ ਕਿਹਾ ਹਜ਼ਾਰਾਂ ਸਿੱਖਾਂ ਦੇ ਕਤਲੇਆਮ ਦੇ ਬਾਵਜੂਦ ਤਤਕਾਲੀ ਰਾਜੀਵ ਸਰਕਾਰ ਨੂੰ ਕੋਈ ਅਫਸੋਸ ਨਹੀਂ ਸੀ। ਇਸੇ ਕਾਰਨ ਹੀ ਸਰਕਾਰ ਨੇ ਕਤਲ ਹੋਏ ਸਿੱਖਾਂ ਦੀ ਗਿਣਤੀ ਕਰਨ ਬਾਰੇ ਵੀ ਕੋਈ ਚਿੰਤਾ ਨਹੀਂ ਕੀਤੀ ਬਲਕਿ ਗ੍ਰਹਿ ਮੰਤਰੀ ਨੇ 14 ਨਵੰਬਰ 1984 ਨੂੰ ਸੰਸਦ ਵਿਚ ਬਿਆਨ ਦਿੱਤਾ ਕਿ ਦੇਸ਼ ਭਰ ਵਿਚ ਸਿਰਫ 650 ਸਿੱਖਾਂ ਦਾ ਕਤਲ ਹੋਇਆ ਹੈ। ਇਸ ਤੋਂ ਬਾਅਦ ਜਦੋਂ 17 ਨਵੰਬਰ ਨੂੰ ਅਟਲ ਬਿਹਾਰੀ ਵਾਜਪਈ ਨੇ ਸਿਰਫ ਦਿੱਲੀ ਵਿਚ ਹੀ ਮਾਰੇ ਗਏ 2800 ਸਿੱਖਾਂ ਦੀ ਸੂਚੀ ਜਾਰੀ ਕੀਤੀ ਤਾਂ ਕਾਂਗਰਸ ਨੇ ਉਨ੍ਹਾਂ ਨੂੰ ਰਾਸ਼ਟਰ ਵਿਰੋਧੀ ਦੱਸਿਆ। ਉਕਤ ਆਗੂਆਂ ਨੇ ਕਿਹਾ ਕਿ ਰਾਜੀਵ ਸਰਕਾਰ ਨੂੰ ਦਿੱਲੀ ਵਿਚ ਮਾਰੇ ਗਏ ਸਿੱਖਾਂ ਦੀ ਗਿਣਤੀ 2736 ਦੱਸਣ ਵਿਚ ਤਿੰਨ ਵਰ੍ਹੇ ਲੱਗ ਗਏ।

### ਕਤਲੇਆਮ ਬਾਰੇ ਗਲਤ ਤੱਥ ਪੇਸ਼ ਕਰ ਰਿਹੈ ਕੈਪਟਨ: ਫੂਲਕਾ

**ਚੰਡੀਗੜ੍ਹ:** ਐਡਵੋਕੇਟ ਐਚ.ਐਸ. ਫੂਲਕਾ ਨੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਉਤੇ '84 ਦੇ ਸਿੱਖ ਕਤਲੇਆਮ ਦੇ ਦੋਸ਼ੀਆਂ ਦੀ ਪਿੱਠ ਪੂਰਨ ਤੇ ਦੰਗਿਆਂ ਬਾਰੇ ਗਲਤ ਤੱਥ ਪੇਸ਼ ਕਰਨ ਦੇ ਦੋਸ਼ ਲਾਏ ਹਨ। ਸ. ਫੂਲਕਾ ਨੇ ਕਿਹਾ ਕਿ ਕੈਪਟਨ ਨੇ ਸਾਕਾ ਨੀਲਾ ਤਾਰਾ ਤੋਂ ਬਾਅਦ ਸੰਸਦ ਦੀ ਮੈਂਬਰੀ ਤੇ ਕਾਂਗਰਸ ਤੋਂ ਅਸਤੀਫਾ ਦੇ ਕੇ ਸ਼ਲਾਘਾਯੋਗ ਕਦਮ ਉਠਾਏ ਸਨ। ਇਨ੍ਹਾਂ ਚੰਗੇ ਕਦਮਾਂ ਕਾਰਨ ਹੀ ਸਿੱਖਾਂ ਤੇ ਪੰਜਾਬੀਆਂ ਨੇ ਉਨ੍ਹਾਂ ਨੂੰ ਰਾਜ ਦਾ ਮੁੱਖ ਮੰਤਰੀ ਬਣਾਇਆ ਸੀ। ਹੈਰਾਨੀ ਇਸ ਗੱਲ ਦੀ ਹੈ ਕਿ ਸਾਬਕਾ ਮੁੱਖ ਮੰਤਰੀ ਕਤਲੇਆਮ ਬਾਰੇ ਜਗਦੀਸ਼ ਟਾਈਟਲਰ ਤੇ ਕਮਲ ਨਾਥ ਨੂੰ ਬਚਾਉਣ ਲਈ ਗੁਮਰਾਹਕੁੰਨ ਤੱਥ ਪੇਸ਼ ਕਰ ਰਹੇ ਹਨ।

## 'ਬੇਅਦਬੀ' ਲਈ ਉਮਰ ਕੈਦ ਦਾ ਕਾਨੂੰਨ ਬਣਾਉਣ ਦੀ ਸ਼ਲਾਘਾ

**ਨਿਊ ਯਾਰਕ (ਬਿਊਰੋ):** ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਨ ਵਾਲਿਆਂ ਲਈ ਉਮਰ ਕੈਦ ਦਾ ਕਾਨੂੰਨ ਬਣਾ ਕੇ ਸਰਕਾਰ ਨੇ ਚੰਗਾ ਕੰਮ ਕੀਤਾ ਹੈ, ਜੋ ਫੌਰੀ ਲਾਗੂ ਕੀਤਾ ਜਾਣਾ ਚਾਹੀਦਾ ਹੈ।

ਇਕ ਬਿਆਨ ਰਾਹੀਂ ਇਹ ਵਿਚਾਰ ਪ੍ਰਗਟਾਉਂਦਿਆਂ ਸ਼੍ਰੋਮਣੀ ਅਕਾਲੀ ਦਲ ਅਮਰੀਕਾ ਦੀ ਕੋਰ ਕਮੇਟੀ ਦੇ ਸਾਬਕਾ ਮੁਖੀ ਅਟਾਰਨੀ ਜਸਪ੍ਰੀਤ ਸਿੰਘ ਨੇ ਕਿਹਾ ਕਿ ਭਾਵੇਂ ਬਰਗਾੜੀ ਕਾਂਡ ਦੀ ਜਾਂਚ ਸੀ.ਬੀ.ਆਈ. ਨੂੰ ਸੌਂਪ ਦਿੱਤੀ ਗਈ ਹੈ, ਫਿਰ ਵੀ ਅਸਲੀ ਦੋਸ਼ੀ ਅਜੇ ਵੀ ਪੁਲਿਸ ਦੀ ਗ੍ਰਿਫਤ ਤੋਂ ਦੂਰ ਹਨ। ਉਨ੍ਹਾਂ ਕਿਹਾ ਕਿ ਸ਼ਾਂਤਮਈ ਮਾਹੌਲ ਵਿਚ ਰੋਸ ਪ੍ਰਦਰਸ਼ਨ ਕਰ ਰਹੀ ਸੰਗਤ ਉਪਰ ਜਿਨ੍ਹਾਂ ਪੁਲਿਸ ਮੁਲਾਜ਼ਮਾਂ ਨੇ ਗੋਲੀ ਚਲਾਈ, ਉਨ੍ਹਾਂ ਖਿਲਾਫ ਜਲਦ ਕਾਰਵਾਈ ਹੋਣੀ ਚਾਹੀਦੀ ਹੈ।

ਅਟਾਰਨੀ ਜਸਪ੍ਰੀਤ ਸਿੰਘ ਨੇ ਕਿਹਾ ਕਿ ਸਰਬੱਤ ਖਾਲਸਾ ਵਿਚ ਸ਼ਾਮਲ ਹੋਏ ਵਿਅਕਤੀਆਂ ਵਿਰੁਧ ਦੇਸ਼ ਧ੍ਰੋਹ ਅਤੇ ਆਈ.ਪੀ.ਸੀ. ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਕੇਸ ਦਰਜ ਕੀਤੇ ਜਾਣਾ ਸਰਾਸਰ ਧੱਕਾ ਤੇ ਅਨਿਆਂ ਹੈ।

## ਪੰਜਾਬ ਵਿਚ ਤਿੰਨ ਹੋਰ ਯਾਦਗਾਰਾਂ ਲਈ ਹਰੀ ਝੰਡੀ

**ਚੰਡੀਗੜ੍ਹ:** ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਤਕਰੀਬਨ 25 ਕਰੋੜ ਰੁਪਏ ਨਾਲ ਬਣਨ ਵਾਲੀਆਂ ਤਿੰਨ ਹੋਰ ਯਾਦਗਾਰਾਂ ਦਾ ਕੰਮ ਸ਼ੁਰੂ ਕਰਨ ਲਈ ਹਰੀ ਝੰਡੀ ਦੇ ਦਿੱਤੀ ਹੈ।

ਮੁੱਖ ਮੰਤਰੀ ਨੇ ਫਿਰੋਜ਼ਪੁਰ ਵਿਖੇ ਭਾਈ ਮਰਦਾਨਾ ਯਾਦਗਾਰ, ਜਲੰਧਰ ਦੇ ਕਰਤਾਰਪੁਰ ਵਿਖੇ ਸ੍ਰੀ ਗੁਰੂ ਵਿਰਜਾਨੰਦ ਸਮਾਰਕ ਅਤੇ ਫਤਿਹਗੜ੍ਹ ਸਾਹਿਬ ਵਿਖੇ ਬਾਬਾ ਮੋਤੀ ਰਾਮ ਮਹਿਰਾ ਯਾਦਗਾਰ ਬਣਾਉਣ ਦੀ ਸਹਿਮਤੀ ਦਿੰਦੇ ਹੋਏ ਇਨ੍ਹਾਂ ਯਾਦਗਾਰਾਂ ਦਾ ਕੰਮ ਤੇਜ਼ੀ ਨਾਲ ਸ਼ੁਰੂ ਕਰਨ ਦੇ ਨਿਰਦੇਸ਼ ਦਿੱਤੇ। ਫਿਰੋਜ਼ਪੁਰ ਵਿਖੇ ਬਣਾਈ ਜਾ ਰਹੀ ਭਾਈ ਮਰਦਾਨਾ ਯਾਦਗਾਰ ਦੀ ਦਿਖ ਵਿਲੱਖਣ ਹੋਵੇਗੀ। ਇਹ ਯਾਦਗਾਰ 0.72 ਏਕੜ ਰਕਬੇ ਵਿਚ ਬਣਾਈ ਜਾਵੇਗੀ। ਸ੍ਰੀ ਗੁਰੂ ਵਿਰਜਾਨੰਦ ਸਮਾਰਕ ਕਰਤਾਰਪੁਰ ਵਿਖੇ ਬਣਾਈ ਜਾ ਰਹੀ ਹੈ ਜੋ ਕਿ ਆਰੀਆ ਸਮਾਜ ਦੇ ਬਾਨੀ ਸਵਾਮੀ ਦਯਾਨੰਦ ਸਰਸਵਤੀ ਦੇ ਅਧਿਆਪਕ ਦੀ ਜਨਮ ਭੂਮੀ ਹੈ। ਇਹ ਆਰੀਆ ਸਮਾਜ ਲਹਿਰ ਦੇ ਖੋਜ ਕੇਂਦਰ ਵਜੋਂ ਉੱਭਰ ਕੇ ਸਾਹਮਣੇ ਆਵੇਗੀ। ਇਹ ਯਾਦਗਾਰ 0.93 ਏਕੜ ਰਕਬੇ ਤੇ ਬਣਾਈ ਜਾਵੇਗੀ। ਇਸ ਵਿਚ ਇਕ ਗੈਲਰੀ ਹੋਵੇਗੀ ਜਿਥੇ ਸਵਾਮੀ ਵਿਰਜਾਨੰਦ ਤੇ ਸਵਾਮੀ ਦਯਾਨੰਦ ਸਰਸਵਤੀ ਦੇ ਦਰਸ਼ਨ ਤੇ ਜੀਵਨ ਨੂੰ ਮੂਰਤੀਮਾਨ ਕੀਤਾ ਜਾਵੇਗਾ।

## ਤੁਰਕੀ ਨੇ ਰੂਸ ਦਾ ਲੜਾਕੂ ਜਹਾਜ਼ ਡੇਗਿਆ

**ਅੰਕਾਰਾ:** ਨਾਟੋ ਦੇ ਮੈਂਬਰ ਤੁਰਕੀ ਨੇ ਸੀਰਿਆਈ ਹੱਦ ਨੇੜੇ ਰੂਸ ਦਾ ਲੜਾਕੂ ਹਵਾਈ ਜਹਾਜ਼ ਸੁੱਟ ਲਿਆ ਜਿਸ 'ਤੇ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨੇ ਤੁਰਕੀ ਨੂੰ ਚਿਤਾਵਨੀ ਦਿੱਤੀ ਹੈ ਕਿ ਇਸ ਘਟਨਾ ਨਾਲ ਦੁਵੱਲੇ ਸਬੰਧਾਂ 'ਤੇ ਗੰਭੀਰ ਪ੍ਰਭਾਵ ਪਵੇਗਾ। ਤੁਰਕੀ ਦੀ ਫੌਜ ਨੇ ਕਿਹਾ ਹੈ ਕਿ ਹਵਾਈ ਜਹਾਜ਼ ਨੇ ਪੰਜ ਮਿੰਟ ਦੌਰਾਨ ਦਸ ਵਾਰ ਉਸ ਦੇ ਹਵਾਈ ਖੇਤਰ ਦੀ ਉਲੰਘਣਾ ਕੀਤੀ ਜਿਸ ਤੋਂ ਬਾਅਦ ਦੋ ਐਫ-16 ਲੜਾਕੂ ਹਵਾਈ ਜਹਾਜ਼ਾਂ ਨੇ ਉਸ ਨੂੰ ਡੇਗ ਲਿਆ।

ਤੁਰਕੀ ਦੇ ਮੀਡੀਆ ਮੁਤਾਬਕ ਦੋ ਪਾਇਲਟ ਪੈਰਾਸ਼ੂਟ ਰਾਹੀਂ ਜਹਾਜ਼ ਵਿਚੋਂ ਨਿਕਲੇ। ਇਨ੍ਹਾਂ ਵਿਚੋਂ ਇਕ ਨੂੰ ਸੀਰਿਆਈ ਬਾਗ਼ੀਆਂ ਨੇ ਫੜ ਲਿਆ ਹੈ, ਜਦ ਕਿ ਦੂਜੇ ਦੀ ਮੌਤ ਹੋ ਗਈ ਹੈ। ਦੂਜੇ ਪਾਸੇ ਸੀਰੀਆ ਦੇ ਵਿਰੋਧੀ ਧਿਰ ਦਾ ਕਹਿਣਾ ਹੈ ਕਿ ਇਕ ਪਾਇਲਟ ਮਾਰਿਆ ਗਿਆ ਹੈ, ਜਦ ਕਿ ਦੂਜਾ ਲਾਪਤਾ ਹੈ।

ਇਸ ਘਟਨਾ ਦੇ ਮੱਦੇਨਜ਼ਰ ਨਾਟੋ ਨੇ ਹੰਗਾਮੀ ਮੀਟਿੰਗ ਸੱਦ ਲਈ ਹੈ। ਸੀਰੀਆ 'ਤੇ ਰੂਸੀ ਹਮਲਿਆਂ ਤੋਂ ਬਾਅਦ ਇਹ ਪਹਿਲੀ ਵਾਰ ਹੈ ਜਦੋਂ ਨਾਟੋ ਨੇ ਅਜਿਹੀ ਮੀਟਿੰਗ ਸੱਦੀ ਹੈ। ਸੀਰੀਆ ਦੇ ਅਸਮਾਨ ਵਿਚ ਰੂਸ, ਅਮਰੀਕਾ, ਫਰਾਂਸ, ਤੁਰਕੀ ਅਤੇ ਖਾੜੀ ਦੇਸ਼ਾਂ ਦੇ ਲੜਾਕੂ ਜਹਾਜ਼ਾਂ ਦੀ ਮੌਜੂਦਗੀ ਨਾਲ ਅਜਿਹਾ ਖਦਸ਼ਾ ਸੀ ਕਿ ਕੋਈ ਵੀ ਘਟਨਾ ਡੂੰਘਾ ਕੂਟਨੀਤਿਕ ਤੇ ਫੌਜੀ ਸੰਕਟ ਪੈਦਾ ਕਰ ਸਕਦੀ ਹੈ।

ਸੀਰੀਆ ਲੜਾਈ ਵਿਚ ਦੋ ਵਿਰੋਧੀ ਧਰਵਾਂ 'ਤੇ ਨਜ਼ਰ ਰੱਖਦੇ ਆ ਰਹੇ ਰੂਸ ਤੇ ਤੁਰਕੀ ਵਿਚਾਲੇ ਵੱਡਾ ਕੂਟਨੀਤਿਕ ਸੰਕਟ ਪੈਦਾ ਹੋ ਗਿਆ ਹੈ। ਰੂਸ ਦਾ ਕਹਿਣਾ ਹੈ ਕਿ ਉਸ ਦਾ ਜਹਾਜ਼ ਸੀਰੀਆ ਦੀ ਹਵਾਈ ਹੱਦ ਵਿਚ ਸੀ। ਰੂਸੀ ਸ਼ਹਿਰ ਸੋਚੀ ਵਿਚ ਜਾਰਡਨ ਦੇ ਸ਼ਾਹ ਅਬਦੁੱਲਾ ਦੋਇਮ ਨਾਲ ਮੀਟਿੰਗ ਦੌਰਾਨ ਪੂਤਿਨ ਨੇ ਜਹਾਜ਼ ਡੇਗਣ ਦੀ ਘਟਨਾ ਨੂੰ ਅਤਿਵਾਦੀਆਂ ਦੇ ਸਹਿਯੋਗੀਆਂ ਵੱਲੋਂ ਪਿੱਠ ਵਿਚ ਛੁਰਾ ਮਾਰਨਾ ਕਰਾਰ ਦਿੱਤਾ ਹੈ।

ਇਸੇ ਦੌਰਾਨ ਰੂਸ ਦੇ ਵਿਦੇਸ਼ ਮੰਤਰੀ ਸਰਗੇਈ ਲਵਰੋਵ ਨੇ ਤੁਰਕੀ ਦਾ ਦੌਰਾ ਰੱਦ ਕਰ ਦਿੱਤਾ ਹੈ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦੀ ਇਸਤੰਬੁਲ ਵਿਚ ਤੁਰਕੀ ਦੇ ਵਿਦੇਸ਼ ਮੰਤਰੀ ਨਾਲ ਮੀਟਿੰਗ ਹੋਣੀ ਸੀ।

## ਜਗਤਾਰ ਤਾਰਾ ਖਿਲਾਫ ਮੁਕੱਦਮੇ ਦਾ ਰਾਹ ਪੱਧਰਾ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਬੇਅੰਤ ਸਿੰਘ ਹੱਤਿਆ ਕਾਂਡ ਨਾਲ ਜੁੜੀਆਂ ਸਾਰੀਆਂ ਫਾਈਲਾਂ ਨੂੰ ਚੰਡੀਗੜ੍ਹ ਦੀ ਹੇਠਲੀ ਅਦਾਲਤ ਨੂੰ ਸੌਂਪਣ ਦੀ ਮਨਜ਼ੂਰੀ ਦੇ ਦਿੱਤੀ ਹੈ। ਜਸਟਿਸ ਟੀ.ਐਸ. ਠਾਕੁਰ ਤੇ ਵੀ.ਜੀ. ਗੌੜਾ 'ਤੇ ਆਧਾਰਿਤ ਬੈਂਚ ਨੇ ਸੀ.ਬੀ.ਆਈ. ਵੱਲੋਂ ਦਾਖਲ ਪਟੀਸ਼ਨ ਤੋਂ ਬਾਅਦ ਇਹ ਫੈਸਲਾ ਲਿਆ। ਸੀ.ਬੀ.ਆਈ. ਨੇ ਮੰਗ ਕੀਤੀ ਸੀ ਕਿ ਸਾਬਕਾ ਮੁੱਖ ਮੰਤਰੀ ਦੀ ਹੱਤਿਆ ਦੇ ਮਾਮਲੇ ਵਿਚ ਛੇ ਮਹੀਨੇ ਪਹਿਲਾਂ ਫੜੇ ਗਏ ਜਗਤਾਰ ਸਿੰਘ ਤਾਰਾ ਖਿਲਾਫ ਮੁਕੱਦਮਾ ਸ਼ੁਰੂ ਕਰਨ ਲਈ ਫਾਈਲਾਂ ਚੰਡੀਗੜ੍ਹ ਅਦਾਲਤ ਵਿਚ ਭੇਜੀਆਂ ਜਾਣ। ਇਹ ਫਾਈਲਾਂ ਸੁਪਰੀਮ ਕੋਰਟ ਕੋਲ ਪਈਆਂ ਹਨ ਕਿਉਂਕਿ ਹੇਠਲੀ ਅਦਾਲਤ ਵੱਲੋਂ ਹੱਤਿਆ ਕਾਂਡ ਦੇ ਮੁੱਖ ਦੋਸ਼ੀ ਜਗਤਾਰ ਸਿੰਘ ਹਵਾਰਾ ਨੂੰ ਮੌਤ ਦੀ ਸਜ਼ਾ ਸੁਣਾਏ ਜਾਣ ਤੋਂ ਬਾਅਦ ਪਾਈਆਂ ਅਪੀਲਾਂ 'ਤੇ ਉਥੇ ਸੁਣਵਾਈ ਹੋ ਰਹੀ ਹੈ। ਉਂਜ ਪੰਜਾਬ-ਹਰਿਆਣਾ ਹਾਈ ਕੋਰਟ ਨੇ ਹਵਾਰਾ ਦੀ ਮੌਤ ਦੀ ਸਜ਼ਾ ਨੂੰ ਆਖਰੀ ਸਾਹ ਤਕ ਜੇਲ੍ਹ ਵਿਚ ਬੰਦ ਰੱਖੇ ਜਾਣ ਵਿਚ ਤਬਦੀਲ ਕਰ ਦਿੱਤਾ ਸੀ।



ਸੀ.ਬੀ.ਆਈ. ਵੱਲੋਂ ਪੇਸ਼ ਹੋਏ ਸਾਲੀਸਿਟਰ ਜਨਰਲ ਰਣਜੀਤ ਕੁਮਾਰ ਨੇ ਚੰਡੀਗੜ੍ਹ ਅਦਾਲਤ ਨੂੰ ਫਾਈਲਾਂ ਸੌਂਪਣ ਦੀ ਮੰਗ ਕੀਤੀ। ਉਧਰ, ਹਵਾਰਾ ਦੇ ਵਕੀਲ ਸੁਸ਼ੀਲ ਕੁਮਾਰ ਨੇ ਵੀ ਅਰਜ਼ੀ ਦੀ ਹਮਾਇਤ ਕੀਤੀ ਤੇ ਕਿਹਾ ਕਿ ਇਸ ਨਾਲ ਉਸ ਦੇ ਮੁਵੱਕਿਲ ਨੂੰ ਵੀ ਫਾਇਦਾ ਹੋਵੇਗਾ ਕਿਉਂਕਿ ਉਹ 20 ਸਾਲ ਜੇਲ੍ਹ ਵਿਚ ਗੁਜ਼ਾਰ ਚੁੱਕਾ ਹੈ।

### ਹਵਾਰਾ ਨਾਲ ਮੁਲਾਕਾਤ ਉਤੇ ਲਾਈ ਰੋਕ

**ਚੰਡੀਗੜ੍ਹ:** ਤਿਹਾੜ ਜੇਲ੍ਹ ਦੇ ਅਧਿਕਾਰੀਆਂ ਨੇ ਜਗਤਾਰ ਸਿੰਘ ਹਵਾਰਾ ਦੀਆਂ ਮੁਲਾਕਾਤਾਂ 'ਤੇ ਪਾਬੰਦੀ ਲਾ ਦਿੱਤੀ ਹੈ। ਜੇਲ੍ਹ ਅਧਿਕਾਰੀਆਂ ਨੇ ਹਵਾਰਾ ਦੇ ਵਕੀਲਾਂ ਤੇ ਰਿਸ਼ਤੇਦਾਰਾਂ ਨੂੰ ਉਸ ਨਾਲ ਮੁਲਾਕਾਤ ਨਹੀਂ ਕਰਨ ਦਿੱਤੀ। ਹਵਾਰਾ ਦੇ ਵਕੀਲਾਂ ਨੇ ਮੁਲਾਕਾਤ ਦਾ ਹੱਕ ਬਹਾਲ ਕਰਵਾਉਣ ਲਈ ਜੇਲ੍ਹ ਅਧਿਕਾਰੀਆਂ ਖਿਲਾਫ ਅਦਾਲਤ ਵਿਚ ਹੱਤਕ ਦਾ ਕੇਸ ਕਰਨ ਦਾ ਫੈਸਲਾ ਲਿਆ ਹੈ। ਪੰਚ ਪ੍ਰਧਾਨੀ ਦੇ ਆਗੂ ਹਰਪਾਲ ਸਿੰਘ ਚੀਮਾ ਨੇ ਦੱਸਿਆ ਕਿ ਉਨ੍ਹਾਂ ਕੋਲ ਹਵਾਰਾ ਦਾ ਵਕੀਲ ਹੋਣ ਦਾ ਵਕਾਲਤਨਾਮਾ ਤੇ ਸ਼ਨਾਖਤੀ ਕਾਰਡ ਹੈ। ਜੇਲ੍ਹ ਦੇ ਨਿਯਮਾਂ ਅਨੁਸਾਰ ਐਤਵਾਰ ਨੂੰ ਛੱਡ ਕੇ ਬਾਕੀ ਸਾਰੇ ਦਿਨ ਵਕੀਲਾਂ ਨੂੰ ਆਪਣੇ ਮੁਵੱਕਿਲਾਂ ਨੂੰ ਮਿਲਣ ਦੀ ਖੁੱਲ੍ਹ ਹੈ। ਤਿਹਾੜ ਜੇਲ੍ਹ ਦੇ ਨਿਯਮਾਂ ਅਨੁਸਾਰ ਹਰੇਕ ਕੈਦੀ ਵਾਸਤੇ ਮੁਲਾਕਾਤ ਲਈ ਮੰਗਲਵਾਰ ਤੇ ਸ਼ੁੱਕਰਵਾਰ ਦਾ ਦਿਨ ਨਿਰਧਾਰਤ ਕੀਤਾ ਗਿਆ ਹੈ।

# ਹਥਿਆਰਾਂ ਦੀ ਬਰਾਮਦ ਨੇ ਉਡਾਈ ਖੁਫੀਆ ਏਜੰਸੀਆਂ ਦੀ ਨੀਂਦ

**ਤਰਨਤਾਰਨ:** ਪੰਜਾਬ ਵਿਚ ਪਿਛਲੇ ਸਮੇਂ ਦੌਰਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੀਆਂ ਵਾਪਰੀਆਂ ਘਟਨਾਵਾਂ ਤੋਂ ਬਾਅਦ ਪੈਦਾ ਹੋਏ ਹਾਲਾਤ ਤੇ ਭਾਰਤ ਪਾਕਿਸਤਾਨ ਦੇ ਖੇਮਕਰਨ ਸੈਕਟਰ ਦੀ ਸਰਹੱਦ ਉਤੇ ਬੀ.ਐਸ.ਐਫ. ਵੱਲੋਂ ਪਾਕਿਸਤਾਨ ਵਾਲੇ ਪਾਸਿਓਂ ਆਏ ਖਤਰਨਾਕ ਹਥਿਆਰਾਂ ਨੇ ਕੇਂਦਰੀ ਤੇ ਪੰਜਾਬ ਦੀਆਂ ਖੁਫੀਆ ਏਜੰਸੀਆਂ ਦੀ ਨੀਂਦ ਉੱਡ ਗਈ ਹੈ।

ਤਰਨਤਾਰਨ ਪੁਲਿਸ ਦੇ ਉੱਚ ਅਧਿਕਾਰੀ ਵੀ ਇਸ ਘਟਨਾ ਨੂੰ ਬਹੁਤ ਹੀ ਗੰਭੀਰਤਾ ਨਾਲ ਲੈ ਰਹੇ ਹਨ ਤੇ ਇਸ ਸਰਹੱਦੀ ਜ਼ਿਲ੍ਹੇ ਵਿਚ ਪੁਲਿਸ ਵੱਲੋਂ ਸਮਾਜ ਵਿਰੋਧੀ ਅਨਸਰਾਂ ਦੇ ਨਾਲ-ਨਾਲ ਸਾਬਕਾ ਖਾੜਕੂਆਂ ਤੇ ਉਨ੍ਹਾਂ ਦੇ ਪਰਿਵਾਰਾਂ ਉਪਰ ਵੀ ਨਿਗਾਹ ਰੱਖਣੀ ਸ਼ੁਰੂ ਕਰ ਦਿੱਤੀ ਹੈ। ਪਾਕਿਸਤਾਨ ਵਾਲੇ ਪਾਸਿਓਂ ਏ.ਕੇ. 47 ਵਰਗੇ ਮਾਰੂ ਹਥਿਆਰ ਤੇ ਭਾਰੀ ਮਾਤਰਾ ਵਿਚ ਗੋਲੀਆਂ ਕਿਸ ਵਿਅਕਤੀ ਨੂੰ ਤੇ ਕਿਸ ਮਕਸਦ ਲਈ ਭੇਜੀਆਂ ਗਈਆਂ ਹਨ, ਇਸ ਸਵਾਲ ਦਾ ਜਵਾਬ ਲੱਭਣਾ ਸੁਰੱਖਿਆ ਏਜੰਸੀਆਂ ਲਈ ਔਖਾ ਹੋ ਗਿਆ।

ਪੰਜਾਬ ਵਿਚ ਪਿਛਲੇ ਮਹੀਨੇ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੀਆਂ ਘਟਨਾਵਾਂ ਨੂੰ ਲੈ ਕੇ ਪੂਰੇ ਸੂਬੇ ਵਿਚ ਮਾਹੌਲ ਤਨਾਅਪੂਰਨ ਬਣਿਆ ਹੋਇਆ ਹੈ। ਇਸੇ ਸਮੇਂ ਭਾਰਤ-ਪਾਕਿਸਤਾਨ ਦੀ ਖੇਮਕਰਨ ਸਰਹੱਦ ਅਧੀਨ ਪੈਂਦੇ ਸਤਲੁਜ ਦਰਿਆ ਦੇ ਕੰਢੇ ਸਥਿਤ ਪੋਸਟ ਟਾਪੂ ਨੇੜਿਓਂ ਬੀ.ਐਸ.ਐਫ. ਦੇ ਜਵਾਨਾਂ ਵੱਲੋਂ ਬਰਾਮਦ ਕੀਤੀਆਂ ਗਈਆਂ ਏ.ਕੇ. 47 ਰਾਈਫਲਾਂ ਤੇ ਕਾਰਤੂਸ ਪੰਜਾਬ ਪੁਲਿਸ ਦੇ ਨਾਲ-ਨਾਲ ਖੁਫੀਆ ਏਜੰਸੀਆਂ ਲਈ ਸਿਰਦਰਦੀ ਪੈਦਾ ਕਰ ਰਹੇ ਹਨ।

ਸਰਹੱਦੀ ਜ਼ਿਲ੍ਹੇ ਦੇ ਐਸ.ਐਸ.ਪੀ. ਮਨਮੋਹਨ ਸ਼ਰਮਾ ਦਾ ਕਹਿਣਾ ਹੈ ਕਿ ਪੁਲਿਸ ਵੱਲੋਂ ਇਸ ਮਾਮਲੇ ਨੂੰ ਬਹੁਤ ਹੀ ਗੰਭੀਰਤਾ ਨਾਲ ਲਿਆ ਜਾ ਰਿਹਾ ਹੈ। ਜ਼ਿਲ੍ਹੇ ਭਰ ਦੀ ਪੁਲਿਸ ਨੂੰ ਪੂਰੀ ਤਰ੍ਹਾਂ ਅਲਰਟ ਕੀਤਾ ਜਾ ਚੁੱਕਾ ਹੈ।

### ਪੰਜਾਬ ਵਿਚ ਸਾਬਕਾ ਖਾੜਕੂਆਂ ਉਪਰ ਅੱਖ



## ਜਥੇਦਾਰ ਮੰਡ ਦੇ ਤਾਰ ਪਾਕਿਸਤਾਨ ਨਾਲ ਜੁੜੇ?

**ਅੰਮ੍ਰਿਤਸਰ:** ਦਸ ਨਵੰਬਰ ਨੂੰ ਪਿੰਡ ਚੱਬਾ ਵਿਚ ਬੁਲਾਏ ਗਏ ਸਰਬੱਤ ਖਾਲਸਾ ਵੱਲੋਂ ਥਾਪੇ ਗਏ ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਦੇ ਤਾਰ ਪਾਕਿਸਤਾਨ ਨਾਲ ਜੁੜੇ ਹਨ। ਇਹ ਦਾਅਵਾ ਪੁਲਿਸ ਨੇ ਜ਼ਿਲ੍ਹਾ ਅਦਾਲਤ ਵਿਚ ਕੀਤਾ ਹੈ। ਪੁਲਿਸ ਨੇ ਅਦਾਲਤ ਵਿਚ ਦਲੀਲ ਦਿੱਤੀ ਕਿ ਮੰਡ ਵੱਲੋਂ ਪਾਕਿਸਤਾਨੀ ਸਿੰਮਾਂ ਰਾਹੀਂ ਪਾਕਿਸਤਾਨ ਵਿਚ ਬੈਠੇ ਲੋਕਾਂ ਨਾਲ ਸੰਪਰਕ ਕੀਤਾ ਜਾਂਦਾ ਹੈ। ਪੁਲਿਸ ਮੁਤਾਬਕ ਮੰਡ ਨੇ ਉਹ ਪਾਕਿਸਤਾਨੀ ਸਿੰਮ ਸ੍ਰੀ ਗੰਗਾਨਗਰ ਵਿਚ ਲੁਕਾ ਕੇ ਰੱਖੇ ਹੋਏ ਹਨ, ਇਸ ਲਈ ਪੁਲਿਸ ਮੰਡ ਨੂੰ ਲੈ ਕੇ ਗੰਗਾਨਗਰ ਜਾਣਾ ਚਾਹੁੰਦੀ ਹੈ। ਪੁਲਿਸ ਦੀ ਇਸੇ ਦਲੀਲ ਤੋਂ ਬਾਅਦ ਅਦਾਲਤ ਵੱਲੋਂ ਮੰਡ ਨੂੰ ਰਿਮਾਂਡ ‘ਤੇ ਭੇਜਿਆ ਗਿਆ ਹੈ। ਉੱਧਰ ਮੰਡ ਦੇ ਵਕੀਲਾਂ ਤੇ ਸਮਰਥਕਾਂ ਦਾ ਕਹਿਣਾ ਹੈ ਕਿ ਪੁਲਿਸ ਵੱਲੋਂ ਪੇਸ਼ ਕੀਤੀ ਗਈ ਦਲੀਲ ਵਿਚ ਕੋਈ ਸੱਚਾਈ ਨਹੀਂ।



## ਸਰਹੱਦ ਪਾਰ ਕਰਦੇ ਐਨ.ਆਰ.ਆਈ. ਬਾਰੇ ਖੁਲਾਸੇ

**ਅੰਮ੍ਰਿਤਸਰ:** ਪਿਛਲੇ ਹਫਤੇ ਭਾਰਤ-ਪਾਕਿਸਤਾਨ ਅਟਾਰੀ-ਵਾਹਗਾ ਸਰਹੱਦ ਉਤੇ ਗੇਟ ਵਿਚ ਗੱਡੀ ਮਾਰਨ ਤੇ ਪਾਕਿਸਤਾਨ ਜਾਣ ਦੀ ਕੋਸ਼ਿਸ਼ ਕਰਨ ਵਾਲੇ ਪਰਵਾਸੀ ਭਾਰਤੀ ਸੁਰਿੰਦਰ ਸਿੰਘ ਦੇ ਭਰਾ ਨੇ ਘਰਿੰਡਾ ਪੁਲਿਸ ਅਧਿਕਾਰੀਆਂ ਨਾਲ ਮੁਲਾਕਾਤ ਕਰਕੇ ਆਪਣੇ ਭਰਾ ਦੀ ਮਾਨਸਿਕ ਬਿਮਾਰੀ ਬਾਰੇ ਦਸਤਾਵੇਜ਼ ਸੌਂਪੇ ਹਨ। ਸੁਰਿੰਦਰ ਸਿੰਘ ਦੇ ਭਰਾ ਰਛਪਾਲ ਸਿੰਘ ਨੇ ਅਧਿਕਾਰੀਆਂ ਨੂੰ ਦੱਸਿਆ ਕੇ ਉਸ ਦੀ ਬਿਮਾਰੀ ਤੇ ਨਨਕਾਣਾ ਸਾਹਿਬ ਜਾਣ ਦੀ ਜ਼ਿਦ ਦੇ ਚੱਲਦਿਆਂ ਉਸ ਵੱਲੋਂ ਅਜਿਹਾ ਕੀਤਾ ਗਿਆ ਹੈ। ਰਛਪਾਲ ਸਿੰਘ ਨੇ ਮੰਗ ਕੀਤੀ ਹੈ ਕਿ ਉਸ ਨੂੰ ਕੈਨੇਡਾ ਸਰਕਾਰ ਦੇ ਹਵਾਲੇ ਹਵਾਲੇ ਕਰ ਦਿੱਤਾ ਜਾਵੇ ਤੇ ਉਸ ਦਾ ਪਾਸਪੋਰਟ ਵੀ ਪਰਿਵਾਰ ਨੂੰ ਦਿੱਤਾ ਜਾਵੇ।

# ਸ਼੍ਰੋਮਣੀ ਕਮੇਟੀ ਅਤੇ ਪੰਜ ਪਿਆਰੇ ਫਿਰ ਆਹਮੋ-ਸਾਹਮਣੇ

**ਅੰਮ੍ਰਿਤਸਰ:** ਅਕਾਲ ਤਖਤ ਸਾਹਿਬ ਦੇ ਪੰਜ ਪਿਆਰਿਆਂ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚਾਲੇ ਸ਼ੁਰੂ ਹੋਇਆ ਵਿਵਾਦ ਖਤਮ ਹੋਣ ਦਾ ਨਾਂ ਨਹੀਂ ਲੈ ਰਿਹਾ ਹੈ।



ਸ਼੍ਰੋਮਣੀ ਕਮੇਟੀ ਵੱਲੋਂ ਪੰਜਾਂ ਵਿਚੋਂ ਦੋ ਪਿਆਰਿਆਂ ਨੂੰ ਪਾਕਿਸਤਾਨ ਸਥਿਤ ਨਨਕਾਣਾ ਸਾਹਿਬ ਭੇਜਿਆ ਗਿਆ ਹੈ ਜਦਕਿ ਦੋ ਹੋਰਾਂ ਨੂੰ ਦਿੱਲੀ ਤੇ ਹਾਪੁੜ ਵਿਖੇ ਜਾ ਕੇ ਪ੍ਰਚਾਰ ਕਰਨ ਦੇ ਆਦੇਸ਼ ਜਾਰੀ ਕਰ ਦਿੱਤੇ ਗਏ ਹਨ। ਪੰਜ ਪਿਆਰੇ ਸ਼੍ਰੋਮਣੀ ਕਮੇਟੀ ਦੀ ਇਸ ਕਾਰਵਾਈ ਨੂੰ ਉਨ੍ਹਾਂ ਵਿਚ ਵਖਰੇਵੇਂ ਪਾਉਣ ਦੀ ਸਾਜਿਸ਼ ਦੱਸ ਰਹੇ ਹਨ।

ਡੇਰਾ ਮੁਖੀ ਨੂੰ ਮੁਆਫੀ ਤੇ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੇ ਮਾਮਲੇ ਸਾਹਮਣੇ ਆਉਣ ਤੋਂ ਜਥੇਦਾਰਾਂ ਨੂੰ ਹਟਾਉਣ ਦਾ ਗੁਰਮਤਾ ਪਾਸ ਕਰਨੇ ਵਾਲੇ ਪੰਜਾਂ ਪਿਆਰਿਆਂ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਨਵੇਂ ਆਦੇਸ਼ਾਂ ਤਹਿਤ ਮੰਗਲ ਸਿੰਘ ਅਤੇ ਭਾਈ ਤਰਲੋਕ ਸਿੰਘ ਨੂੰ ਨਨਕਾਣਾ ਸਾਹਿਬ ਵਿਖੇ ਸਿੱਖੀ ਦੇ ਪ੍ਰਚਾਰ ਲਈ ਭੇਜ ਦਿੱਤਾ ਗਿਆ ਹੈ। ਸਤਨਾਮ ਸਿੰਘ ਖੰਡਾ ਨੂੰ ਹਾਪੁੜ ਤੇ ਸਤਨਾਮ ਸਿੰਘ ਝੰਗੀਆਂ ਨੂੰ ਦਿੱਲੀ ਵਿਖੇ ਜਾ ਕੇ ਪ੍ਰਚਾਰ ਕਰਨ ਦੇ ਹੁਕਮ ਜਾਰੀ ਕਰ ਦਿੱਤੇ ਗਏ ਹਨ। ਜਥੇਦਾਰਾਂ ਨੂੰ ਹਟਾਉਣ ਦਾ ਗੁਰਮਤਾ ਪੜ੍ਹਨ ਵਾਲੇ ਸਤਨਾਮ ਸਿੰਘ ਖੰਡਾ ਅਤੇ ਸਤਨਾਮ ਸਿੰਘ ਝੰਗੀਆਂ ਨੇ ਸ਼੍ਰੋਮਣੀ ਕਮੇਟੀ ਦੇ ਇਸ ਆਦੇਸ਼ ਨੂੰ ਮੰਨਣ ਤੋਂ ਸਾਫ ਇਨਕਾਰ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਪੰਜ ਪਿਆਰਿਆਂ ਨੂੰ ਇਕ ਦੂਜੇ ਤੋਂ ਵੱਖ ਕਰਨ ਲਈ ਅਜਿਹਾ ਕੀਤਾ ਗਿਆ ਹੈ ਜਿਸ ਨੂੰ ਉਹ ਕਦੇ ਵੀ ਮਨਜ਼ੂਰ ਨਹੀਂ ਕਰਨਗੇ।

ਖੰਡਾ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਉਨ੍ਹਾਂ ਨੂੰ ਭਰੋਸਾ ਦਿੱਤਾ ਗਿਆ ਸੀ ਕਿ ਅੰਤ੍ਰਿਗ ਕਮੇਟੀ ਦੀ ਬੈਠਕ ਵਿਚ ਉਨ੍ਹਾਂ ਵੱਲੋਂ ਜਥੇਦਾਰਾਂ ਨੂੰ ਹਟਾਉਣ ਦੇ ਆਦੇਸ਼ ਬਾਰੇ ਵਿਚਾਰ ਕੀਤਾ ਜਾਵੇਗਾ, ਪਰ ਹਾਲੇ ਤੱਕ ਕੋਈ ਵਿਚਾਰ ਨਹੀਂ ਹੋਇਆ। ਇਸ ਤੋਂ ਬਾਅਦ ਪੰਜ ਪਿਆਰਿਆਂ ਵੱਲੋਂ ਇਹ ਵੀ ਆਦੇਸ਼ ਦਿੱਤਾ ਗਿਆ ਸੀ ਕਿ ਬੰਦੀ ਛੋੜ ਦਿਵਸ ਵਾਲੇ ਦਿਨ ਜਥੇਦਾਰ ਕੌਮ ਦੇ ਨਾਮ ਸੰਦੇਸ਼ ਨਾਂ ਦੇਣ, ਪਰ ਸ਼੍ਰੋਮਣੀ ਕਮੇਟੀ ਨੇ ਪੰਜ ਪਿਆਰਿਆਂ ਦੇ ਇਸ ਨਿਰਦੇਸ਼ ਨੂੰ ਗੰਭੀਰਤਾ ਨਾਲ ਨਹੀਂ ਲਿਆ। ਸਤਨਾਮ ਸਿੰਘ ਖੰਡਾ ਨੇ ਕਿਹਾ ਕਿ ਉਨ੍ਹਾਂ ਨੂੰ 20 ਨਵੰਬਰ ਸ਼ਾਮ ਤੱਕ ਪੰਜਾਬ ਦੇ ਬਾਹਰ ਜਾ ਕੇ ਡਿਊਟੀ ਦੇਣ ਦੇ ਹੁਕਮ ਜਾਰੀ ਕੀਤੇ ਗਏ ਹਨ, ਪਰ ਉਹ ਇਨ੍ਹਾਂ ਆਦੇਸ਼ਾਂ ਨੂੰ ਕਿਸੇ ਵੀ ਕੀਮਤ ਤੇ ਮਨਜ਼ੂਰ ਨਹੀਂ ਕਰਨਗੇ। ਖੰਡਾ ਨੇ ਕਿਹਾ ਜਲਦ ਹੀ ਪੰਜ ਪਿਆਰਿਆਂ ਵੱਲੋਂ ਵਿਚਾਰ ਕਰਕੇ ਅਗਲੇ ਫੈਸਲੇ ਬਾਰੇ ਦੱਸਿਆ ਜਾਵੇਗਾ।

## ਕਿਸਾਨ ਮਜ਼ਦੂਰ ਜਥੇਬੰਦੀਆਂ ਵੱਲੋਂ ਸਾਂਝਾ ਘੋਲ ਜਾਰੀ ਰੱਖਣ ਦਾ ਫੈਸਲਾ

**ਚੰਡੀਗੜ੍ਹ (ਬਿਊਰੋ):** ਪੰਜਾਬ ਦੀਆਂ ਅੱਠ ਕਿਸਾਨ ਤੇ ਚਾਰ ਖੇਤ ਮਜ਼ਦੂਰ ਜਥੇਬੰਦੀਆਂ ਵੱਲੋਂ ਨਰਮੇ ਦੇ ਖਰਾਬੇ ਤੇ ਮਜ਼ਦੂਰਾਂ ਦੇ ਰੁਜ਼ਗਾਰ ਉਜਾੜੇ ਦਾ ਪੂਰਾ ਮੁਆਵਜ਼ਾ ਲੈਣ ਤੇ ਬਾਸਮਤੀ ਦੀ ਬੇਕਦਰੀ ਰੋਕਣ ਸਮੇਤ ਹੋਰ ਭਖਦੇ ਮਸਲਿਆਂ ਨੂੰ ਲੈ ਕੇ ਸੰਘਰਸ਼ ਜਾਰੀ ਰੱਖਣ ਦਾ ਐਲਾਨ ਕੀਤਾ ਗਿਆ।

ਜਥੇਬੰਦੀਆਂ ਨੇ ਸਾਂਝੇ ਘੋਲ ਨੂੰ ਅੱਗੇ ਵਧਾਉਂਦਿਆਂ ਅਕਾਲੀ-ਭਾਜਪਾ ਸਰਕਾਰ ਦੇ ਮੰਤਰੀਆਂ, ਸੰਸਦੀ ਸਕੱਤਰਾਂ, ਵਿਧਾਇਕਾਂ ਤੇ ਸੰਸਦ ਮੈਂਬਰਾਂ ਵੱਲੋਂ ਪਿੰਡਾਂ ਵਿਚ ਆਉਣ ਉਤੇ ਕਾਲੇ ਝੰਡਿਆਂ ਨਾਲ ਸ਼ਾਂਤਮਈ ਵਿਰੋਧ ਨੂੰ ਤੇਜ਼ ਕਰਨ ਦਾ ਫੈਸਲਾ ਕੀਤਾ ਹੈ।

## ਸਰਬੱਤ ਖਾਲਸਾ ਦੀ ਰੂਪ ਰੇਖਾ ਬਾਰੇ ਖਰੜੇ ‘ਤੇ ਚਰਚਾ

**ਅੰਮ੍ਰਿਤਸਰ:** ਸਿੱਖ ਜਥੇਬੰਦੀਆਂ ਦੇ ਸਮੂਹ ‘ਪੰਥਕ ਤਾਲਮੇਲ ਸੰਗਠਨ’ ਨੇ ਸਰਬੱਤ ਖਾਲਸਾ ਦੀ ਰੂਪ ਰੇਖਾ ਬਾਰੇ ਤਿਆਰ ਕੀਤੇ ਖਰੜੇ ’ਤੇ ਵਿਚਾਰ ਚਰਚਾ ਕੀਤੀ। ਇਸ ਖਰੜੇ ਵਿਚ ਸੋਧ ਕਰਨ ਤੇ ਵਿਚਾਰਾਂ ਨੂੰ ਸ਼ਾਮਲ ਕਰਨ ਲਈ ਇਕ ਕਮੇਟੀ ਕਾਇਮ ਕੀਤੀ ਗਈ ਹੈ। ਇਸ ਕਮੇਟੀ ਦਾ ਐਲਾਨ ਸਾਬਕਾ ਜਥੇਦਾਰ ਤੇ ਪੰਥਕ ਤਾਲਮੇਲ ਸੰਗਠਨ ਦੇ ਕਨਵੀਨਰ ਗਿਆਨੀ ਕੇਵਲ ਸਿੰਘ ਨੇ ਕੀਤਾ। ਕਮੇਟੀ ਦੇ ਕੋਆਰਡੀਨੇਟਰ ਹਰਸਿਮਰਨ ਸਿੰਘ, ਡਾਇਰੈਕਟਰ ਭਾਈ ਗੁਰਦਾਸ ਸਿੱਖ ਇੰਸਟੀਚਿਊਟ ਸ੍ਰੀ ਅਨੰਦਪੁਰ ਸਾਹਿਬ ਨੂੰ ਬਣਾਇਆ ਹੈ ਜਦੋਂ ਕਿ ਉਪ ਕੋਆਰਡੀਨੇਟਰ ਕੇਂਦਰੀ ਸਿੰਘ ਸਭਾ ਚੰਡੀਗੜ੍ਹ ਦੇ ਆਗੂ ਗੁਰਦੀਪ ਸਿੰਘ ਨੂੰ ਨਿਯੁਕਤ ਕੀਤਾ ਗਿਆ ਹੈ।

ਕੀ ਤੁਸੀਂ ਸਭ ਤਰ੍ਹਾਂ ਦੇ ਇਲਾਜ ਕਰਾ ਕੇ ਥੱਕ ਚੁਕੇ ਹੋ?
ਹੋਮਿਓਪੈਥੀ, ਕੁਦਰਤੀ ਇਲਾਜ ਪ੍ਰਣਾਲੀ ਅਜ਼ਮਾ ਕੇ ਦੇਖੋ

**Gurdip Singh Sandhu**
Homeopathic Practitioner/Consultant
DHMS-Gold Medalist, BAMS, MDEh.- India
**1188 E Santa Clara St., San Jose, CA 95116**

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577

**Homeopathic natural medicines supply**



*Gurdip Singh Sandhu*

**Ph:(408) 687-1899**
**(408) 729-6691**
**Fax:(408)292-6200**

**EX Member:**
*The California Homeopathic Society*
National Center For Homeopathy- USA

Email: Homeomdicine@yahoo.com
Website: www.Homeopathyatoz.com

***Toll Free: 1-877-OK-HOMEO (1-877-654-6636)***

ਕਮਾਲ ਬਈ ਕਮਾਲ !

ਐਚ ਡੀ ਅਤੇ ਆਈ ਪੀ
ਕੈਮਰਿਆਂ ਦੀਆਂ
ਬਹੁਤ ਹੀ ਵਾਜਬ ਕੀਮਤਾਂ
ਪੀ ਓ ਐਸ ਅਤੇ ਕੈਸ਼ ਰਜਿਸਟਰ
ਲਈ ਇੰਟਰਫੇਸ ਉਪਲਬਧ ਹੈ



**Upgrade your Security Cameras to High Definition at very reasonable prices**



*For a Free Demo of our new HD Cameras*
*Please Contact us:* **Balbir S Sidhu**
**209-495-3905 (Cell)**
**www.dvrunlimited.com**
**Toll Free (888) 233-4566**

**DVRunlimited Inc.**
**Installation Available**

# ਅਤਿਵਾਦੀ ਹਮਲਿਆਂ ਵਿਚ ਮੌਤਾਂ ਦੀ ਗਿਣਤੀ 80 ਫੀਸਦੀ ਵਧੀ

**ਚੰਡੀਗੜ੍ਹ:** ਦੁਨੀਆਂ ਵਿਚ ਅਤਿਵਾਦ ਦਾ ਖਤਰਾ ਤੇਜ਼ੀ ਨਾਲ ਵਧ ਰਿਹਾ ਹੈ। ਸਾਲ 2014 ਵਿਚ ਅਤਿਵਾਦੀ ਹਮਲਿਆਂ ਵਿਚ ਮਾਰੇ ਜਾਣ ਵਾਲੇ ਲੋਕਾਂ ਦੀ ਗਿਣਤੀ ਪਿਛਲੇ ਸਾਲ ਨਾਲੋਂ 80% ਵਧੀ ਹੈ। 2013 ਵਿਚ ਦਹਿਸ਼ਤੀ ਹਮਲਿਆਂ ਵਿਚ ਕੁੱਲ 18,111 ਮੌਤਾਂ ਹੋਈਆਂ ਸਨ ਜਿਨ੍ਹਾਂ ਦੀ ਗਿਣਤੀ 2014 ਵਿਚ 32, 685 ਤੱਕ ਪਹੁੰਚ ਗਈ ਹੈ। ਇਨ੍ਹਾਂ ਵਿਚ 78% ਮੌਤਾਂ ਪੰਜ ਦੇਸ਼ਾਂ-ਇਰਾਕ, ਅਫ਼ਗਾਨਿਸਤਾਨ ਨਾਇਜੀਰੀਆ, ਪਾਕਿਸਤਾਨ ਅਤੇ ਸੀਰੀਆ ਵਿਚ ਹੋਈਆਂ ਹਨ।

ਅਤਿਵਾਦ ਪ੍ਰਭਾਵਿਤ ਦੇਸ਼ਾਂ ਦੀ ਸੂਚੀ ਵਿਚ ਭਾਰਤ ਛੇਵੇਂ ਨੰਬਰ 'ਤੇ ਹੈ। ਦੁਨੀਆਂ ਵਿਚ ਅਤਿਵਾਦੀ ਹਮਲਿਆਂ ਨਾਲ ਹੋਣ ਵਾਲੀਆਂ ਮੌਤਾਂ ਵਿਚੋਂ ਅੱਧੀ ਤੋਂ ਜ਼ਿਆਦਾ ਲਈ ਹੁਣ ਆਈ.ਐਸ.ਆਈ.ਐਸ. ਤੇ ਬੋਕੋ ਹਰਮ ਸਾਂਝੇ ਤੌਰ ਉਤੇ ਜ਼ਿੰਮੇਵਾਰ ਹਨ। ਗਲੋਬਲ ਟੈਰਰਿਜ਼ਮ ਇੰਡੈਕਸ-2015 ਮੁਤਾਬਕ ਸਾਲ-2014 ਵਿਚ ਅਤਿਵਾਦੀ ਨਾਲ ਸਭ ਤੋਂ ਵੱਧ ਪ੍ਰਭਾਵਿਤ 162 ਦੇਸ਼ਾਂ ਵਿਚ ਭਾਰਤ ਦਾ ਸਥਾਨ ਛੇਵਾਂ ਹੈ। ਭਾਰਤ ਵਿਚ ਅਤਿਵਾਦ ਨਾਲ ਸਬੰਧਤ ਮੌਤਾਂ ਵਿਚ 1.2% ਦਾ ਵਾਧਾ ਹੋਇਆ ਹੈ ਤੇ ਮਰਨ ਵਾਲਿਆਂ ਦੀ ਗਿਣਤੀ 416 ਰਹੀ। ਇਹ ਗਿਣਤੀ ਸਾਲ-2010 ਵਿਚ ਹੋਈਆਂ ਅਤਿਵਾਦੀ ਵਾਰਦਾਤਾਂ ਤੇ ਮੌਤਾਂ ਤੋਂ ਵੱਧ ਹੈ। ਵਾਸ਼ਿੰਗਟਨ ਸਥਿਤ ਇੰਸਟੀਚਿਊਟ ਫਾਰ ਇਕਨਾਮਿਕਸ ਐਂਡ ਪੀਸ ਦੀ ਰਿਪੋਰਟ ਮੁਤਾਬਕ ਇਥੇ 763 ਘਟਨਾਵਾਂ ਹੋਈਆਂ।

ਇਹ ਅੰਕੜਾ ਸਾਲ-2013 ਦੇ ਮੁਕਾਬਲੇ 20% ਜ਼ਿਆਦਾ ਹੈ। ਭਾਰਤ ਵਿਚ ਸਾਲ-2014 ਵਿਚ ਦੋ ਘਾਤਕ ਅਤਿਵਾਦੀ ਸਮੂਹਾਂ ਲਸ਼ਕਰ-ਏ-ਤੋਇਬਾ ਤੇ ਹਿਜ਼ਬੁਲ ਮੁਜਾਹਦੀਨ ਸਰਗਰਮ ਰਹੇ ਹਨ। ਪਾਕਿਸਤਾਨ ਅਧਾਰਤ ਲਸ਼ਕਰ ਵੱਲੋਂ ਸਾਲ-2014 ਵਿਚ ਕੀਤੇ ਹਮਲਿਆਂ ਵਿਚ 24 ਮੌਤਾਂ ਹੋਈਆਂ ਜਦ ਕਿ ਹਿਜ਼ਬਲ ਇਸ ਸਮੇਂ ਦੌਰਾਨ ਹੋਈਆਂ 11 ਮੌਤਾਂ ਲਈ ਜ਼ਿੰਮੇਵਾਰ ਹੈ। ਇਸ ਅੰਕੜਾ ਇਸ ਤੋਂ ਪਿਛਲੇ ਸਾਲ ਹੋਈਆਂ ਵਾਰਦਾਤਾਂ ਵਿਚ ਮਰਨ ਵਾਲੇ ਲੋਕਾਂ ਤੋਂ ਘੱਟ ਹੈ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਸਾਲ-2013 ਵਿਚ ਹਿਜ਼ਬੁਲ ਭਾਰਤ ਵਿਚ ਆਤਮਘਾਤੀ ਰਣਨੀਤੀ 'ਤੇ ਚੱਲਣ ਵਾਲਾ ਇਕੋ ਇਕ ਸਮੂਹ ਸੀ ਪਰ ਸਾਲ-2014 ਵਿਚ ਭਾਰਤ ਵਿਚ ਕੋਈ ਆਤਮਘਾਤੀ ਹਮਲਾ ਨਹੀਂ ਹੋਇਆ। ਦੁਨੀਆਂ 'ਚ ਪਿਛਲੇ ਸਾਲ ਅਤਿਵਾਦੀ ਕਾਰਨ 32658 ਜਾਨਾਂ ਗਈਆਂ ਜਦ ਕਿ ਸਾਲ-2013 'ਚ 18111 ਮੌਤਾਂ ਹੋਈਆਂ ਸਨ।

ਅਤਿਵਾਦ ਪੀੜਤ ਮੁਲਕਾਂ 'ਚ ਪਾਕਿਸਤਾਨ ਦਾ ਸਥਾਨ ਚੌਥਾ ਹੈ ਜਦ ਕਿ ਅਮਰੀਕਾ ਦਾ ਨੰਬਰ 35ਵਾਂ ਹੈ। 2014 ਵਿਚ ਅਤਿਵਾਦ ਕਾਰਨ ਦੁਨੀਆਂ 'ਚ ਜਿੰਨੀਆਂ ਮੌਤਾਂ ਹੋਈਆਂ, ਉਨ੍ਹਾਂ ਵਿਚੋਂ 78% ਮੌਤਾਂ ਅਫ਼ਗਾਨਿਸਤਾਨ, ਇਰਾਕ, ਨਾਇਜੀਰੀਆ, ਪਾਕਿਸਤਾਨ ਤੇ ਸੀਰੀਆ ਵਿਚ ਹੋਈਆਂ ਹਨ।

### ਆਈ.ਐਸ. ਤੇ ਬੋਕੋ ਹਰਮ ਸਭ ਤੋਂ ਖਤਰਨਾਕ ਸੰਗਠਨ



### ਕੌਣ ਹੈ ਇਸਲਾਮਿਕ ਸਟੇਟ ਦਾ ਮਦਦਗਾਰ?

**ਪੈਰਿਸ:** ਪੂਰੀ ਦੁਨੀਆਂ ਲਈ ਆਈ.ਐਸ. ਅਤਿਵਾਦੀ ਸੰਗਠਨ ਵੱਡਾ ਸਿਰਦਰਦ ਬਣ ਚੁੱਕਾ ਹੈ। ਸਵਾਲ ਇਹ ਹੈ ਕਿ ਇਹ ਸੰਗਠਨ ਇੰਨੇ ਘੱਟ ਸਮੇਂ ਵਿਚ ਕਿਵੇਂ ਮਜ਼ਬੂਤ ਹੋਇਆ। ਰੂਸ ਦੇ ਰਾਸ਼ਟਰਪਤੀ ਵਾਲਦੀਮੀਰ ਪੁਤਿਨ ਨੇ ਦਾਅਵਾ ਕੀਤਾ ਹੈ ਕਿ ਆਈ.ਐਸ ਨੂੰ 40 ਦੇਸ਼ਾਂ ਦਾ ਸਮਰਥਨ ਹਾਸਲ ਹੈ। ਆਈ.ਐਸ. ਦੀ ਮਦਦ ਕਰਨ ਵਾਲੇ ਦੇਸ਼ਾਂ ਵਿਚ ਸਭ ਤੋਂ ਉੱਪਰ ਨਾਮ ਅਮਰੀਕਾ ਦਾ ਆਉਂਦਾ ਹੈ। ਅਮਰੀਕਾ ਨੇ ਆਪਣੇ ਨਿੱਜੀ ਲਾਭ ਲਈ ਆਈ.ਐਸ. ਨੂੰ ਹਥਿਆਰ ਤੇ ਪੈਸੇ ਦਿੱਤੇ।

ਅਮਰੀਕਾ ਤੋਂ ਇਲਾਵਾ ਆਈ.ਐਸ. ਦੇ ਤਾਜ਼ੇ ਹਮਲੇ ਦਾ ਸ਼ਿਕਾਰ ਹੋਣ ਵਾਲਾ ਫਰਾਂਸ ਵੀ ਕਿਸੇ ਸਮੇਂ ਵਿਚ ਆਈ.ਐਸ. ਦਾ ਮਦਦਗਾਰ ਰਿਹਾ ਹੈ। ਇਸੇ ਤਰ੍ਹਾਂ ਬਰਤਾਨੀਆ, ਆਸਟਰੇਲੀਆ, ਮੈਕਸੀਕੋ, ਕੈਨੇਡਾ, ਇਸਰਾਈਲ, ਅਰਜਨਟੀਨਾ, ਤੁਰਕੀ, ਸਾਊਦੀ ਅਰਬ , ਕਤਰ, ਯੂਏਈ, ਕੁਵੈਤ, ਬਹਿਰੀਨ, ਟਿਊਨੇਸ਼ੀਆ, ਲਿਬੀਆ ਵਰਗੇ ਦੇਸ਼ਾਂ ਨੇ ਆਈ.ਐਸ. ਦੀ ਮਦਦ ਪੈਸਿਆਂ ਨਾਲ ਕੀਤੀ। ਜ਼ਿਕਰਯੋਗ ਹੈ ਕਿ ਅਮਰੀਕਾ ਹੁਣ ਤੱਕ ਸੀਰੀਆ ਦੇ ਰਾਸ਼ਟਰਪਤੀ ਬਸ਼ਰ-ਅਲ ਅਸਦ ਦਾ ਵਿਰੋਧ ਕਰਨ ਵਾਲੇ ਬਾਗੀਆਂ ਦੀ ਸਿੱਧੀ ਹਮਾਇਤ ਕਰਦਾ ਆਇਆ ਸੀ ਜਦੋਂ ਕਿ ਰੂਸ, ਅਸਦ ਦੀ ਪਿੱਠ ਠੋਕ ਰਿਹਾ ਸੀ। ਆਈ.ਐਸ. ਵੱਲੋਂ ਰੂਸੀ ਮੁਸਾਫਰ ਜਹਾਜ਼ ਬੰਬ ਧਮਾਕੇ ਰਾਹੀਂ ਤਬਾਹ ਕਰ ਦੇਣ, ਬੈਰੂਤ ਵਿਚ ਦੋ ਖਤਰਨਾਕ ਧਮਾਕਿਆਂ ਰਾਹੀਂ ਭਰਵਾਂ ਜਾਨੀ ਨੁਕਸਾਨ ਕਰਨ ਤੇ ਫਿਰ ਪੈਰਿਸ ਵਿਚ ਇਕੋ ਰਾਤ ਛੇ ਥਾਵਾਂ 'ਤੇ ਦਹਿਸ਼ਤੀ ਕਹਿਰ ਢਾਹੇ ਜਾਣ ਦੀਆਂ ਘਟਨਾਵਾਂ ਨੇ ਅਮਰੀਕਾ ਤੇ ਰੂਸ ਨੂੰ ਇਕ ਸਾਂਝੇ ਦੁਸ਼ਮਣ ਖਿਲਾਫ ਇਕਜੁੱਟ ਹੋਣ ਦੇ ਰਾਹ ਪਾਇਆ।

### ਭਾਰਤੀ ਨੌਜਵਾਨਾਂ ਦਾ ਇਸਲਾਮਿਕ ਸਟੇਟ ਵੱਲ ਝੁਕਾਅ

**ਨਵੀਂ ਦਿੱਲੀ:** ਇਸਲਾਮਿਕ ਸਟੇਟ ਅਤਿਵਾਦੀ ਸੰਗਠਨ ਵੱਲ ਝੁਕਾਅ ਰੱਖਦੇ ਭਾਰਤ ਦੇ ਤਕਰੀਬਨ 150 ਨੌਜਵਾਨਾਂ ਉਪਰ ਸੁਰੱਖਿਆ ਏਜੰਸੀਆਂ ਨਿਗ੍ਹਾ ਰੱਖ ਰਹੀਆਂ ਹਨ। ਏਜੰਸੀਆਂ ਵੱਲੋਂ ਤਿਆਰ ਰਿਪੋਰਟ ਅਨੁਸਾਰ 150 ਵਿਅਕਤੀ ਆਈ.ਐਸ ਵੱਲ ਝੁਕਾਅ ਰੱਖਦੇ ਹਨ ਤੇ ਉਸ ਦੀਆਂ ਸਰਗਰਮੀਆਂ ਨੂੰ ਪਸੰਦ ਕਰਦੇ ਹਨ। ਇਨ੍ਹਾਂ ਵਿਚੋਂ ਜ਼ਿਆਦਾਤਰ ਦਾ ਸਬੰਧ ਦੱਖਣੀ ਭਾਰਤ ਨਾਲ ਹੈ। ਇਨ੍ਹਾਂ ਵਿਚੋਂ ਵਧੇਰੇ ਕਾਰਕੁਨਾਂ ਨਾਲ ਆਨ ਲਾਈਨ 'ਤੇ ਨਿਰੰਤਰ ਸੰਪਰਕ ਵਿਚ ਹਨ। ਹੁਣ ਤੱਕ 23 ਭਾਰਤੀ, ਇਸਲਾਮਿਕ ਸਟੇਟ ਅਤਿਵਾਦੀਆਂ ਦੇ ਕਬਜ਼ੇ ਵਾਲੇ ਇਰਾਕ-ਸੀਰੀਆ ਖੇਤਰਾਂ ਵਿਚ ਲੜਨ ਲਈ ਜਾ ਚੁੱਕੇ ਹਨ।

## ਦਾਊਦ ਤੇ ਆਈ.ਐਸ.ਆਈ. ਦੀ ਭਾਰਤ 'ਚ ਦੰਗੇ ਭੜਕਾਉਣ ਦੀ ਸਾਜ਼ਿਸ਼

**ਨਵੀਂ ਦਿੱਲੀ:** ਗੁਜਰਾਤ ਏ.ਟੀ.ਐਸ. ਵੱਲੋਂ ਖੁਲਾਸਾ ਕੀਤਾ ਗਿਆ ਹੈ ਕਿ ਪਾਕਿਸਤਾਨ ਦੀ ਖੁਫੀਆ ਏਜੰਸੀ ਆਈ.ਐਸ.ਆਈ. ਅੰਡਰਵਰਲਡ ਸਰਗਨੇ ਦਾਊਦ ਇਬਰਾਹੀਮ ਦੇ ਸਾਥੀਆਂ ਦੀ ਮਦਦ ਨਾਲ ਭਾਰਤ ਵਿਚ ਦੰਗੇ ਭੜਕਾਉਣ ਦੀ ਕੋਸ਼ਿਸ਼ ਵਿਚ ਹੈ ਤੇ ਪਾਬੰਦੀਸ਼ੁਦਾ ਸੰਗਠਨ ਸਿਮੀ ਵੀ ਇਸ ਸਾਜ਼ਿਸ਼ ਵਿਚ ਸ਼ਾਮਲ ਹੈ। ਇਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਭਾਰਤ ਵਿਚ ਦੰਗੇ ਭੜਕਾਉਣ ਲਈ ਨਾਮਵਰ ਲੋਕਾਂ ਤੇ ਅਜਿਹੇ ਸਥਾਨਾਂ ਨੂੰ ਨਿਸ਼ਾਨਾ ਬਣਾਉਣ ਦੀ ਯੋਜਨਾ ਹੈ ਜਿਸ ਨਾਲ ਦੇਸ਼ ਵਿਚ ਫਿਰਕੂ ਦੰਗੇ ਫੈਲ ਸਕਣ।

ਇਸ ਕੰਮ ਲਈ ਦਾਊਦ ਦੇ ਸਥਾਨਕ ਲੋਕਾਂ ਦੀ ਚੋਣ ਕੀਤੀ ਜਾ ਰਹੀ ਹੈ ਤੇ ਵਿਦੇਸ਼ਾਂ ਤੋਂ ਪੈਸਾ ਭੇਜਿਆ ਜਾ ਰਿਹਾ ਹੈ। ਗੁਜਰਾਤ ਦੇ ਭਰੂਚ ਜ਼ਿਲ੍ਹੇ ਵਿਚ ਭਾਜਪਾ ਦੇ ਯੁਵਾ ਨੇਤਾ ਪ੍ਰਗਨੇਸ਼ ਮਿਸਤਰੀ ਤੇ ਆਰ.ਐਸ.ਐਸ. ਨੇਤਾ ਸ਼ਿਰੀਸ਼ ਬੰਗਾਲੀ ਦੀ ਇਸ ਮਹੀਨੇ ਦੇ ਸ਼ੁਰੂ ਵਿਚ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ ਤੇ ਪੁਲਿਸ ਨੇ ਇਨ੍ਹਾਂ ਹੱਤਿਆਵਾਂ ਲਈ ਦਾਊਦ ਦੇ ਗੁਰਗੇ ਜਾਵੇਦ ਚਿਕਨਾ ਤੇ ਸਈਅਦ ਰਹਿਮਾਨ ਨੂੰ ਗ੍ਰਿਫ਼ਤਾਰ ਕੀਤਾ ਸੀ। ਇਨ੍ਹਾਂ ਨੂੰ ਹੱਤਿਆ ਕਰਨ ਲਈ 50 ਲੱਖ ਰੁਪਏ ਦਿੱਤੇ ਗਏ ਸਨ ਤੇ ਇਨ੍ਹਾਂ ਨੇ ਹੀ ਪਾਕਿਸਤਾਨ ਦੀ ਸਾਜ਼ਿਸ਼ ਬਾਰੇ ਖੁਲਾਸਾ ਕੀਤਾ ਹੈ।

## 26/11: ਡੇਵਿਡ ਹੈਡਲੀ ਨੂੰ ਮੁਲਜ਼ਮ ਬਣਾਇਆ

**ਮੁੰਬਈ:** ਅਦਾਲਤ ਨੇ ਮੁੰਬਈ ਪੁਲਿਸ ਦੀ ਬੇਨਤੀ ਉਤੇ ਪਾਕਿਸਤਾਨੀ-ਅਮਰੀਕੀ ਦਹਿਸ਼ਤਪਸੰਦ ਡੇਵਿਡ ਹੈਡਲੀ ਨੂੰ ਮੁੰਬਈ ਹਮਲਿਆਂ ਵਾਲੇ ਕੇਸ ਵਿਚ ਮੁਲਜ਼ਮ ਬਣਾਇਆ ਗਿਆ ਹੈ। ਅਦਾਲਤ ਨੇ ਉਸ ਨੂੰ 10 ਦਸੰਬਰ ਨੂੰ ਵੀਡੀਓ ਕਾਨਫਰੰਸਿੰਗ ਰਾਹੀਂ ਪੇਸ਼ ਕਰਨ ਲਈ ਵੀ ਕਿਹਾ ਹੈ। ਹੈਡਲੀ ਅੱਜ ਕੱਲ੍ਹ ਅਮਰੀਕੀ ਜੇਲ੍ਹ ਵਿਚ ਹੈ। ਹੁਣ ਤੱਕ ਦੀ ਜਾਣਕਾਰੀ ਮੁਤਾਬਕ, 2006 ਤੋਂ 2008 ਵਿਚਕਾਰ ਡੇਵਿਡ ਹੈਡਲੀ ਪੰਜ ਵਾਰ ਭਾਰਤ ਆਇਆ ਸੀ।



ਕਿਹਾ ਜਾ ਰਿਹਾ ਹੈ ਕਿ ਉਸ ਨੇ ਨਕਸ਼ਿਆਂ ਦੀ ਪੂਰੀ ਪੁਣਛਾਣ ਕੀਤੀ, ਵੀਡਿਓਜ਼ ਵੀ ਬਣਾਈਆਂ ਤੇ ਤਾਜ ਤੇ ਓਬਰਾਏ ਹੋਟਲਾਂ ਅਤੇ ਨਾਰੀਮਨ ਹਾਊਸ ਬਾਰੇ ਮੁਕੰਮਲ ਜਾਣਕਾਰੀ ਹਾਸਲ ਕੀਤੀ ਸੀ। ਉਸ ਵੱਲੋਂ ਦਿੱਤੀ ਇਸ ਸੂਹ ਕਾਰਨ ਹੀ ਅਤਿਵਾਦੀ ਇੰਨਾ ਵੱਡਾ ਹਮਲਾ ਕਰਨ ਵਿਚ ਸਫਲ ਹੋਏ ਸਨ। ਯਾਦ ਰਹੇ ਕਿ 26 ਨਵੰਬਰ ਇਸ ਹਮਲੇ ਵਿਚ 166 ਜਾਨਾਂ ਚਲੀਆਂ ਗਈਆਂ ਸਨ।

## ਜਸਟਿਸ ਠਾਕੁਰ ਬਣੇ ਚੀਫ ਜਸਟਿਸ

**ਨਵੀਂ ਦਿੱਲੀ:** ਜਸਟਿਸ ਤੀਰਥ ਸਿੰਘ ਠਾਕੁਰ ਨੂੰ ਭਾਰਤ ਦਾ ਚੀਫ ਜਸਟਿਸ ਨਿਯੁਕਤ ਕੀਤਾ ਗਿਆ ਹੈ। ਉਹ ਤਿੰਨ ਦਸੰਬਰ ਨੂੰ ਅਹੁਦਾ ਸੰਭਾਲਣਗੇ ਅਤੇ ਤਿੰਨ ਜਨਵਰੀ 2017 ਤੱਕ ਇਸ ਅਹੁਦੇ ਉਤੇ ਰਹਿਣਗੇ। ਉਹ 17 ਨਵੰਬਰ 2007 ਨੂੰ ਸੁਪਰੀਮ ਕੋਰਟ ਦੇ ਜਸਟਿਸ ਬਣੇ ਸਨ। ਉਸ ਵਕਤ ਉਹ ਪੰਜਾਬ ਤੇ ਹਰਿਆਣਾ ਹਾਈਕੋਰਟ ਦੇ ਚੀਫ ਜਸਟਿਸ ਸਨ। ਉਹ ਜਸਟਿਸ ਐਚ.ਐਲ. ਦੱਤੂ ਦੀ ਥਾਂ ਲੈ ਰਹੇ ਹਨ।

# ਪੈਰਿਸ ਹਮਲੇ ਪਿਛੋਂ ਸ਼ਰਨਾਰਥੀਆਂ ਦਾ ਭਵਿਖ ਧੁੰਦਲਾ

**ਪੈਰਿਸ:** ਪੈਰਿਸ ਹਮਲੇ ਨਾਲ ਪੂਰੀ ਦੁਨੀਆਂ ਹਿੱਲ ਗਈ ਹੈ ਤੇ ਦੂਜੇ ਦੇਸ਼ਾਂ ਉਤੇ ਵੀ ਇਸ ਦਾ ਅਸਰ ਪੈਣਾ ਸ਼ੁਰੂ ਹੋ ਗਿਆ ਹੈ, ਪਰ ਇਸ ਹਮਲੇ ਕਾਰਨ ਉਨ੍ਹਾਂ ਸ਼ਰਨਾਰਥੀਆਂ ਦਾ ਭਵਿੱਖ ਧੁੰਦਲਾ ਹੋ ਗਿਆ ਜਿਨ੍ਹਾਂ ਨੇ ਯੂਰਪ ਵਿਚ ਸ਼ਰਨ ਲਈ ਹੋਈ ਹੈ। ਪੈਰਿਸ ਹਮਲੇ ਤੋਂ ਬਾਅਦ ਯੂਰਪ ਵਿਚ ਰਾਜਨੀਤਕ ਸੰਕਟ ਖੜ੍ਹਾ ਹੋਣ ਦਾ ਆਸਾਰ ਵੀ ਬਣ ਗਿਆ ਹੈ। ਕਿਉਂਕਿ ਹਮਲੇ ਵਿਚ ਸ਼ਾਮਲ ਕੁਝ ਦਹਿਸ਼ਤਗਰਦ ਦੇ ਸ਼ਰਨਾਰਥੀ ਦੇ ਰੂਪ ਵਿਚ ਯੂਰਪ ਵਿਚ ਪ੍ਰਵੇਸ਼ ਕਰਨ ਦਾ ਖਦਸ਼ਾ ਹੈ। ਹਮਲੇ ਤੋਂ ਬਾਅਦ ਯੂਰਪ ਦੇ ਲੋਕ ਸ਼ਰਨਾਰਥੀਆਂ ਨੂੰ ਸ਼ੱਕ ਦੀ ਨਜ਼ਰ ਨਾਲ ਦੇਖਣਗੇ। ਏਜੰਸੀਆਂ ਅਨੁਸਾਰ ਪੈਰਿਸ ਹਮਲੇ ਵਿਚ ਸ਼ਾਮਲ ਦਹਿਸ਼ਤਗਰਦਾਂ ਦੇ ਸਾਥੀ ਯੂਰਪ ਵਿਚ ਹੀ ਹਨ। ਪੋਲੈਂਡ ਦੇ ਵਿਦੇਸ਼ ਮੰਤਰੀ ਕੋਨਰਾਡ ਜ਼ੀਮਾਸਕੀ ਨੇ ਆਖਿਆ ਹੈ ਕਿ ਉਹ ਸ਼ਰਨਾਰਥੀਆਂ ਨੂੰ ਉਦੋਂ ਹੀ ਸਵੀਕਾਰ ਕਰਨਗੇ ਜਦੋਂ ਉਨ੍ਹਾਂ ਕੋਲ ਸੁਰੱਖਿਆ ਦੀ ਗਾਰੰਟੀ ਹੋਵੇਗੀ। ਫਰਾਂਸ ਦੀਆਂ ਖੁਫੀਆ ਏਜੰਸੀਆਂ ਦਾ ਕਹਿਣਾ ਹੈ ਕਿ ਹਮਲੇ ਦੀ ਸਾਜ਼ਿਸ਼ ਫਰਾਂਸ ਤੋਂ ਬਾਹਰ ਕੀਤੀ ਗਈ ਸੀ। ਸਰਬੀਆ ਅਨੁਸਾਰ ਹਮਲੇ ਵਿਚ ਸ਼ਾਮਲ ਇਕ ਦਹਿਸ਼ਤਗਰਦ ਨੇ ਸੱਤ ਅਕਤੂਬਰ ਨੂੰ ਸ਼ਰਨਾਰਥੀ ਵਜੋਂ ਉਨ੍ਹਾਂ ਦੇ ਦੇਸ਼ ਵਿਚ ਪਨਾਹ ਮੰਗੀ ਸੀ। ਸੀਰੀਆ ਵਿਚ ਹਾਲਤ ਖਰਾਬ ਹੋਣ ਕਾਰਨ ਲੱਖਾਂ ਲੋਕਾਂ ਨੇ ਸ਼ਰਨਾਰਥੀਆਂ ਵਜੋਂ ਯੂਰਪੀ ਦੇਸ਼ਾਂ ਵਿਚ ਸ਼ਰਨ ਲਈ ਹੋਈ ਹੈ।

ਪੈਰਿਸ ਵਿਚ ਹੋਏ ਅਤਿਵਾਦੀ ਹਮਲਿਆਂ ਦੇ ਮੁੱਖ ਸਾਜ਼ਿਸ਼ਘਾੜੇ ਅਬਦੁੱਲ ਹਮੀਦ ਅਬੂ ਦੀ ਲਾਸ਼ ਦੀ ਸ਼ਨਾਖਤ ਹੋ ਗਈ ਹੈ। ਪੈਰਿਸ ਦੇ ਉਪ ਨਗਰ ਸੇਂਟ ਡੈਨਿਸ ਵਿਚ ਕੀਤੀ ਗਈ ਕਾਰਵਾਈ ਦੌਰਾਨ ਜਿਹੜੇ ਅਤਿਵਾਦੀ ਮਾਰੇ ਗਏ ਸਨ, ਉਨ੍ਹਾਂ ਵਿਚੋਂ ਅਬੂ ਦੀ ਲਾਸ਼ ਦੀ ਸ਼ਨਾਖਤ ਹੋ ਗਈ। ਇਹ ਅਤਿਵਾਦੀ ਆਈ.ਐਸ. ਦਾ ਵੱਡਾ ਕਮਾਂਡਰ ਸੀ ਤੇ ਪੈਰਿਸ ਹਮਲਿਆਂ ਦਾ ਮੁੱਖ ਸਾਜ਼ਿਸ਼ਘਾੜਾ ਸੀ। ਇਸ ਦੌਰਾਨ ਫਰਾਂਸ ਦੇ ਪ੍ਰਧਾਨ ਮੰਤਰੀ ਮੈਨੂਅਲ ਵਾਲਸ ਨੇ ਚਿਤਾਵਨੀ ਦਿੱਤੀ ਹੈ ਕਿ ਫਰਾਂਸ ਨੂੰ ਨਿਸ਼ਾਨਾ ਬਣਾਉਣ ਵਾਲੇ ਅਤਿਵਾਦੀਆਂ ਦੇ ਸਹਿਯੋਗੀ ਹੁਣ ਦੇਸ਼ ਵਿਚ ਰਸਾਇਣਕ ਜਾਂ ਜੈਵਿਕ ਹਥਿਆਰਾਂ ਦੀ ਵਰਤੋਂ ਕਰ ਸਕਦੇ ਹਨ।



### ਸੀਰੀਆ ਵਿਚ ਹਜ਼ਾਰਾਂ ਬੱਚੇ ਮੌਤ ਦੇ ਮੂੰਹ ਪਏ

**ਸੰਯੁਕਤ ਰਾਸ਼ਟਰ:** ਸੀਰੀਆ ਵਿਚ ਜਾਰੀ ਹਿੰਸਾ ਤੇ ਆਪਸੀ ਸੰਘਰਸ਼ ਕਾਰਨ ਹਜ਼ਾਰਾਂ ਬੱਚਿਆਂ ਦੀ ਮੌਤ ਹੋ ਚੁੱਕੀ ਹੈ ਤੇ ਕਈ ਬੱਚੇ ਅਪਾਹਿਜ ਹੋ ਗਏ ਹਨ। ਇਹ ਖੁਲਾਸਾ ਸੰਯੁਕਤ ਰਾਸ਼ਟਰ ਦੇ ਖੇਤਰੀ ਮਨੁੱਖੀ ਅਧਿਕਾਰ ਸਮਾਜਸੇਵੀ ਕੇਵਿਨ ਕੈਨੇਡੀ ਨੇ ਕੀਤਾ। ਹਿੰਸਾ ਕਾਰਨ ਦੇਸ਼ ਦੇ ਇਕ ਤਿਹਾਈ ਸਕੂਲਾਂ ਵਿਚ ਪੜ੍ਹਾਈ ਸੰਭਵ ਹੀ ਨਹੀਂ ਹੈ ਕਿਉਂਕਿ ਬਹੁਤੇ ਸਕੂਲ ਤਬਾਹ ਹੋ ਚੁੱਕੇ ਹਨ। ਉਨ੍ਹਾਂ ਹੋਮਜ਼ ਸ਼ਹਿਰ ਵਿਚ ਖੇਡ ਰਹੇ 19 ਬੱਚਿਆਂ ਦੀ ਮਿਜ਼ਾਇਲ ਹਮਲੇ ਵਿਚ ਮਾਰੇ ਜਾਣ ਦੀ ਘਟਨਾ ਦਾ ਜ਼ਿਕਰ ਕਰਦਿਆਂ ਕਿਹਾ ਕਿ ਇਹ ਸੰਘਰਸ਼ ਬੱਚਿਆਂ ਦੀ ਪੂਰੀ ਇਕ ਪੀੜੀ ਨੂੰ ਨਿਰਾਸ਼ਾ, ਅਨਪੜ੍ਹਤਾ ਦੇ ਹਨੇਰੇ ਵਿਚ ਧੱਕ ਰਿਹਾ ਹੈ।

# ਬਾਦਲ ਸਰਕਾਰ ਨੇ ਖਡੂਰ ਸਾਹਿਬ ਜ਼ਿਮਨੀ ਚੋਣ ਦੀ ਤਿਆਰੀ ਵਿੱਢੀ

**ਅੰਮ੍ਰਿਤਸਰ:** ਖਡੂਰ ਸਾਹਿਬ ਵਿਧਾਨ ਸਭਾ ਹਲਕੇ ਤੋਂ ਕਾਂਗਰਸੀ ਵਿਧਾਇਕ ਰਮਨਜੀਤ ਸਿੱਕੀ ਵੱਲੋਂ ਅਸਤੀਫਾ ਦੇਣ ਤੋਂ ਬਾਅਦ ਅਕਾਲੀ ਦਲ ਨੇ ਜ਼ਿਮਨੀ ਚੋਣ ਦੀ ਤਿਆਰੀ ਸ਼ੁਰੂ ਕਰ ਦਿੱਤੀ ਹੈ। ਚੋਣ ਦਾ ਐਲਾਨ ਹੋਣ ਤੋਂ ਪਹਿਲਾਂ ਹੀ ਮੁੱਖ ਮੰਤਰੀ ਵੱਲੋਂ ਹਲਕੇ ਵਿਚ ਸੰਗਤ ਦਰਸ਼ਨ ਪ੍ਰੋਗਰਾਮ ਰੱਖਿਆ ਗਿਆ ਹੈ ਜਿਸ ਦੌਰਾਨ ਪਿੰਡਾਂ ਨੂੰ ਗ੍ਰਾਂਟਾਂ ਦੇ ਗੱਫੇ ਵੰਡੇ ਜਾਣਗੇ।

ਸੀਨੀਅਰ ਅਕਾਲੀ ਆਗੂ ਰਣਜੀਤ ਸਿੰਘ ਬ੍ਰਹਮਪੁਰਾ ਨੂੰ ਹਰਾ ਕੇ ਪਹਿਲੀ ਵਾਰ ਕਾਂਗਰਸ ਪਾਰਟੀ ਦੇ ਵਿਧਾਇਕ ਬਣੇ ਰਮਨਜੀਤ ਸਿੱਕੀ ਨੇ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਤੋਂ ਬਾਅਦ ਅਸਤੀਫਾ ਦਿੱਤਾ ਸੀ ਜਿਸ ਤੋਂ ਬਾਅਦ ਖਡੂਰ ਸਾਹਿਬ ਵਿਧਾਨ ਸਭਾ ਸੀਟ ਖਾਲੀ ਹੋ ਗਈ ਸੀ ਤੇ ਹੁਣ ਇਥੇ ਮੁੜ ਚੋਣ ਕਾਰਵਾਈ ਜਾਵੇਗੀ। ਸੂਬੇ ਵਿਚ ਪੈਦਾ ਹੋਏ ਮਾਹੌਲ ਤੇ ਕਾਂਗਰਸੀ ਵਿਧਾਇਕ ਵੱਲੋਂ ਦਿੱਤੇ ਅਸਤੀਫੇ ਤੋਂ ਬਾਅਦ ਇਸ ਸੀਟ ਨੂੰ ਜਿੱਤਣ ਲਈ ਦੋਹਾਂ ਪਾਰਟੀਆਂ ਵੱਲੋਂ ਅੱਡੀ ਚੋਟੀ ਦਾ ਜ਼ੋਰ ਲਗਾਇਆ ਜਾਵੇਗਾ। ਰਾਜਸੀ ਹਲਕਿਆਂ ਵਿਚ ਇਹ ਮੰਨਿਆ ਜਾਣ ਲੱਗਿਆ ਹੈ ਕਿ ਹਾਕਮ ਪਾਰਟੀ ਨੇ ਰਾਜ ਦੇ ਬਦਲੇ ਹੋਏ ਸਿਆਸੀ ਮਾਹੌਲ ਨੂੰ ਆਪਣੇ ਪੱਖ ਵਿਚ ਕਰਨ ਤੇ ਲੋਕਾਂ ਦੇ ਗੁੱਸੇ ਦਾ ਅੰਦਾਜ਼ਾ ਲਾਉਣ ਲਈ ਉਪ ਚੋਣ ਦੀ ਪ੍ਰੀਖਿਆ ਵਿਚੋਂ ਲੰਘਣ ਦਾ ਫੈਸਲਾ ਕੀਤਾ ਹੈ। ਸੂਤਰਾਂ ਦਾ ਕਹਿਣਾ ਹੈ ਕਿ ਸ੍ਰੀ ਸਿੱਕੀ ਦੇ ਅਸਤੀਫਾ ਦੇਣ ਤੋਂ ਇਕਦਮ ਬਾਅਦ ਤਾਂ ਹਾਕਮ ਪਾਰਟੀ ਉਪ ਚੋਣ ਕਰਾਉਣ ਦੇ ਪੱਖ ਵਿਚ ਨਹੀਂ ਸੀ, ਪਰ ਜਿਵੇਂ ਹੀ ਸਿਆਸੀ ਮਾਹੌਲ ਹਾਕਮ ਪਾਰਟੀ ਖਿਲਾਫ ਬਣਨ ਲੱਗਿਆ ਤੇ ਅੰਮ੍ਰਿਤਸਰ ਵਿਚ ਸਰਬੱਤ ਖਾਲਸਾ ਵੀ ਹੋ ਗਿਆ ਤਾਂ ਸ਼੍ਰੋਮਣੀ ਅਕਾਲੀ ਦਲ ਨੇ ਆਪਣੀ ਰਣਨੀਤੀ ਬਦਲ ਲਈ।



ਸੂਤਰਾਂ ਦਾ ਕਹਿਣਾ ਹੈ ਕਿ ਸਰਕਾਰ ਨੇ ਅਧਿਕਾਰੀਆਂ ਨੂੰ ਵੀ ਹਦਾਇਤਾਂ ਦਿੱਤੀਆਂ ਹਨ ਕਿ ਚੋਣ ਜ਼ਾਬਤਾ ਲੱਗਣ ਤੋਂ ਪਹਿਲਾਂ ਲੋਕਾਂ ਦੇ ਕੰਮ ਸ਼ੁਰੂ ਕਰ ਦਿੱਤੇ ਜਾਣ। ਆਮ ਆਦਮੀ ਪਾਰਟੀ (ਆਪ) ਨੇ ਇਸ ਹਲਕੇ ਦੀ ਉਪ ਚੋਣ ਸਬੰਧੀ ਹਾਲੇ ਕੋਈ ਰਣਨੀਤੀ ਅਖਤਿਆਰ ਨਹੀਂ ਕੀਤੀ ਹੈ।

ਮੁੱਖ ਮੰਤਰੀ ਵੱਲੋਂ ਕੀਤੇ ਜਾਣ ਵਾਲੇ ਸੰਗਤ ਦਰਸ਼ਨ ਨੂੰ ਜ਼ਿਮਨੀ ਚੋਣ ਜਿੱਤਣ ਦੀ ਤਿਆਰੀ ਵਜੋਂ ਵੇਖਿਆ ਜਾ ਰਿਹਾ ਹੈ। ਹਾਲਾਂਕਿ ਇਸ ਹਲਕੇ ਦੀ ਚੋਣ ਲਈ ਨਾ ਤਾਂ ਤਰੀਕ ਦਾ ਐਲਾਨ ਹੋਇਆ ਹੈ ਤੇ ਨਾ ਹੀ ਉਮੀਦਵਾਰਾਂ ਦਾ, ਪਰ ਕਿਹਾ ਜਾ ਰਿਹਾ ਹੈ ਕਿ ਅਕਾਲੀ ਦਲ ਵੱਲੋਂ ਸੰਸਦ ਮੈਂਬਰ ਰਣਜੀਤ ਸਿੰਘ ਬ੍ਰਹਮਪੁਰਾ ਦੇ ਬੇਟੇ ਰਵਿੰਦਰ ਸਿੰਘ ਨੂੰ ਮੈਦਾਨ ਵਿਚ ਉਤਾਰਿਆ ਜਾ ਸਕਦਾ ਹੈ। ਸੂਤਰਾਂ ਮੁਤਾਬਕ ਕਾਂਗਰਸ ਵੱਲੋਂ ਰਮਨਜੀਤ ਸਿੱਕੀ ਹੀ ਇਸ ਸੀਟ ਲਈ ਉਮੀਦਵਾਰ ਹੋ ਸਕਦੇ ਹਨ।

# ਏਲੀਅਨ ਲੱਭਣ ਵਾਲੇ ਨਾ ਲਭ ਸਕੇ ਆਈ ਐਸ ਦੀਆਂ ਜੜ੍ਹਾਂ

**ਸਿਆਸਤ ਦਾ ਪਿੜ**



ਜਤਿੰਦਰ ਪਨੂੰ
ਫੋਨ: 91-98140-68455

ਰਾਸ਼ਟਰਪਤੀ ਬਰਾਕ ਓਬਾਮਾ ਦੁਖੀ ਹੈ। ਪੈਰਿਸ ਦੇ ਦਹਿਸ਼ਤਗਰਦ ਕਾਂਡ ਤੋਂ ਬਾਅਦ ਜਦੋਂ ਉਹ ਜੀ-20 ਦੇਸ਼ਾਂ ਦੇ ਸਮਾਗਮ ਲਈ ਤੁਰਕੀ 'ਚ ਸੀ ਤਾਂ ਉਨ੍ਹਾਂ ਦੁੱਖ ਜ਼ਾਹਰ ਕੀਤਾ ਕਿ ਇਸਲਾਮੀ ਦੇਸ਼ਾਂ ਦੇ ਹਾਕਮ ਜਦੋਂ ਦਹਿਸ਼ਤਗਰਦ ਹਮਲਿਆਂ ਦੀ ਨਿੰਦਾ ਕਰਦੇ ਹਨ ਤਾਂ ਓਨੇ ਜੋਰ ਨਾਲ ਨਹੀਂ ਕਰਦੇ, ਜਿੰਨੇ ਨਾਲ ਕਰਨੀ ਚਾਹੀਦੀ ਹੈ। ਇਸ਼ਾਰਾ ਸੀ ਕਿ ਉਹ ਦਹਿਸ਼ਤਗਰਦ ਟੋਲਿਆਂ ਵੱਲ ਨਰਮੀ ਵਰਤਦੇ ਹਨ। ਗੱਲ ਠੀਕ ਹੈ, ਪਰ ਇਹ ਸਿਰਫ ਇਸਲਾਮੀ ਦੇਸ਼ਾਂ ਬਾਰੇ ਨਹੀਂ ਕਿਹਾ ਜਾ ਸਕਦਾ। ਜਿਹੜੇ ਦੇਸ਼ ਦਹਿਸ਼ਤਗਰਦੀ ਨਾਲ ਟੱਕਰ ਲੈਣ ਦੀਆਂ ਗੱਲਾਂ ਕਰ ਰਹੇ ਹਨ, ਉਨ੍ਹਾਂ ਦੇਸ਼ਾਂ ਦਾ ਰਿਕਾਰਡ ਵੀ ਸਾਰੇ ਸੰਸਾਰ ਨੂੰ ਪਤਾ ਹੈ। ਨਿੰਦਾ ਕਰ ਦੇਣ ਨਾਲ ਨਾ ਕਿਸੇ ਦਹਿਸ਼ਤਗਰਦ ਨੇ ਮਾਰੇ ਜਾਣਾ ਤੇ ਨਾ ਕਿਸੇ ਨੇ ਫੜਿਆ ਜਾਣਾ ਹੈ। ਸਿਰਫ ਗੱਲਾਂ ਕਰਕੇ ਬੁੱਤਾ ਸਾਰਿਆ ਜਾ ਰਿਹਾ ਹੈ ਤੇ ਅਸਲ ਕਹਾਣੀ ਲੋਕਾਂ ਤੱਕ ਪਹੁੰਚਦੀ ਹੀ ਨਹੀਂ।

ਪਹਿਲੀ ਗੱਲ ਤਾਂ ਦਹਿਸ਼ਤਗਰਦੀ ਦੀਆਂ ਵਾਰਦਾਤਾਂ ਪਿੱਛੋਂ ਉਨ੍ਹਾਂ ਨੂੰ ਲੱਭਣ ਤੇ ਫੜਨ ਦੀ ਹੈ। ਵਾਰਦਾਤ ਕਿਤੇ ਵੀ ਹੋ ਸਕਦੀ ਹੈ। ਜਦੋਂ ਤੱਕ ਕੋਈ ਬੰਦਾ ਵਾਰਦਾਤ ਨਾ ਕਰ ਦੇਵੇ, ਉਹ ਲੋਕਾਂ ਵਿਚ ਲੋਕ ਹੀ ਹੁੰਦਾ ਹੈ। ਉਸ ਦੇ ਕਾਰੇ ਤੋਂ ਬਾਅਦ ਸੁਰੱਖਿਆ ਏਜੰਸੀਆਂ ਉਸ ਦਾ ਪਿੱਛਾ ਫੁਰਤੀ ਨਾਲ ਕਰਨ ਤਾਂ ਬਹੁਤਾ ਵਕਤ ਨਹੀਂ ਲੱਗਦਾ। ਪੈਰਿਸ ਦੀ ਵਾਰਦਾਤ ਪਿੱਛੋਂ ਦੋ ਦਿਨ ਵਿਚ ਅਸਲ ਦੋਸ਼ੀ ਲੱਭ ਲਿਆ ਗਿਆ। ਉਹ ਪੁਲਿਸ ਦੇ ਹੱਥ ਆਉਣ ਦੀ ਥਾਂ ਖੁਦਕੁਸ਼ੀ ਕਰ ਗਿਆ, ਪਰ ਲੱਭ ਤਾਂ ਲਿਆ ਸੀ। ਇੰਜ ਦੀ ਫੁਰਤੀ ਹਰ ਵਾਰਦਾਤ ਪਿੱਛੋਂ ਕੀਤੀ ਜਾ ਸਕਦੀ ਹੈ ਅਤੇ ਇੰਟਰਨੈਟ ਇਸ ਵਿਚ ਸੋਚਣ ਦੀ ਹੱਦ ਤੋਂ ਵੱਧ ਮਦਦ ਦੇ ਸਕਦਾ ਹੈ।

ਇੰਟਰਨੈਟ ਦੋ-ਧਾਰੀ ਤਲਵਾਰ ਹੈ। ਇਸ ਨੂੰ ਦਹਿਸ਼ਤਗਰਦ ਵੀ ਵਰਤਦੇ ਹਨ ਤੇ ਸੁਰੱਖਿਆ ਵਾਲੇ ਵੀ ਇਸ ਦੀ ਵਰਤੋਂ ਕਰ ਸਕਦੇ ਹਨ। ਜਿੱਦਾਂ ਪੈਰਿਸ ਪਿੱਛੋਂ ਇਸ ਦੀ ਵਰਤੋਂ ਨਾਲ ਦਹਿਸ਼ਤਗਰਦਾਂ ਨੂੰ ਲੱਭਿਆ ਹੈ, ਇੱਕ ਵਾਰ ਭਾਰਤ ਵਿਚ ਵੀ ਏਦਾਂ ਕੀਤਾ ਜਾ ਚੁੱਕਾ ਹੈ। ਹੈਦਰਾਬਾਦ ਵਿਚ ਧਮਾਕੇ ਪਿੱਛੋਂ ਅਜੇ ਮ੍ਰਿਤਕ ਤੇ ਜ਼ਖਮੀ ਨਹੀਂ ਸਨ ਚੁੱਕੇ ਗਏ ਕਿ ਇੱਕ ਈਮੇਲ ਰਾਹੀਂ ਇਸ ਦੀ ਜ਼ਿੰਮੇਵਾਰੀ ਕਿਸੇ ਨੇ ਲੈ ਲਈ। ਪੁਲਿਸ ਨੇ ਪੜਤਾਲ ਕੀਤੀ ਅਤੇ ਓਸੇ ਰਾਤ ਮੁੰਬਈ ਤੋਂ ਇੱਕ ਬੰਦਾ ਫੜ ਲਿਆ, ਜਿਸ ਦੇ ਵਾਈ-ਫਾਈ ਸਿਸਟਮ ਰਾਹੀਂ ਈਮੇਲ ਭੇਜੀ ਗਈ ਸੀ। ਦੂਸਰੇ ਦਿਨ ਤੱਕ ਭੇਦ ਖੁੱਲ੍ਹਾ ਕਿ ਉਸ ਵਿਅਕਤੀ ਦੇ ਵਾਈ-ਫਾਈ ਸਿਸਟਮ ਦੀ ਰੇਂਜ ਨਾਲ ਦੇ ਘਰ ਤੱਕ ਸੀ ਤੇ ਅੱਗੋਂ ਉਸ ਘਰ ਵਿਚ ਕਿਰਾਏ ਉਤੇ ਰਹਿੰਦੇ ਇੱਕ ਨੌਜਵਾਨ ਨੇ ਇਸ ਦੀ ਵਰਤੋਂ ਕਰ ਕੇ ਈਮੇਲ ਭੇਜੀ ਸੀ, ਪਰ ਪੁਲਿਸ ਦੇ ਪੁੱਜਣ ਤੱਕ ਉਹ ਮੁੰਡਾ ਦੌੜ ਗਿਆ ਸੀ। ਇਸ ਤਰ੍ਹਾਂ ਦੀ ਫੁਰਤੀ ਵਾਲੀ ਜਾਂਚ ਸਾਰੇ ਕੇਸਾਂ ਵਿਚ ਕੀਤੀ ਜਾ ਸਕਦੀ ਹੈ।

ਅੱਜ-ਕੱਲ੍ਹ ਆਮ ਲੋਕਾਂ ਦੇ ਮੋਬਾਈਲ ਫੋਨ ਗੁੰਮ ਹੁੰਦੇ ਹਨ ਤਾਂ ਲੱਭਦੇ ਨਹੀਂ, ਪਰ ਜੇ ਕਿਸੇ ਅਹਿਮ ਵਿਅਕਤੀ ਦਾ ਗੁੰਮ ਹੋ ਜਾਵੇ ਤਾਂ ਲੱਭ ਜਾਂਦਾ ਹੈ। ਇਸ ਦਾ ਕਾਰਨ ਇਹ ਹੈ ਕਿ ਮੋਬਾਈਲ ਫੋਨ ਸੇਵਾ ਦੇਣ ਵਾਲੀ ਕੰਪਨੀ ਦੇ ਕੋਲ ਸਿਰਫ ਇਹੋ ਸੂਚਨਾ ਨਹੀਂ ਹੁੰਦੀ ਕਿ ਫਲਾਣੇ ਨੰਬਰ ਤੋਂ ਫਲਾਣੇ ਨੰਬਰ ਨਾਲ ਗੱਲ ਕੀਤੀ ਗਈ ਹੈ, ਸਗੋਂ ਇਹ ਵੇਰਵਾ ਵੀ ਹੁੰਦਾ ਹੈ ਕਿ ਫੋਨ ਕਰਨ ਤੇ ਸੁਣਨ ਵਾਲੇ ਦੋਵੇਂ ਨੰਬਰ ਫਲਾਣੇ-ਫਲਾਣੇ ਖੇਤਰ ਵਿਚ ਸਨ ਅਤੇ ਇਹ ਵੀ ਕਿ ਜਿਸ ਫੋਨ ਸੈਟ ਨਾਲ ਦੋਵਾਂ ਨੇ ਗੱਲ ਕੀਤੀ, ਉਨ੍ਹਾਂ ਉਤੇ ਬਣਾਉਣ ਵਾਲੀ ਕੰਪਨੀ ਨੇ ਆਹ ਨੰਬਰ ਲਿਖਿਆ ਸੀ। ਉਸ ਨੰਬਰ ਤੋਂ ਝੱਟ ਉਹ ਲੱਭ ਲਏ ਜਾਂਦੇ ਹਨ। ਇੰਜ ਹੀ ਈਮੇਲ ਦਾ ਸਿਸਟਮ ਹੈ। ਅਸੀਂ ਲੋਕ ਜਦੋਂ ਕਦੀ ਅਚਾਨਕ ਕਿਸੇ ਓਪਰੇ ਕੰਪਿਊਟਰ ਤੋਂ ਜਾਂ ਕਿਸੇ ਬਾਹਰ ਦੇ ਸਿਸਟਮ ਤੋਂ ਈਮੇਲ ਖੋਲ੍ਹਦੇ ਹਾਂ ਤਾਂ ਸਿਸਟਮ ਵਿਚ ਓਸੇ ਵੇਲੇ ਇੱਕ ਸੁਨੇਹਾ ਆ ਜਾਂਦਾ ਹੈ ਕਿ ਤੁਹਾਡਾ ਕੰਪਿਊਟਰ ਆਮ ਵਰਤੋਂ ਵਾਲੇ ਥਾਂ ਦੀ ਬਜਾਏ ਕਿਸੇ ਹੋਰ ਥਾਂ ਖੋਲ੍ਹਿਆ ਗਿਆ ਹੈ। ਈਮੇਲ ਦੇਣ ਵਾਲੀ ਕੰਪਨੀ ਵੀ ਮੋਬਾਈਲ ਫੋਨ ਦੀ ਕੰਪਨੀ ਵਾਂਗ ਇਹ ਵੇਰਵਾ ਰਿਕਾਰਡ ਕਰਦੀ ਹੈ ਕਿ ਫਲਾਣੀ ਈਮੇਲ ਨੂੰ ਫਲਾਣੇ ਥਾਂ ਤੋਂ ਫਲਾਣੀ ਟੈਲੀਫੋਨ ਸੇਵਾ ਦੇ ਫਲਾਣੇ ਨੰਬਰ ਦੀ ਵਰਤੋਂ ਕਰਕੇ ਖੋਲ੍ਹਿਆ ਗਿਆ ਹੈ ਤੇ ਜਿਹੜੇ ਕੰਪਿਊਟਰ ਨਾਲ ਈਮੇਲ ਖੋਲ੍ਹੀ ਹੈ, ਉਸ ਨੂੰ ਬਣਾਉਣ ਵੇਲੇ ਕੰਪਨੀ ਨੇ ਉਸ ਦਾ ਆਹ ਨੰਬਰ ਲਿਖਿਆ ਹੈ। ਏਨੇ ਵੇਰਵੇ ਮਿਲ ਜਾਣ ਦੇ ਬਾਅਦ ਉਸ ਨੂੰ ਲੱਭਣਾ ਸੁਰੱਖਿਆ ਏਜੰਸੀਆਂ ਲਈ ਬਹੁਤਾ ਔਖਾ ਨਹੀਂ ਰਹਿ ਜਾਂਦਾ।

ਵੱਡਾ ਸਵਾਲ ਇਹ ਨਹੀਂ ਕਿ ਇਨ੍ਹਾਂ ਲੋਕਾਂ ਨੂੰ ਲੱਭਣਾ ਕਿੰਨਾ ਔਖਾ ਹੈ, ਸਗੋਂ ਇਹ ਹੈ ਕਿ ਲੱਭਣ ਵਾਲਿਆਂ ਦੀ ਇਸ ਵੱਲ ਪਹੁੰਚ ਕੀ ਹੈ? ਇਸਲਾਮੀ ਦੇਸ਼ਾਂ ਦੇ ਹਾਕਮਾਂ ਬਾਰੇ ਬਰਾਕ ਓਬਾਮਾ ਕਹਿ ਰਹੇ ਹਨ ਕਿ ਦਹਿਸ਼ਤਗਰਦੀ ਦੀ ਨਿੰਦਾ ਕਰਨ ਵਿਚ ਉਹ ਸਖਤੀ ਨਹੀਂ ਵਰਤਦੇ। ਉਹ ਦੇਸ਼ ਸਖਤ ਲਫਜ਼ਾਂ ਵਿਚ ਨਿੰਦਾ ਕਰ ਦੇਣ ਤਾਂ ਇਸ ਨਾਲ ਭਲਾ ਕਿੰਨੇ ਅਤਿਵਾਦੀ ਮਾਰੇ ਜਾਣਗੇ? ਕਾਰਵਾਈ ਤਾਂ ਉਨ੍ਹਾਂ ਨੂੰ ਕਰਨੀ ਪੈਣੀ ਹੈ, ਜਿਹੜੇ ਭੁਗਤ ਰਹੇ ਹਨ। ਅਸਲ ਕਹਾਣੀ ਇਹੋ ਹੈ ਕਿ ਭੁਗਤਣ ਵਾਲੇ ਜੁਗਤਾਂ ਵੀ ਜਾਣਦੇ ਹਨ, ਪਰ ਵਰਤਣ ਵੇਲੇ ਉਨ੍ਹਾਂ ਦੀ ਪਹੁੰਚ ਦੀ ਇੱਕਸਾਰਤਾ ਕਦੇ ਨਹੀਂ ਲੱਭਦੀ। ਉਹ ਦਹਿਸ਼ਤਗਰਦੀ ਵਿਰੁਧ ਕਾਰਵਾਈ ਵਿਚ ਵੀ ਮੇਰ-ਤੇਰ ਕਰ ਜਾਂਦੇ ਹਨ।

ਮੁੰਬਈ ਵਿਚ ਬਹੁਤ ਵੱਡਾ ਦਹਿਸ਼ਤਗਰਦ ਕਾਂਡ ਹੋਇਆ ਸੀ। ਉਸ ਵਿਚ ਕੁੱਲ 166 ਲੋਕਾਂ ਦੀ ਮੌਤ ਹੋਈ ਸੀ। ਅਮਰੀਕਾ ਦੀ ਸਰਕਾਰ ਇਹ ਮੰਨਦੀ ਹੈ ਕਿ ਉਸ ਕਾਂਡ ਦੌਰਾਨ ਪਾਕਿਸਤਾਨ ਵਿਚ ਬੈਠਾ ਜ਼ਕੀ-ਉਰ-ਰਹਿਮਾਨ ਲਗਾਤਾਰ ਸਾਰੀ ਵਾਰਦਾਤ ਦੀ ਕਮਾਂਡ ਕਰਦਾ ਤੇ ਨਾਲੋ-ਨਾਲ ਦਹਿਸ਼ਤਗਰਦਾਂ ਨੂੰ ਅਗਲੇ ਕਦਮ ਲਈ ਸੇਧਾਂ ਦੇਂਦਾ ਰਿਹਾ ਸੀ। ਭਾਰਤ ਉਸ ਬੰਦੇ ਨੂੰ ਪਾਕਿਸਤਾਨ ਤੋਂ ਨਹੀਂ ਲਿਆ ਸਕਦਾ, ਪਰ ਅਮਰੀਕਾ ਲਈ ਇਹ ਕੋਈ ਵੱਡੀ ਗੱਲ ਨਹੀਂ। ਪਿਛਲੇ ਤੇਰਾਂ ਸਾਲਾਂ ਵਿਚ ਇਹੋ ਜਿਹੇ ਚਾਰ ਬੰਦੇ, ਜਿਹੜੇ ਅਮਰੀਕੀ ਏਜੰਸੀਆਂ ਨੂੰ ਲੋੜੀਂਦੇ ਸਨ, ਪਾਕਿਸਤਾਨ ਸਰਕਾਰ ਨੇ ਚੁੱਪ-ਚੁਪੀਤੇ ਉਨ੍ਹਾਂ ਦੇ ਹਵਾਲੇ ਕੀਤੇ ਸਨ। ਪਹਿਲੀ ਵਾਰੀ ਹਵਾਲਗੀ ਦਾ ਇਹ ਕੰਮ ਸਾਬਕਾ ਫੌਜੀ ਰਾਸ਼ਟਰਪਤੀ ਪਰਵੇਜ਼ ਮੁਸ਼ੱਰਫ ਦੇ ਵਕਤ ਹੋਇਆ ਸੀ। ਮੁੰਬਈ ਵਿਚ ਮਰਨ ਵਾਲਿਆਂ ਵਿਚ ਕੁਝ ਅਮਰੀਕੀ ਨਾਗਰਿਕ ਵੀ ਸਨ। ਉਨ੍ਹਾਂ ਅਮਰੀਕੀਆਂ ਦੇ ਵਾਰਸਾਂ ਨੂੰ ਵੀ ਇਨਸਾਫ ਚਾਹੀਦਾ ਹੈ। ਭਾਰਤ ਦੇ ਮ੍ਰਿਤਕਾਂ ਲਈ ਨਾ ਸਹੀ, ਬਰਾਕ ਓਬਾਮਾ ਨੇ ਦਹਿਸ਼ਤਗਰਦੀ ਦੇ ਮੁੰਬਈ ਕਾਂਡ ਵਿਚ ਮਾਰੇ ਗਏ ਅਮਰੀਕੀਆਂ ਦੇ ਪਰਿਵਾਰਾਂ ਨੂੰ ਨਿਆਂ ਦਿਵਾਉਣ ਲਈ ਵੀ ਪਾਕਿਸਤਾਨ ਤੋਂ ਜ਼ਕੀ-ਉਰ-ਰਹਿਮਾਨ ਦੀ ਹਵਾਲਗੀ ਦੀ ਮੰਗ ਕਦੇ ਨਹੀਂ ਕੀਤੀ। ਉਹ ਜਦੋਂ ਇਹ ਕਹਿੰਦਾ ਹੈ ਕਿ ਇਸਲਾਮੀ ਦੇਸ਼ਾਂ ਦੇ ਹਾਕਮ ਸਖਤ ਨਿੰਦਾ ਨਹੀਂ ਕਰਦੇ ਤਾਂ ਸਵਾਲ ਉਸ ਦੀ ਸਰਕਾਰ ਦੇ ਵਿਹਾਰ ਬਾਰੇ ਵੀ ਉਠਦੇ ਹਨ। ਹਮਲਾ ਕਰਨ ਤੋਂ ਪਹਿਲਾਂ ਮੁੰਬਈ ਆ ਕੇ ਕੱਚੇ ਕਾਗਜ਼ ਉਤੇ ਨਿਸ਼ਾਨੇ ਮਿੱਥਣ ਅਤੇ ਰਾਹਾਂ ਦੇ ਨਕਸ਼ੇ ਬਣਾਉਣ ਦਾ ਕੰਮ ਕਰਨ ਵਾਲਾ ਪਾਕਿਸਤਾਨ ਦੇ ਦਾਊਦ ਗਿਲਾਨੀ ਨਾਂ ਦੇ ਮੁਸਲਮਾਨ ਤੋਂ ਅਮਰੀਕਾ ਵਿਚ ਈਸਾਈ ਬਣ ਕੇ ਨਾਗਰਿਕਤਾ ਲੈਣ ਵਾਲਾ ਡੇਵਿਡ ਕੋਲਮੈਨ ਹੇਡਲੀ ਫੜਿਆ ਗਿਆ। ਉਸ ਦੇ ਕੇਸ ਦੀ ਸੁਣਵਾਈ ਕਰਦਾ ਜੱਜ ਇਹ ਕਹਿਣ ਨੂੰ ਮਜਬੂਰ ਹੋ ਗਿਆ ਕਿ ਸਜ਼ਾ ਤਾਂ ਤੇਰੇ ਅਪਰਾਧ ਲਈ ਸਿਰਫ ਮੌਤ ਹੋ ਸਕਦੀ ਹੈ, ਪਰ ਮੈਂ ਇਹ ਸਜ਼ਾ ਇਸ ਲਈ ਨਹੀਂ ਦੇ ਰਿਹਾ ਕਿ ਕੇਸ ਚਲਾਉਣ ਵਾਲੀ ਏਜੰਸੀ ਨੇ ਇਸ ਦੀ ਮੰਗ ਹੀ ਨਹੀਂ ਕੀਤੀ। ਬਰਾਕ ਓਬਾਮਾ ਨੂੰ ਇਹ ਗੱਲ ਸਾਫ ਕਰਨੀ ਚਾਹੀਦੀ ਹੈ ਕਿ ਏਡੇ ਵੱਡੇ ਪਾਪੀ ਬੰਦੇ ਨੂੰ ਵਾਅਦਾ-ਮੁਆਫ ਗਵਾਹ ਪ੍ਰਵਾਨ ਕਰਕੇ ਫਾਂਸੀ ਤੋਂ ਬਚਾਉਣ ਦੀ ਕੀ ਲੋੜ ਸੀ? ਮੁੰਬਈ ਵਿਚ ਮਾਰੇ ਜਾਣ ਵਾਲੇ ਅਮਰੀਕੀ ਨਾਗਰਿਕਾਂ ਦੇ ਲਈ ਉਹ ਦਹਿਸ਼ਤਗਰਦਾਂ ਤੋਂ ਵੀ ਵੱਧ ਜ਼ਿੰਮੇਵਾਰ ਸੀ, ਕਿਉਂਕਿ ਸਾਜ਼ਿਸ਼ ਸਿਰੇ ਚਾੜ੍ਹਨ ਦਾ ਮੁੱਢਲਾ ਕੰਮ ਉਸੇ ਨੇ ਕੀਤਾ ਸੀ।

ਅਸਲੀਅਤ ਇਹ ਹੈ ਕਿ ਮੌਜੂਦਾ ਇਸਲਾਮੀ ਦਹਿਸ਼ਤਗਰਦੀ ਨੂੰ ਕਿਉਂਕਿ ਸੋਵੀਅਤ ਰੂਸ ਦੇ ਵਿਰੋਧ ਲਈ ਅਮਰੀਕਾ ਅਤੇ ਉਸ ਦੇ ਸਾਥੀ ਦੇਸ਼ਾਂ ਨੇ ਖੁਦ ਹੀ ਪੈਦਾ ਕੀਤਾ ਸੀ, ਉਹ ਪੁਰਾਣੇ ਫੋਲਣੇ ਫੋਲੇ ਜਾਣ ਤੋਂ ਡਰਦੇ ਜਾਪਦੇ ਹਨ। ਡੇਵਿਡ ਹੇਡਲੀ ਨੂੰ ਵਾਅਦਾ-ਮੁਆਫੀ ਦਾ ਲਾਭ ਏਸੇ ਲਈ ਦਿੱਤਾ ਗਿਆ ਕਿ ਇਕਬਾਲੀਆ ਬਿਆਨ ਦੇਣ ਲੱਗਾ ਕਿਧਰੇ ਉਹ ਅਲਫ-ਲੈਲਾ ਦਾ ਸਾਰਾ ਪੁਰਾਣਾ ਕਿੱਸਾ ਨਾ ਸੁਣਾਉਣ ਲੱਗ ਜਾਵੇ।

ਹੁਣ ਆਈਏ ਇਸ ਤੋਂ ਵੀ ਗੰਭੀਰ ਮਾਮਲੇ ਵੱਲ। ਅਮਰੀਕਾ ਵਿਚ ਮਾਰੇ ਜਾਣ ਵਾਲੇ ਲੋਕਾਂ ਦੀਆਂ ਲਾਸ਼ਾਂ ਆਮ ਕਰਕੇ ਮੀਡੀਆ ਇਸ ਲਈ ਵਿਖਾਉਣ ਤੋਂ ਪ੍ਰਹੇਜ਼ ਕਰਦਾ ਹੈ ਕਿ ਇਸ ਤੋਂ ਮਨੁੱਖੀ ਮਾਨਸਿਕਤਾ ਨੂੰ ਬਹੁਤ ਮਾਰੂ ਸੱਟ ਵੱਜਦੀ ਹੈ। ਦਹਿਸ਼ਤਗਰਦਾਂ ਨੂੰ ਦਹਿਸ਼ਤਗਰਦ ਏਸੇ ਲਈ ਕਿਹਾ ਜਾਂਦਾ ਹੈ ਕਿ ਉਹ ਸਮਾਜ ਤੇ ਸੰਸਾਰ ਨੂੰ ਦਹਿਸ਼ਤ ਵਿਚ ਪਾਉਣਾ ਚਾਹੁੰਦੇ ਹਨ। ਏਸੇ ਲਈ ਉਹ ਹਰ ਵਾਰਦਾਤ ਦੀ ਜ਼ਿੰਮੇਵਾਰੀ ਲੈਂਦੇ ਹਨ। ਵਾਰਦਾਤ ਕਰਨ ਤੋਂ ਪਹਿਲਾਂ ਕਈ ਵਾਰੀ ਧਮਕੀ ਦੇ ਕੇ ਦਹਿਸ਼ਤ ਪਾਉਂਦੇ ਹਨ। ਹੋਰ ਸਭ ਤਾਂ ਪਾਸੇ ਰਿਹਾ, ਹੁਣ ਉਹ ਕੀਤੇ ਗਏ ਕਾਰੇ ਦੀ ਜਾਂ ਇਸ ਤੋਂ ਪਹਿਲਾਂ ਤਿਆਰੀ ਦੀ ਵੀਡੀਓ ਵੀ ਇੰਟਰਨੈਟ ਉਤੇ ਪਾਈ ਜਾਂਦੇ ਹਨ। ਰੂਸ ਦੇ ਹਵਾਈ ਜਹਾਜ਼ ਵਿਚ ਬੰਬ ਰੱਖੇ ਜਾਣ ਦੀ ਵੀਡੀਓ ਵੀ ਜਾਰੀ ਕਰ ਦਿੱਤੀ ਗਈ ਹੈ। ਇਸ ਤੋਂ ਦਹਿਸ਼ਤ ਪੈਂਦੀ ਹੈ। ਪਿਛਲੇ ਦਿਨਾਂ ਵਿਚ ਉਹ ਛੋਟੇ ਬੱਚਿਆਂ ਤੋਂ ਆਪਣੇ ਸ਼ਿਕਾਰਾਂ ਦੇ ਸਿਰਾਂ ਵਿਚ ਗੋਲੀਆਂ ਮਰਵਾਉਣ ਜਾਂ ਲਾਈਨ ਵਿਚ ਬਿਠਾਏ ਬੰਦਿਆਂ ਦੇ ਸਿਰਾਂ ਵਿਚ ਗੋਲੀ ਮਾਰ ਦੇਣ ਦੀਆਂ ਵੀਡੀਓ ਜਾਰੀ ਕਰਦੇ ਰਹੇ ਹਨ। ਪੈਰਿਸ ਦੀ ਘਟਨਾ ਪਿੱਛੋਂ ਉਨ੍ਹਾਂ ਵੀਡੀਓ ਵਿਚ ਇੱਕ ਦਹਿਸ਼ਤਗਰਦ ਨੂੰ ਕੋਈ ਬੰਦਾ ਟਰੈਕਟਰ ਪਿੱਛੇ ਪਾ ਕੇ ਘਸੀਟਦੇ ਵਿਖਾਇਆ ਹੈ। ਮਨੁੱਖੀ ਮਾਨਸਿਕਤਾ ਉਤੇ ਇਸ ਦਾ ਅਸਰ ਪੈਂਦਾ ਹੈ। ਕਿਸੇ ਵੀ ਸਰਕਾਰ ਨੇ ਇਸ ਬਾਰੇ ਬਹੁਤੀ ਗੰਭੀਰਤਾ ਨਹੀਂ ਵਿਖਾਈ। ਜਵਾਬ ਇਹ ਦਿੱਤਾ ਜਾ ਰਿਹਾ ਹੈ ਕਿ ਇਹ ਵੀਡੀਓ ਦਹਿਸ਼ਤਗਰਦਾਂ ਦੇ ਇਲਾਕੇ ਤੋਂ ਅਪ-ਲੋਡ ਕੀਤੇ ਜਾਂਦੇ ਹਨ। ਲੋਕਾਂ ਨੂੰ ਆਏ ਦਿਨ ਇਹ ਗੱਲ ਸੁਣਨ ਨੂੰ ਮਿਲਦੀ ਹੈ ਕਿ ਹੁਣ ਸਾਡੇ ਵਿਗਿਆਨੀ ਦੂਜੇ ਗ੍ਰਹਿਆਂ 'ਤੇ ਵੱਸਦੇ ਏਲੀਅਨ ਲੱਭਣ ਦੇ ਨੇੜੇ ਪਹੁੰਚ ਗਏ ਹਨ, ਪਰ ਨਿੱਤ ਦੀ ਦਹਿਸ਼ਤ ਦੇ ਅੱਡੇ ਅਜੇ ਤੱਕ ਲੱਭੇ ਨਹੀਂ ਜਾ ਸਕੇ।

ਇੰਟਰਨੈਟ ਦੀ ਕੋਈ ਸਾਈਟ ਜਦੋਂ 'ਡਬਲਿਊ ਡਬਲਿਊ ਡਬਲਿਊ' ਲਿਖ ਕੇ ਖੁੱਲ੍ਹਦੀ ਹੈ ਤਾਂ ਇਸ ਦਾ ਅਰਥ 'ਵਰਲਡ ਵਾਈਡ ਵੈਬ' ਹੁੰਦਾ ਹੈ। ਇਸ ਤਰ੍ਹਾਂ ਹਰ ਕੋਈ ਸਾਈਟ ਸਾਡੀ ਦੁਨੀਆਂ ਦੇ ਇੱਕ ਤਾਣੇ-ਬਾਣੇ 'ਐਚ ਟੀ ਟੀ ਪੀ' (ਹਾਈਪਰ ਟੈਕਸਟ ਟਰਾਂਸਫਰ ਪਰੋਟੋਕੋਲ) ਵਿਚ ਸ਼ਾਮਲ ਹੁੰਦੀ ਹੈ। ਜਦੋਂ ਇਹ ਪਤਾ ਲੱਗ ਜਾਵੇ ਕਿ ਦਹਿਸ਼ਤ ਦੀ ਵੀਡੀਓ ਜਾਂ ਧਮਕੀ ਦੀ ਈਮੇਲ ਕਰਨ ਵਾਲੇ ਅੱਡੇ ਕਿਸ ਦੇਸ਼ ਵਿਚ ਹਨ, ਓਥੋਂ ਦੀ ਸਰਕਾਰ ਦਾ ਸ਼ਿਕੰਜਾ ਕੱਸਿਆ ਜਾ ਸਕਦਾ ਹੈ ਤੇ ਜੇ ਉਹ ਦਹਿਸ਼ਤਗਰਦਾਂ ਦੇ ਕਬਜ਼ੇ ਦਾ ਖੇਤਰ ਹੋਵੇ ਤਾਂ ਉਸ ਪਾਸਿਓਂ ਸੰਸਾਰ ਨਾਲ ਸਾਂਝ ਦੀ ਤਾਰ ਕੱਟੀ ਜਾ ਸਕਦੀ ਹੈ। ਕੋਈ ਸਾਊ ਬੰਦਾ ਗਲੀ ਵਿਚ ਫਿਰਦੇ ਕਿਸੇ ਗੁੰਡੇ ਦੇ ਦਬਕਿਆਂ ਤੋਂ ਆਪਣੇ ਟੱਬਰ ਦਾ ਬਚਾਅ ਕਰਨ ਦੀ ਲੋੜ ਸਮਝੇ ਤਾਂ ਪਹਿਲਾ ਕੰਮ ਓਧਰ ਖੁੱਲ੍ਹਦਾ ਦਰਵਾਜ਼ਾ ਬੰਦ ਕਰਨ ਦਾ ਕਰਦਾ ਹੈ, ਤਾਂ ਕਿ ਇਥੋਂ ਮੁੱਢਲੀ ਦਹਿਸ਼ਤ ਰੁਕ ਜਾਵੇ ਤੇ ਅਗਲਾ ਕੋਈ ਕਦਮ ਸੋਚਿਆ ਜਾ ਸਕੇ। ਇਹ ਕੰਮ ਇਸ ਵੇਲੇ ਦਹਿਸ਼ਤ ਤੋਂ ਪ੍ਰਭਾਵਤ ਦੇਸ਼ ਵੀ ਆਪਸੀ ਸਹਿਮਤੀ ਨਾਲ ਕਰ ਸਕਦੇ ਹਨ। ਕਦੇ ਇਹੋ ਜਿਹੀ ਕੋਈ ਤਜਵੀਜ਼ ਸਾਹਮਣੇ ਨਹੀਂ ਆਈ। ਸੰਸਾਰ ਦੇ ਪ੍ਰਮੁੱਖ ਦੇਸ਼ਾਂ ਦੇ ਮੁਖੀ ਜਦੋਂ ਜੁੜਦੇ ਹਨ, ਉਹ ਦੂਸਰਿਆਂ ਦੀ ਦਾੜ੍ਹੀ 'ਚ ਤਿਨਕਾ ਦੱਸ ਕੇ ਖਿਸਕ ਜਾਂਦੇ ਹਨ।

ਦਹਿਸ਼ਤਗਰਦੀ ਵਿਰੁਧ ਜੰਗ ਵਿਚ ਹੁਣ ਪਿੱਛੇ ਮੁੜ ਕੇ ਵੇਖਣ ਦਾ ਵਕਤ ਨਹੀਂ ਰਿਹਾ। ਸਾਰੇ ਦੇਸ਼ਾਂ ਦੇ ਹਾਕਮਾਂ ਨੂੰ ਇਹ ਜੰਗ ਲੜਨੀ ਪੈਣੀ ਹੈ। ਇਹ ਸੰਸਾਰ ਦੇ ਸਾਹਮਣੇ ਦੂਸਰੀ ਸੰਸਾਰ ਜੰਗ ਵੇਲੇ ਫਾਸ਼ਿਜ਼ਮ ਵਿਰੁਧ ਮੱਥਾ ਲਾਉਣ ਦੇ ਵਕਤ ਵਾਂਗ ਮਜਬੂਰੀ ਹੈ। ਉਦੋਂ ਪੂੰਜੀਵਾਦੀ ਅਤੇ ਕਮਿਊਨਿਸਟ ਦੇਸ਼ਾਂ ਨੂੰ ਮਿੱਤਰ ਦੇਸ਼ਾਂ ਦਾ ਧੜਾ ਬਣਾਉਣਾ ਪਿਆ ਸੀ। ਇੱਕ ਦੂਸਰੇ ਉਤੇ ਇਹ ਦੋਸ਼ ਉਦੋਂ ਵੀ ਲੱਗਦੇ ਰਹੇ ਸਨ ਕਿ ਫਲਾਣਾ ਦੇਸ਼ ਹਿਟਲਰ ਦੀ ਮਦਦ ਕਰਦਾ ਰਿਹਾ ਹੈ। ਉਦੋਂ ਅਣਕਿਆਸੇ ਖਤਰੇ ਨੇ ਇਕੱਠੇ ਹੋਣ ਨੂੰ ਮਜਬੂਰ ਕਰ ਦਿੱਤਾ ਸੀ। ਹੁਣ ਵੀ ਖਤਰਾ ਏਨੇ ਅਣਕਿਆਸੇ ਪੱਧਰ ਦਾ ਹੈ ਕਿ ਉਸ ਦੇ ਨਿਸ਼ਾਨੇ ਜਾਂ ਸਮਰੱਥਾ ਦਾ ਕਿਸੇ ਨੂੰ ਵੀ ਅਸਲ ਅੰਦਾਜ਼ਾ ਨਹੀਂ। ਉਸ ਦੀ ਜੜ੍ਹ ਤੱਕ ਪਹੁੰਚਣ ਲਈ ਇੰਟਰਨੈਟ ਸਮੇਤ ਹਰ ਢੰਗ ਵਰਤਿਆ ਜਾਣਾ ਚਾਹੀਦਾ ਹੈ, ਵਰਨਾ ਤ੍ਰਹਿਕੇ ਪਏ ਲੋਕਾਂ ਦੇ ਕੰਨਾਂ ਨੂੰ ਇਹ ਰਾਗ ਮੁੜ-ਮੁੜ ਸੁਣਾਉਣ ਦੀ ਕੋਈ ਲੋੜ ਨਹੀਂ ਰਹਿ ਜਾਂਦੀ ਕਿ ਏਲੀਅਨ ਦੀ ਖੋਜ ਵੀ ਅਸੀਂ ਹੁਣ ਕਰ ਲੈਣੀ ਹੈ।


## ਤੰਦੂਰੀਏ, ਕੱਰੀ ਕੁੱਕ ਅਤੇ ਹੈਲਪਰ ਦੀ ਲੋੜ ਹੈ

ਅਟਲਾਂਟਾ, ਜਾਰਜੀਆ 'ਚ ਵਧੀਆ ਚਲਦੇ ਇੰਡੀਅਨ ਰੈਸਟੋਰੈਂਟ ਲਈ ਤਜ਼ਰਬੇਕਾਰ ਤੰਦੂਰੀਏ, ਕੱਰੀ ਕੁੱਕ ਅਤੇ ਹੈਲਪਰ ਦੀ ਲੋੜ ਹੈ।

ਚੰਗੀ ਤਨਖਾਹ, ਮੁਫਤ ਰਿਹਾਇਸ਼

ਸੰਪਰਕ ਕਰੋ: ਜਸਵੀਰ ਸਿੰਘ ਢੀਂਡਸਾ

ਫੋਨ: 757-240-9348

46-48



## Flat Rate Funding Group

Are you tired of waiting to get paid on your outstanding freight invoices? Get your $$$ now!

At Flat Rate Funding Group, we offer the lowest fixed factoring rate in the transportation industry-

***1.5%!***

Call Goldy Dhillon 734-444-9625

sales@flatratefunding.com



*We also guarantee The Best Fuel Discount $.20 off per gallon at all Flying J and Pilot stations!*

ਕੀ ਤੁਸੀਂ ਆਪਣੀਆਂ ਫਰੇਟ ਇਨਵਾਇਸਾਂ ਦੀ ਬੇਸਬਰੀ ਨਾਲ ਉਡੀਕ ਕਰ ਰਹੇ ਹੋ? ਅੱਜ ਹੀ ਲੋੜੀਂਦਾ ਪੈਸਾ ਲਓ

ਫਲੈਟ ਰੇਟ ਫੰਡਿੰਗ ਗਰੁਪ ਵਲੋਂ ਟਰਾਂਸਪੋਰਟੇਸ਼ਨ ਇੰਡਸਟਰੀ ਵਿਚ ਸਭ ਤੋਂ ਘੱਟ ਤੇ ਨਿਸ਼ਚਤ ਦਰਾਂ ਉਤੇ ਪੈਸਾ ਦਿੱਤਾ ਜਾਂਦਾ ਹੈ

ਅੱਜ ਹੀ ਸੰਪਰਕ ਕਰੋ
ਗੋਲਡੀ ਢਿੱਲੋਂ, ਫੋਨ:734-444-9625

ਪੰਜਾਬ ਟਾਈਮਜ਼

*ਸਨਿਚਰਵਾਰ, 28 ਨਵੰਬਰ 2015*

## ਪੰਜਾਬ ਦਾ ਮੁਹਾਣ

ਲੋਕਾਂ ਦੇ ਰੋਹ ਅਤੇ ਰੋਸ ਕਾਰਨ ਪਿਛਲੇ ਕੁਝ ਸਮੇਂ ਤੋਂ ਘਰਾਂ ਅੰਦਰ ਕੈਦ ਸੱਤਾਧਾਰੀ ਅਕਾਲੀ ਆਗੂਆਂ ਨੇ ਆਖਰਕਾਰ ਬਠਿੰਡਾ ਵਿਚ 'ਸਦਭਾਵਨਾ ਰੈਲੀ' ਦੇ ਨਾਂ ਹੇਠ ਵੱਡਾ ਇਕੱਠ ਕਰ ਲਿਆ। ਪੰਜਾਬ ਦੇ ਹਾਲਾਤ ਬਾਰੇ ਪਿਛਲੇ ਸਮੇਂ ਦੌਰਾਨ ਮੀਡੀਆ ਅਤੇ ਆਵਾਮ ਵਿਚ ਜਿੰਨੀ ਚਰਚਾ ਚੱਲੀ ਹੈ, ਉਸ ਦਾ ਕੇਂਦਰੀ ਨੁਕਤਾ ਇਹੀ ਬਣਦਾ ਰਿਹਾ ਹੈ ਕਿ ਅੱਜ ਪੰਜਾਬ ਦੀ ਸਿਆਸਤ ਵਿਚ ਖਲਨਾਇਕ ਵਾਲੀ ਭੂਮਿਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਹੀ ਨਿਭਾਈ ਹੈ। ਪਹਿਲਾਂ ਵੀ ਵੱਖ-ਵੱਖ ਮੌਕਿਆਂ ਉਤੇ ਸੁਖਬੀਰ ਸਿੰਘ ਬਾਦਲ ਇਸੇ ਤਰ੍ਹਾਂ ਆਪਣੀ 'ਲਿਆਕਤ' ਦਾ ਮੁਜ਼ਾਹਰਾ ਕਰ ਚੁੱਕੇ ਹਨ। ਇਹ ਹਾਲਾਤ ਦੀ ਸਿਤਮਜ਼ਰੀਫੀ ਹੀ ਮੰਨੀ ਜਾਵੇਗੀ ਕਿ ਇਸ ਸ਼ਖਸ ਦੇ ਹੱਥ ਉਸ ਜਥੇਬੰਦੀ ਦੀ ਕਮਾਨ ਹੈ, ਜਿਹੜੀ ਬਹੁਤ ਔਖੇ ਹਾਲਾਤ ਵਿਚ, ਨਾਇਕ ਦਾ ਰੁਤਬਾ ਹਾਸਲ ਕਰਦੀ ਰਹੀ ਹੈ ਅਤੇ ਪੰਥ ਤੇ ਪੰਜਾਬ ਨੂੰ ਸੰਕਟ ਵਿਚੋਂ ਕੱਢਣ ਦਾ ਜ਼ਰੀਆ ਬਣਦੀ ਰਹੀ ਹੈ। ਬਠਿੰਡਾ ਵਾਲੀ ਰੈਲੀ ਵਿਚ ਭਾਵੇਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਪਿਛਲੇ ਸਮੇਂ ਦੌਰਾਨ ਸੂਬੇ ਵਿਚ ਹੋਈ ਹਲਚਲ ਲਈ ਕਾਂਗਰਸ ਅਤੇ ਖਾਲਿਸਤਾਨ ਪੱਖੀਆਂ ਨੂੰ ਜ਼ਿੰਮੇਵਾਰ ਠਹਿਰਾਉਂਦਿਆਂ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਪੰਜਾਬ ਕਾਂਗਰਸ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਅਤੇ ਹੋਰ ਆਗੂਆਂ ਨੂੰ ਅਮਨ-ਅਮਾਨ ਰੱਖਣ ਦੀ ਅਪੀਲ ਕੀਤੀ, ਪਰ ਉਨ੍ਹਾਂ ਦੇ ਪੁੱਤਰ, ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਪਹਿਲਾਂ ਵਾਂਗ ਹੀ ਇਹ ਬਿਆਨ ਦਿੱਤਾ ਕਿ ਕਾਂਗਰਸ ਸਮੇਤ ਹੋਰ ਸਿਆਸੀ ਧਿਰਾਂ ਇਨਾ ਵੱਡਾ ਇਕੱਠ ਕਰ ਕੇ ਦਿਖਾਉਣ! ਸਿਆਸੀ ਮਾਹਿਰਾਂ ਅਤੇ ਹੋਰ ਸੰਜੀਦਾ ਸ਼ਖਸੀਅਤਾਂ ਨੇ ਭਾਵੇਂ ਸੁਖਬੀਰ ਦੇ ਇਸ ਬਿਆਨ ਨੂੰ ਬਹੁਤੀ ਅਹਿਮੀਅਤ ਨਹੀਂ ਦਿੱਤੀ, ਪਰ ਆਪਣੀ ਪਾਰਟੀ ਦੀ ਸਿਆਸਤ ਅੰਦਰ ਆਪਣੀ ਹੋਂਦ ਲਈ ਲੜ ਰਹੇ ਕੈਪਟਨ ਅਮਰਿੰਦਰ ਸਿੰਘ ਨੇ ਇਹ ਵੰਗਾਰ ਤੁਰੰਤ ਸਵੀਕਾਰ ਕਰ ਲਈ। ਹੁਕਮਰਾਨ ਧਿਰ ਦੀ ਇਸ ਰੈਲੀ ਬਾਰੇ ਮੀਡੀਆ ਵਿਚ ਵੀ ਇਹ ਚਰਚਾ ਰਤਾ ਕੁ ਉਭਾਰ ਕੇ ਕੀਤੀ ਗਈ ਕਿ ਇਹ ਰੈਲੀ ਚੋਣ ਰੈਲੀ ਵਿਚ ਵਟ ਗਈ। ਅਸਲ ਵਿਚ ਸੋਚਣ ਅਤੇ ਵਿਚਾਰਨ ਵਾਲਾ ਨੁਕਤਾ ਇਹੀ ਹੈ। ਅੱਜ ਸਿਆਸਤ ਦੇ ਪਿੜ ਦੀ ਹਰ ਚਰਚਾ ਚੋਣਾਂ ਦੇ ਆਧਾਰ 'ਤੇ ਹੀ ਕੀਤੀ ਜਾਂਦੀ ਹੈ। ਇਹ ਵੀ ਤੱਥ ਹੈ ਕਿ ਹੁਕਮਰਾਨ ਧਿਰ ਦਾ ਜਿਹੜਾ ਇੰਨਾ ਮਾੜਾ ਹਾਲ ਹੁਣ ਹੋਇਆ ਹੈ, ਉਹ 2017 ਵਿਚ ਆ ਰਹੀਆਂ ਵਿਧਾਨ ਸਭਾ ਚੋਣਾਂ ਦਾ ਬੰਨ੍ਹ-ਸੁਬ੍ਹ ਕਰਦਿਆਂ ਹੀ ਹੋਇਆ ਹੈ। ਵੋਟਾਂ ਹਾਸਲ ਕਰਨ ਖਾਤਰ ਹੀ ਤਾਂ ਅਕਾਲੀ ਦਲ ਨੇ ਡੇਰਾ ਮੁਖੀ ਨੂੰ ਅਕਾਲ ਤਖਤ ਤੋਂ ਮੁਆਫੀ ਦਿਵਾਉਣ ਵਾਲਾ ਫੈਸਲਾ ਕੀਤਾ ਸੀ ਅਤੇ ਬਾਦਲਾਂ ਦੇ ਰਾਜ ਵਿਚ ਵਾਲ-ਵਾਲ ਵਿੰਨ੍ਹੇ ਹੋਏ ਲੋਕਾਂ ਨੇ ਇਸ ਫੈਸਲੇ ਦੇ ਖਿਲਾਫ ਫਤਵਾ ਦਿੱਤਾ। ਇਸ ਤੋਂ ਬਾਅਦ ਸੁਖਬੀਰ ਐਂਡ ਪਾਰਟੀ ਨੇ ਜਿਹੜੇ ਫੈਸਲੇ ਕੀਤੇ, ਉਹ ਇਸ ਦੀਆਂ ਜੜ੍ਹਾਂ ਵਿਚ ਬੈਠ ਗਏ ਅਤੇ ਇਨ੍ਹਾਂ ਫੈਸਲਿਆਂ ਕਾਰਨ ਮਿੱਟੀ ਹੋਈ 'ਸ਼ਾਨ' ਦੀ ਬਹਾਲੀ ਲਈ ਹੁਣ ਇਨ੍ਹਾਂ ਨੂੰ ਸਦਭਾਵਨਾ ਰੈਲੀਆਂ ਕਰਨੀਆਂ ਪੈ ਰਹੀਆਂ ਹਨ।

ਪੰਜਾਬ ਦੇ ਅੱਜ ਦੇ ਹਾਲਾਤ ਬਾਰੇ ਵੱਖ-ਵੱਖ ਸਿਆਸੀ ਧਿਰਾਂ ਅਤੇ ਮੀਡੀਆ ਨੇ ਆਪੋ-ਆਪਣੇ ਢੰਗ ਨਾਲ ਟਿੱਪਣੀਆਂ ਕੀਤੀਆਂ ਹਨ। ਸਿਆਸੀ ਪਾਰਟੀਆਂ ਦਾ ਮੁੱਖ ਨਿਸ਼ਾਨਾ ਕਿਉਂਕਿ ਵਿਧਾਨ ਸਭਾ ਚੋਣਾਂ ਹਨ, ਇਸ ਲਈ ਸਿਆਸੀ ਆਗੂਆਂ ਦੇ ਬਿਆਨ ਅਤੇ ਸਰਗਰਮੀ ਇਸ ਮੁਤਾਬਕ ਹੀ ਹੋ ਰਹੀ ਹੈ। ਇਸ ਵਿਚ ਹੁਣ ਕੋਈ ਦੋ ਰਾਵਾਂ ਨਹੀਂ ਹਨ ਕਿ ਅੱਜ ਪੰਜਾਬ ਅਤੇ ਪੰਜਾਬ ਦਾ ਆਵਾਮ ਚੌਰਾਹੇ 'ਤੇ ਖੜ੍ਹਾ ਹੈ। ਵੱਖ-ਵੱਖ ਸਿਆਸੀ ਧਿਰਾਂ ਨੇ ਪੰਜਾਬ ਨੂੰ ਬੇਵਜ੍ਹਾ ਵੰਗਾਰਾਂ ਪਾਈਆਂ ਹੋਈਆਂ ਹਨ ਜੋ ਸੂਬੇ ਦੇ ਆਮ ਬੰਦੇ ਲਈ ਹੁਣ ਵਗਾਰਾਂ ਹੋ ਨਿਬੜੀਆਂ ਹਨ। ਪੰਜਾਬ ਵਿਚ ਜਦੋਂ-ਜਦੋਂ ਵੀ ਸਿਆਸੀ ਚੌਧਰੀਆਂ ਨੇ ਚੰਮ ਦੀਆਂ ਚਲਾਉਣ ਦੀ ਕੋਸ਼ਿਸ਼ ਕੀਤੀ, ਪੰਜਾਬ ਤੇ ਪੰਜਾਬ ਦਾ ਆਵਾਮ ਉਠ ਖਲੋਂਦਾ ਰਿਹਾ ਹੈ। ਪਿਛਾਂਹ ਝਾਤੀ ਮਾਰੀ ਜਾਵੇ ਤਾਂ ਪੰਜਾਬ ਦੇ ਲੋਕਾਂ ਨੇ ਪਹਿਲਾਂ ਪੀਪਲਜ਼ ਪਾਰਟੀ ਆਫ ਪੰਜਾਬ (ਪੀ.ਪੀ.ਪੀ.) ਅਤੇ ਫਿਰ ਆਮ ਆਦਮੀ ਪਾਰਟੀ (ਆਪ) ਉਤੇ ਟੇਕ ਲਾਈ। ਪੀ.ਪੀ.ਪੀ. ਨੇ ਤਾਂ ਬਹੁਤ ਛੇਤੀ ਇਤਿਹਾਸ ਵਿਚ ਆਪਣਾ ਨਾਂ ਆਪੇ ਹੀ ਦਰਜ ਕਰਵਾ ਲਿਆ। ਹੁਣ ਇਸ ਪਾਰਟੀ ਦੀ ਹੋਂਦ ਤਾਂ ਹੈ, ਪਰ ਨਾ ਹੋਇਆਂ ਵਰਗੀ। ਅਸਲ ਵਿਚ ਇਸ ਜਥੇਬੰਦੀ ਨੂੰ ਕਾਇਮ ਕਰਨ/ਕਰਵਾਉਣ ਵਾਲਾ ਆਗੂ ਮਨਪ੍ਰੀਤ ਸਿੰਘ ਬਾਦਲ ਵਕਤ ਸਿਰ ਲੋਕਾਂ ਦੀ ਨਬਜ਼ ਨਹੀਂ ਫੜ ਸਕਿਆ। ਆਮ ਆਦਮੀ ਪਾਰਟੀ ਨੂੰ ਜਿਹੜਾ ਹੁੰਗਾਰਾ ਲੋਕਾਂ ਨੇ ਭਰਿਆ ਸੀ, ਉਸ ਨੂੰ ਇਸ ਪਾਰਟੀ ਦੀ ਅੰਦਰੂਨੀ ਸਿਆਸਤ ਨੇ ਵੱਡਾ ਝਟਕਾ ਦੇ ਦਿੱਤਾ। ਇਹ ਪਾਰਟੀ ਸਿਆਸੀ ਪਿੜ ਵਿਚ ਪਿਆ ਗੰਦ ਸਾਫ ਕਰਨ ਦੇ ਹੋਕੇ ਨਾਲ ਪਿੜ ਵਿਚ ਕੁੱਦੀ ਸੀ, ਪਰ ਪਾਰਟੀ ਅੰਦਰਲੀ ਜਮਹੂਰੀਅਤ ਦੇ ਮੋਛੇ ਜਿੰਨੀ ਬੇਕਿਰਕੀ ਨਾਲ ਇਸ ਪਾਰਟੀ ਦੇ ਆਗੂਆਂ ਨੇ ਲਾਹੇ, ਉਸ ਨੇ ਰਵਾਇਤੀ ਪਾਰਟੀਆਂ ਨੂੰ ਵੀ ਪਿਛੇ ਛੱਡ ਦਿੱਤਾ। ਜ਼ਾਹਿਰ ਹੈ ਕਿ ਇਨ੍ਹਾਂ ਦੋਹਾਂ ਮੌਕਿਆਂ ਉਤੇ ਲੋਕਾਂ ਦੇ ਉਭਾਰ ਨੂੰ ਇਹ ਸਿਆਸੀ ਪਾਰਟੀਆਂ ਸੰਭਾਲ ਨਹੀਂ ਸਕੀਆਂ। ਇਸੇ ਕਰ ਕੇ ਹੀ ਹੁਣ ਬਾਦਲਾਂ ਦੀ ਸਿਆਸਤ ਖਿਲਾਫ ਜਦੋਂ ਲੋਕਾਂ ਦੇ ਰੋਹ ਦਾ ਹੜ੍ਹ ਆਇਆ ਹੈ ਤਾਂ ਲੀਡਰ ਦੀ ਅਣਹੋਂਦ ਕਰ ਕੇ ਇਹ ਰੋਹ ਵੀ ਮੱਠਾ ਪੈਂਦਾ ਜਾਪ ਰਿਹਾ ਹੈ। ਪਿਛਲੇ ਸਮੇਂ ਦੀਆਂ ਸਰਗਰਮੀਆਂ ਦੌਰਾਨ ਲੈ-ਦੇ ਕੇ ਸ਼੍ਰੋਮਣੀ ਅਕਾਲੀ ਦਲ (ਅ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਹੀ ਕੁਝ ਕੁ ਰੜਕੇ ਹਨ, ਪਰ ਤੱਥ ਇਹ ਵੀ ਹੈ ਕਿ ਹੁਣ ਤੱਕ ਉਹ ਵੀ ਲੋਕ ਰੋਹ ਨੂੰ ਕੋਈ ਦਿਸ਼ਾ ਦੇਣ ਵਿਚ ਢਿੱਲੇ ਹੀ ਸਾਬਤ ਹੋਏ ਹਨ। ਸਿਆਸਤ ਦੇ ਪਿੜ ਵਿਚ ਉਨ੍ਹਾਂ ਨੂੰ ਹੁਣ ਵਾਂਗ ਪਹਿਲਾਂ ਵੀ ਮੌਕਾ ਮਿਲਿਆ ਸੀ, ਪਰ ਉਹ ਲੋਕ ਰੋਹ ਨੂੰ ਬੁਲੰਦੀ ਤੱਕ ਅਪੜਾਉਣ ਵਿਚ ਬਹੁਤੀਆਂ ਮੱਲਾਂ ਨਹੀਂ ਮਾਰ ਸਕੇ। ਜ਼ਾਹਿਰ ਹੈ ਕਿ ਪੰਜਾਬ ਇਕ ਵਾਰ ਫਿਰ ਕਿਸੇ ਲੋਕ ਲੀਡਰ ਦੀ ਤਲਾਸ਼ ਕਰ ਰਿਹਾ ਹੈ। ਇਕ ਵਾਰ ਫਿਰ ਇਹ ਖਤਰਾ ਮੰਡਰਾ ਰਿਹਾ ਹੈ ਕਿ ਕੱਲ੍ਹ ਨੂੰ ਚੋਣਾਂ ਤੋਂ ਬਾਅਦ ਫਿਰ ਉਹੀ ਕੋਹਲੂ ਗਿੜਨ ਲੱਗ ਪੈਣਾ ਹੈ ਜਿਸ ਤੋਂ ਪਾਰ ਜਾਣ ਲਈ ਪੰਜਾਬ ਦਾ ਲੋਕ ਉਠਿਆ ਸੀ।

### ਠਾਹ-ਸੋਟਾ

-ਚਾਚਾ ਬੇਲਿਹਾਜ਼

#### *ਮਾਏ ਨੀ ਪੰਜਾਬ ਦੀਏ!*

ਲੋਕ-ਰਾਜ ਦੇ ਪਰਦਿਆਂ ਹੇਠ ਇਥੇ, ਸਿਸਟਮ ਸਾਰਾ 'ਡਿਕਟੇਟਰੀ' ਚਲਦਾ ਏ।
ਭੋਗ ਬਾਪੂ ਦਾ ਹਾਲੇ ਨਹੀਂ ਪਿਆ ਹੁੰਦਾ, ਪੁੱਤ ਪਹਿਲੋਂ ਹੀ ਗੱਦੀ ਆ ਮੱਲਦਾ ਏ।
ਢੱਠੇ ਖੂਹ ਵਿਚ ਪੈਣ ਸਭ ਲੋਕ-ਮਸਲੇ, ਫਿਕਰ ਹਾਕਮ ਨੂੰ 'ਆਪਣੇ' ਦਲ ਦਾ ਏ।
ਜਿੱਥੇ 'ਕੱਠੇ ਹੋ ਕੇ ਲੋਕ ਵਿਦਰੋਹ ਕਰਦੇ, ਖੁੱਲ੍ਹੀ ਛੁੱਟੀ ਦੇ ਪੁਲਿਸ ਨੂੰ ਘੱਲਦਾ ਏ।
ਪਹਿਲਾਂ ਜਾਨ ਲੈ ਲਵੇ ਬੇਦੋਸ਼ਿਆਂ ਦੀ, ਆਉਂਦਾ ਪਾਉਣ ਫੇ' ਲਾਸ਼ਾਂ ਦਾ ਮੁੱਲ ਮਾਏ।
ਤੇਰੀ ਗੋਦ ਸੁਲੱਖਣੀ ਦੇਖ ਸੁੰਨੀ, ਹੰਝੂ ਅੱਖਾਂ 'ਚੋਂ ਪੈਂਦੇ ਨੇ ਡੁੱਲ੍ਹ ਮਾਏ!

# ਪੰਜਾਬ ਵਿਚ ਬੇਭਰੋਸਗੀ ਦਾ ਸੰਕਟ, ਆਗੂ ਤੇ ਆਵਾਮ

*ਸੱਤਾਧਾਰੀ ਸ਼੍ਰੋਮਣੀ ਅਕਾਲੀ ਦਲ ਪਿਛਲੇ ਕੁਝ ਮਹੀਨਿਆਂ ਤੋਂ ਆਵਾਮ ਦੇ ਸਿੱਧੇ ਨਿਸ਼ਾਨੇ ਉਤੇ ਹੈ। ਸਰਕਾਰ ਦੀ ਨਾ-ਅਹਿਲੀਅਤ ਅਤੇ ਲੋਕਾਂ ਤੋਂ ਬੇਮੁਖਤਾ ਖਿਲਾਫ ਇੰਨੀ ਬੇਭਰੋਸਗੀ ਪੰਜਾਬ ਦੇ ਇਤਿਹਾਸ ਵਿਚ ਸ਼ਾਇਦ ਹੀ ਕਦੀ ਸਾਹਮਣੇ ਆਈ ਹੋਵੇ! ਇਕ ਪਾਸੇ ਸਰਕਾਰੀ ਧਿਰ ਨੂੰ ਆਪਣੀ ਗੱਲ ਕਹਿਣ ਲਈ ਕੋਈ ਮੰਚ ਤੱਕ ਨਹੀਂ ਸੀ ਮਿਲ ਰਿਹਾ; ਦੂਜੇ ਬੰਨੇ ਆਵਾਮ ਦਾ ਰੋਹ ਤੇ ਰੋਸ ਸੀ ਜਿਹੜਾ ਹਰ ਰੋਕ ਪਾਰ ਕਰ ਕੇ ਹਾਕਮ ਦੇ ਬੋਲੇ ਕੰਨਾਂ ਤੱਕ ਪੁੱਜ ਰਿਹਾ ਸੀ। ਸਾਡੇ ਕਾਲਮਨਵੀਸ ਦਲਜੀਤ ਅਮੀ ਨੇ ਇਸ ਹਾਲਾਤ ਉਤੇ ਤਬਸਰਾ ਕਰਦਿਆਂ ਹੁਕਮਰਾਨ ਧਿਰ ਦੇ ਨਾਲ-ਨਾਲ ਪੰਜਾਬ ਦੀਆਂ ਹੋਰ ਧਿਰਾਂ ਬਾਬਤ ਵੀ ਕੁਝ ਨੁਕਤੇ ਆਪਣੇ ਇਸ ਲੇਖ ਵਿਚ ਉਠਾਏ ਹਨ ਅਤੇ ਆਵਾਮ ਦੇ ਕੋਣ ਤੋਂ ਕੁਝ ਕੁ ਸਵਾਲਾਂ ਦੀ ਨਿਸ਼ਾਨਦੇਹੀ ਕੀਤੀ ਹੈ। ਇਹ ਸਵਾਲ ਸੂਬੇ ਦੀ ਸਿਆਸਤ ਦੀ ਸੰਜੀਦਗੀ ਨਾਲ ਜੁੜੇ ਹੋਏ ਹਨ। -ਸੰਪਾਦਕ*

ਪੰਜਾਬ ਵਿਚ ਹਰ ਸਿਆਸਤਦਾਨ ਦੇ ਬਿਆਨ ਸੰਜੀਦਗੀ ਤੋਂ ਬਿਨਾਂ ਮੌਜੂਦਾ ਹਾਲਾਤ ਨਾਲ ਜੁੜੇ ਹਰ ਤੱਤ ਦੀ ਨੁਮਾਇੰਦਗੀ ਕਰਦੇ ਹਨ। ਸੂਬੇ ਦੇ ਇਤਿਹਾਸ ਵਿਚ ਸ਼ਾਇਦ ਕਿਸੇ ਸਰਕਾਰ ਨੇ ਮੌਜੂਦਾ ਦੌਰ ਜਿੰਨੀ ਬੇਭਰੋਸਗੀ ਨਹੀਂ ਹੰਢਾਈ। ਨਤੀਜੇ ਵਜੋਂ ਸਰਕਾਰੀ ਜ਼ੋਰ ਨਾਲ ਇਕੱਠ ਕਰ ਕੇ ਸ਼੍ਰੋਮਣੀ ਅਕਾਲੀ ਦਲ ਆਪਣੇ ਅਕਸ ਦੀ ਤਸਵੀਰ ਪੇਸ਼ ਕਰਨ ਲੱਗਿਆ ਹੋਇਆ ਹੈ। ਸ਼ਾਇਦ ਸ਼੍ਰੋਮਣੀ ਅਕਾਲੀ ਦਲ ਦੇ ਇਤਿਹਾਸ ਵਿਚ ਇਸ ਦੀ ਕਿਸੇ ਫਾਂਟ ਨੇ ਵੀ ਭਰੋਸੇਯੋਗਤਾ ਦਾ ਮੌਜੂਦਾ ਸੰਕਟ ਨਹੀਂ ਹੰਢਾਇਆ। ਚੋਣਾਂ ਦੀ ਜਿੱਤ-ਹਾਰ ਦੇ ਬਾਵਜੂਦ ਸ਼੍ਰੋਮਣੀ ਅਕਾਲੀ



**ਦਲਜੀਤ ਅਮੀ**
ਫੋਨ: +91-97811-21873

ਦਲ ਦੇ ਆਗੂਆਂ ਨੂੰ ਲੋਕ ਸੱਥ ਵਿਚ ਜਾਣ ਵੇਲੇ ਕਦੇ ਇੰਨੀਆਂ ਸੁਰੱਖਿਆ ਪੇਸ਼ਬੰਦੀਆਂ ਨਹੀਂ ਕਰਨੀਆਂ ਪਈਆਂ।

ਮੁਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਹਰ ਸੰਕਟ ਨੂੰ ਹਰਕਿਆਈ ਦੇ ਕੇ ਆਪਣਾ ਸਿਆਸੀ ਜੀਵਨ ਪਟੜੀ ਉਤੇ ਪਾਈ ਰੱਖਿਆ ਹੈ। ਜ਼ਿਆਦਾਤਰ ਸੰਕਟਾਂ ਮੌਕੇ (1978 ਦੇ ਨਿਰੰਕਾਰੀ ਕਾਂਡ ਤੋਂ ਬਿਨਾਂ) ਉਹ ਹੁਕਮਰਾਨ ਧਿਰ ਨਹੀਂ ਸਨ ਜਿਸ ਕਾਰਨ ਜੇਲ੍ਹ ਅਤੇ ਮੋਰਚੇ ਉਨ੍ਹਾਂ ਲਈ ਵਕਤੀ ਰਾਹਤ ਦਾ ਸਬੱਬ ਬਣਦੇ ਰਹੇ ਹਨ। ਉਹ ਆਪਣੇ ਮੋਰਚਿਆਂ ਦੀ ਕਾਣ ਨੂੰ ਧਰਮ ਦੇ ਪਰਦੇ ਵਿਚ ਕੱਜਦੇ ਰਹੇ ਹਨ। ਪਹਿਲੀ ਵਾਰ ਉਹ ਸਰਕਾਰ ਅਤੇ ਸਿਆਸੀ ਧਿਰ ਵਜੋਂ ਹਰ ਮੁਹਾਜ ਉਤੇ ਫਸੇ ਹੋਏ ਹਨ। ਕੁਨਬਾਪ੍ਰਸਤੀ, ਭ੍ਰਿਸ਼ਟਾਚਾਰ, ਗੁਰਦੁਆਰਾ ਪ੍ਰਬੰਧ ਵਿਚ ਸਿਆਸੀ ਦਖ਼ਲਅੰਦਾਜ਼ੀ, ਬੇਅਦਬੀ ਦੇ ਮਾਮਲਿਆਂ ਉਤੇ ਨਾਕਸ ਇੰਤਜਾਮੀਆ ਅਤੇ ਮੂੰਹਜ਼ੋਰ ਹੋਇਆ ਸਿਆਸੀ ਕਾਰਕੁਨ ਉਨ੍ਹਾਂ ਦੀ ਬੇਵਸੀ ਦਾ ਨਕਸ਼ਾ ਨਸ਼ਰ ਕਰਦਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਗੁਰਚਰਨ ਸਿੰਘ ਟੌਹੜਾ ਅਤੇ ਜਗਦੇਵ ਸਿੰਘ ਤਲਵੰਡੀ ਦੇ ਕਮਜ਼ੋਰ ਪੈਣ ਤੋਂ ਬਾਅਦ ਪ੍ਰਕਾਸ਼ ਸਿੰਘ ਬਾਦਲ ਦੀ ਸਰਦਾਰੀ ਰਹੀ ਹੈ। ਹੁਣ ਕੋਈ ਕੱਦਾਵਰ ਵਿਰੋਧੀ ਨਾ ਹੋਣ ਦੇ ਬਾਵਜੂਦ ਪ੍ਰਕਾਸ਼ ਸਿੰਘ ਬਾਦਲ ਦੀ ਪਕੜ ਢਿੱਲੀ ਜਾਪਦੀ ਹੈ।

ਪੰਜਾਬ ਸਰਕਾਰ ਦੇ ਸਭ ਤੋਂ ਮੂੰਹਜ਼ੋਰ ਮੰਤਰੀ ਸਿਕੰਦਰ ਸਿੰਘ ਮਲੂਕਾ ਨੂੰ ਹਮੀਰਗੜ੍ਹ ਵਿਚ ਪਸ਼ੇਮਾਨੀ ਦਾ ਸਾਹਮਣਾ ਕਰਨਾ ਪਿਆ। ਨਤੀਜੇ ਵਜੋਂ ਮਲੂਕਾ ਦੇ 'ਯੂਥ ਬ੍ਰਿਗੇਡ' ਨੇ ਬਜ਼ੁਰਗ ਜਰਨੈਲ ਸਿੰਘ ਨੂੰ ਬੇਕਿਰਕੀ ਨਾਲ ਕੁੱਟਿਆ ਅਤੇ ਪੁਲਿਸ ਨੇ ਪੀੜਤ ਧਿਰ ਨੂੰ ਹੀ ਮੁਲਜ਼ਮ ਬਣਾ ਲਿਆ ਹੈ। ਸਰਕਾਰੀ ਸਰਪ੍ਰਸਤੀ ਵਿਚ ਸ਼੍ਰੋਮਣੀ ਅਕਾਲੀ ਦਲ ਦੀਆਂ ਸਦਭਾਵਨਾ ਰੈਲੀਆਂ ਦੀ ਸ਼ੁਰੂਆਤ ਧੋਖਾਧੜੀ ਦੇ ਇਲਜ਼ਾਮ ਵਿਚ ਫਸੀ ਪਰਲਜ਼ ਕੰਪਨੀ ਦੀ ਗੋਨਿਆਣਾ ਰੋਡ ਉਤੇ ਬਣਾਈ ਪਰਲਜ਼ ਇਨਕਲੇਵ, ਬਠਿੰਡੇ ਤੋਂ ਹੋਈ ਹੈ। ਆਗੂਆਂ ਦੀ ਸੁਰੱਖਿਆ ਲਈ 1500 ਪੁਲਿਸ ਮੁਲਾਜ਼ਮ, ਵਿਦਿਆਰਥੀ ਅਤੇ ਨੌਜਵਾਨ ਜਥੇਬੰਦੀਆਂ ਦੇ 10,000 ਕਾਰਕੁਨ ਤਾਇਨਾਤ ਕਰਨ ਦੀਆਂ ਖ਼ਬਰਾਂ ਅਖ਼ਬਾਰਾਂ ਵਿਚ ਛਪੀਆਂ ਹਨ। ਕਿਸੇ ਨੂੰ ਜੁੱਤੀ ਮਾਰਨ, ਕਾਲੀ ਝੰਡੀ ਲਹਿਰਾਉਣ ਅਤੇ ਕਿਸੇ ਆਗੂ ਦੇ ਥੱਪੜ ਮਾਰਨ ਤੋਂ ਰੋਕਣ ਲਈ ਪੁਲਿਸ ਦੀ ਖਾਸ ਸਿੱਖਲਾਈ ਦੇ ਦਾਅਵੇ ਮੀਡੀਆ ਵਿਚ ਨਸ਼ਰ ਹੋਏ ਹਨ। ਰੈਲੀ ਤੋਂ ਬਾਅਦ ਸੋਸ਼ਲ ਮੀਡੀਆ ਉਤੇ ਤਸਵੀਰਾਂ ਅਤੇ ਵੀਡੀਓ ਨਸ਼ਰ ਹੋਏ ਹਨ ਜਿਨ੍ਹਾਂ ਵਿਚ ਰੈਲੀ ਵਿਚ ਸ਼ਿਰਕਤ ਕਰਨ ਵਾਲੇ ਗੱਤੇ ਦੀਆਂ ਪੇਟੀਆਂ ਚੁੱਕੀ ਜਾ ਰਹੇ ਹਨ। ਜੇ ਇਨ੍ਹਾਂ ਵਿਚ ਸ਼ਰਾਬ ਹੈ ਤਾਂ ਇਹ ਤਾਂ ਪੁੱਛਣਾ ਬਣਦਾ ਹੈ ਕਿ ਇਸ ਰੈਲੀ ਤੋਂ ਸਰਕਾਰ ਨੂੰ ਕਿੰਨਾ ਸਿੱਖਿਆ ਸੈਸ ਮਿਲਿਆ ਹੈ? ਇਹ ਰੈਲੀ ਪੰਜਾਬ ਸਰਕਾਰ ਦੀ ਸਿੱਖਿਆ ਪ੍ਰਤੀ ਸੰਜੀਦਗੀ ਦਾ ਨਮੂਨਾ ਤਾਂ ਹੋ ਹੀ ਸਕਦਾ ਹੈ!

ਇਸ ਵੇਲੇ ਸੁਆਲ ਇਹ ਹੈ ਕਿ ਕੀ ਪ੍ਰਕਾਸ਼ ਸਿੰਘ ਬਾਦਲ, ਸ਼੍ਰੋਮਣੀ ਅਕਾਲੀ ਦਲ ਅਤੇ ਪੰਜਾਬ ਸਰਕਾਰ ਹੀ ਬੇਭਰੋਸਗੀ ਦਾ ਸ਼ਿਕਾਰ ਹਨ ਜਾਂ ਸਮੁੱਚਾ ਪੰਜਾਬ ਇਸੇ ਆਲਮ ਵਿਚ ਡੁੱਬਿਆ ਹੋਇਆ ਹੈ? ਸ਼੍ਰੋਮਣੀ ਅਕਾਲੀ ਦਲ ਦੇ ਬੁਲਾਰਿਆਂ ਨੇ ਸਦਭਾਵਨਾ ਰੈਲੀ ਵਿਚ ਡੇਢ ਤੋਂ ਦੋ ਲੱਖ ਤੱਕ ਲੋਕਾਂ ਦੇ ਪਹੁੰਚਣ ਦਾ ਦਾਅਵਾ ਕੀਤਾ ਹੈ। ਸਿਮਰਨਜੀਤ ਸਿੰਘ ਮਾਨ ਦਾ ਦਾਅਵਾ ਸੀ ਕਿ 10 ਨਵੰਬਰ ਨੂੰ ਚੱਬੇ ਵਿਚ ਸੱਤ ਲੱਖ ਲੋਕ ਪਹੁੰਚੇ ਸਨ। ਸ਼੍ਰੋਮਣੀ ਅਕਾਲੀ ਦਲ ਦਾ ਇਲਜ਼ਾਮ ਹੈ ਕਿ ਚੱਬੇ ਦਾ ਇੱਕਠ ਕਾਂਗਰਸ ਨੇ ਕੀਤਾ ਸੀ। ਸਿਮਰਨਜੀਤ ਸਿੰਘ ਮਾਨ ਨੇ ਵੀ ਇਹੋ ਕਿਹਾ ਹੈ ਕਿ 'ਸਰਬੱਤ ਖ਼ਾਲਸਾ' ਨੂੰ ਕਾਂਗਰਸ ਦੀ ਹਮਾਇਤ ਹਾਸਿਲ ਸੀ। ਉਂਜ ਜੇ ਕਾਂਗਰਸ ਚੱਬੇ ਜਿੰਨਾ ਇੱਕਠ ਕਰਨ ਦੀ ਹਾਲਤ ਵਿਚ ਹੁੰਦੀ ਤਾਂ ਰਾਹੁਲ ਗਾਂਧੀ ਰਾਸ਼ਟਰਪਤੀ ਕੋਲ ਨਿਆਂਇਕ ਜਾਂਚ ਲਈ ਮੰਗ ਪੱਤਰ ਲੈ ਕੇ ਨਾ ਜਾਂਦਾ ਸਗੋਂ ਪੰਜਾਬ ਵਿਚ ਤਾਕਤ ਦਾ ਮੁਜ਼ਾਹਰਾ ਕਰਦਾ। ਕਾਂਗਰਸ ਖ਼ਿਲਾਫ਼ ਮੰਗ ਪੱਤਰ ਲੈ ਕੇ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਿਚ ਵਫ਼ਦ ਰਾਸ਼ਟਰਪਤੀ ਨੂੰ ਮਿਲਿਆ ਹੈ ਕਿ ਕਾਂਗਰਸ 'ਦੇਸ਼ ਵਿਰੋਧੀ' ਪਾਰਟੀ ਹੈ ਅਤੇ ਇਸ ਦੀ ਸਿਆਸੀ ਪਾਰਟੀ ਵਜੋਂ ਮਾਨਤਾ ਰੱਦ ਹੋਣੀ ਚਾਹੀਦੀ ਹੈ। ਇਸ ਵਫ਼ਦ ਵਿਚ ਸੁਖਬੀਰ ਸਿੰਘ ਬਾਦਲ ਦੇ ਨਾਲ ਪ੍ਰੇਮ ਸਿੰਘ ਚੰਦੂਮਾਜਰਾ, ਪਰਮਿੰਦਰ ਸਿੰਘ ਢੀਂਡਸਾ, ਬਲਵਿੰਦਰ ਸਿੰਘ ਭੂੰਦੜ, ਨਰੇਸ਼ ਗੁਜਰਾਲ, ਮਨਜਿੰਦਰ ਸਿੰਘ ਸਿਰਸਾ ਅਤੇ ਮਨਜੀਤ ਸਿੰਘ ਜੀ.ਕੇ. ਸ਼ਾਮਿਲ ਸਨ। ਇਹ ਸੁਆਲ ਮੌਜੂਦਾ ਦੌਰ ਵਿਚ ਬੇਮਾਅਨਾ ਹੈ ਕਿ ਇਹ ਵਫ਼ਦ ਸਰਕਾਰੀ ਸੀ ਜਾਂ ਸਿਆਸੀ? ਇਹ ਸੁਆਲ ਦਿਲਚਸਪ ਹੋ ਸਕਦਾ ਹੈ ਕਿ ਇਸ ਵਫ਼ਦ ਵਿਚ ਪ੍ਰਕਾਸ਼ ਸਿੰਘ ਬਾਦਲ ਅਤੇ ਹਰਸਿਮਰਤ ਕੌਰ ਬਾਦਲ ਕਿਉਂ ਸ਼ਾਮਿਲ ਨਹੀਂ ਸਨ? ਇਹ ਪੱਖ ਵੀ ਘੱਟ ਦਿਲਚਸਪ ਨਹੀਂ ਹੈ ਕਿ ਇਸ ਵਾਰ ਹੁਕਮਰਾਨ ਸ਼੍ਰੋਮਣੀ ਅਕਾਲੀ ਦਲ ਪਹਿਲੀ ਵਾਰ ਪੰਥਕ ਬੋਲੀ ਦੀ ਮਾਰ ਵਿਚ ਆਇਆ ਹੈ ਅਤੇ ਕਾਂਗਰਸ ਦੀ ਰਵਾਇਤੀ ਬੋਲੀ ਬੋਲਣ ਲੱਗਿਆ ਹੈ।

'ਸਰਬੱਤ ਖ਼ਾਲਸਾ' ਉਤੇ ਟਿੱਪਣੀ ਕਰਨ ਵਾਲੇ ਜ਼ਿਆਦਾਤਰ ਵਿਦਵਾਨਾਂ ਜਾਂ ਗਵਾਹਾਂ ਦਾ ਮੰਨਣਾ ਹੈ ਕਿ ਲੋਕਾਂ ਦੇ ਜਜ਼ਬੇ ਅਤੇ ਮੰਚ ਦੀ ਹਾਜ਼ਰੀ ਵਿਚ ਕੋਈ ਮੇਲ ਨਹੀਂ ਸੀ। ਲੋਕ ਆਪਮੁਹਾਰੇ ਪੁੱਜੇ ਸਨ ਪਰ ਆਗੂ ਕੋਈ ਨਹੀਂ ਸੀ। ਸ਼੍ਰੋਮਣੀ ਅਕਾਲੀ ਦਲ ਜਾਂ ਪੰਜਾਬ ਸਰਕਾਰ ਦੀ ਸਦਭਾਵਨਾ ਰੈਲੀ ਵਿਚ ਹਾਜ਼ਰੀ ਵਧਾਉਣ ਲਈ ਕੀਤੀ ਗਈ ਸਰਕਾਰੀ ਮਸ਼ਕ ਦੀਆਂ ਖ਼ਬਰਾਂ ਕਈ ਦਿਨਾਂ ਤੋਂ ਛਪ ਰਹੀਆਂ ਸਨ। ਸਦਭਾਵਨਾ ਰੈਲੀ ਵਿਚ ਹੁਕਮਾਂ ਅਤੇ ਗਰਜ਼ਾਂ ਦੀ ਬੱਝੀ ਹਾਜ਼ਰੀ ਨੂੰ ਹੁਕਮਰਾਨ ਮੁਖ਼ਾਤਬ ਸਨ ਅਤੇ ਕੈਪਟਨ, ਬਾਜਵਾ, ਰਾਹੁਲ, ਗਾਂਧੀ ਪਰਿਵਾਰ ਅਤੇ 'ਪੰਥ ਦੋਖੀਆਂ' ਖ਼ਿਲਾਫ਼ 'ਜੰਗ' ਦਾ ਐਲਾਨ ਕਰ ਰਹੇ ਸਨ। ਇਸੇ ਦਿਨ ਸਿਮਰਨਜੀਤ ਸਿੰਘ ਮਾਨ ਨੇ ਪੰਜਾਬ ਬੰਦ ਦਾ ਸੱਦਾ ਦਿੱਤਾ ਸੀ। ਸੱਤ ਲੱਖ ਦੇ 'ਖਾਲਿਸਤਾਨੀ ਇੱਕਠ' ਦਾ ਦਾਅਵਾ ਕਰਨ ਵਾਲਾ ਸਿਮਰਨਜੀਤ ਸਿੰਘ ਮਾਨ ਪੰਜਾਬ ਬੰਦ ਦਾ ਸੱਦਾ ਦੇਣ ਵੇਲੇ ਵੀ ਖ਼ਦਸ਼ਿਆਂ ਵਿਚ ਘਿਰਿਆ ਜਾਪਦਾ ਸੀ। ਉਹ ਦੁਕਾਨਾਂ ਖੁੱਲ੍ਹੀਆਂ ਰੱਖਣੀਆਂ ਚਾਹੁੰਦਾ ਸੀ, ਸਦਭਾਵਨਾ ਰੈਲੀ ਨੂੰ ਨਾਕਾਮਯਾਬ ਕਰਨ ਦੀ ਇੱਛਾ ਤੋਂ ਬਿਨਾਂ ਉਹ ਬੱਸਾਂ ਬੰਦ ਕਰਵਾਉਣੀਆਂ ਚਾਹੁੰਦਾ ਸੀ। ਇਸ ਸੱਦੇ ਦੀ ਦਲੀਲ ਸਮੇਤ ਵਿਆਖਿਆ ਸਿਮਰਨਜੀਤ ਸਿੰਘ ਮਾਨ ਹੀ ਕਰ ਸਕਦੇ ਹਨ।

ਇਸ ਮਾਹੌਲ ਵਿਚ ਕਾਂਗਰਸ ਦੀ ਹਾਜ਼ਰੀ ਆਗੂਆਂ ਦੇ ਬਿਆਨਾਂ ਅਤੇ ਦਿੱਲੀ ਜਾਂ ਹੋਰ ਥਾਈਂ ਫੇਰੀਆਂ ਤੋਂ ਜ਼ਿਆਦਾ ਨਹੀਂ ਹੈ। ਪੰਜਾਬ ਵਿਚ ਕਾਂਗਰਸ ਦੇ ਆਗੂ ਹਾਈ ਕਮਾਂਡ ਦੀ ਹਰੀ ਝੰਡੀ ਦੀ ਉਡੀਕ ਵਿਚ ਆਪਣਾ ਸਭ ਕੁਝ ਦਾਅ ਉਤੇ ਲਗਾਈ ਬੈਠੇ ਹਨ। ਕਾਂਗਰਸ ਦੀ ਸਮੁੱਚੀ ਜਮਹੂਰੀਅਤ ਹਾਈ ਕਮਾਂਡ ਰਾਹੀਂ ਸੂਬੇ ਦੇ ਆਗੂ ਨੂੰ ਸਰਪ੍ਰਸਤੀ ਦੇਣ ਉਤੇ ਟਿਕੀ ਹੋਈ ਹੈ। ਸੂਬੇ ਦੀਆਂ ਵੱਖ-ਵੱਖ ਕਾਂਗਰਸੀ ਫਾਂਟਾਂ ਨੂੰ ਇੱਕਜੁੱਟ ਕਰਨ ਲਈ ਕਿਸੇ ਆਗੂ ਨੂੰ ਪੂਰੀ ਜ਼ਿੰਮੇਵਾਰੀ ਦੇਣ ਦੀ ਦਲੀਲ ਦਿੱਤੀ ਜਾ ਰਹੀ ਹੈ। ਕਿਸੇ ਵੀ ਹਾਲਤ ਵਿਚ ਕਾਂਗਰਸ ਕਿਸੇ ਇੱਕ ਆਗੂ ਦੀ ਅਗਵਾਈ ਪ੍ਰਵਾਨ ਕਰਨ ਵਾਲੀ ਹਾਲਤ ਵਿਚ ਨਹੀਂ ਜਾਪਦੀ। ਕਾਂਗਰਸ ਦਾ ਕੋਈ ਆਗੂ ਜਨਤਕ ਲਾਮਬੰਦੀ ਨਾਲ ਆਪਣੀ ਦਾਅਵੇਦਾਰੀ ਪੇਸ਼ ਕਰਨ ਦੀ ਹਾਲਤ ਵਿਚ ਨਹੀਂ ਹੈ। ਸਭ ਕੁਝ ਹਾਈ ਕਮਾਂਡ ਦੀ 'ਸਵੱਲੀ ਨਜ਼ਰ' ਉਤੇ ਟਿਕਿਆ ਜਾਪਦਾ ਹੈ। ਇਹ ਭਰੋਸੇਯੋਗਤਾ ਦਾ ਸੰਕਟ ਨਹੀਂ ਤਾਂ ਹੋਰ ਕੀ ਹੈ?

ਪੰਜਾਬ ਵਿਚ ਪਿਛਲੇ ਸਾਲਾਂ ਦੌਰਾਨ ਤਿੰਨ ਵਾਰ ਬਦਲਵੀਂ ਸਿਆਸਤ ਜਾਂ ਮੌਜੂਦਾ ਸਰਕਾਰ ਖ਼ਿਲਾਫ਼ ਰੋਹ ਦੀਆਂ ਲਹਿਰਾਂ ਆਈਆਂ ਹਨ। ਪੰਜਾਬ ਪੀਪਲਜ਼ ਪਾਰਟੀ ਅਤੇ ਆਮ ਆਦਮੀ ਪਾਰਟੀ ਦੀਆਂ ਲਹਿਰਾਂ ਤੋਂ ਬਾਅਦ ਬੇਅਦਬੀ ਖ਼ਿਲਾਫ਼ ਮੁਹਿੰਮ ਦਾ ਸਰਕਾਰ ਵਿਰੋਧੀ ਖ਼ਾਸਾ ਬਹੁਤ ਤਿੱਖਾ ਰਿਹਾ ਹੈ। ਇਹ ਸੁਆਲ ਪੁੱਛਣਾ ਸ਼ਾਇਦ ਕਾਹਲੀ ਹੋਵੇ ਕਿ ਕੀ ਇਨ੍ਹਾਂ ਤਿੰਨਾਂ ਲਹਿਰਾਂ ਦਾ ਹਸ਼ਰ ਇੱਕੋ ਜਿਹਾ ਹੋ ਸਕਦਾ ਹੈ? ਜਾਪਦਾ ਇਹ ਹੈ ਕਿ ਇਸ ਵੇਲੇ ਪ੍ਰਕਾਸ਼ ਸਿੰਘ ਬਾਦਲ ਆਪਣੇ ਸਿਆਸੀ ਜ਼ਿੰਦਗੀ ਦੇ ਸਭ ਤੋਂ ਔਖੇ ਦੌਰ ਵਿਚ ਨਿਕਲ ਰਹੇ ਹਨ, ਪਰ ਉਹ ਮੌਜੂਦਾ ਦੌਰ ਦੀ ਨੁਮਾਇੰਦਗੀ ਵੀ ਕਰਦੇ ਹਨ। ਦਰਅਸਲ ਇਸ ਵੇਲੇ ਪੰਜਾਬ ਸਿਆਸੀ ਬੇਭਰੋਸਗੀ ਦੇ ਦੌਰ ਵਿਚੋਂ ਨਿਕਲ ਰਿਹਾ ਹੈ। ਆਵਾਮ ਬੇਜ਼ਾਰ ਹੈ ਅਤੇ ਮੌਕੇ ਦੇ ਮੇਚ ਦਾ ਕੋਈ ਆਗੂ ਨਹੀਂ ਹੈ। ਸਹਿਮਤੀਆਂ ਸਿਰਫ਼ ਨਾਂਹਪੱਖੀ ਜਾਂ ਨਾਖ਼ੁਸ਼ਗਵਾਰ ਤੱਥਾਂ ਉਤੇ ਹੋ ਰਹੀਆਂ ਹਨ। ਸਹਿਮਤੀ ਭ੍ਰਿਸ਼ਟਾਚਾਰ ਖ਼ਿਲਾਫ਼ ਹੈ। ਸਹਿਮਤੀ ਕੁਨਬਾਪ੍ਰਸਤੀ ਖ਼ਿਲਾਫ਼ ਹੈ। ਸਹਿਮਤੀ ਗੁਰਦੁਆਰਾ ਪ੍ਰਬੰਧ ਵਿਚ ਸਿਆਸੀ ਦਖ਼ਲਅੰਦਾਜ਼ੀ ਖ਼ਿਲਾਫ਼ ਹੈ। ਸਹਿਮਤੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਖ਼ਿਲਾਫ਼ ਹੈ। ਇੱਥੇ ਤੱਕ ਨਿਸ਼ਾਨੇ ਉਤੇ ਪੰਜਾਬ ਸਰਕਾਰ, ਸ਼੍ਰੋਮਣੀ ਅਕਾਲੀ ਦਲ ਅਤੇ ਬਾਦਲ ਪਰਿਵਾਰ ਜਾਪਦਾ ਹੈ। ਦਰਅਸਲ ਸਹਿਮਤੀ ਭਰੋਸਾਹੀਣ ਆਗੂਆਂ ਖ਼ਿਲਾਫ਼ ਵੀ ਹੈ। ਇਹੋ ਸਹਿਮਤੀ ਕਿਸੇ ਮੰਚ ਤੋਂ ਬਿਆਨ ਨਹੀਂ ਹੋ ਸਕਦੀ, ਕਿਉਂਕਿ ਇਸ ਸੰਜੀਦਗੀ ਜਿੰਨੀ ਸਿਦਕਦਿਲੀ ਦਾ ਦਾਅਵਾ ਕੌਣ ਕਰੇਗਾ? ਆਪਮੁਹਾਰੇ ਰੋਹ ਨਾਲ ਹੁਕਮਰਾਨ ਦੀ ਘੇਰਾਬੰਦੀ ਤਾਂ ਹੋ ਸਕਦੀ ਹੈ ਪਰ ਇਸ ਆਪਮੁਹਾਰੇਪਣ ਨੂੰ ਆਪਹੁਦਰੇਪਣ ਵਿਚ ਤਬਦੀਲ ਹੋਣ ਤੋਂ ਰੋਕ ਕੇ ਸ਼ਾਹਅਸਵਾਰ ਹੋਣ ਵਾਲਾ ਬੰਦਾ ਜਾਂ ਬੀਬੀ ਜਾਂ ਧੜਾ ਪੰਜਾਬ ਕੋਲ ਨਹੀਂ ਹੈ। ਜੇ ਹੁਕਮਰਾਨ ਸੰਕਟ ਦਾ ਸ਼ਿਕਾਰ ਹਨ ਤਾਂ ਇਸ ਸੰਕਟ ਦੀ ਨਿਸ਼ਾਨਦੇਹੀ ਕਰਨ ਵਾਲੇ ਸਿਆਸਤਦਾਨ ਸੰਕਟ ਦੀਆਂ ਪੇਚੀਦਾ ਪਰਤਾਂ ਹਨ।

# ਪੰਜਾਬ ਵਿਚ ਸਿਆਸੀ ਤਾਨਾਸ਼ਾਹੀ

ਡੂੰਘੇ ਆਰਥਿਕ ਤੇ ਸਮਾਜੀ ਸੰਕਟ ਵਿਚ ਘਿਰੇ ਪੰਜਾਬ ਵਿਚ ਆਵਾਮੀ ਸਰੋਕਾਰ ਬੇਰੋਕ ਰੋਸ ਵਿਖਾਵਿਆਂ ਦੀ ਸ਼ਕਲ 'ਚ ਵਾਰ-ਵਾਰ ਉਭਰਦੇ ਰਹੇ ਹਨ। ਰੋਸ ਵਿਖਾਵਿਆਂ ਦੀ ਸ਼ਕਲ ਅਤੇ ਢੰਗਾਂ ਬਾਰੇ ਸਹਿਮਤੀ-ਅਸਹਿਮਤੀ ਹੋ ਸਕਦੀ ਹੈ, ਪਰ ਹੈ ਇਹ ਤਲਖ਼ ਹਕੀਕਤ ਜਿਸ ਨੂੰ ਸ਼ਾਇਦ ਸੱਤਾਧਾਰੀ ਧਿਰ ਨੂੰ ਛੱਡ ਕੇ ਕਿਸੇ ਹੋਰ ਨੂੰ ਮੰਨ ਲੈਣ 'ਚ ਕੋਈ ਮੁਸ਼ਕਿਲ ਨਹੀਂ। ਕਾਰਨ ਚਾਹੇ ਕੋਈ ਵੀ ਹੋਣ, ਇਹ ਸਰੋਕਾਰ ਅਤੇ ਮੁੱਦੇ ਐਨੇ ਮੂੰਹਜ਼ੋਰ ਹਨ ਕਿ ਸੂਬਾ ਸਰਕਾਰ ਦੀ ਸਿਆਸੀ ਸੰਗੀ ਧਿਰ ਦੇ ਤਰਜਮਾਨਾਂ ਦੇ ਮੁਖਾਰਬਿੰਦ ਵਿਚੋਂ ਵੀ ਇਹ ਸੱਚ ਕਈ ਵਾਰ ਬਾਹਰ ਆ ਚੁੱਕਾ ਹੈ। ਰੋਸ ਦਾ ਜ਼ਬਰਦਸਤ ਇਜ਼ਹਾਰ ਪਿਛੇ ਜਿਹੇ ਵਿਦੇਸ਼ੀ ਧਰਤੀ ਉਪਰ ਵੀ ਹੋਇਆ ਸੀ, ਪਰ ਸੱਤਾਧਾਰੀ ਧਿਰ ਨੇ ਉਸ ਤੋਂ ਸਬਕ ਲੈ ਕੇ ਰਾਜ ਦੇ ਦਸਤੂਰ ਨੂੰ ਬਦਲਣਾ ਜ਼ਰੂਰੀ ਨਹੀਂ ਸਮਝਿਆ। ਸੱਤਾਧਾਰੀਆਂ ਨੂੰ ਅਜੇ ਵੀ ਸ਼ਾਇਦ ਲੱਛਣਾਂ ਦੀ ਬਜਾਏ ਡੂੰਘੀ ਸਮਾਜੀ ਬੇਚੈਨੀ ਤੇ ਆਵਾਮੀ

**ਬੂਟਾ ਸਿੰਘ**
ਫੋਨ: +91-94634-74342

ਬਦਜ਼ਨੀ ਦੇ ਕਾਰਨਾਂ ਨੂੰ ਤਸਲੀਮ ਕਰਨ ਦੀ ਜ਼ਰੂਰਤ ਮਹਿਸੂਸ ਨਹੀਂ ਹੋ ਰਹੀ। ਉਹ ਅਜੇ ਵੀ ਸਮਝਦੇ ਹਨ ਕਿ ਸਿਆਸੀ ਪੈਂਤੜੇਬਾਜ਼ੀਆਂ ਅਤੇ ਸੱਤਾ ਦੀ ਤਾਕਤ ਨਾਲ ਰੋਸ ਨੂੰ ਦਬਾਇਆ ਜਾ ਸਕਦਾ ਹੈ, ਘੱਟੋ-ਘੱਟ ਖੌਲਦੇ ਰੋਹ ਉਪਰ ਠੰਢਾ ਤਾਂ ਛਿੜਕਿਆ ਹੀ ਜਾ ਸਕਦਾ ਹੈ।

ਦਰਅਸਲ, ਜ਼ਮੀਨੀ ਪੱਧਰ 'ਤੇ ਆਵਾਮ ਅਤੇ ਸੱਤਾ ਦੇ ਹਿੱਤਾਂ ਦਾ ਜੋ ਤਰਕਸੰਗਤ ਟਕਰਾਅ ਵਿਕਸਤ ਹੋ ਚੁੱਕਾ ਹੈ, ਉਸ ਦਾ ਹੱਲ ਨੀਤੀਆਂ ਵਿਚ ਬੁਨਿਆਦੀ ਬਦਲਾਓ ਅਤੇ ਇਸ ਲਈ ਲੋੜੀਂਦੀ ਸਿਆਸੀ ਇੱਛਾ ਸ਼ਕਤੀ ਬਿਨਾਂ ਸੰਭਵ ਨਹੀਂ, ਪਰ ਸੂਬੇ ਦੀ ਵਜ਼ਾਰਤ ਦੇ ਪੱਧਰ 'ਤੇ ਇਸ ਦੀ ਜੋ ਰਾਜਕੀ 'ਮੈਨੇਜਮੈਂਟ' ਹੋ ਰਹੀ ਹੈ, ਉਸ ਦੀ ਧੁੱਸ ਹਾਲਾਤ ਦੇ ਤਕਾਜ਼ਿਆਂ ਤੋਂ ਐਨ ਉਲਟ ਨਜ਼ਰ ਆ ਰਹੀ ਹੈ। ਸਰੋਕਾਰੀ ਆਵਾਜ਼ਾਂ ਪ੍ਰਤੀ ਸੱਤਾਧਾਰੀ ਧਿਰ ਦਾ ਹੁੰਗਾਰਾ ਬਹੁਤ ਹੀ ਖ਼ਤਰਨਾਕ ਰੁਝਾਨ ਦੇ ਵਧਾਰੇ-ਪਸਾਰੇ ਵੱਲ ਇਸ਼ਾਰਾ ਹੈ ਜਿਸ ਅੰਦਰ ਭਵਿੱਖ ਵਿਚ ਉਸ ਸੀਮਤ ਜਮਹੂਰੀ ਗੁੰਜਾਇਸ਼- ਜਮਹੂਰੀ ਕਦਰਾਂ-ਕੀਮਤਾਂ ਤੇ ਹੱਕ, ਲਈ ਗੰਭੀਰ ਅਰਥ-ਸੰਭਾਵਨਾਵਾਂ ਸਮੋਈਆਂ ਹੋਈਆਂ ਹਨ ਜੋ ਵਿਦੇਸ਼ੀ ਗ਼ੁਲਾਮੀ ਵਿਰੁੱਧ ਆਜ਼ਾਦੀ ਦੇ ਸੰਘਰਸ਼ ਦੇ ਵਕਤ ਤੋਂ ਲੈ ਕੇ ਮੁਲਕ ਦੇ ਆਵਾਮ ਵਲੋਂ ਲੰਮੇ ਸੰਘਰਸ਼ਾਂ ਜ਼ਰੀਏ ਹਾਸਲ ਕੀਤੀ ਗਈ ਸੀ। ਰੋਸ ਪ੍ਰਗਟਾਵੇ ਦਾ ਹੱਕ ਆਜ਼ਾਦੀ ਲਈ ਜੱਦੋਜਹਿਦ ਦਾ ਅਨਿੱਖੜ ਅੰਗ ਰਿਹਾ ਹੈ ਅਤੇ ਇਸ ਉਪਰ ਹਾਲੀਆ ਨਿਹਾਇਤ ਘਾਤਕ ਹਮਲੇ ਗੰਭੀਰ ਫ਼ਿਕਰਮੰਦੀ ਦਾ ਵਿਸ਼ਾ ਹੋਣੇ ਚਾਹੀਦੇ ਹਨ।

ਪਿਛਲੇ ਦਿਨੀਂ ਬਠਿੰਡਾ ਜ਼ਿਲ੍ਹੇ ਵਿਚ ਪੰਚਾਇਤ ਮੰਤਰੀ ਵਿਰੁੱਧ ਰੋਸ ਪ੍ਰਗਟਾਉਣ ਵਾਲੇ ਆਮ ਬੰਦੇ ਦੀ 'ਯੂਥ ਬ੍ਰਿਗੇਡ' ਵਲੋਂ ਬੇਤਹਾਸ਼ਾ ਕੁੱਟਮਾਰ ਅਤੇ ਸੱਤਾਧਾਰੀ ਧਿਰ ਦੀ ਹਾਲੀਆ 'ਸਦਭਾਵਨਾ ਰੈਲੀ' ਦੀ ਹਿਫ਼ਾਜ਼ਤ ਲਈ ਪ੍ਰਾਈਵੇਟ ਲਸ਼ਕਰਾਂ ਦੀ ਲਾਮਬੰਦੀ ਦੀਆਂ ਖ਼ਬਰਾਂ ਮਾਮੂਲੀ ਘਟਨਾ-ਵਿਕਾਸ ਨਹੀਂ ਹਨ। ਇਹ ਸੱਤਾਧਾਰੀ ਧਿਰ ਦੀ ਕਾਨੂੰਨੀ ਤਾਕਤਾਂ- ਰਾਜਤੰਤਰ, ਦੇ ਕਾਨੂੰਨੀ ਇਸਤੇਮਾਲ ਤੋਂ ਬੇਭਰੋਸਗੀ ਅਤੇ ਆਪਣੇ ਸਿਆਸੀ ਨਿਖੇੜੇ ਨੂੰ ਰੋਕਣ ਲਈ ਗ਼ੈਰਕਾਨੂੰਨੀ ਤਾਕਤਾਂ ਤੇ ਢੰਗਾਂ ਉਪਰ ਵਧ ਰਹੀ ਟੇਕ ਦੀਆਂ ਨਿਸ਼ਾਨੀਆਂ ਹਨ। ਘੋਰ ਗ਼ੈਰਜਮਹੂਰੀ ਅਤੇ ਤਾਨਾਸ਼ਾਹ ਜ਼ਿਹਨੀਅਤ ਜਮਹੂਰੀਅਤ ਦੇ ਨਾਂ ਹੇਠ ਸੱਤਾਧਾਰੀ ਹੋ ਕੇ ਵੀ ਆਪਣੀ ਮੂਲ ਫ਼ਿਤਰਤ ਨਹੀਂ ਬਦਲ ਸਕਦੀ। ਦੇਰ-ਸਵੇਰ ਇਹ ਆਪਣਾ ਰੰਗ ਦਿਖਾਉਂਦੀ ਹੈ। ਇਸ ਦਾ ਸੱਜਰਾ ਇਜ਼ਹਾਰ ਬੇਸ਼ੱਕ ਸੱਤਾਧਾਰੀ ਧਿਰ ਵਲੋਂ ਗ਼ੈਰਕਾਨੂੰਨੀ ਲੱਠਮਾਰਾਂ ਦਾ ਇਸਤੇਮਾਲ ਹੈ, ਪਰ ਅਤੀਤ ਵਿਚ ਵੀ ਇਹ 'ਪੰਥਕ' ਆਗੂਆਂ ਵਲੋਂ ਖ਼ੁਦ ਅੰਦੋਲਨਕਾਰੀ ਧੀਆਂ ਦੀਆਂ ਗੁੱਤਾਂ ਪੁੱਟਣ ਅਤੇ ਨੌਜਵਾਨਾਂ ਦੀਆਂ ਪੱਗਾਂ ਲਾਹੁਣ ਜਾਂ ਕਾਂਗਰਸੀ ਕਪਤਾਨਾਂ ਵਲੋਂ ਅਕਾਲੀਆਂ ਨੂੰ 'ਖੂੰਡੇ ਨਾਲ ਸਿੱਧੇ ਕਰਨ' ਦੇ ਐਲਾਨਾਂ ਦੀ ਸ਼ਕਲ ਵਿਚ ਵਾਰ-ਵਾਰ ਸਾਹਮਣੇ ਆਉਂਦਾ ਰਿਹਾ ਹੈ। ਇਹ ਵਕਤੀ ਸਿਆਸੀ ਮਰਜ਼ ਨਾ ਹੋ ਕੇ ਸੂਬੇ ਦੀ ਮੁੱਖਧਾਰਾ ਸਿਆਸਤ, ਖ਼ਾਸ ਕਰ ਕੇ ਇਸ ਦੀਆਂ ਦੋ ਮੁੱਖ ਪਾਰਟੀਆਂ, ਦੇ ਮੂਲ ਢਾਂਚੇ ਵਿਚ ਘਰ ਕਰ ਚੁੱਕੇ 'ਦੀਰਘ-ਰੋਗ' ਦੇ ਲੱਛਣ ਹਨ। ਇਹ ਸਿਆਸਤ ਸਮਾਜੀ-ਆਰਥਿਕ ਢਾਂਚੇ ਦੇ ਅਸਲ ਸਰੋਕਾਰਾਂ ਨੂੰ ਮੁਖ਼ਾਤਬ ਹੋਣ ਦੀ ਬਜਾਏ ਚੋਣ ਮੁਹਿੰਮਾਂ ਅਤੇ ਚੋਣ ਤਿਆਰੀਆਂ ਜਾਂ ਅਸੰਬਲੀ ਸੈਸ਼ਨਾਂ ਅੰਦਰ ਸਿਆਸੀ ਚਾਂਦਮਾਰੀ ਵਿਚ ਡੂੰਘਾ ਯਕੀਨ ਰੱਖਦੀ ਹੈ। ਮੁੱਦੇ ਇਨ੍ਹਾਂ ਲਈ ਸਰੋਕਾਰ ਨਾ ਹੋ ਕੇ ਮਹਿਜ਼ ਸੱਤਾ ਦੀ ਪੌੜੀ ਹਨ। ਸਰੋਕਾਰਾਂ ਅਤੇ ਹਕੀਕੀ ਮੁੱਦਿਆਂ ਬਾਰੇ ਇਨ੍ਹਾਂ ਸਿਆਸੀ ਪਾਰਟੀਆਂ ਦੀ ਸੁਰ ਅਤੇ ਹੁੰਗਾਰਾ ਇਸ 'ਤੇ ਮੁਨੱਸਰ ਕਰਦੇ ਹਨ ਕਿ ਹਾਸਲ ਹਾਲਾਤ ਵਿਚ ਉਹ ਸੱਤਾਧਾਰੀ ਹਨ ਜਾਂ 'ਵਿਰੋਧੀ-ਧਿਰ' ਵਿਚ।

ਇਸ ਵੰਨਗੀ ਦੀ ਸਿਆਸਤ ਵਿਚ ਚੋਣ ਮਨੋਰਥਨਾਮੇ ਦੀ ਸ਼ਨਾਖ਼ਤ ਵਾਅਦਾ-ਖ਼ਿਲਾਫ਼ੀ ਵਜੋਂ ਪ੍ਰਵਾਨਗੀ ਹਾਸਲ ਕਰ ਚੁੱਕੀ ਹੈ। ਇਸ ਵਿਚ ਆਵਾਮ ਦੀ ਹੈਸੀਅਤ ਮਹਿਜ਼ ਵੋਟ-ਪਰਚੀਆਂ ਦੀ ਹੈ ਜਿਨ੍ਹਾਂ ਦੀ ਚੋਣਾਂ ਮੌਕੇ ਅਸੀਲ ਭੇਡਾਂ ਸਮਝ ਕੇ ਉਨ ਲਾਹੁਣਾ ਅਤੇ ਫਿਰ ਉਨ੍ਹਾਂ ਨੂੰ ਡਾਂਗਾਂ ਨਾਲ ਝੰਬਣਾ ਤੇ ਜਾਬਰ ਕਾਨੂੰਨਾਂ ਨਾਲ ਜ਼ਬਾਨਬੰਦੀ ਕਰਨਾ ਸਿਆਸਤਦਾਨ ਆਪਣਾ ਜਮਾਂਦਰੂ ਹੱਕ ਸਮਝਦੇ ਹਨ। ਚੋਣ ਵਾਅਦਿਆਂ ਉਪਰ ਅਮਲਦਾਰੀ ਸਿਆਸੀ ਸੰਜੀਦਗੀ ਤੋਂ ਨਹੀਂ ਚੋਣਾਂ ਵਿਚ ਰਹਿੰਦੇ ਵਕਤ ਤੋਂ ਤੈਅ ਹੁੰਦੀ ਹੈ (ਰੁਜ਼ਗਾਰ ਤੇ ਜ਼ਿੰਦਗੀ ਦੀਆਂ ਬੁਨਿਆਦੀ ਲੋੜਾਂ ਦੀਆਂ ਵਾਜਬ ਮੰਗਾਂ ਬਾਬਤ ਗੱਲਬਾਤ ਦੀ ਮੇਜ਼ ਉਪਰ ਆਵਾਮੀ ਵਫ਼ਦਾਂ ਅੱਗੇ ਮੁੱਖ ਮੰਤਰੀ ਦਾ ਖ਼ਜ਼ਾਨਾ ਖ਼ਾਲੀ ਹੋਣ ਦਾ ਰੋਣਾ ਹੁਣ ਇਕਦਮ ਸਵਾ ਲੱਖ ਨੌਕਰੀਆਂ ਦੇ ਦਰਿਆ ਦਿਲ ਐਲਾਨ ਵਿਚ ਬਦਲ ਗਿਆ ਹੈ)। ਇਨ੍ਹਾਂ



ਹਾਲਾਤ ਵਿਚ ਚੋਣ ਗਿਣਤੀਆਂ-ਮਿਣਤੀਆਂ ਦਾ ਸਿਆਸਤ ਵਿਚ ਕੇਂਦਰੀ ਰੁਤਬਾ ਅਤੇ ਆਵਾਮੀ ਸਰੋਕਾਰਾਂ ਦਾ ਹਮੇਸ਼ਾ ਗ਼ਾਇਬ ਰਹਿਣਾ, ਜਵਾਬਦੇਹੀ ਦੀ ਥਾਂ ਲਾਰਿਆਂ ਨਾਲ ਲਬਰੇਜ਼ ਭਾਸ਼ਣਕਾਰੀ ਹੈਰਤਅੰਗੇਜ਼ ਨਹੀਂ। ਮਸਲਾ ਇਸ ਕੌੜੀ ਹਕੀਕਤ ਦੀ ਪਛਾਣਕਾਰੀ ਅਤੇ ਪ੍ਰਵਾਨਗੀ ਦਾ ਹੈ।

ਆਵਾਮ ਜਮਹੂਰੀਅਤ ਦੇ ਭਰਮ ਵਿਚ ਜ਼ਿੰਦਗੀ ਬਸਰ ਕਰਦੇ ਹਨ। ਵਾਅਦੇ ਅਤੇ ਵਾਅਦਾ-ਖ਼ਿਲਾਫ਼ੀ ਦੀ ਸਹਿਹੋਂਦ ਇਸ ਜਮਹੂਰੀਅਤ ਦੀ ਵਜੂਦ-ਸਮੋਈ ਖ਼ਾਸੀਅਤ ਹੈ। ਇਸ ਦੇ ਅੰਦਰ ਸੱਤਾਧਾਰੀ ਹੋਣ ਵਾਲੇ ਚੋਣ-ਮਨੋਰਥਨਾਮਿਆਂ ਤੋਂ ਐਨ ਉਲਟ ਨੀਤੀਆਂ ਬਣਾਉਣ ਅਤੇ ਇਨ੍ਹਾਂ ਉਪਰ ਬੇਰੋਕ-ਟੋਕ ਅਮਲਦਾਰੀ ਦੇ ਹੱਕਦਾਰ ਸਮਝੇ ਜਾਂਦੇ ਹਨ। ਰੁਜ਼ਗਾਰਹੀਣ 'ਵਿਕਾਸ' ਵਿਨਾਸ਼ ਦਾ ਦੂਜਾ ਨਾਂ ਹੈ ਜੋ ਆਵਾਮ ਦੀ ਕੀਮਤ 'ਤੇ ਧੜਾਧੜ ਕੀਤਾ ਜਾ ਰਿਹਾ ਹੈ। ਜਿਸ ਵਿਚ ਕੈਲੀਫੋਰਨੀਆ ਦੇ ਜੰਨਤ ਦੇ ਲਾਰੇ ਅਤੇ ਜ਼ਿੰਦਗੀ ਨੂੰ ਜਹੰਨਮ ਵਰਗੀ ਬਣਾਉਣ ਦਾ ਸੱਤਾਧਾਰੀ ਦਸਤੂਰ ਨਾਲੋ-ਨਾਲ ਚਲਦੇ ਹਨ ਤੇ ਚਲਦੇ ਰਹਿ ਸਕਦੇ ਹਨ। ਸੱਤਾਧਾਰੀ ਧਿਰ ਦੀ ਹਕੀਕੀ ਕਾਰਗੁਜ਼ਾਰੀ ਅਤੇ ਬਦਨੀਅਤ ਨੂੰ ਸਮਝਣ ਲਈ ਆਵਾਮ ਦੀ ਚੇਤਨਾ ਇਕ ਵਕਤ ਲੈਂਦੀ ਹੈ। ਇਹ ਵਕਤ ਹੀ ਸੱਤਾਧਾਰੀਆਂ ਲਈ ਮਨਮਾਨੀਆਂ ਦਾ ਸੁਨਹਿਰੀ ਮੌਕਾ ਹੈ।


ਮੌਜੂਦਾ ਸੱਤਾਧਾਰੀਆਂ ਨੇ ਆਵਾਮ ਦੀ ਬੇਵਸੀ ਦਾ ਪੂਰਾ ਲਾਹਾ ਲੈਂਦੇ ਹੋਏ ਮਨਮਾਨੀਆਂ ਦੀ ਕੋਈ ਕਸਰ ਨਹੀਂ ਛੱਡੀ। ਆਰਥਿਕਤਾ ਦਾ ਕੋਈ ਖੇਤਰ ਕਾਰਪੋਰੇਟ ਪੱਖੀ ਨੀਤੀਆਂ ਅਤੇ ਖ਼ਾਸ ਪਰਿਵਾਰਾਂ ਵਲੋਂ ਮਚਾਈ ਅਜਾਰੇਦਾਰਾ ਲੁੱਟਮਾਰ ਤੋਂ ਨਹੀਂ ਬਚ ਸਕਿਆ, ਪਰ ਬੇਵੱਸ ਆਵਾਮ ਦੇ ਸਬਰ ਦੀ ਵੀ ਇੰਤਹਾ ਹੈ। ਨਸ਼ਿਆਂ ਦੇ ਥੋਕ ਪਸਾਰੇ ਪਿੱਛੇ ਕੰਮ ਕਰਦੇ ਹੱਥਾਂ ਦੀ ਸ਼ਨਾਖ਼ਤ ਦੀ ਜ਼ਰੂਰਤ ਸਮੇਤ ਰੋਜ਼ਮਰਾ ਜ਼ਿੰਦਗੀ ਦੇ ਸਮੂਹ ਸਰੋਕਾਰਾਂ ਨੇ ਆਵਾਮ ਦੀ ਮਾਯੂਸੀ ਨੂੰ ਸਵਾਲਾਂ ਨਾਲ ਖੌਝਲਣ ਵੱਲ ਮੋੜਿਆ ਹੈ। ਇਹੀ ਬਦਲ ਰਹੇ ਹਾਲਾਤ ਹਨ ਜਿਨ੍ਹਾਂ ਵਿਚ ਬੇਅਦਬੀ ਕਾਂਡ ਪਿੱਛੇ 'ਵਿਦੇਸ਼ੀ ਹੱਥ' ਦਾ ਸੱਤਾਧਾਰੀ ਸ਼ੋਸ਼ਾ ਆਵਾਮ ਉਪਰ ਕੋਈ ਪ੍ਰਭਾਵ ਨਹੀਂ ਪਾ ਸਕਿਆ। ਜੇ ਸਾਢੇ ਪੰਜ ਹਜ਼ਾਰ ਤੋਂ ਉਪਰ ਕਿਸਾਨਾਂ ਮਜ਼ਦੂਰਾਂ ਦੀਆਂ ਖ਼ੁਦਕੁਸ਼ੀਆਂ ਨਾਲ ਸੱਤਾਧਾਰੀਆਂ ਦੀ ਕੁੰਭਕਰਨੀ ਨੀਂਦ ਨਹੀਂ ਖੁੱਲ੍ਹੀ, ਫਿਰ ਉਨ੍ਹਾਂ ਦੀਆਂ ਅੱਖਾਂ ਤਾਂ ਇਕ ਦਿਨ ਖੁੱਲ੍ਹਣੀਆਂ ਹੀ ਸਨ ਜਿਨ੍ਹਾਂ ਦੀ ਮੂਲ ਫ਼ਿਤਰਤ ਖ਼ੁਦਕੁਸ਼ੀ ਕਰਨਾ ਅਤੇ ਜ਼ਿੰਦਗੀ ਨੂੰ ਪਿੱਠ ਦਿਖਾਉਣਾ ਨਹੀਂ ਸਗੋਂ ਮੁਸ਼ੱਕਤ ਕਰ ਕੇ ਸਨਮਾਨ ਵਾਲੀ ਜ਼ਿੰਦਗੀ ਜਿਉਣ ਦੀ ਹੈ।

ਅਵਾਮ ਦਾ ਜਾਗਣਾ ਨਾ ਸੱਤਾ ਨੂੰ ਮਨਜ਼ੂਰ ਹੈ ਨਾ ਸੱਤਾਧਾਰੀਆਂ ਨੂੰ। ਸੱਤਾਧਾਰੀ ਧਿਰ ਨੂੰ ਆਪਣੀ ਵਧ ਰਹੀ ਸਿਆਸੀ ਅਲਹਿਦਗੀ ਅਤੇ ਬੇਵੁੱਕਤੀ ਹਜ਼ਮ ਨਹੀਂ ਹੋ ਰਹੀ। ਉਹ ਇਹ ਸੱਚ ਕਬੂਲਣ ਲਈ ਜ਼ਿਹਨੀ ਤੌਰ 'ਤੇ ਤਿਆਰ ਨਹੀਂ ਕਿ ਜੇ ਨੌਂ ਸਾਲ ਰੁਜ਼ਗਾਰ ਦੀ ਮੰਗ ਪ੍ਰਤੀ ਸੱਤਾਧਾਰੀ ਧਿਰ ਦਾ ਹੁੰਗਾਰਾ ਪੁਲਿਸੀ ਡਾਂਗਾਂ ਅਤੇ ਸਰਕਾਰੀ ਰੈਲੀਆਂ ਵਿਚ ਜਵਾਨੀ ਦੀਆਂ ਪੱਗਾਂ ਤੇ ਚੁੰਨੀਆਂ ਦੀ ਬੇਹੁਰਮਤੀ ਹੈ ਤਾਂ ਆਵਾਮ ਵੀ ਗੁਲਦਸਤੇ ਲੈ ਕੇ ਉਨ੍ਹਾਂ ਦੇ ਸਵਾਗਤ ਲਈ ਹੁੰਮ-ਹੁਮਾ ਕੇ ਨਹੀਂ ਆਉਣ ਲੱਗੇ। ਆਵਾਮੀ ਹਮਾਇਤ ਦਾ ਇਖ਼ਲਾਕੀ ਆਧਾਰ ਗੁਆ ਚੁੱਕੀ ਸਿਆਸਤ ਧਿੰਗੋਜ਼ੋਰੀ ਪ੍ਰਵਾਨਗੀ ਚਾਹੁੰਦੀ ਹੈ, ਪਰ ਲਗਭਗ ਨੌਂ ਸਾਲ ਲੰਮੇ ਰਾਜ ਵਿਚ ਨਿਹਾਇਤ ਧਾੜਵੀ ਤੇ ਧੱਕੜ ਨੀਤੀਆਂ ਜ਼ਰੀਏ ਧੱਕ ਕੇ ਕੰਧ ਨਾਲ ਲਾਈ ਪਰਜਾ 'ਸਦਭਾਵਨਾ' ਦਾ ਨਹੀਂ ਰੋਸ ਦਾ ਰਾਹ ਚੁਣਨਾ ਪਸੰਦ ਕਰ ਰਹੀ ਹੈ। ਰੋਸ ਵਿਖਾਵੇ ਆਵਾਮ ਦਾ ਸ਼ੌਕ ਨਹੀਂ ਜਵਾਬਦੇਹੀ ਦੀ ਹੱਕ-ਵਜਾਨਬ ਮੰਗ ਦਾ ਇਜ਼ਹਾਰ ਹਨ। ਇਸੇ ਲਈ ਉਹ ਆਪਮੁਹਾਰੇ ਰੇਲਾਂ, ਸੜਕਾਂ ਉਪਰ ਆ ਬੈਠਦੇ ਹਨ। ਆਵਾਮ ਦੀ ਖ਼ਾਮੋਸ਼ੀ ਸੱਤਾਧਾਰੀ ਕਾਰਗੁਜ਼ਾਰੀ ਨਾਲ ਰਜ਼ਾਮੰਦੀ ਨਹੀਂ ਹੁੰਦੀ। ਖ਼ਾਮੋਸ਼ੀ ਦਾ ਜਵਾਬਦੇਹੀ ਦੀ ਮੰਗ ਤੇ ਹੱਕ-ਜਤਾਈ ਵਿਚ ਕਾਇਆ-ਕਲਪ ਹੋ ਜਾਣਾ ਸੁਭਾਵਿਕ ਵੀ ਹੈ ਅਤੇ ਤਰਕਸੰਗਤ ਵੀ। ਪੰਜਾਬ ਦੇ ਹਾਲਾਤ ਹੁਣ ਇਸ ਨੁਕਤੇ 'ਤੇ ਆ ਖੜ੍ਹੇ ਹਨ। ਸੱਤਾਧਾਰੀ ਧਿਰ ਇਸ ਸਚਾਈ ਨੂੰ ਭੁੱਲ ਰਹੀ ਹੈ ਕਿ ਰਾਜਤੰਤਰ ਦੀ ਤਾਕਤ ਨਾਲ ਜੁਟਾਏ ਰੈਲੀਆਂ ਦੇ ਇਕੱਠ ਹਰਮਨ ਪਿਆਰਤਾ ਦਾ ਮਾਪਦੰਡ ਨਹੀਂ ਹੁੰਦੇ। ਹਕੀਕੀ ਹਰਮਨ ਪਿਆਰਤਾ ਨੂੰ ਦਰਸ਼ਨੀ ਇਕੱਠਾਂ ਦੀ ਲੋੜ ਪੈਂਦੀ ਹੀ ਨਹੀਂ।

ਸੱਤਾਧਾਰੀ ਧਿਰ ਦਾ ਜ਼ੋਰ ਰੋਸ ਵਿਖਾਵਿਆਂ ਨਾਲ ਨਜਿੱਠਣ ਲਈ ਰਾਜ ਦੇ ਵੱਧ ਤੋਂ ਵੱਧ ਪੁਲਿਸੀਕਰਨ ਅਤੇ ਸਰਕਾਰੀ ਤੇ ਨਿੱਜੀ ਜਾਇਦਾਦ ਦੀ ਹਿਫ਼ਾਜ਼ਤ ਲਈ ਸਖ਼ਤ ਕਾਨੂੰਨਾਂ ਦੀ ਪੇਸ਼ਬੰਦੀ ਕਰਨ ਉਪਰ ਹੈ। ਕੀ ਜਾਬਰ ਤੋਂ ਜਾਬਰ ਕਾਨੂੰਨੀ ਤੇ ਗ਼ੈਰਕਾਨੂੰਨੀ ਪੇਸ਼ਬੰਦੀਆਂ ਸਵਾਲਾਂ ਅਤੇ ਰੋਸ ਦੀ ਵਾਜਬੀਅਤ ਨੂੰ ਮਿਟਾ ਸਕਦੀਆਂ ਹਨ? ਜੇ ਜ਼ਬਾਨ ਵਕਤੀ ਤੌਰ 'ਤੇ ਖ਼ਾਮੋਸ਼ ਕਰ ਦਿੱਤੀ ਜਾਵੇਗੀ, ਸਵਾਲ ਨਵੀਆਂ ਸ਼ਕਲਾਂ ਵਿਚ ਫਿਰ ਵੀ ਜਵਾਬ ਮੰਗਦੇ ਰਹਿਣਗੇ।

# ਬਿਹਾਰ ਬਨਾਮ ਜਵਾਬਦੇਹ ਸ਼ਾਸਨ

ਬਿਹਾਰ ਦੀ ਰਾਜਧਾਨੀ ਪਟਨਾ ਵਿਚ ਹਲਫ਼ਦਾਰੀ ਸਮਾਗਮ ਨਾਲ ਬਿਹਾਰ ਨੂੰ ਨਵਾਂ ਮੁੱਖ ਮੰਤਰੀ ਅਤੇ ਨਵੀਂ ਸਰਕਾਰ ਹੀ ਨਹੀਂ ਮਿਲੇ, ਸਗੋਂ ਸ਼ਖ਼ਸੀਅਤਾਂ ਅਤੇ ਪਾਰਟੀਆਂ ਦੀ ਅਗਵਾਈ ਵਿਚ ਨਵੀਂ ਸਿਆਸੀ ਸਫ਼ਬੰਦੀ ਦੀ ਸੰਭਾਵਨਾ ਵੀ ਮੌਲਣ ਲੱਗੀ ਹੈ। ਹੁਣ ਇਕ ਮਨੌਤ ਇਹ ਬਣੀ ਹੈ ਕਿ ਵਿਧਾਨ ਸਭਾ ਚੋਣਾਂ ਦੀ ਮੁਹਿੰਮ ਦੌਰਾਨ ਜੋ ਉਸਾਰੂ ਤੇ ਅਣਕਿਆਸਿਆ ਮੇਲ-ਤਾਲਮੇਲ ਬਣਿਆ, ਉਸ ਨੂੰ ਅਗਾਂਹ ਵਧਾਇਆ ਜਾ ਸਕਦਾ ਹੈ। ਇਹ ਮਨੌਤ ਬੜੀ ਤੌਖ਼ਲੇ ਵਾਲੀ ਹੈ। ਇਹ ਗ਼ੈਰ-ਹਕੀਕੀ ਨਹੀਂ ਪਰ ਅਜਿਹੀ ਮਨੌਤ ਬਾਰੇ ਸੋਚਣਾ, ਵਿਚਾਰਨਾ ਤੇ ਅਗਲੇ ਕਿਆਸੇ ਲਾਉਣੇ ਕੋਈ ਸੌਖਾ



**ਹਰੀਸ਼ ਖਰੇ**

ਕੰਮ ਵੀ ਨਹੀਂ ਹੈ।

ਬਿਹਾਰ ਚੋਣਾਂ ਤੋਂ ਬਾਅਦ ਕੌਮੀ ਪੱਧਰ 'ਤੇ ਕੀ ਅਤੇ ਕਿਸ ਤਰ੍ਹਾਂ ਦੀ ਸਫ਼ਬੰਦੀ ਬਣਦੀ ਹੈ, ਇਹ ਸਭ ਕੁਝ ਜੇਤੂਆਂ ਉਤੇ ਨਿਰਭਰ ਕਰੇਗਾ ਕਿ ਉਹ ਵੋਟਰਾਂ ਦੇ ਹੁੰਗਾਰੇ ਤੋਂ ਕੀ ਨਤੀਜੇ ਕੱਢਦੇ ਹਨ ਅਤੇ ਇਸ ਨੂੰ ਕਿਸ ਦਿਸ਼ਾ ਵੱਲ ਲੈ ਕੇ ਜਾਂਦੇ ਹਨ। ਹਾਰਨ ਵਾਲਿਆਂ ਨੇ ਤਾਂ ਕੋਈ ਹੋਰ ਰਾਹ ਅਖ਼ਤਿਆਰ ਕੀਤਾ ਹੈ। ਐਨ.ਡੀ.ਏ. ਹਕੂਮਤ ਦੇ ਮੁੱਖ ਦਲੀਲਬਾਜ਼ ਅਰੁਣ ਜੇਤਲੀ ਨੇ ਬੜੀ ਚਤੁਰਾਈ ਨਾਲ ਧਿਆਨ ਨਰੇਂਦਰ ਮੋਦੀ ਅਤੇ ਅਮਿਤ ਸ਼ਾਹ ਤੋਂ ਲਾਂਭੇ ਲੈ ਜਾਣ ਦਾ ਯਤਨ ਕੀਤਾ ਹੈ। ਦੂਜੇ ਬੰਨੇ, ਜੇਤੂਆਂ ਕੋਲ ਗ਼ਲਤ ਰਾਹ ਪੈਣ ਦੀ ਕੋਈ ਸੁੱਖ-ਸਹੂਲਤ ਨਹੀਂ ਹੁੰਦੀ। ਸੰਭਾਵੀ ਤੌਰ 'ਤੇ ਇਕ ਹੀ ਨਤੀਜਾ ਨਿਕਲਦਾ ਹੈ: ਵੋਟਾਂ ਪਾਉਣ ਵੇਲੇ ਬਿਹਾਰੀਆਂ ਨੇ ਨਿਤੀਸ਼ ਕੁਮਾਰ ਦੀ ਅਗਵਾਈ ਵਾਲੇ ਗਠਜੋੜ ਦਾ ਫੈਸਲਾਕੁਨ ਢੰਗ ਨਾਲ ਸਾਥ ਦਿੱਤਾ; ਸੋ, ਹੁਣ ਬਿਹਾਰੀ ਮਾਨਸ, ਕੌਮੀ ਸਿਆਸਤ ਵਿਚ ਵੀ ਫੈਸਲਾਕੁਨ ਦਖ਼ਲ ਦੇ ਰਿਹਾ ਹੈ। ਤੇ ਇਹ ਦਖ਼ਲ ਮੋਦੀ ਸਰਕਾਰ ਦੀ ਹੁਕੂਮਤ ਖ਼ਿਲਾਫ਼ ਵਿਰੋਧੀ ਧਿਰ ਨੂੰ ਮਿਲਿਆ ਹੁੰਗਾਰਾ ਹੈ। ਬਿਹਾਰ ਦੇ ਨਤੀਜੇ, ਨਵੀਂ ਦਿੱਲੀ ਵਿਚ ਬੈਠ ਕੇ ਘੜੀਆਂ ਸਕੀਮਾਂ ਖ਼ਿਲਾਫ਼ ਤਲਬਨਾਮਾ ਹੀ ਹਨ।

ਜੇ ਇਉਂ ਹੈ ਤਾਂ ਮਹਾਂਗਠਬੰਧਨ ਦੇ ਤਿੰਨਾਂ ਮੁੱਖ ਭਾਈਵਾਲਾਂ- ਨਿਤੀਸ਼ ਕੁਮਾਰ ਦੇ ਜਨਤਾ ਦਲ (ਯੂ), ਲਾਲੂ ਪ੍ਰਸਾਦ ਯਾਦਵ ਦੇ ਆਰ.ਜੇ.ਡੀ. ਅਤੇ ਸੋਨੀਆ ਗਾਂਧੀ ਦੀ ਕਾਂਗਰਸ ਨੂੰ ਹੁਣ ਬਿਹਾਰ ਵਿਚਲੇ ਹੁੰਗਾਰੇ ਮੁਤਾਬਕ ਚੱਲਣਾ ਪਵੇਗਾ। ਇਹ ਤਿੰਨੇ ਪਾਰਟੀਆਂ, ਪਾਰਲੀਮੈਂਟ ਦੇ ਅੰਦਰ ਅਤੇ ਬਾਹਰ ਗ਼ੈਰ-ਭਾਜਪਾ ਤੇ ਗ਼ੈਰ-ਐਨ.ਡੀ.ਏ. ਤਾਕਤਾਂ ਨੂੰ ਇਕੱਠਿਆਂ ਕਰਨ ਦਾ ਅਮਲ ਸ਼ੁਰੂ ਕਰ ਸਕਦੀਆਂ ਹਨ ਜੋ ਮੋਦੀ ਸਰਕਾਰ ਨੂੰ ਲਾਂਭੇ ਕਰਨ ਲਈ ਨਾ ਹੋਵੇ, ਸਗੋਂ ਇਸ ਨੂੰ ਇਸ ਦੇ ਬਾਕੀ ਰਹਿੰਦੇ ਤਿੰਨ ਸਾਲਾਂ ਦੌਰਾਨ ਵਧੇਰੇ ਜਵਾਬਦੇਹੀ ਅਤੇ ਜਮਹੂਰੀ ਢੰਗ ਨਾਲ ਚੱਲਣ ਦੇ ਰਾਹ ਪਾਉਣ ਲਈ ਹੋਵੇ।

ਇਸ ਹਫ਼ਤੇ ਜਦੋਂ ਸਾਡੀ ਸਮੂਹਿਕ ਸੋਚ ਉਤੇ ਪੈਰਿਸ ਵਿਚ ਹੋਈਆਂ ਵਾਰਦਾਤਾਂ ਛਾਈਆਂ ਹੋਈਆਂ ਹਨ, ਇਹ ਯਾਦ ਰੱਖਣਾ ਸਿੱਖਿਆਦਾਇਕ ਹੋਵੇਗਾ ਕਿ ਬਿਹਾਰ ਚੋਣਾਂ ਦੌਰਾਨ ਦੋ ਦਲੀਲਾਂ ਦਾ ਤਿੱਖਾ ਭੇੜ ਹੋਇਆ। ਇਕ ਪਾਸੇ ਰਾਸ਼ਟਰੀ ਸਵੈਮਸੇਵਕ ਸੰਘ (ਆਰ.ਐਸ.ਐਸ.) ਤੇ ਇਸ ਦੀ ਵਿਚਾਰਧਾਰਾ ਸੀ। ਦੂਜੇ ਪਾਸੇ ਭਾਰਤੀ ਸੰਵਿਧਾਨ ਦੇ ਆਦਰਸ਼ ਤੇ ਸਿਧਾਂਤ ਅਤੇ ਇਸ ਨਾਲ ਵਾਬਸਤਾ ਬਰਾਬਰੀ ਵਾਲੇ ਵਾਅਦੇ ਸਨ। ਆਰ.ਐਸ.ਐਸ. ਵੱਲੋਂ ਇਹ ਗੁਮਾਨ ਕੀਤਾ ਜਾ ਰਿਹਾ ਸੀ ਕਿ ਚੁੱਪ-ਚੁਪੀਤੇ ਢੰਗ ਨਾਲ ਵਿਚਰਨ ਵਾਲਾ ਇਸ ਦਾ ਸਾਧਾਰਨ 'ਪ੍ਰਚਾਰਕ', ਐਨ.ਡੀ.ਏ. ਦੇ ਭੱਥੇ ਦਾ ਸਭ ਤੋਂ ਤੇਜ਼ ਤੇ ਕਾਰਗਰ ਤੀਰ ਹੈ। ਜਿੱਥੇ ਪ੍ਰਧਾਨ ਮੰਤਰੀ ਦੀ ਖ਼ੁਦ ਦੀ ਅਗਵਾਈ ਵਿਚ ਸਿਆਸੀ ਧ੍ਰਿਤੂ ਵੰਡੀਆਂ ਪਾਉਣ ਵਾਲਾ ਵਿਰਾਟ ਬਿਰਤਾਂਤ ਉਭਾਰ ਰਹੇ ਸਨ, ਉਥੇ ਸ਼ਾਂਤ 'ਪ੍ਰਚਾਰਕ' ਚੁੱਪ-ਚਾਪ ਹਿੰਦੂ ਰਾਸ਼ਟਰ, ਭਾਰਤ ਮਾਤਾ, ਦੇਸ਼ ਭਗਤੀ, ਸਵੈਭਿਮਾਨ ਆਦਿ ਰਾਹੀਂ ਧਰੁਵੀਕਰਨ ਦੇ ਨਾਅਰੇ ਚੁੱਕੀ ਗੇੜੇ ਦੇ ਰਹੇ ਸਨ। ਦਾਅਵਾ ਕੀਤਾ ਗਿਆ ਸੀ ਕਿ ਇਕ ਵੀ ਅਜਿਹਾ ਪਿੰਡ ਨਹੀਂ ਸੀ ਜਿਥੇ ਇਹ ਪ੍ਰਚਾਰਕ ਨਾ ਪੁੱਜਿਆ ਹੋਵੇ; ਪਰ ਪ੍ਰਚਾਰਕ ਅਤੇ ਉਸ ਦੇ ਵੰਡੀਆਂ ਵਾਲੇ ਸੁਨੇਹੇ ਨੂੰ ਰੱਦ ਕਰ ਦਿਤਾ ਗਿਆ।

ਇਸ ਵਿਚਾਰਧਾਰਕ ਵੰਡੀਆਂ ਦੇ ਦੂਜੇ ਪਾਸੇ ਲਾਲੂ ਪ੍ਰਸਾਦ ਯਾਦਵ ਸੀ। ਉਸ ਨੇ ਆਪਣੇ ਮੋਟੇ-ਠੁੱਲ੍ਹੇ ਤਰੀਕੇ ਨਾਲ ਕੁਝ ਬੁਨਿਆਦੀ ਗੱਲਾਂ ਉਭਾਰ ਦਿੱਤੀਆਂ। ਜਦੋਂ ਉਸ ਨੇ ਗੁਰੂ ਗੋਲਵਲਕਰ ਦੀ ਕਿਤਾਬ ਦੇ ਜ਼ਰੀਏ ਆਰ.ਐਸ.ਐਸ. ਨੂੰ ਸਾਹਮਣੇ ਖਲੋਰਨ ਦਾ ਜੇਰਾ ਕੀਤਾ, ਸ਼ਾਇਦ ਉਦੋਂ ਹੀ ਮੁਹਿੰਮ ਦਾ ਮੁਹਾਣ ਮਿੱਥਿਆ ਗਿਆ। ਇਹ ਬਹੁਤ ਸਾਹਸ ਵਾਲੀ ਸਿਆਸੀ ਪਹਿਲਕਦਮੀ ਸੀ। ਲਾਲੂ ਪ੍ਰਸਾਦ ਯਾਦਵ ਵੱਲੋਂ ਆਰ.ਐਸ.ਐਸ. ਦੀ ਸਪਸ਼ਟ ਤੇ ਤਿੱਖੀ ਨੁਕਤਾਚੀਨੀ ਉਨ੍ਹਾਂ ਤਕਰੀਬਨ ਸਾਰੇ ਸਿਆਸੀ ਲੀਡਰਾਂ ਤੋਂ ਐਨ ਉਲਟ ਸੀ, ਜਿਹੜੇ ਖਰੀਆਂ-ਖਰੀਆਂ ਸੁਣਾਉਣ ਤੋਂ ਡਰਦੇ ਸਨ। ਇਨ੍ਹਾਂ ਵਿਚ ਕਾਂਗਰਸੀ ਲੀਡਰ ਵੀ ਸ਼ਾਮਲ ਸਨ। ਇਹ ਧਰਮ ਨਿਰਪੱਖ ਲੀਡਰ ਤਾਂ ਆਰ.ਐਸ.ਐਸ. ਬਾਰੇ ਗੱਲ ਕਰਨ ਤੋਂ ਵੀ ਝਿਜਕ ਰਹੇ ਸਨ, ਤਾਂ ਕਿ ਕਿਤੇ "ਹਿੰਦੂ ਵੋਟ" ਰੁੱਸ ਨਾ ਜਾਵੇ।

ਇਸ ਸਿੱਧੇ ਵਿਚਾਰਧਾਰਕ ਮੁਕਾਬਲੇ ਤੋਂ ਕੁਝ ਨਿਸ਼ਚਿਤ ਨੈਣ-ਨਕਸ਼ ਉਭਰਨੇ ਆਰੰਭ ਹੋਏ। ਹੁਣ ਕੌਮੀ ਮੰਚ 'ਤੇ ਆਪਣਾ ਰੋਲ ਨਿਭਾਉਣ ਦਾ ਦਾਰੋਮਦਾਰ ਨਿਤੀਸ਼ ਕੁਮਾਰ ਉਤੇ ਆ ਪਿਆ ਹੈ। ਬਿਹਾਰ ਦੇ ਚੋਣ ਨਤੀਜਿਆਂ ਨੇ ਵਿਰੋਧੀ ਧਿਰ ਉਤੇ ਵੱਡੀ ਜ਼ਿੰਮੇਵਾਰੀ ਪਾ ਦਿੱਤੀ ਹੈ: ਮੋਦੀ ਸਰਕਾਰ ਢੰਗ ਨਾਲ ਕੰਮ ਕਰੇ ਅਤੇ ਕਰੇ ਵੀ ਸੰਵਿਧਾਨ ਦੇ ਘੇਰੇ ਵਿਚ ਰਹਿ ਕੇ। ਇਹ ਯਕੀਨੀ ਬਣਾਉਣ ਦੀ ਜ਼ਿੰਮੇਵਾਰੀ ਹੁਣ ਵਿਰੋਧੀ ਧਿਰ ਦੀ ਹੈ।

ਹਮਲਾਵਰ ਰੁਖ਼ ਅਖ਼ਤਿਆਰ ਕਰਨ ਦੀ ਥਾਂ ਮੋਦੀ ਲਾਣੇ ਨੂੰ ਵੀ ਹੁਣ ਨਵੀਂ ਵਿਰੋਧੀ ਧਿਰ ਦਾ ਸਵਾਗਤ ਕਰਨਾ ਚਾਹੀਦਾ ਹੈ। ਇਸ ਹਜੂਮ ਨੂੰ ਹੁਣ ਪ੍ਰਧਾਨ ਮੰਤਰੀ ਨੂੰ ਇਹ ਵੀ ਜਚਾਉਣਾ ਪਵੇਗਾ ਕਿ ਉਹ ਸੱਤਾ ਦਾ ਘੁਮੰਡ ਤਿਆਗ ਦੇਣ। ਹੁਣ ਮੋਦੀ ਦੇ ਹਜੂਮ ਲਈ ਇਹ ਸਮਝਣ ਦਾ ਵਕਤ ਆ ਗਿਆ ਹੈ ਕਿ ਹਕੂਮਤ ਚਲਾਉਣਾ ਬੜਾ ਸੰਜੀਦਾ ਕਾਰਜ ਹੁੰਦਾ ਹੈ। ਠੀਕ ਹੈ ਕਿ ਮੋਦੀ ਨੇ ਅਜਿਹੀ ਊਰਜਾ ਦੀ ਨੁਮਾਇਸ਼ ਲਾਈ ਹੈ ਜਿਹੜੀ ਕੋਈ ਹੋਰ ਪ੍ਰਧਾਨ ਮੰਤਰੀ ਪਿਛਲੇ ਦੋ ਦਹਾਕਿਆਂ ਵਿਚ ਦਿਖਾ ਨਹੀਂ ਸਕਿਆ; ਇਹ ਠੀਕ ਹੈ ਕਿ ਉਹ ਦਿਨ ਵਿਚ ਛੇ ਵਾਰ ਪੁਸ਼ਾਕਾਂ ਬਦਲ ਸਕਦੇ ਹਨ, ਪਰ ਇਹ ਤਾਂ ਨਿਰਾ ਤਮਾਸ਼ਾ ਹੀ ਹੈ।

ਅਸਲ ਵਿਚ ਬਿਹਾਰ ਦੇ ਚੋਣ ਨਤੀਜਿਆਂ ਨੇ ਸੰਜੀਦਾ ਅਸਰ ਪਾਇਆ ਹੈ। ਮੋਦੀ ਅਤੇ ਉਨ੍ਹਾਂ ਦੇ ਪਿੱਛੇ ਰਹਿ ਕੇ ਮੁਹਿੰਮਾਂ ਚਲਾਉਣ ਵਾਲਿਆਂ ਨੂੰ ਹੁਣ ਨਿਰਮਾਣਤਾ ਅਤੇ ਸੰਜਮ ਦਾ ਲੜ ਫੜਨਾ ਪੈ ਰਿਹਾ ਹੈ। ਪਿਛਲੇ ਹਫ਼ਤੇ ਹੀ ਬਰਤਾਨੀਆ ਦੇ ਦੌਰੇ ਦੌਰਾਨ ਪ੍ਰਧਾਨ ਮੰਤਰੀ ਨੇ ਵੀ ਸੰਜਮ ਵਰਤਿਆ ਹੈ। ਉਹ ਦਿਨ ਲੰਘ ਗਏ ਹਨ ਜਦੋਂ ਉਹ "ਮੇਰੇ ਸਾਹਮਣੇ ਹਨੇਰਾ ਹੀ ਹਨੇਰਾ ਸੀ" ਵਾਲਾ ਹੰਕਾਰ ਦਿਖਾਉਂਦੇ ਹੁੰਦੇ ਸਨ।

ਹੁਣ ਤਾਂ ਇਕ ਵੱਡਾ ਮਸਲਾ ਦਰਪੇਸ਼ ਹੈ। ਪ੍ਰਧਾਨ ਮੰਤਰੀ ਵਾਲੀ ਮਰਿਆਦਾ, ਨਰੇਂਦਰ ਮੋਦੀ ਦੀਆਂ ਸ਼ਖ਼ਸੀ ਖ਼ਾਮੀਆਂ ਕਰ ਕੇ ਖ਼ਰਾਬ ਨਹੀਂ ਕੀਤੀ ਜਾ ਸਕਦੀ। ਵਿਰੋਧੀ ਧਿਰ ਨੂੰ ਚਾਹੀਦਾ ਹੈ ਕਿ ਇਹ ਗੁਜਰਾਤ ਦੇ ਕੰਟਰੋਲ ਕਰਨ ਵਾਲੇ ਮਾਡਲ, ਮਾਈਕਰੋ-ਮੈਨੇਜਮੈਂਟ ਅਤੇ ਮਰਿਆਦਾਈ ਘੁਮੰਡ ਵਿਚੋਂ ਮੋਦੀ ਨੂੰ ਬਾਹਰ ਲੈ ਕੇ ਆਵੇ। ਜੇ ਵਿਰੋਧੀ ਧਿਰ ਜ਼ਿੰਮੇਵਾਰੀ ਨਾਲ ਪੇਸ਼ ਆਵੇ, ਤੇ ਬਿਹਾਰ ਦੇ ਨਤੀਜਿਆਂ ਨੂੰ ਅੜਿੱਕਾ ਪਾਉਣ ਦਾ ਲਸੰਸ ਨਾ ਸਮਝੇ, ਤਾਂ ਉਹ ਭਾਰਤੀ ਸਿਆਸਤ ਵਿਚ ਨਵੇਂ ਆਗਾਜ਼ ਦੀ ਸੂਤਰਧਾਰ ਬਣ ਸਕਦੀ ਹੈ। ਹੁਣ ਸਮਾਂ ਹੈ ਕਿ ਮੁਲਕ ਵਿਚ ਵਿਵੇਕ ਵਾਲੇ ਨਵੇਂ ਸਿਆਸੀ ਸਭਿਆਚਾਰ ਦੀ ਗੱਲ ਤੁਰੇ। ਮਸਲਨ, ਭਾਜਪਾ ਨੂੰ ਇਹ ਦੱਸਣ ਲਈ ਮਜਬੂਰ ਕੀਤਾ ਜਾਵੇ ਕਿ ਜਦੋਂ ਯੂ.ਪੀ.ਏ. ਦੀ ਹਕੂਮਤ ਸੀ, ਤਾਂ ਇਸ ਦੀ ਸੱਤਾ ਵਾਲੀਆਂ ਸੂਬਾ ਸਰਕਾਰਾਂ ਨੇ ਜੀ.ਐਸ.ਟੀ. ਦਾ ਵਿਰੋਧ ਕਿਉਂ ਕੀਤਾ ਅਤੇ ਇਸ ਨੂੰ ਕਿਉਂ ਰੋਕਿਆ, ਤੇ ਅਤੇ ਹੁਣ ਇਹ ਇਸ ਮਸਲੇ ਉਤੇ ਜ਼ੋਰ-ਸ਼ੋਰ ਨਾਲ ਪਹਿਲਕਦਮੀ ਕਿਉਂ ਕਰ ਰਹੀ ਹੈ। ਇਸ ਬਾਰੇ ਅਵਾਮ ਨੂੰ ਖ਼ਬਰ ਹੋਣੀ ਹੀ ਚਾਹੀਦੀ ਹੈ। ਬਦਲਾ ਲੈਣ, ਦੋਸ਼ ਮੜ੍ਹਨ, ਸੀ.ਬੀ.ਆਈ., ਈ.ਡੀ. ਤੇ ਸੁਬਰਾਮਨੀਅਨ ਸਵਾਮੀਆਂ ਦੀ ਸਿਆਸਤ ਨੇ ਹੁਣ ਤੱਕ ਬਿਨਾ ਵਜ੍ਹਾ ਕੁੜੱਤਣ ਅਤੇ ਪਾੜਾ ਹੀ ਵਧਾਇਆ ਹੈ।

ਹੁਣ ਜਦੋਂ ਪਾਰਲੀਮੈਂਟ ਦਾ ਸਰਦ ਰੁੱਤ ਦਾ ਸਮਾਗਮ ਸ਼ੁਰੂ ਹੋ ਰਿਹਾ ਹੈ ਤਾਂ ਵਿਰੋਧੀ ਧਿਰ ਸਹਿਜ ਪਰ ਸ਼ਾਨਦਾਰ ਸ਼ੁਰੂਆਤ ਕਰ ਸਕਦੀ ਹੈ: ਇਹ ਸ਼ੁਰੂਆਤ ਗ੍ਰਹਿ ਮੰਤਰੀ ਰਾਜਨਾਥ ਸਿੰਘ ਦੇ ਉਸ ਅਸਚਰਜਜਨਕ ਬਿਆਨ ਬਾਰੇ ਪੁੱਛ ਕੇ ਹੋ ਸਕਦੀ ਹੈ ਜਿਸ ਵਿਚ ਉਨ੍ਹਾਂ ਕਿਹਾ ਸੀ ਕਿ ਉਨ੍ਹਾਂ ਨੂੰ ਆਪਣੇ ਗ੍ਰਹਿ ਸਕੱਤਰ ਨੂੰ ਬਦਲਣ ਬਾਰੇ ਕੁਝ ਵੀ ਪਤਾ ਨਹੀਂ ਅਤੇ ਅਜਿਹੇ ਸੀਨੀਅਰ ਅਫਸਰ ਨੂੰ ਅਚਾਨਕ ਹਟਾਉਣ ਬਾਰੇ ਸਿਰਫ ਪ੍ਰਧਾਨ ਮੰਤਰੀ ਹੀ ਕਿਉਂ ਦੱਸ ਸਕਦੇ ਹਨ। ਵਿਰੋਧੀ ਧਿਰ ਨੂੰ ਪ੍ਰਧਾਨ ਮੰਤਰੀ ਦੀ ਅਜਿਹੇ ਮਰਿਆਦਾ ਰਹਿਤ ਕਦਮ ਬਾਰੇ ਸਪਸ਼ਟੀਕਰਨ ਲੈਣ ਦਾ ਹੱਕ ਹੈ।

# ਨਾਇਕ ਵਿਹੂਣਾ ਕਾਫਲਾ

ਬੀਤੀ ਤਿਮਾਹੀ ਦਾ ਪੂਰਾ ਘਟਨਾਕ੍ਰਮ ਵਾਚੀਏ ਤਾਂ ਦਿਸਦਾ ਹੈ ਕਿ ਵੱਡੀਆਂ ਘਟਨਾਵਾਂ ਹੋਈਆਂ ਜਿਨ੍ਹਾਂ ਨੇ ਪੰਥ ਨੂੰ ਝੰਜੋੜ ਦਿੱਤਾ ਤੇ ਸਰਕਾਰ ਦੀਆਂ ਜੜ੍ਹਾਂ ਹਿਲਾ ਦਿੱਤੀਆਂ। ਤਖਤਾਂ ਦੇ ਜਥੇਦਾਰਾਂ ਨੂੰ ਗਾਜਰਾਂ-ਮੂਲੀਆਂ ਵਾਂਗ ਤਾ ਇਸਤੇਮਾਲ ਕੀਤਾ ਹੀ ਗਿਆ। ਇਸ ਵਰਤਾਰੇ ਦੀ ਲੱਜਾ-ਸ਼ਰਮ ਨਾ ਹੁਣ ਤੱਕ ਪੰਜਾਬ ਸਰਕਾਰ ਨੂੰ ਆਈ, ਨਾ ਸ਼੍ਰੋਮਣੀ ਅਕਾਲੀ ਦਲ ਨੂੰ ਅਤੇ ਨਾ ਸ਼੍ਰੋਮਣੀ ਕਮੇਟੀ ਨੂੰ। ਆਪਣੀਆਂ ਸੰਸਥਾਵਾਂ ਦੀ ਬੇਹੁਰਮਤੀ ਦੇਖਦਿਆਂ, ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇਖਦਿਆਂ, ਬਿਨਾ ਕਿਸੇ ਭਰੋਸੇਯੋਗ ਲੀਡਰਸ਼ਿਪ ਦੇ ਖਾਲਸਾ ਪੰਥ ਪਹਿਲਾਂ ਸੜਕਾਂ ਉਪਰ ਉਤਰ ਆਇਆ, ਫਿਰ ਅੰਮ੍ਰਿਤਸਰ ਵਲ ਚੱਲ ਪਿਆ। ਜਿਨ੍ਹਾਂ ਲੀਡਰਾਂ ਨੇ ਪਿੰਡ ਚੱਬਾ ਵਿਚ ਇਕੱਠੇ ਹੋਣ ਦਾ ਸੱਦਾ ਦਿੱਤਾ, ਉਨ੍ਹਾਂ ਵਿਚੋਂ ਇਕ ਵੀ ਅਜਿਹਾ ਨਹੀਂ ਹੈ, ਜਿਸ ਨੂੰ ਆਪਣੇ ਨਿਸ਼ਾਨੇ ਦੀ ਸਮਝ ਜਾਂ ਸਿੱਖ ਰਵਾਇਤਾਂ ਦੀ ਸਾਖ ਦੀ ਪ੍ਰਵਾਹ ਹੋਵੇ। ਉਨ੍ਹਾਂ ਵਿਚ ਨਾ ਆਪਸੀ ਤਾਲਮੇਲ, ਨਾ

**ਹਰਪਾਲ ਸਿੰਘ ਪੰਨੂ**
ਫੋਨ: +91-94642-51454

ਭਰੋਸਾ, ਨਾ ਸਿਆਸੀ, ਨਾ ਧਾਰਮਿਕ ਦੂਰਅੰਦੇਸ਼ੀ। ਉਨ੍ਹਾਂ ਦਾ ਕੇਵਲ ਇਕੋ ਇਕ ਨਿਸ਼ਾਨਾ ਸੀ-ਲੋਹਾ ਗਰਮ ਹੈ ਪੂਰਾ, ਅੱਖਾਂ ਮੀਟ ਕੇ ਸੱਟਾਂ ਮਾਰੀ ਚਲੋ, ਬੈਠਣ ਲਈ ਸਿੰਘਾਸਨ ਆਪੇ ਬਣ ਜਾਵੇਗਾ।

ਇਕ ਇਕ ਕਰਕੇ ਇਨ੍ਹਾਂ ਪਰਤਾਂ ਨੂੰ ਫਰੋਲਦੇ ਹਾਂ। ਤਖਤਾਂ, ਗੁਰੂਘਰਾਂ ਅਤੇ ਗੁਰਬਾਣੀ ਦਾ ਆਦਰ ਕਰਨਾ ਅਤੇ ਸੁਚੇਤ ਪਹਿਰੇਦਾਰ ਦਾ ਫਰਜ਼ ਨਿਭਾਉਣਾ ਹਰੇਕ ਸਿੱਖ ਦੀ ਜ਼ਿੰਮੇਵਾਰੀ ਹੈ ਤੇ ਸਿੱਖ ਇਹ ਜ਼ਿੰਮੇਵਾਰੀ ਬਗੈਰ ਕਿਸੇ ਦੀ ਸਿਫਾਰਿਸ਼ ਦੇ ਨਿਭਾਉਂਦੇ ਵੀ ਹਨ। ਪੰਥ ਨੇ ਦੇਖ ਲਿਆ ਕਿ ਹਾਕਮ ਅਕਾਲੀ-ਦਲ ਆਪਣਾ ਫਰਜ਼ ਭੁਲ ਗਿਆ ਹੈ ਤਾਂ ਪਿੰਡ ਪਿੰਡ, ਸ਼ਹਿਰ ਸ਼ਹਿਰ, ਸੜਕੋ ਸੜਕ ਰੋਸ ਮੁਜਾਹਰੇ ਸ਼ੁਰੂ ਹੋ ਗਏ। ਇਨ੍ਹਾਂ ਮੁਜਾਹਿਰਆਂ ਵਿਚ ਕਿਸਾਨ, ਮਜ਼ਦੂਰ, ਦੁਕਾਨਦਾਰ, ਕਮਿਊਨਿਸਟ, ਕਾਂਗਰਸੀ, ਹਿੰਦੂ, ਮੁਸਲਮਾਨ-ਉਹ ਸਾਰੇ ਵਰਗ ਸ਼ਾਮਲ ਹੋਏ, ਜੋ ਗੁਰਬਾਣੀ ਦਾ ਅਦਬ ਲੋੜਦੇ ਹਨ। ਹਮੇਸ਼ਾਂ ਵਾਂਗ ਅਕਾਲੀ ਜਥੇਦਾਰਾਂ ਦੇ ਜਾਹਲ ਬਿਆਨ ਅਖਬਾਰਾਂ ਵਿਚ ਛਪੇ ਹੋਏ ਪੜ੍ਹੇ-ਇਹ ਕਾਂਗਰਸ ਦੀ ਸ਼ਹਿ 'ਤੇ ਇਕੱਠੇ ਹੋ ਰਹੇ ਹਨ। ਮੇਰਾ ਅਤੇ ਹਰੇਕ ਸਾਧਾਰਨ ਬੰਦੇ ਦਾ ਸਵਾਲ ਹੈ-ਜੇ ਕਾਂਗਰਸ ਪਾਰਟੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਰੋਕਣ ਵਾਸਤੇ ਸਰਗਰਮ ਹੋ ਵੀ ਗਈ ਹੈ ਤਾਂ ਇਸ ਵਿਚ ਬੁਰਾਈ ਕੀ ਹੋਈ? ਗੁਰਮਤਿ ਸਿਧਾਂਤਾਂ ਦਾ ਸਾਬਕ ਪਹਿਰੇਦਾਰ ਸ਼੍ਰੋਮਣੀ ਅਕਾਲੀ ਦਲ ਜੇ ਫਰਜ਼ ਨਿਭਾਉਣ ਤੋਂ ਭਗੌੜਾ ਹੋ ਗਿਆ ਹੈ ਤਾਂ ਬਾਕੀ ਵਰਗ ਬੇਅਦਬੀ ਹੁੰਦੀ ਦੇਖਦਿਆਂ ਤਮਾਸ਼ਬੀਨ ਬਣ ਕੇ ਕਿਉਂ ਖਲੋਤੇ ਰਹਿਣ? ਗੁਰਬਾਣੀ ਦੀ ਬੇਅਦਬੀ ਰੋਕਣ ਲਈ ਜਿਹੜੇ ਛੋਟੇ ਵੱਡੇ ਵਰਗ ਸਰਗਰਮ ਹੋਏ ਉਨ੍ਹਾਂ ਦਾ ਸਵਾਗਤ ਵੀ ਹੈ ਤੇ ਸ਼ੁਕਰਾਨਾ ਵੀ।

ਥੋੜ੍ਹੀਆਂ ਕੁ ਘਟਨਾਵਾਂ ਦਾ ਸਿਲਸਿਲੇਵਾਰ ਅਧਿਐਨ ਕਰੀਏ। ਡੇਰਾ ਸਿਰਸਾ ਮੁਖੀ ਨੂੰ ਮੁਆਫੀਨਾਮਾ ਦੇਣਾ ਤੇ ਫਿਰ ਪੰਥ ਦਾ ਕਰੋਧ ਦੇਖਦਿਆਂ ਮੁਆਫੀਨਾਮਾ ਵਾਪਸ ਲੈਣਾ ਸਾਬਤ ਕਰ ਦਿੰਦਾ ਹੈ ਕਿ ਤਖਤਾਂ ਦੇ ਮੁਖੀ ਕੱਚ ਦੇ ਬਾਂਟੇ ਬਣ ਗਏ ਹਨ, ਖੁੱਤੀ ਵਿਚ ਪਾ ਲਉ ਜਾਂ ਖੁੱਤੀ ਵਿਚੋਂ ਬਾਹਰ ਕੱਢ ਕੇ ਬੋਝੇ ਵਿਚ ਪਾ ਕੇ ਤੁਰਦੇ ਬਣੋ। ਇਨ੍ਹਾਂ ਪਵਿੱਤਰ ਸੰਸਥਾਵਾਂ ਦਾ ਵਜੂਦ ਮਿਟਾ ਦਿੱਤਾ। ਤਦੇ ਅਚਾਨਕ ਜਿਵੇਂ ਬੱਦਲ ਛਟਦੇ ਹਨ, ਗੁਮਸੁੰਮ ਆਕਾਸ਼ ਨਿਰਮਲ ਹੁੰਦਾ ਹੈ, ਧੁੱਪ ਨਿਕਲਦੀ ਹੈ, ਅਕਾਲ ਤਖਤ ਦੇ ਪੰਜ ਪਿਆਰਿਆਂ ਨੇ ਇਕੱਠੇ ਹੋ ਕੇ ਮੀਟਿੰਗ ਕੀਤੀ ਤੇ ਪੰਜ ਤਖਤਾਂ ਦੇ ਜਥੇਦਾਰਾਂ ਨੂੰ 24 ਘੰਟੇ ਬਾਦ ਪੇਸ਼ ਹੋਣ ਦਾ ਹੁਕਮ ਦਿੱਤਾ। ਪੰਜ ਪਿਆਰਿਆਂ ਨੇ ਉਹ ਭੂਮਿਕਾ ਨਿਭਾਈ ਜਿਹੜੀ ਅੰਨ੍ਹਿਆਂ ਵਾਸਤੇ ਆਸ ਦੀ ਕਿਰਨ ਬਣੀ। ਬਜਾਏ ਇਸ ਦੇ ਕਿ ਪੰਜ ਪਿਆਰਿਆਂ ਰਾਹੀਂ ਬੇੜੀ ਮੰਝਧਾਰ ਵਿਚੋਂ ਕੱਢਣ ਦਾ ਯਤਨ ਕੀਤਾ ਜਾਂਦਾ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੇ ਪੰਜ ਪਿਆਰੇ ਮੁਅੱਤਲ ਕਰਕੇ ਉਨ੍ਹਾਂ ਨੂੰ ਪੰਜਾਬ ਤੋਂ ਬਾਹਰ ਜਾਣ ਦੇ ਹੁਕਮ ਜਾਰੀ ਕਰ ਦਿੱਤੇ।

ਇਥੇ ਹੀ ਬੱਸ ਨਹੀਂ। ਸ਼੍ਰੋਮਣੀ ਕਮੇਟੀ ਦੇ ਸਕੱਤਰ ਡਾ. ਰੂਪ ਸਿੰਘ ਸਣੇ ਕਮੇਟੀ ਦੇ ਅੱਧੀ ਦਰਜਨ ਹੋਰ ਅਹੁਦੇਦਾਰ ਮੁਅੱਤਲ ਕੀਤੇ ਕਿ ਉਨ੍ਹਾਂ ਨੇ ਟਾਸਕ ਫੋਰਸ ਬੁਲਾ ਕੇ ਪੰਜ ਪਿਆਰਿਆਂ ਨੂੰ ਮੀਟਿੰਗ ਕਰਨੋਂ ਕਿਉਂ ਨਹੀਂ ਰੋਕਿਆ? ਉਧਰ ਮੁਅੱਤਲ ਹੋਏ ਪੰਜ ਪਿਆਰਿਆਂ ਨੇ 24 ਘੰਟੇ ਬਾਦ ਫਿਰ ਮੀਟਿੰਗ ਕੀਤੀ ਤੇ ਪਾਸ ਹੋਇਆ ਕਿ ਤਲਬ ਕੀਤੇ ਹੋਏ ਜਥੇਦਾਰ ਕਿਉਂਕਿ ਹੁਕਮ ਮੰਨਣ ਤੋਂ ਇਨਕਾਰੀ ਹੋਏ, ਗੈਰਹਾਜ਼ਰ ਰਹੇ, ਇਸ ਲਈ ਸ਼੍ਰੋਮਣੀ ਕਮੇਟੀ ਦੀ ਕਾਰਜਕਾਰਨੀ ਉਨ੍ਹਾਂ ਨੂੰ ਅਹੁਦਿਆਂ ਤੋਂ ਲਾਂਭੇ ਕਰੇ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਵਲੋਂ ਕੀਤੀਆਂ ਤਾਨਾਸ਼ਾਹੀ ਮੁਅੱਤਲੀਆਂ ਵਿਰੁੱਧ ਸੰਸਾਰ ਭਰ ਦੇ ਸਿੱਖਾਂ ਵਿਚ ਵਿਆਪਕ ਗੁੱਸਾ ਫੈਲਿਆ। ਇਹ ਮੁਅੱਤਲੀ ਦਾ ਹੁਕਮ ਇਸ ਤਰ੍ਹਾਂ ਦਾ ਸੀ ਜਿਵੇਂ ਔਰੰਗਜ਼ੇਬ ਸਰਹਿੰਦ ਦੇ ਨਵਾਬ ਨੂੰ ਇਸ ਕਸੂਰ ਬਦਲੇ ਮੁਅੱਤਲ ਕਰੇ ਕਿ ਉਸ ਨੇ ਅਨੰਦਪੁਰ ਸਾਹਿਬ ਵਿਖੇ 1699 ਦੀ ਵਿਸਾਖੀ ਮੌਕੇ ਇਕੱਠ ਕਿਉਂ ਹੋਣ ਦਿੱਤਾ ਤੇ ਪੰਥ ਦਾ ਪ੍ਰਕਾਸ਼ ਕਿਉਂ ਹੋ ਗਿਆ, ਅੰਮ੍ਰਿਤ ਸੰਚਾਰ ਕਿਉਂ ਹੋਇਆ। ਫਟਾਫਟ ਪੰਜ ਪਿਆਰਿਆਂ ਦੀ ਮੁਅੱਤਲੀ ਰੱਦ ਹੋਈ ਪਰ ਉਨ੍ਹਾਂ ਨੂੰ ਧਰਮ ਪ੍ਰਚਾਰ ਕਮੇਟੀ ਵਿਚ ਬਦਲ ਦਿੱਤਾ। ਏਨੀ ਛੇਤੀ ਮੁਅਤਲੀ ਦੇ ਹੁਕਮ ਰੱਦ ਹੋਣ ਦਾ ਮਤਲਬ ਸੁਤੇ ਸਿਧ ਮੰਨ ਲੈਣਾ ਸੀ ਕਿ ਕਾਹਲ ਵਿਚ ਭਿਆਨਕ ਗਲਤੀ ਹੋਈ ਹੈ ਜਿਸ ਨੂੰ ਪੰਥ ਮਾਫ ਨਹੀਂ ਕਰੇਗਾ। ਇਸ ਪਿਛੋਂ ਪੰਜ ਪਿਆਰਿਆਂ ਨੇ ਦੋ ਹੁਕਮ ਹੋਰ ਜਾਰੀ ਕੀਤੇ:

1. ਪਿੰਡ ਚੱਬਾ ਵਿਚ ਹੋਏ ਪੰਥਕ ਇਕੱਠ ਨੂੰ ਸਰਬੱਤ ਖਾਲਸਾ ਨਾ ਕਿਹਾ ਜਾਵੇ। ਇਸ ਨੂੰ ਪੰਥਕ ਸੰਮੇਲਨ, ਪੰਥਕ ਇਕੱਠ, ਪੰਥਕ ਕਾਨਫਰੰਸ ਜਾਂ ਸਰਬਤ ਖਾਲਸਾ ਲਈ ਬੁਲਾਇਆ ਗਿਆ ਤਿਆਰੀ ਸੰਮੇਲਨ ਕਿਹਾ ਜਾਵੇ। ਸਰਬੱਤ ਖਾਲਸਾ ਲਈ ਵਿਸਾਖੀ 2016 ਦਾ ਦਿਨ ਮਿਥ ਕੇ ਸਭ ਪੰਥਕ ਧਿਰਾਂ ਨੂੰ ਉਦੋਂ ਤੱਕ ਭਰੋਸੇ 'ਚ ਲਿਆ ਜਾਵੇ।

2. ਜਥੇਦਾਰ ਅਕਾਲ ਤਖਤ ਗਿਆਨੀ ਗੁਰਬਚਨ ਸਿੰਘ ਆਪਣੀ ਸਾਖ ਗੁਆ ਚੁਕੇ ਹਨ, ਇਸ ਲਈ ਇਸ ਦੀਵਾਲੀ ਦੇ ਤਿਉਹਾਰ ਮੌਕੇ ਉਹ ਪੰਥ ਦੇ ਨਾਮ ਸੰਦੇਸ਼ ਨਾ ਪੜ੍ਹਨ। ਉਨ੍ਹਾਂ ਦੀ ਥਾਂ ਦਰਬਾਰ ਸਾਹਿਬ ਦੇ ਹੈਡ ਗ੍ਰੰਥੀ ਇਹ ਸੰਦੇਸ਼ ਜਾਰੀ ਕਰ ਦੇਣ।

ਧਿਆਨ ਦਿਤਾ ਜਾਵੇ ਕਿ ਉਸ ਵਕਤ ਐਲਾਨ ਕਰਨ ਪਿਛੇ ਪੰਜ ਪਿਆਰਿਆਂ ਦੀ ਨਾ ਕੋਈ ਸੌੜੀ ਰਾਜਨੀਤੀ ਸੀ, ਨਾ ਨਿਜੀ ਗਰਜ। ਉਹ ਆਪਣੇ ਤਰੀਕੇ ਰਾਹੀਂ ਭ੍ਰਿਸ਼ਟ ਅਤੇ ਨਕਾਰਾ ਹੋਈਆਂ ਸੰਸਥਾਵਾਂ ਵਿਚ ਜਾਨ ਪਾਉਣ ਦਾ ਯਤਨ ਕਰ ਰਹੇ ਸਨ। ਉਨ੍ਹਾਂ ਦੀਆਂ ਇਨ੍ਹਾਂ ਅਪੀਲਾਂ ਨੂੰ ਨਾ ਸ਼੍ਰੋਮਣੀ ਅਕਾਲੀ ਦਲ ਨੇ ਮੰਨਿਆ ਨਾ ਚੱਬੇ ਵਿਚ ਸਰਬੱਤ ਖਾਲਸਾ ਬੁਲਾਉਣ ਵਾਲੀ ਧਿਰ ਦੇ ਲੀਡਰਾਂ ਨੇ। ਕੇਵਲ ਸ. ਸਿਮਰਨਜੀਤ ਸਿੰਘ ਮਾਨ ਨੇ ਕਿਹਾ ਸੀ ਕਿ ਕਿਉਂਕਿ ਸਰਬੱਤ ਖਾਲਸਾ ਬੁਲਾਉਣ ਦਾ ਐਲਾਨ ਬਹੁਤ ਪਹਿਲਾਂ ਹੋ ਚੁੱਕਾ ਹੈ ਤੇ ਪੰਜ ਪਿਆਰਿਆਂ ਦਾ ਹੁਕਮ ਹੁਣ ਪੁੱਜਾ ਹੈ, ਇਸ ਕਰਕੇ ਇਕੱਠ ਤਾਂ ਮੁਲਤਵੀ ਨਹੀਂ ਹੋ ਸਕੇਗਾ ਪਰ ਇਸ ਨੂੰ ਅਸੀਂ ਸਰਬਤ ਖਾਲਸਾ ਵਾਸਤੇ ਤਿਆਰੀ ਸੰਮੇਲਨ ਦਾ ਨਾਮ ਦਿਆਂਗੇ। ਮਾਨ ਸਾਹਿਬ ਦਾ ਮਸ਼ਵਰਾ ਰੱਦ ਕਰਦਿਆਂ ਮੋਹਕਮ ਸਿੰਘ ਦਾ ਬਿਆਨ ਆਇਆ-ਇਹ ਸਰਬੱਤ ਖਾਲਸਾ ਹੀ ਹੋਵੇਗਾ। ਸੋ, ਇਸ ਨੂੰ ਸਰਬੱਤ ਖਾਲਸਾ ਕਿਹਾ ਗਿਆ ਤੇ ਇਸ ਵਿਚ ਬਹੁਤ ਸਾਰੇ ਮਤੇ ਪਾਸ ਕੀਤੇ ਗਏ ਜਿਨ੍ਹਾਂ 'ਚ ਤਿੰਨ ਤਖਤਾਂ ਦੇ ਨਵੇਂ ਜਥੇਦਾਰ ਥਾਪਣ ਦੀ ਕਾਰਵਾਈ ਵੀ ਸੀ। ਪੰਜ ਪਿਆਰਿਆਂ ਦੀ ਅਪੀਲ ਘੱਟੇ-ਮਿੱਟੀ ਰੋਲੀ ਗਈ।

ਉਧਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਿਹੜਾ ਕਿਸੇ ਗੱਲੋਂ ਬੇਅਦਬੀ ਕਰਨ ਵਿਚ ਪਿਛੇ ਰਹੀ? ਪੰਜ ਪਿਆਰਿਆਂ ਦੀ ਅਪੀਲ ਨਜ਼ਰਅੰਦਾਜ਼ ਕਰਦਿਆਂ ਸ਼੍ਰੋਮਣੀ ਕਮੇਟੀ ਨੇ ਗਿਆਨੀ ਗੁਰਬਚਨ ਸਿੰਘ ਤੋਂ ਖਾਲਸਾ ਪੰਥ ਦੇ ਨਾਮ ਦੀਵਾਲੀ ਦੇ ਦਿਨ ਸੰਦੇਸ਼ ਜਾਰੀ ਕਰਵਾਇਆ। ਇਹ ਵੱਖਰੀ ਗੱਲ ਹੈ ਕਿ ਗਿਆਨੀ ਗੁਰਬਚਨ ਸਿੰਘ ਦਾ ਸੰਦੇਸ਼ ਸੁਣਨ ਵਾਸਤੇ ਉਸ ਦੇ ਆਲੇ ਦੁਆਲੇ ਸਿੱਖ ਨਹੀਂ, ਸੁਰੱਖਿਆ ਮੁਲਾਜ਼ਮਾ ਦਾ ਜਮਘਟਾ ਸੀ, ਸਖਤ ਪਹਿਰੇ ਸਨ।

ਧਿਆਨ ਸਿੰਘ ਮੰਡ ਨੇ ਵਿਰੋਧੀ ਧਿਰ ਵਲੋਂ ਥਾਪੇ ਜਥੇਦਾਰ ਵਜੋਂ ਪੰਥ ਦੇ ਨਾਮ ਸੰਦੇਸ਼ ਜਾਰੀ ਕੀਤਾ। ਇਸ ਸਮੇਂ ਜਿਸ ਪ੍ਰਕਾਰ ਦਾ ਹੱਲਾ-ਗੁੱਲਾ ਅਕਾਲ ਤਖਤ ਸਾਹਿਬ ਦੇ ਸਾਹਮਣੇ ਦੇਖਣ ਵਿਚ ਆਇਆ, ਪੂਰਨ ਮੰਦਭਾਗਾ ਸੀ। ਜੁਆਨ ਹਵਾ ਵਿਚ ਨੰਗੀਆਂ ਕਿਰਪਾਨਾ ਲਹਿਰਾ ਰਹੇ ਸਨ। ਜਿਹੋ ਜਿਹਾ ਹੱਲਾ-ਗੁੱਲਾ ਗੁੱਗੇ ਦੇ ਮੇਲੇ ਵਿਚ ਜਾਂ ਪੀਰਖਾਨੇ ਦੇ ਬਾਹਰ ਹੋਇਆ ਕਰਦਾ ਹੈ, ਐਨ ਉਹੀ ਕੁੱਝ। ਟੀ ਵੀ ਦੇਖਦਿਆਂ ਮੇਰੀ ਬੀਵੀ ਬੋਲੀ, ਇਹ ਕੀ ਹੋ ਰਿਹੈ? ਮੈਂ ਕਿਹਾ ਅਜੇ ਤਾਂ ਖੈਰ-ਸੁਖ ਰਹੀ ਅੱਜ। ਇਸ ਥਾਂ ਉਪਰ ਤਾਂ ਅੱਗੇ ਕਈ ਵਾਰ ਪੱਗਾਂ ਉਤਰੀਆਂ ਹਨ, ਦਾਹੜੇ ਇਕ ਦੂਜੇ ਦੇ ਹੱਥਾਂ ਵਿਚ ਆਏ ਹਨ ਤੇ ਕਿਰਪਾਨਾ ਕੇਵਲ ਲਹਿਰਾਈਆਂ ਹੀ ਨਹੀਂ ਗਈਆਂ, ਚੱਲੀਆਂ ਵੀ ਹਨ, ਸਿੱਖਾਂ ਹੱਥੋਂ ਸਿੱਖ ਜ਼ਖਮੀ ਹੋਏ ਹਨ। ਇਹ ਦੋਸ਼ ਵੀ ਨਹੀਂ ਲੱਗਾ ਸੀ ਕਿ ਇਹ ਗੁੰਡਾਗਰਦੀ ਕਾਂਗਰਸ ਨੇ ਕਰਵਾਈ ਹੈ। ਮੈ ਪਾਠਕਾਂ ਦੀ ਅਦਾਲਤ ਵਿਚ ਇਕ ਇਕ ਕਰਕੇ ਸਬੂਤ ਰੱਖ ਰਿਹਾ ਹਾਂ ਤਾਂ ਕਿ ਜਾਣਿਆਂ ਜਾ ਸਕੇ ਕਿ ਸ਼੍ਰੋਮਣੀ ਅਕਾਲੀ ਦਲ ਅਤੇ ਇਸ ਦੇ ਵਿਰੋਧੀ ਗੁੱਟਾਂ ਬਾਰੇ ਪਤਾ ਲਗ ਸਕੇ ਕਿ ਪੰਥਕ ਰਵਾਇਤਾਂ ਤੇ ਸ਼ਾਨਦਾਰ ਅਦਬ ਸਤਿਕਾਰ ਦੀ ਪ੍ਰਵਾਹ ਕਿਸੇ ਧਿਰ ਨੂੰ ਨਹੀਂ।




ਮੇਰੇ ਸੈਲ ਫੋਨ 'ਤੇ ਕਿਸੇ ਨੇ ਕਲਿੱਪ ਭੇਜੀ, ਜਿਸ ਵਿਚ ਵਿਰੋਧੀ ਧਿਰ ਦਾ ਇਕ ਬੁਲਾਰਾ ਸੰਗਤ ਨੂੰ ਕਹਿ ਰਿਹਾ ਹੈ, ਇਹ ਪੰਜ ਪਿਆਰੇ ਸਰਕਾਰੀ ਹਨ, ਕਮੇਟੀ ਦੇ ਮੁਲਾਜ਼ਮ ਹਨ, ਇਨ੍ਹਾਂ ਨੂੰ ਹੁਕਮ ਦੇਣ ਦਾ ਕੀ ਹੱਕ, ਇਨ੍ਹਾਂ ਦਾ ਆਖਾ ਕਿਉਂ ਮੰਨੀਏ? ਮੈਂ ਇਸ ਗੱਲ ਦਾ ਕਾਇਲ ਸੀ ਤੇ ਹੁਣ ਵੀ ਹਾਂ ਕਿ ਉਨ੍ਹਾਂ ਪੰਜ ਯੋਧਿਆਂ ਨੇ ਕਰਾਮਾਤ ਵਰਤਾ ਦਿਤੀ ਜਿਹੜੇ ਸ਼੍ਰੋਮਣੀ ਕਮੇਟੀ ਦੇ ਮੁਲਾਜ਼ਮ ਹਨ। ਇਹ ਪੰਜ ਸਿੰਘ ਦੋਹਾਂ ਧਿਰਾਂ ਵਿਚਕਾਰ ਗੁਰੂ ਕਲਗੀਧਰ ਨੇ ਪੁਲ ਬਣਾ ਕੇ ਤੈਨਾਤ ਕਰ ਦਿੱਤੇ ਸਨ, ਪਰ ਇਸ ਰਮਜ਼ ਦੀ ਕਿਸੇ ਧਿਰ ਨੂੰ ਸਮਝ ਨਹੀਂ ਪਈ:

ਰਤਨ ਵਿਗਾੜ ਵਿਗੋਏ ਕੁਤੀ
ਮੋਇਆਂ ਸਾਰ ਨ ਕਾਈ।

ਸਰਕਾਰੀ ਡਰ, ਕ੍ਰੋਪ ਅਤੇ ਵਿਰੋਧ ਦੇ ਬਾਵਜੂਦ ਦੋ ਲੱਖ ਤੋਂ ਵਧ ਸਿੱਖ ਸਰਬੱਤ ਖਾਲਸਾ ਵਾਸਤੇ ਪਿੰਡ ਚੱਬੇ ਪੁੱਜੇ। ਖਾਣ-ਪੀਣ, ਟ੍ਰਾਂਸਪੋਰਟ ਆਦਿਕ ਸਾਧਨਾਂ ਦੀ ਪ੍ਰਵਾਹ ਨਹੀਂ, ਮੌਸਮ ਖਰਾਬ ਹੋ ਗਿਆ, ਮੀਂਹ ਆਇਆ ਪਰ ਸੰਗਤ 'ਤੇ ਕੋਈ ਅਸਰ ਨਹੀਂ। ਕਿਸੇ ਦੂਰਅੰਦੇਸ਼ ਲੀਡਰ ਦੀ ਗੈਰਹਾਜ਼ਰੀ ਵਿਚ ਮਨੁੱਖਤਾ ਦਾ ਸਮੁੰਦਰ ਇਸ ਲਈ ਲਹਿਰਾਇਆ ਕਿਉਂਕਿ ਇਹ ਗੁਰਬਾਣੀ ਨੂੰ ਪਿਆਰਨ ਵਾਲੇ ਵੀਰ-ਭੈਣ ਸਨ। ਪੰਥ ਅੱਗੇ ਲੰਘ ਗਿਆ, ਲੀਡਰ ਗਰਦ-ਗੁਬਾਰ ਦੇਖਦੇ ਧੂੜ ਫਕਦੇ ਪਿਛੇ ਰਹਿ ਗਏ।

ਕੁਝ ਗਰਮਤਿ ਪ੍ਰਚਾਰਕਾਂ ਦੇ ਕੇਂਦਰਾਂ ਨੇ ਸ਼ਾਨਦਾਰ ਭੂਮਿਕਾ ਨਿਭਾਈ, ਜਿਨ੍ਹਾਂ ਵਿਚੋਂ ਭਾਈ ਰਣਜੀਤ ਸਿੰਘ ਢੱਡਰੀਆਂ ਵਾਲੇ ਇਕ ਹਨ। ਚੱਬੇ ਨਾ ਜਾਣ ਦੀ ਉਨ੍ਹਾਂ ਦੀ ਆਪਣੀ ਵਜ੍ਹਾ ਸੀ। ਇਸੇ ਗੱਲ ਕਰਕੇ ਉਨ੍ਹਾਂ ਨੂੰ ਇਹ ਕਹਿਣਾ ਕਿ ਉਹ ਸਰਕਾਰ ਪਾਸ ਵਿਕ ਗਏ ਹਨ, ਹੋਛੀ ਹਰਕਤ ਹੈ। ਦਮਦਮੀ ਟਕਸਾਲ ਦੇ ਮੁਖੀ ਭਾਈ ਹਰਨਾਮ ਸਿੰਘ ਧੁੰਮਾ ਜ਼ਰੂਰ ਮੁਖ ਮੰਤਰੀ ਜੀ ਦੇ ਚਰਨਾਂ ਵਿਚ ਬੈਠੇ ਦਿਖਾਏ ਦੇ ਰਹੇ ਹਨ ਤੇ ਉਨ੍ਹਾਂ ਆਪਣੇ ਕਰ ਕਮਲ ਮੁਖ ਮੰਤਰੀ ਦੇ ਗੋਡਿਆਂ 'ਤੇ ਰੱਖੇ ਹੋਏ ਹਨ। ਇਹ ਫੋਟੋ ਇਸ ਕਰਕੇ ਅਜੀਬ ਲਗਦੀ ਹੈ ਕਿ ਦਮਦਮੀ ਟਕਸਾਲ ਬਾਬਾ ਦੀਪ ਸਿੰਘ ਦੇ ਨਾਮ 'ਤੇ ਕਾਇਮ ਹੋਈ ਤੇ ਹਰਨਾਮ ਸਿੰਘ ਧੁੰਮਾ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੇ ਵਾਰਿਸ ਹਨ।

1857 ਦੇ ਗਦਰ ਵਕਤ ਜਾੱਨ ਲਾਰੈਂਸ ਪੰਜਾਬ ਦੀ ਸਾਰੀ ਸੈਨਾ ਬਗਾਵਤ ਦਬਾਉਣ ਲਈ ਦਿੱਲੀ ਲੈ ਤੁਰਿਆ। ਪੰਜਾਬ ਵਿਚ ਕੇਵਲ ਇਕ ਹਜ਼ਾਰ ਸੈਨਿਕ ਰਹਿ ਗਏ ਸਨ। ਇਹ ਉਹ ਸੈਨਿਕ ਬਾਕੀ ਬਚੇ ਸਨ ਜਿਹੜੇ ਬਿਮਾਰ ਹੋਣ ਕਾਰਨ ਤੁਰ ਨਹੀਂ ਸਕੇ। ਪੰਜਾਬ ਖਾਲੀ ਸੀ, ਕੋਈ ਲੀਡਰ ਹੁੰਦਾ, ਪੰਜਾਬ ਤੇ ਕਬਜ਼ਾ ਕਰ ਲੈਂਦਾ। ਅੱਜ ਪੰਜਾਬ ਵਿਚ ਲੱਖਾਂ ਸੈਨਿਕ ਹਨ ਜੋ ਜਰਜਰੀ ਧਾਰਮਿਕ, ਸਮਾਜਕ ਵਿਵਸਥਾ ਨੂੰ ਬਦਲਣ ਦੇ ਸਮਰੱਥ ਹਨ। ਅੱਜ ਵੀ ਪੰਜਾਬ ਵਿਚ ਉਨ੍ਹਾਂ ਦਾ ਜਰਨੈਲ ਨਹੀਂ ਹੈ।

# ਪੰਡਤ ਨਹਿਰੂ ਦਾ 14 ਤੇ ਸਰਾਭਾ ਦਾ 16 ਨਵੰਬਰ

## ਨਿੱਕ ਸੁੱਕ



**ਗੁਲਜ਼ਾਰ ਸਿੰਘ ਸੰਧੂ**
Sandhugulzar@yahoo.com

ਅਸੀਂ ਹੁਣੇ ਹੁਣੇ ਦੋ ਸੈਕੂਲਰ ਸੋਚ ਨੂੰ ਪਰਣਾਈਆਂ ਹਸਤੀਆਂ ਨੂੰ ਚੇਤੇ ਕੀਤਾ ਹੈ। ਪਹਿਲੀ ਦੇ 125ਵੇਂ ਜਨਮ ਦਿਨ ਉਤੇ ਤੇ ਦੂਜੀ ਦੇ 100ਵੇਂ ਸ਼ਹੀਦੀ ਦਿਨ ਉਤੇ। ਪੰਡਿਤ ਜਵਾਹਰ ਲਾਲ ਨਹਿਰੂ ਨੇ ਇਤਿਹਾਸ ਪੜ੍ਹਿਆ, ਇਤਿਹਾਸ ਲਿਖਿਆ ਅਤੇ ਇਤਿਹਾਸ ਰਚਿਆ। ਕਰਤਾਰ ਸਿੰਘ ਸਰਾਭਾ ਨੇ ਛੋਟੀ ਉਮਰੇ ਸ਼ਹੀਦੀ ਪਾ ਕੇ ਇਤਿਹਾਸ ਰਚਿਆ ਤੇ ਸਿਰਜਿਆ। ਜੇ ਨਹਿਰੂ ਕੋਲ ਦਿੱਬ ਦ੍ਰਿਸ਼ਟੀ ਸੀ ਤਾਂ ਸਰਾਭਾ ਕੋਲ ਦੇਸ਼ ਲਈ ਕੁਰਬਾਨ ਹੋਣ ਦਾ ਜਜ਼ਬਾ ਤੇ ਤੜਪ ਸੀ। ਨਹਿਰੂ ਨੇ ਨੌਜਵਾਨਾਂ ਨੂੰ ਚੋਣਾਂ ਵਿਚ ਵੋਟ ਪਾਉਣ ਦਾ ਅਧਿਕਾਰ, ਦੇਸ਼ ਨੂੰ ਸੁਤੰਤਰ ਸੰਸਦ, ਆਜ਼ਾਦ ਛਾਪਾਖਾਨਾ ਤੇ ਸੁਤੰਤਰ ਨਿਆਂਪ੍ਰਣਾਲੀ ਦਿੱਤੀ। ਉਸ ਨੇ ਸੁਤੰਤਰਤਾ ਸੰਗਰਾਮ ਵਿਚ ਮਹਾਤਮਾ ਗਾਂਧੀ ਤੋ ਪ੍ਰਾਪਤ ਹੋਈ ਆਤਮਕ ਸ਼ਕਤੀ, ਆਜ਼ਾਦੀ ਤੇ ਸਭਿਆਚਾਰ ਨੂੰ ਬੌਧਿਕ ਵਿਸਤਾਰ, ਤਰਕਸ਼ੀਲ ਪਾਸਾਰ ਤੇ ਧਰਮ ਨਿਰਪੱਖ ਅਨੇਕਵਾਦ ਦਿੱਤਾ। ਸਰਾਭਾ ਨੇ ਆਪਣੇ ਦੇਸ਼ ਲਈ ਜਾਨ ਵਾਰਨ ਤੇ ਲੜ ਮਰਨ ਦੀ ਰੂਹ ਫੂਕੀ। ਨਹਿਰੂ ਨੇ ਦੇਸ਼ ਦੀ ਕਮਾਂਡ ਉਸ ਸਮੇਂ ਸੰਭਾਲੀ ਜਦੋਂ ਭਾਰਤ ਨੂੰ ਅੰਦਰਲੀ ਧਰਮ ਨਿਰਪੱਖਤਾ ਦੇ ਨਾਲ ਨਾਲ ਬਾਹਰਲੇ ਦੇਸ਼ਾਂ ਦਾ ਹਾਣੀ ਬਣਨ ਦੀ ਵੀ ਲੋੜ ਸੀ। ਉਸ ਨੇ ਗੁੱਟ-ਨਿਰਲੇਪ ਨੀਤੀ 'ਤੇ ਪਹਿਰਾ ਦੇ ਕੇ ਭਾਰਤ ਦਾ ਸਿਰ ਉਚਾ ਕੀਤਾ।

ਨੋਟ ਕਰਨ ਵਾਲੀ ਗੱਲ ਇਹ ਹੈ ਕਿ ਇਸ ਬਰਾਬਰੀ ਦੇ ਬੀਜ ਨੌਜਵਾਨ ਕਰਤਾਰ ਸਿੰਘ ਸਰਾਭਾ ਵਿਦੇਸ਼ ਵਿਚ ਰਹਿੰਦਿਆਂ ਹੀ ਬੀਜ ਚੁੱਕਾ ਸੀ। 21 ਅਪ੍ਰੈਲ 1913 ਨੂੰ ਆਸਟਰੀਆ ਦੀ ਇਕ ਬੈਠਕ ਵਿਚ ਹਿੰਦੀ ਐਸੋਸੀਏਸ਼ਨ ਆਫ ਪੈਸਿਫਿਕ ਕੋਸਟ ਰਾਹੀਂ ਗਦਰ ਪਾਰਟੀ ਦੀ ਸਥਾਪਨਾ ਤੇ ਫੇਰ ਗਦਰ ਨਾਂ ਦੇ ਰਸਾਲੇ ਦਾ ਪ੍ਰਕਾਸ਼ਨ ਇਤਿਹਾਸਕ ਫੈਸਲੇ ਸਨ। ਉਸ ਦੀਆਂ ਸਰਗਰਮੀਆਂ ਤੋਂ ਗੋਰੇ ਹਾਕਮ ਏਨੇ ਬੌਖਲਾਏ ਕਿ ਉਨ੍ਹਾਂ ਨੇ ਸਰਾਭਾ ਸਮੇਤ ਦਰਜਨਾਂ ਗਦਰੀਆਂ ਨੂੰ ਫਾਂਸੀ ਤੇ ਅਨੇਕਾਂ ਨੂੰ ਉਮਰ ਕੈਦ ਅਤੇ ਕਾਲੇ ਪਾਣੀ ਦੀਆਂ ਸਜ਼ਾਵਾਂ ਦਿੱਤੀਆਂ। ਸੰਨ 1915 ਦਾ 16 ਨਵੰਬਰ ਉਹ ਦਿਹਾੜਾ ਸੀ ਜਿਸ ਦਿਨ ਸਰਾਭਾ ਨੂੰ ਸ਼ਹੀਦ ਕੀਤਾ ਗਿਆ। ਸਰਾਭਾ ਤੇ ਉਸ ਦੇ ਸਾਥੀਆਂ ਦੀ ਕੁਰਬਾਨੀ ਨੇ ਭਗਤ ਸਿੰਘ ਵਰਗਾ ਸ਼ਹੀਦ-ਏ-ਆਜ਼ਮ ਸਿਰਜਿਆ। ਉਨ੍ਹਾਂ ਦੇ ਸਿਰਜੇ ਮਾਹੌਲ ਨੇ ਹੀ ਪੰਡਿਤ ਨਹਿਰੂ ਵਰਗੇ ਰਾਜਨੀਤੀਵਾਨਾਂ ਨੂੰ ਉਭਾਰਿਆ।

ਅਜੋਕੇ ਬੁੱਧੀਜੀਵੀ ਤੇ ਨੀਤੀਵਾਨ, ਖਾਸ ਕਰਕੇ ਨੌਜਵਾਨ ਪੀੜ੍ਹੀ, ਉਨ੍ਹਾਂ ਦੋਹਾਂ ਦੀ ਦੇਣ ਉਤੇ ਪਹਿਰਾ ਦੇਣ ਦੀ ਸਹੁੰ ਖਾਂਦੇ ਹਨ। ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ ਤਾਂ ਏਸ ਵਰ੍ਹੇ ਦਾ ਸਮੁੱਚਾ ਯੂਥ ਫੈਸਟੀਵਲ ਸਰਾਭਾ ਨੂੰ ਸਮਰਪਿਤ ਕੀਤਾ ਹੈ। ਜਿਥੋਂ ਤੱਕ ਪੰਡਿਤ ਨਹਿਰੂ ਦੀ ਧਰਮ-ਨਿਰਪੱਖਤਾ ਤੇ ਦਿੱਭ ਦ੍ਰਿਸ਼ਟੀ ਦਾ ਸਵਾਲ ਹੈ, ਉਸ ਨੇ ਸੁਤੰਤਰ ਭਾਰਤ ਦੀ ਵਾਗਡੋਰ ਸੰਭਾਲਦੇ ਸਾਰ ਜਿਹੜੀ ਪ੍ਰਥਮ ਕੈਬਨਿਟ ਬਣਾਈ ਉਸ ਦੇ 14 ਮੈਂਬਰਾਂ ਵਿਚੋਂ ਸ਼ਿਆਮਾ ਪ੍ਰਸ਼ਾਦ ਮੁਕਰਜੀ, ਬੀ. ਆਰ. ਅੰਬੇਦਕਰ, ਸਨਮੁਖਮ ਚੈਟੀ, ਸੀ. ਐਚ. ਭਾਬਾ, ਬਲਦੇਵ ਸਿੰਘ ਤੇ ਜੌਹਨ ਮਥਾਈ ਛੇ ਮੈਂਬਰ ਗੈਰ ਕਾਂਗਰਸੀ ਸਨ।

ਕਾਂਗਰਸੀ ਮੈਂਬਰਾਂ ਵਿਚ ਸਰਦਾਰ ਪਟੇਲ ਵੀ ਸੀ, ਜਿਸ ਦੇ ਬਾਰੇ ਅੱਜ-ਕਲ੍ਹ ਗਲਤ-ਮਲਤ ਖਬਰਾਂ ਦਾ ਬਾਜ਼ਾਰ ਗਰਮ ਹੈ। ਜੇ ਪਟੇਲ ਚਾਹੁੰਦਾ ਤਾਂ ਉਹ ਆਪਣੀ ਦੇਸ਼ ਭਗਤੀ ਦੇ ਪਟੜੇ ਉਤੇ ਖਲੋ ਕੇ ਕੈਬਨਿਟ ਤੋਂ ਬਾਹਰ ਰਹਿਣ ਦਾ ਫੈਸਲਾ ਵੀ ਕਰ ਸਕਦਾ ਸੀ ਪਰ ਉਸ ਨੇ ਆਪਣੀ ਹਉਮੈ ਨੂੰ ਤਿਆਗ ਕੇ ਦੇਸ਼ ਦੀ ਸੇਵਾ ਕਰਨ ਨੂੰ ਤਰਜੀਹ ਦਿੱਤੀ। ਇਹ ਸੱਚ ਹੈ ਕਿ ਜਨਵਰੀ 1948 ਵਿਚ ਨਹਿਰੂ ਤੇ ਪਟੇਲ ਦੇ ਰਿਸ਼ਤੇ ਵਿਚ ਅਜਿਹੀਆਂ ਤਰੇੜਾਂ ਵੀ ਆਈਆਂ ਜਿਨ੍ਹਾਂ ਦਾ ਨਿਪਟਾਰਾ ਮਹਾਤਮਾ ਗਾਂਧੀ ਦੇ ਹੱਥ ਸੀ। 30 ਜਨਵਰੀ ਨੂੰ ਸ਼ਾਮ ਦੇ ਚਾਰ ਵਜੇ ਪਟੇਲ ਨੇ ਮਹਾਤਮਾ ਗਾਂਧੀ ਨੂੰ ਮਿਲ ਕੇ ਆਪਣਾ ਦਿਲ ਖੋਲ੍ਹਿਆ ਤਾਂ ਗਾਂਧੀ ਨੇ ਉਸ ਨੂੰ ਸਮਝਾਇਆ ਕਿ ਉਸ ਵੇਲੇ ਦੇਸ਼ ਨੂੰ ਨਹਿਰੂ ਤੇ ਪਟੇਲ ਦੋਨਾਂ ਮਹਾਰਥੀਆਂ ਦੀ ਲੋੜ ਸੀ। ਉਨ੍ਹਾਂ ਦੇ ਰਿਸ਼ਤੇ ਵਿਚ ਆਈ ਨਿੱਕੀ ਜਿਹੀ ਤਰੇੜ ਵੀ ਦੇਸ਼ ਲਈ ਘਾਤਕ ਹੋਵੇਗੀ। ਅਗਲੇ ਦਿਨ ਮਹਾਤਮਾ ਗਾਂਧੀ ਨੇ ਦੋਨਾਂ ਦੇ ਗੁੱਸੇ-ਗਿਲੇ ਦੂਰ ਕਰਵਾਉਣੇ ਸੀ ਪਰ 5 ਵਜ ਕੇ 10 ਮਿੰਟ 'ਤੇ ਗਾਂਧੀ ਜੀ ਦੀ ਹੱਤਿਆ ਹੋ ਗਈ।

ਇਸ ਪ੍ਰਸੰਗ ਵਿਚ ਫਰਵਰੀ 1948 ਵਿਚ ਨਹਿਰੂ ਤੇ ਪਟੇਲ ਦੀਆਂ ਇਕ ਦੂਜੇ ਨੂੰ ਲਿਖੀਆਂ ਦੋ ਚਿੱਠੀਆਂ ਵੀ ਧਿਆਨ ਮੰਗਦੀਆਂ ਹਨ। ਪਹਿਲਾਂ ਤਿੰਨ ਫਰਵਰੀ 1948 ਨੂੰ ਨਹਿਰੂ ਵਲੋਂ ਪਟੇਲ ਨੂੰ ਲਿਖੀ ਚਿੱਠੀ ਦਾ ਇੱਕ ਪੈਰਾ: "ਆਪਾਂ ਪੂਰੀ ਚੱਪਾ ਸਦੀ ਇਕ ਦੂਜੇ ਤੋਂ ਹੋ ਦੂਰ ਕੇ ਟੋਇਆਂ-ਟਿੱਬਿਆਂ ਤੇ ਝੱਖੜਾਂ ਦਾ ਟਾਕਰਾ ਕੀਤਾ ਹੈ। ਮੇਰਾ ਤਨ ਤੇ ਮਨ ਗਵਾਹ ਹੈ ਕਿ ਇਨ੍ਹਾਂ ਦਿਨਾਂ ਵਿਚ ਤੁਹਾਡੇ ਪ੍ਰਤੀ ਮੇਰਾ ਪਿਆਰ ਨਿੱਘ ਤੇ ਮੋਹ ਹੋਰ ਵੀ ਵਧਿਆ ਹੈ। 5 ਫਰਵਰੀ ਨੂੰ ਸਰਦਾਰ ਪਟੇਲ ਨੇ ਉਤਰ ਵਿਚ ਲਿਖਿਆ, "ਮੈਨੂੰ ਤੁਹਾਡੇ ਸ਼ਬਦਾਂ ਵਿਚਲੇ ਨਿੱਘ ਤੇ ਪਿਆਰ ਨੇ ਬੇਅੰਤ ਪ੍ਰਭਾਵਿਤ ਕੀਤਾ ਹੈ। ਮੈਂ ਸੱਚੇ ਦਿਲੋਂ ਤੁਹਾਡੇ ਸ਼ਬਦਾਂ ਦਾ ਆਦਰ ਕਰਦਾ ਹਾਂ। ਆਪਾਂ ਦੋਨੋਂ ਹੁਣ ਤੱਕ ਸਾਂਝੇ ਮੰਤਵ ਲਈ ਇੱਕ ਦੂਜੇ ਦੇ ਕਦਮ ਨਾਲ ਕਦਮ ਮਿਲਾ ਕੇ ਚੱਲੇ ਹਾਂ। ਕੀ ਇਹ ਸੱਚ ਨਹੀਂ ਕਿ ਆਪਣੇ ਦੇਸ਼ ਲਈ ਆਪਣਾ ਇੱਕ ਦੂਜੇ ਪ੍ਰਤੀ ਪਿਆਰ ਤੇ ਸਤਿਕਾਰ ਸਮੇਂ ਸਮੇਂ ਉਭਰੇ ਵਿਤਕਰਿਆਂ ਨੂੰ ਲਿਤਾੜ ਕੇ ਅੱਗੇ ਨਹੀਂ ਵਧਿਆ?"

ਆਪਾਂ ਅੱਜ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਕਿਹੜੇ ਮਾਪ ਤੋਲਾਂ ਨਾਲ ਪਰਖੀਏ ਜਿਹੜਾ ਸਰਦਾਰ ਪਟੇਲ ਦਾ ਬੁੱਤ ਉਸਾਰਨ ਲਈ ਤਾਂ ਦੇਸ਼ ਭਰ 'ਚੋਂ ਲੋਹਾ ਮੰਗ ਰਿਹਾ ਹੈ ਪਰ ਨਹਿਰੂ ਦੇ 125ਵੇਂ ਜਨਮ ਦਿਨ ਉਤੇ ਉਸ ਨੂੰ ਚੇਤੇ ਵੀ ਨਹੀਂ ਕਰਦਾ।

ਮੁਆਫ ਕਰਨਾ ਮੈਂ ਨਹਿਰੂ ਤੇ ਸਰਾਭਾ ਜ਼ਿੰਦਾਬਾਦ ਕਹਿਣ ਤੋਂ ਥੋੜ੍ਹਾ ਦੂਰ ਚਲਾ ਗਿਆ ਹਾਂ। ਭੁੱਲ-ਚੁੱਕ ਮੁਆਫ਼।

**ਅੰਤਿਕਾ:**

ਉਨ੍ਹੀਂ ਰਾਸਤੋਂ ਨੇ ਜਿਨ ਪਰ
ਹਮ ਤੁਮ ਚਲੇ ਥੇ ਦੋਨੋਂ,
ਮੁਝੇ ਰੋਕ ਰੋਕ ਪੂਛਾ
ਤੇਰਾ ਹਮਸਫਰ ਕਹਾਂ ਹੈ।

# ਕਾਹਦੀ ਸਦਭਾਵਨਾ!

## ਇਕ ਪਾਸੇ ਗੁਰੂ ਸਾਹਿਬ ਜੀ ਦੀ ਬੇਅਦਬੀ, ਸਿੰਘਾਂ ਦੀਆਂ ਸ਼ਹੀਦੀਆਂ ਅਤੇ ਸਿੰਘ ਸਾਹਿਬਾਨਾਂ ਦੀਆਂ ਗ੍ਰਿਫਤਾਰੀਆਂ

## ਦੂਸਰੇ ਪਾਸੇ ਸਦਭਾਵਨਾ ਰੈਲੀ ਵਿੱਚ ਸ਼ਰਾਬ ਦੀਆਂ ਪੇਟੀਆਂ ਧੜਾਧੜ ਵੰਡੀਆ ਗਈਆਂ




ਪੰਡਾਲ ਦੀ ਫੋਟੋ ਸੁਖਬੀਰ ਬਾਦਲ ਦੇ ਭਾਸ਼ਨ ਦੌਰਾਨ
ਪੂਰਾ ਸੂਬਾ ਸਰਕਾਰ ਝੋਕਣ ਦੇ ਬਾਵਜੂਦ ਲੱਖ ਦਾ ਅੰਕੜਾ ਛੂਹ ਨਹੀਂ ਸਕੀ ਬਾਦਲ ਦੀ ਰੈਲੀ

ਸਦਭਾਵਨਾ ਰੈਲੀ ਵਿੱਚ ਜਾ ਰਹੇ ਬਾਦਲ ਦੇ ਪੱਪੂ ਰਾਹ ਵਿੱਚ ਪੈਗ ਲਾਉਂਦੇ

Paid Advertisement

**ਜਾਰੀ ਕਰਤਾ:** ਪ੍ਰੀਤਮ ਸਿੰਘ ਜੋਗਾਨੰਗਲ 510-224-0421, ਦਰਸ਼ਨ ਸਿੰਘ ਸੰਧੂ 510-377-1140, ਗੁਰਜੰਟ ਸਿੰਘ 951-500-2248
ਤਰਸੇਮ ਸਿੰਘ, ਜਸਦੀਪ ਸਿੰਘ, ਰਾਜਿੰਦਰ ਸਿੰਘ ਗਿੱਲ, ਜਗਦੀਪ ਸਿੰਘ, ਮਨਦੀਪ ਸਿੰਘ, ਅਰਵਿੰਦਰ ਸਿੰਘ, ਹਰਮਿੰਦਰਪਾਲ ਸਿੰਘ

ੴ ਸਤਿਗੁਰ ਪ੍ਰਸਾਦਿ

ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧ ਜਗ ਚਾਨਣ ਹੋਆ॥
ਜਿਉਂ ਕਰ ਸੂਰਜ ਨਿਕਲਿਆ ਤਾਰੇ ਛਪੇ ਅੰਧੇਰ ਪਲੋਆ॥
ਸਿੰਘ ਬੁਕੇ ਮਿਰਗਾਵਲੀ ਭੰਨੀ ਜਾਏ ਨ ਧੀਰ ਧਰੋਆ॥
ਜਿਥੈ ਬਾਬਾ ਪੈਰ ਧਰੈ ਪੂਜਾ ਆਸਣ ਥਾਪਣ ਸੋਆ॥

# ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀ ਸਮੂਹ ਸਾਧ ਸੰਗਤ ਤੇ 'ਪੰਜਾਬ ਟਾਈਮਜ਼' ਦੇ ਪਾਠਕਾਂ ਨੂੰ

# ਲੱਖ-ਲੱਖ ਵਧਾਈ ਹੋਵੇ



ਦੇਵ ਗਰੇਵਾਲ ਅਤੇ ਸ. ਪ੍ਰੀਤਮ ਸਿੰਘ ਗਰੇਵਾਲ

ਵਲੋਂ

## ਪ੍ਰੀਤਮ ਸਿੰਘ ਗਰੇਵਾਲ
## ਦੇਵ ਗਰੇਵਾਲ
## ਤੇ ਸਮੂਹ ਪਰਿਵਾਰ

# *Grewal Enterprises*

**San Jose, CA Ph:408-406-0703**

# ਸਿਕੰਦਰ ਸਿੰਘ ਮਲੂਕਾ ਖਿਲਾਫ ਇਰਾਦਾ ਕਤਲ ਦਾ ਕੇਸ ਦਰਜ ਕਰਨ ਦੀ ਮੰਗ

**ਸਟਾਕਟਨ (ਬਿਊਰੋ):** ਕੈਲੀਫੋਰਨੀਆ ਦੀਆਂ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਅਤੇ ਪੰਥਕ ਜਥੇਬੰਦੀਆਂ ਦੀ ਸਨਿਚਰਵਾਰ ਨੂੰ ਇਥੇ ਹੋਈ ਇਕ ਮੀਟਿੰਗ ਵਿਚ ਪੰਚਾਇਤ ਮੰਤਰੀ ਸਿਕੰਦਰ ਸਿੰਘ ਮਲੂਕਾ ਦੇ ਥੱਪੜ ਮਾਰਨ ਵਾਲੇ ਭਾਈ ਜਰਨੈਲ ਸਿੰਘ ਖਾਲਸਾ ਦੇ ਉਦਮ ਦੀ



ਸ਼ਲਾਘਾ ਕਰਦਿਆਂ ਮੰਤਰੀ ਮਲੂਕਾ ਦੀ 'ਗੁੰਡਾ ਬ੍ਰਿਗੇਡ' ਵਲੋਂ ਭਾਈ ਖਾਲਸਾ ਦੀ ਕੀਤੀ ਗਈ ਕੁੱਟਮਾਰ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕੀਤੀ ਗਈ।

ਮੀਟਿੰਗ ਵਿਚ ਪੰਜਾਬ ਪੁਲਿਸ ਤੋਂ ਮੰਗ ਕੀਤੀ ਗਈ ਕਿ ਭਾਈ ਜਰਨੈਲ ਸਿੰਘ ਖਾਲਸਾ ਉਤੇ ਜਾਨੀ ਹਮਲਾ ਕਰਨ ਵਾਲਿਆਂ ਅਤੇ ਇਸ ਲਈ ਕਥਿਤ ਤੌਰ 'ਤੇ ਸ਼ਹਿ ਦੇਣ ਵਾਲੇ ਮੰਤਰੀ ਸਿਕੰਦਰ ਸਿੰਘ ਮਲੂਕਾ ਖਿਲਾਫ 'ਇਰਾਦਾ ਕਤਲ' ਦਾ ਕੇਸ ਦਰਜ ਕੀਤਾ ਜਾਵੇ।

ਸ. ਪ੍ਰੀਤਮ ਸਿੰਘ ਜੋਗਾਨੰਗਲ ਵਲੋਂ ਇਸ ਸਬੰਧੀ ਜਾਰੀ ਕੀਤੇ ਗਏ ਇਕ ਬਿਆਨ ਅਨੁਸਾਰ ਮੀਟਿੰਗ ਵਿਚ 10 ਨਵੰਬਰ 2015 ਨੂੰ ਪਿੰਡ ਚੱਬਾ ਵਿਚ ਹੋਏ ਸਰਬੱਤ ਖਾਲਸਾ ਵਲੋਂ ਪਾਸ ਕੀਤੇ ਗਏ ਮਤਿਆਂ ਨੂੰ ਸਰਬਸੰਮਤੀ ਨਾਲ ਪ੍ਰਵਾਨ ਕਰਨ ਅਤੇ ਇਸ ਨੂੰ ਲਾਗੂ ਕਰਨ 'ਤੇ ਸਹਿਮਤੀ ਪ੍ਰਗਟਾਈ ਗਈ।

ਇਸ ਮੌਕੇ ਗੁਰਦੁਆਰਾ ਫਰੀਮਾਂਟ ਦੇ ਸਾਬਕਾ ਪ੍ਰਧਾਨ ਭਾਈ ਗੁਰਮੀਤ ਸਿੰਘ ਖਾਲਸਾ ਨੇ ਪੰਜਾਬ ਦੇ ਸਿੱਖਾਂ ਨੂੰ ਵੀਡੀਓ ਰਾਹੀਂ ਸੰਬੋਧਨ ਕਰਦਿਆਂ ਕਿਹਾ ਕਿ ਅਸੀਂ ਤੁਹਾਡੇ ਹਰ ਦਰਦ ਨੂੰ ਦਿਲੋਂ ਮਹਿਸੂਸ ਕਰਦੇ ਹਾਂ ਅਤੇ ਇਸ ਦੁੱਖ ਦੀ ਘੜੀ ਤੁਹਾਡੇ ਨਾਲ ਹਾਂ। ਪੰਜਾਬ ਸਰਕਾਰ ਤੋਂ ਸਾਡੀ ਮੰਗ ਹੈ ਕਿ ਸਰਬੱਤ ਖਾਲਸਾ ਦੌਰਾਨ ਨਿਯੁਕਤ ਕੀਤੇ ਗਏ ਸਿੰਘ ਸਾਹਿਬਾਨ ਨੂੰ ਤੁਰੰਤ ਰਿਹਾ ਕੀਤਾ ਜਾਵੇ ਅਤੇ ਉਨ੍ਹਾਂ ਵਿਰੁਧ ਦਰਜ ਕੀਤੇ ਗਏ ਦੇਸ਼ ਧ੍ਰੋਹੀ ਦੇ ਕੇਸ ਤੁਰੰਤ ਰੱਦ ਕੀਤੇ ਜਾਣ। ਇਸ ਤੋਂ ਇਲਾਵਾ ਗ੍ਰਿਫਤਾਰ ਕੀਤੇ ਬਾਕੀ ਸਿੰਘਾਂ ਨੂੰ ਵੀ ਤੁਰੰਤ ਰਿਹਾ ਕੀਤਾ ਜਾਵੇ। ਉਨ੍ਹਾਂ ਸਰਕਾਰ ਤੋਂ ਮੰਗ ਕੀਤੀ ਕਿ ਸਿੰਘਾਂ ਉਪਰ ਢਾਹੇ ਜਾ ਰਹੇ ਜ਼ੁਲਮਾਂ ਨੂੰ ਬੰਦ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਜਿਸ ਤਰ੍ਹਾਂ ਭਾਈ ਜਰਨੈਲ ਸਿੰਘ ਖਾਲਸਾ ਨੇ ਇੱਕ ਮੰਤਰੀ ਦੇ ਥੱਪੜ ਮਾਰ ਕੇ ਪੰਜਾਬ ਦੇ ਲੋਕਾਂ ਦੇ ਉਠ ਖੜ੍ਹੇ ਹੋਣ ਦਾ ਸਬੂਤ ਦਿੱਤਾ ਹੈ, ਅਸੀਂ ਯਕੀਨ ਦਿਵਾਉਂਦੇ ਹਾਂ ਕਿ ਬਾਹਰ ਦਾ ਸਿੱਖ ਤੁਹਾਡੇ ਨਾਲ ਹੈ।

ਭਾਈ ਗੁਰਮੀਤ ਸਿੰਘ ਖਾਲਸਾ ਨੇ ਆਪਣੀ ਗੱਲ ਜਾਰੀ ਰੱਖਦਿਆਂ ਕਿਹਾ ਕਿ ਬੜੇ ਸ਼ਰਾਰਤੀ ਢੰਗ ਨਾਲ ਪੰਜਾਬ ਵਿਚ ਬਾਦਲਾਂ ਨੇ ਰੈਲੀਆਂ ਦਾ ਸਿਲਸਿਲਾ ਸ਼ੁਰੂ ਕੀਤਾ ਹੈ, ਇਨ੍ਹਾਂ ਦਾ ਡੱਟ ਕੇ ਵਿਰੋਧ ਕਰਨ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਅਸੀਂ ਤੁਹਾਨੂੰ ਯਕੀਨ ਦੁਆਉਂਦੇ ਹਾਂ ਕਿ ਇਨ੍ਹਾਂ ਦੇ ਕਿਸੇ ਵੀ ਨੁਮਾਇੰਦੇ ਨੂੰ ਗੁਰੂ ਘਰਾਂ ਦੀ ਸਟੇਜ ਤੋਂ ਬੋਲਣ ਨਹੀਂ ਦਿੱਤਾ ਜਾਵੇਗਾ। ਉਨ੍ਹਾਂ ਪੰਜਾਬ ਦੇ ਸਿੱਖਾਂ ਨੂੰ ਬਾਦਲ ਲਾਣੇ ਦੇ ਸਿੱਖ ਵਿਰੋਧੀ ਪੈਂਤੜੇ ਵਿਰੁਧ ਰੋਸ ਪ੍ਰਗਟਾਉਣ ਲਈ ਪੰਜਾਬ ਬੰਦ ਲਈ ਵੀ ਬੇਨਤੀ ਕੀਤੀ। ਇਸ ਨਾਲ ਨੁਕਸਾਨ ਵੀ ਹੁੰਦਾ ਹੈ ਪਰ ਜਿਸ ਤਰ੍ਹਾਂ ਬਾਦਲਾਂ ਨੇ ਪੰਜਾਬ ਦਾ ਮਾਹੌਲ ਵਿਗਾੜਿਆ ਹੋਇਆ ਹੈ, ਅਜਿਹੇ ਬੰਦ ਰੱਖਣ ਤੋਂ ਬਿਨਾਂ ਸਿੱਖਾਂ ਕੋਲ ਚਾਰਾ ਵੀ ਕੋਈ ਨਹੀਂ।

ਮੀਟਿੰਗ ਵਿਚ ਹਰਿੰਦਰ ਸਿੰਘ ਟੈਕਸਸ ਸਬੰਧੀ ਵੀ ਵਿਚਾਰ ਹੋਈ ਕਿ ਜਦੋਂ ਸਾਨੂੰ ਪਤਾ ਹੈ ਕਿ ਇਸ ਬੰਦੇ ਦਾ ਕੰਮ ਸਿੱਖੀ ਵਿਰੋਧੀ ਰਿਹਾ ਹੈ ਤਾਂ ਅਸੀਂ ਕਿਉਂ ਨਹੀਂ ਇਹੋ ਜਿਹੇ ਬੰਦਿਆਂ ਤੋਂ ਦੂਰੀ ਬਣਾ ਕੇ ਰੱਖਦੇ? ਸਾਨੂੰ ਅਗਲੀ ਵਾਰ ਇਸ ਤਰ੍ਹਾਂ ਦੇ ਬੰਦਿਆਂ ਨੂੰ ਪੰਥਕ ਕਾਰਜਾਂ ਤੋਂ ਦੂਰ ਰੱਖਣਾ ਚਾਹੀਦਾ ਹੈ।

# ਪੰਜਾਬੀ ਸਾਹਿਤ ਸਭਾ ਵਲੋਂ ਕਹਾਣੀ ਵਰਕਸ਼ਾਪ

**ਸਟਾਕਟਨ (ਬਿਊਰੋ):** ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਦੀ ਸਥਾਨਕ ਇਕਾਈ ਵਲੋਂ ਬੀਤੇ ਐਤਵਾਰ ਲੈਥਰੋਪ ਵਿਖੇ ਇਕ ਕਹਾਣੀ ਵਰਕਸ਼ਾਪ ਕਰਵਾਈ ਗਈ ਜਿਸ ਵਿਚ ਕਹਾਣੀਕਾਰਾਂ ਨੇ ਕਹਾਣੀਆਂ ਪੜ੍ਹੀਆਂ ਅਤੇ ਉਨ੍ਹਾਂ ਉਪਰ ਵਿਚਾਰ ਕੀਤੀ ਗਈ।

ਸਭਾ ਵਲੋਂ ਜਾਰੀ ਇਕ ਬਿਆਨ ਅਨੁਸਾਰ



ਸਕੱਤਰ ਪ੍ਰਿੰ. ਹਰਨੇਕ ਸਿੰਘ ਨੇ ਆਏ ਮੈਂਬਰਾਂ ਨੂੰ ਜੀ ਆਇਆਂ ਆਖਦਿਆਂ ਕਹਾਣੀ ਵਰਕਸ਼ਾਪ ਦੀ ਮਹੱਤਤਾ ਤੋਂ ਜਾਣੂ ਕਰਵਾਇਆ।

ਤਾਰਾ ਸਿੰਘ ਸਾਗਰ ਨੇ ਆਪਣੀ ਨਵੀਂ ਕਹਾਣੀ 'ਟਰਮੀਨੇਟ' ਪੜ੍ਹੀ ਜਿਸ ਵਿਚ ਵਿਕਸਤ ਹੋ ਰਹੀ ਰੋਬੋਟ ਤਕਨੀਕ ਦਾ ਭਵਿੱਖ ਵਿਚ ਸਾਡੀ ਰੋਜ਼ਮੱਰਾ ਦੀ ਜ਼ਿੰਦਗੀ ਉਤੇ ਪੈਣ ਵਾਲੇ ਸੰਵੇਦਨਸ਼ੀਲ ਪ੍ਰਭਾਵ ਨੂੰ ਵਿਸ਼ਾ ਬਣਾਇਆ ਗਿਆ ਸੀ। ਕਹਾਣੀ ਕਲਾ 'ਤੇ ਉਨ੍ਹਾਂ ਦੀ ਪੱਕੜ ਸਾਫ ਝਲਕ ਰਹੀ ਸੀ।

ਦੂਸਰੀ ਕਹਾਣੀ ਨੀਲਮ ਸੈਣੀ ਨੇ 'ਧਰਤੀ ਦਾ ਪਰਛਾਵਾਂ' ਪੜ੍ਹੀ ਜਿਸ ਵਿਚ ਦੰਪਤੀ ਜੀਵਨ ਵਿਚ ਇਕ ਦੂਜੇ ਦੀ ਸਰੀਰਕ ਤੇ ਮਾਨਸਿਕ ਵੇਦਨਾਂ ਨੂੰ ਸਮਝਣ ਅਤੇ ਸੁਹਿਰਦ ਭਾਗੀਦਾਰ ਬਣਨ ਦੀ ਗੱਲ ਕੀਤੀ ਗਈ ਸੀ। ਹਾਜ਼ਰ ਸਰੋਤਿਆਂ ਨੇ ਦੋਹਾਂ ਕਹਾਣੀਆਂ ਦੀ ਭਰਪੂਰ ਸ਼ਲਾਘਾ ਕੀਤੀ ਅਤੇ ਆਪਣੇ ਉਸਾਰੂ ਸੁਝਾਅ ਵੀ ਪੇਸ਼ ਕੀਤੇ। ਇਸ ਪਿਛੋਂ ਹਰਜਿੰਦਰ ਪੰਧੇਰ ਅਤੇ ਪ੍ਰਿੰ. ਹਰਨੇਕ ਸਿੰਘ ਨੇ ਦੋ ਦੋ ਮਿੰਨੀ ਕਹਾਣੀਆਂ ਸੁਣਾਈਆਂ।

ਬੈਠਕ ਦੇ ਦੂਜੇ ਸੈਸ਼ਨ ਵਿਚ ਇਕ ਛੋਟਾ ਜਿਹਾ ਕਵੀ ਦਰਬਾਰ ਹੋਇਆ ਜਿਸ ਵਿਚ ਹੋਰਨਾਂ ਤੋਂ ਇਲਾਵਾ ਹਰਜਿੰਦਰ ਪੰਧੇਰ, ਤਾਰਾ ਸਾਗਰ, ਨੀਲਮ ਸੈਣੀ, ਅੰਜੂ ਬਾਲਾ ਅਤੇ ਗੁਰਚਰਨ ਕੌਰ ਨੇ ਗੀਤ, ਲੋਕ ਬੋਲੀਆਂ ਅਤੇ ਕਵਿਤਾਵਾਂ ਪੇਸ਼ ਕੀਤੀਆਂ।

ਸਭਾ ਦੇ ਪ੍ਰਧਾਨ ਹਰਜਿੰਦਰ ਪੰਧੇਰ ਨੇ ਹਾਜ਼ਰੀਨ ਦਾ ਧੰਨਵਾਦ ਕਰਨ ਉਪਰੰਤ ਛਾਪੇ ਜਾਣ ਵਾਲੇ 'ਪਰਵਾਸੀ ਪੰਜਾਬੀ ਕਹਾਣੀ ਸੰਗ੍ਰਿਹ' ਲਈ ਕਹਾਣੀਆਂ ਭੇਜੇ ਜਾਣ ਦੀ ਯਾਦ ਤਾਜ਼ਾ ਕਰਵਾਈ ਅਤੇ ਦੱਸਿਆ ਇਸ ਲਈ ਕਹਾਣੀਆਂ ਭੇਜਣ ਦੀ ਆਖਰੀ ਤਰੀਕ 31 ਦਸੰਬਰ 2015 ਹੈ। ਹੋਰ ਜਾਣਕਾਰੀ ਲਈ ਉਨ੍ਹਾਂ ਨਾਲ ਫੋਨ 209-610-5055 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।

## ਮੁਕਾਬਲੇ 'ਚ 4 ਨਕਸਲੀ ਔਰਤਾਂ ਦੀ ਮੌਤ

**ਰਾਏਪੁਰ:** ਇਥੋਂ ਦੇ ਸੁਕਮਾ ਜ਼ਿਲ੍ਹੇ ਵਿਚ ਸੁਰੱਖਿਆ ਬਲਾਂ ਤੇ ਨਕਸਲੀਆਂ ਦਰਮਿਆਨ ਹੋਏ ਮੁਕਾਬਲੇ ਵਿਚ ਚਾਰ ਨਕਸਲੀ ਔਰਤਾਂ ਦੀ ਮਾਰੀਆਂ ਗਈਆਂ ਜਦਕਿ ਇਕ ਮਾਓਵਾਦੀ ਆਗੂ ਜਖਮੀ ਹੋ ਗਿਆ।

ਪੁਲਿਸ ਦੇ ਆਈ.ਜੀ. ਐਸ.ਆਰ.ਪੀ. ਕੱਲੂਰੀ ਨੇ ਦੱਸਿਆ ਕਿ ਮੌਕੇ ਤੋਂ 303 ਰਾਈਫਲਾਂ, ਦੋ ਬਾਰਾਂ ਬੋਰ ਦੀਆਂ ਬੰਦੂਕਾਂ ਤੇ ਹੋਰ ਸਾਮਾਨ ਵੀ ਮਿਲਿਆ ਹੈ।


H K TRANSPORT INC

*Division of HK Incorporated*

1401 West Ray St, Indianapolis, IN 46221

Ph: 317-408-3211, web: www.hktransportinc.com



ਓਨਰ ਅਪਰੇਟਰਾਂ ਅਤੇ ਡਰਾਈਵਰਾਂ ਦੀ ਲੋੜ ਹੈ

ਸਾਰੀਆਂ 48 ਸਟੇਟਾਂ ਲਈ, ਡਰਾਈ ਫਰੇਟ, 100% ਨੋ ਟੱਚ, ਬਰੈਂਡ ਨਿਊ ਟਰੱਕ/ਟਰੇਲਰ, ਡਾਇਰੈਕਟ ਡਿਪੋਜ਼ਿਟ, ਮੈਡੀਕਲ ਸਹੂਲਤਾਂ ਅਤੇ 5000 ਡਾਲਰ ਸਾਈਨ-ਇਨ ਬੋਨਸ

| ਓਨਰ ਅਪਰੇਟਰਾਂ ਲਈ | ਡਰਾਈਵਰਾਂ ਲਈ |
|---|---|
| *92% ਫਲੈਟ ਡਿਸਪੈਚ | *48 ਸੈਂਟ ਤੱਕ ਪ੍ਰਤੀ ਮੀਲ |
| *30 ਸੈਂਟ/ਗੈਲਨ ਤੱਕ ਫਿਊਲ ਡਿਸਕਾਊਂਟ | *95% ਲੋਡ ਯਾਰਡ 'ਚ ਹੁੱਕ ਐਂਡ ਡਰਾਪ |
| *ਬਰੈਂਡ ਨਿਊ ਟਰੇਲਰ | *ਵਧੀਆ ਅਤੇ ਸਾਫ ਸੁਥਰੇ ਟਰੱਕ |
| *ਨੈਸ਼ਨਲ ਟਾਇਰ ਰਿਬੇਟ ਪ੍ਰੋਗਰਾਮ | |

*ਡਰਾਈਵਰਾਂ ਅਤੇ ਓਨਰ ਅਪਰੇਟਰਾਂ ਲਈ ਡਾਇਰੈਕਟ ਡਿਪਾਜ਼ਿਟ ਅਤੇ ਵੀਕਲੀ ਪੇਅ*

*ਲੋੜੀਂਦੀ ਯੋਗਤਾ:*

■ਕਲਾਸ ਏ ਸੀ ਡੀ ਐਲ ਅਤੇ ਸਾਫ-ਸੁਥਰਾ ਰਿਕਾਰਡ ਹੋਵੇ ■ਉਮਰ ਘੱਟੋ ਘੱਟ 23 ਸਾਲ
■ਘੱਟੋ ਘੱਟ 2 ਸਾਲ ਦਾ ਓ ਟੀ ਆਰ ਅਤੇ ਕੁਲ 5 ਸਾਲ ਦਾ ਤਸਦੀਕਯੋਗ ਤਜ਼ਰਬਾ ਹੋਵੇ।

*ਤੁਸੀਂ ਸਾਡੇ 'ਲੀਜ਼ ਟੂ ਬਾਈ' ਪ੍ਰੋਗਰਾਮ ਦਾ ਲਾਭ ਵੀ ਉਠਾ ਸਕਦੇ ਹੋ*

*ਡਾਇਰੈਕਟ ਡਿਪਾਜ਼ਿਟ ਅਤੇ ਪੰਪ 'ਤੇ ਫਿਊਲ ਰਿਬੇਟ*

ਸੰਪਰਕ ਕਰੋ: ਫੋਨ 317-408-3211

ਜਾਂ ਵੈਬ ਸਾਈਟ www.hktransportinc.com 'ਤੇ ਅਰਜੀ ਭਰੋ



Imperial Truck Driving School

3506 Nielsen Ave., Fresno, CA 93706

ਖੁਸ਼ਖਬਰੀ ! ਖੁਸ਼ਖਬਰੀ ! !

ਖੁਲ੍ਹ ਗਿਆ ਹੈ ਇੰਪੀਰੀਅਲ ਟਰੱਕ ਡਰਾਈਵਿੰਗ ਸਕੂਲ




ਟਰੇਨਿੰਗ ਦੇਣ ਲਈ ਅਨੁਭਵੀ ਅਤੇ ਵਧੀਆ ਟਰੇਨਰ
ਲਾਇਸੈਂਸ ਲੈਣ ਤੋਂ ਬਾਅਦ ਜਾਬ ਲੱਭਣ ਵਿਚ ਮਦਦ ਕਰਾਂਗੇ
ਟਰੇਨਿੰਗ ਲਈ ਵਧੀਆ ਨਵੇਂ ਟਰੱਕ, ਵਾਜਬ ਫੀਸ

ਰਹਿਣ ਵਾਸਤੇ ਖਾਸ ਪ੍ਰਬੰਧ

Deep Sidhu 559-217-5986
Mahinder Singh 559-515-9022
mailto:Deep@jfsinc.us

# A & I Trucking Co.

A&I WATSONVILLE, CA

123 E Lee Rd Watsonville, CA Ph: 831-763-7805

A&I WATSONVILLE, CA

ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ॥
ਜਿਉ ਕਰਿ ਸੂਰਜ ਨਿਕਲਿਆ ਤਾਰੇ ਛਪੇ ਅੰਧੇਰੁ ਪਲੋਆ॥

## ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀ ਸਮੂਹ ਸੰਗਤਾਂ ਨੂੰ

## ਲੱਖ ਲੱਖ ਵਧਾਈ ਹੋਵੇ



ਇਕਬਾਲ ਸਿੰਘ ਗਾਖਲ



ਪਲਵਿੰਦਰ ਸਿੰਘ ਗਾਖਲ



ਅਮੋਲਕ ਸਿੰਘ ਗਾਖਲ

ਹੋਰ ਜਾਣਕਾਰੀ ਲਈ ਸੰਪਰਕ ਕਰੋ
**ਫੋਨ:1-888-664-4004**
Fax: 831-724-2010, e-mail: aa@aitruckingllc.com

11 ਵੈਸਟਰਨ ਸਟੇਟਾਂ ਅਤੇ ਲੋਕਲ (ਕੈਲੀਫੋਰਨੀਆ) ਵਾਸਤੇ
**ਓਨਰ ਅਪਰੇਟਰਾਂ ਅਤੇ ਡਰਾਈਵਰਾਂ ਦੀ ਲੋੜ ਹੈ**

> ਅਸੀਂ 1990 ਤੋਂ ਕੁਆਲਿਟੀ ਸੇਵਾਵਾਂ ਦੇ ਰਹੇ ਹਾਂ
> 22 ਸਾਲਾਂ ਤੋਂ ਸਮੇਂ ਸਿਰ ਪੇਮੈਂਟ

**Weekly Pay Roll**

ਗਾਖਲ ਭਰਾਵਾਂ ਦੀ ਕੰਪਨੀ

**ਏ. ਐਂਡ ਆਈ. ਟਰਾਂਸਪੋਰਟ**

ਵਾਟਸਨਵਿਲ, ਕੈਲੀਫੋਰਨੀਆ



# ਬਚਾ ਲਓ ਕੋਈ ਸਿੱਖ ਵਿਰਾਸਤ!

**ਸੈਨ ਹੋਜ਼ੇ (ਚਰਨਜੀਤ ਸਿੰਘ ਪੰਨੂ):** 'ਬਚਾ ਲਓ ਕੋਈ ਸਿੱਖ ਵਿਰਾਸਤ!' ਇਹ ਗੁਹਾਰ ਪਿਛਲੇ ਦਿਨੀਂ ਇੰਗਲੈਂਡ ਤੋਂ ਆਏ ਪ੍ਰਸਿੱਧ ਇਤਿਹਾਸਕਾਰ ਅਤੇ ਫਿਲਮਸਾਜ਼ ਬੌਬੀ ਬਾਂਸਲ ਨੇ ਸਿੱਖ ਫਾਊਂਡੇਸ਼ਨ ਅਮਰੀਕਾ ਵੱਲੋਂ ਸਟੈਨਫੋਰਡ ਯੂਨੀਵਰਸਿਟੀ ਪਾਲੋ-ਆਲਟੋ ਵਿਖੇ ਉਨ੍ਹਾਂ ਨਾਲ ਇਕ ਰੂਬਰੂ ਦੌਰਾਨ ਲਾਈ।

ਜ਼ਿਕਰਯੋਗ ਹੈ ਕਿ ਇੰਗਲੈਂਡ ਦੇ ਜੰਮਪਲ ਬੌਬੀ ਸਿੰਘ ਬਾਂਸਲ ਨੇ ਮਹਾਰਾਜਾ ਰਣਜੀਤ ਸਿੰਘ ਸਮੇਂ ਦੇ ਸਿੱਖ ਇਤਿਹਾਸ ਦੀ ਭਰਪੂਰ ਖੋਜ ਕਰ ਕੇ ਬਹੁਤ ਸਾਰੀਆਂ ਦੁਰਲਭ ਨਿਸ਼ਾਨੀਆਂ ਤੇ ਘਟਨਾਵਾਂ ਦੀ ਨਿਸ਼ਾਨਦੇਹੀ ਕਰ ਵਿਖਾਈ ਹੈ। ਮਹਾਰਾਜਾ ਰਣਜੀਤ ਸਿੰਘ ਸਮੇਂ ਦੀਆਂ ਇਤਿਹਾਸਕ ਨਿਸ਼ਾਨੀਆਂ/ਲੱਭਤਾਂ ਬਾਰੇ ਗੋਸ਼ਟੀ ਵਿਚ ਵਿਰਾਸਤ ਸੰਭਾਲ ਯਤਨਾਂ ਬਾਰੇ ਨਿਘਾਰ ਦੀ ਗੱਲ ਕਰਦਿਆਂ ਉਨ੍ਹਾਂ ਕਿਹਾ, 'ਬਚਾ ਲਓ ਕੋਈ ਸਿੱਖ ਵਿਰਾਸਤ!'



ਉਨ੍ਹਾਂ ਦੱਸਿਆ ਕਿ ਜਿੱਥੇ ਹੁਣ ਭਾਰਤ, ਪੰਜਾਬ ਤੋਂ ਲੋਕ ਰੁਜ਼ਗਾਰ ਵਾਸਤੇ ਬਾਹਰਲੇ ਦੇਸ਼ਾਂ ਨੂੰ ਦੌੜਦੇ ਰਹੇ ਹਨ, ਉਥੇ ਮਹਾਰਾਜਾ ਰਣਜੀਤ ਸਿੰਘ ਦੇ ਸ਼ਾਸਨ ਕਾਲ ਵੇਲੇ ਦੂਰ ਦੁਰਾਡਿਓਂ ਰੁਜ਼ਗਾਰ ਵਾਸਤੇ ਯਾਤਰੀ ਉਸ ਦੇ ਦਰਬਾਰ ਵਿਚ ਪੁੱਜਦੇ ਤੇ ਨੌਕਰੀ ਕਰਦੇ ਰਹੇ ਹਨ। ਉਸ ਦੇ ਦਰਬਾਰ ਵਿਚ ਅਮਰੀਕਾ, ਹਾਲੈਂਡ, ਪਰਸ਼ੀਆ, ਯੂਨਾਨ, ਸਪੇਨ, ਹਾਲੈਂਡ ਆਦਿ ਤੋਂ ਲੋਕ ਨੌਕਰੀ ਕਰਦੇ ਰਹੇ।

ਸ. ਬਾਂਸਲ ਨੇ ਪਹਿਲਾਂ ਦੋ ਪੁਸਤਕਾਂ 'ਦਾ ਕੋਰਟ ਆਫ ਲਾਹੌਰ' ਅਤੇ 'ਦਾ ਲਾਇਨਜ਼ ਫਰੰਗੀਜ਼... ਯੂਰਪੀਨਜ਼ ਐਟ ਦਾ ਕੋਰਟ ਆਫ ਲਾਹੌਰ' ਛਪਵਾਈਆਂ ਹਨ ਜਿਨ੍ਹਾਂ ਦਾ ਵਿਸ਼ਵ ਭਰ ਵਿਚ ਸਵਾਗਤ ਕੀਤਾ ਗਿਆ ਹੈ। ਇਸ ਉਪਰੰਤ 'ਦਾ ਸਿੱਖਸ ਆਫ ਕਾਬਲ' ਸਮੇਤ ਉਨ੍ਹਾਂ ਦੀਆਂ ਕਈ ਦਸਤਾਵੇਜ਼ੀ ਫਿਲਮਾਂ ਵੀ ਦਰਸ਼ਕਾਂ ਨੇ ਬਹੁਤ ਪਸੰਦ ਕੀਤੀਆਂ ਹਨ। ਉਨ੍ਹਾਂ ਨੂੰ ਪੇਸ਼ਾਵਰ, ਲਾਹੌਰ, ਅੰਮ੍ਰਿਤਸਰ, ਪਟਿਆਲਾ ਸਮੇਤ ਪਾਕਿਸਤਾਨ ਤੇ ਭਾਰਤ ਦੀਆਂ ਕਈ ਯੂਨੀਵਰਸਿਟੀਆਂ ਵਿਚ ਗਿਆਨ ਭਰਪੂਰ ਭਾਸ਼ਣ ਦੇਣ ਦਾ ਮੌਕਾ ਮਿਲਿਆ ਹੈ।

ਇਸ ਮੌਕੇ ਪ੍ਰਸਿੱਧ ਸਿੱਖ ਵਿਗਿਆਨੀ (ਫਾਦਰ ਆਫ ਫਾਈਬਰ ਆਪਟਿਕ) ਡਾ. ਨਰਿੰਦਰ ਸਿੰਘ ਕਪਾਨੀ ਵੱਲੋਂ ਸਿੱਖ ਇਤਿਹਾਸ ਦੀ ਸੰਭਾਲ ਲਈ ਦਿੱਤੇ ਗਏ ਲੱਖਾਂ ਡਾਲਰਾਂ ਬਾਰੇ ਚਰਚਾ ਕੀਤੀ ਗਈ। ਜ਼ਿਕਰਯੋਗ ਹੈ ਕਿ ਉਨ੍ਹਾਂ ਮਹਾਰਾਜਾ ਰਣਜੀਤ ਸਿੰਘ ਨਾਲ ਸਬੰਧਤ ਬਹੁਤ ਦੁਰਲਭ ਨਿਸ਼ਾਨੀਆਂ ਮਹਿੰਗੀ ਨਿਲਾਮੀ ਵਿਚ ਖਰੀਦੀਆਂ ਹੋਈਆਂ ਹਨ, ਜਿਨ੍ਹਾਂ ਵਿਚੋਂ ਦੋ ਮੁੰਦੀਆਂ, ਸਿਰਕੋਪ ਤੇ ਇਕ ਸੌ ਹੋਰ ਵਸਤਾਂ ਸੈਨ ਫਰਾਂਸਿਸਕੋ ਦੇ 'ਏਸ਼ੀਅਨ ਆਰਟ ਮਿਊਜ਼ੀਅਮ' ਗੈਲਰੀ ਵਿਚ 'ਸਤਿੰਦਰ ਕੌਰ ਕਪਾਨੀ ਕੁਲੈਕਸ਼ਨ' ਨੁਮਾਇਸ਼ ਵਿਚ ਆਪਣੀ ਪਤਨੀ ਨੂੰ ਸਮਰਪਿਤ ਕੀਤੀਆਂ ਹਨ। ਉਨ੍ਹਾਂ ਇਸ ਆਰਟ ਗੈਲਰੀ ਨੂੰ 1999 ਵਿਚ ਪੰਜ ਲੱਖ ਡਾਲਰ ਦੇ ਕੇ ਸਿੱਖ ਯਾਦਗਾਰਾਂ ਸ਼ਾਮਲ ਕਰਨ ਲਈ ਹਿੱਸਾ ਪਾਇਆ ਸੀ। ਹੁਣ ਵੀ ਉਨ੍ਹਾਂ ਦੀਆਂ ਦਿੱਤੀਆਂ ਇਹ ਕੀਮਤੀ ਦੁਰਲਭ ਵਸਤਾਂ ਉਥੇ ਪਈਆਂ ਹਨ ਪਰ ਦਰਸ਼ਕਾਂ ਦਾ ਸਾਰਥਿਕ ਹੁੰਗਾਰਾ ਨਾ ਮਿਲਣ ਕਰਕੇ ਇਨ੍ਹਾਂ ਦੀ ਬੇਕਦਰੀ ਹੋ ਰਹੀ ਹੈ।

ਡਾ. ਨਰਿੰਦਰ ਕਪਾਨੀ ਨੇ ਹਰ ਆਮ ਖਾਸ ਨੂੰ ਬੇਨਤੀ ਕੀਤੀ ਹੈ ਕਿ ਉਹ ਸੈਨ ਫਰਾਂਸਿਸਕੋ ਜਾਣ ਸਮੇਂ ਇਸ ਮਿਊਜ਼ੀਅਮ ਵਿਚ ਸਿੱਖ ਆਰਟ ਦੇ ਦਰਸ਼ਨ ਜ਼ਰੂਰ ਕਰਨ।

ਡਾ. ਦਲਵੀਰ ਸਿੰਘ ਪੰਨੂ ਨੇ 'ਉਚੇ ਬੁਰਜ ਲਾਹੌਰ ਦੇ' ਨਾਮੀਂ ਆਪਣੇ ਸਫਰਨਾਮੇ ਵਿਚੋਂ ਚੋਣਵੀਆਂ ਯਾਦਗਾਰਾਂ ਤਸਵੀਰਾਂ ਸੰਗ ਪੇਸ਼ਕਾਰੀ ਕਰ ਕੇ ਸਿੱਖ ਵਿਰਾਸਤ ਦੀ ਵਿਗੜ ਰਹੀ ਹਾਲਾਤ ਬਾਰੇ ਦੱਸਿਆ ਤੇ ਜੋਰ ਦਿੱਤਾ ਕਿ ਸਿੱਖ ਯਾਤਰੂ ਗੁਰਦੁਆਰਿਆਂ ਦੇ ਦਰਸ਼ਨ ਕਰਨ ਦੇ ਨਾਲ ਇਨ੍ਹਾਂ ਇਤਿਹਾਸਕ ਇਮਾਰਤਾਂ ਦੀ ਵੀ ਸਾਰ ਲੈਣ।

## ਗੁਰਦੁਆਰਾ ਸੈਨ ਹੋਜ਼ੇ 'ਚ 'ਬੰਦਾ ਸਿੰਘ ਬਹਾਦਰ' ਨਾਟਕ ਦਾ ਮੰਚਨ 28 ਨੂੰ

**ਸੈਨ ਹੋਜ਼ੇ (ਐਸ ਅਸ਼ੋਕ ਭੌਰਾ):** ਖਾਲਸਾ ਰਾਜ ਦੀ ਸਥਾਪਨਾ ਕਰਨ ਵਾਲੇ ਬਾਬਾ ਬੰਦਾ ਸਿੰਘ ਬਹਾਦਰ ਦੀ ਜੀਵਨੀ 'ਤੇ ਆਧਾਰਤ ਇਕ 'ਲਾਈਟ ਐਂਡ ਸਾਊਂਡ' ਸ਼ੋਅ 28 ਨਵੰਬਰ, ਸਨਿਚਰਵਾਰ ਸ਼ਾਮ ਛੇ ਵਜੇ ਗੁਰਦੁਆਰਾ ਸੈਨ ਹੋਜ਼ੇ ਵਿਖੇ ਹੋਵੇਗਾ। ਇਹ ਨਾਟਕ ਬਾਲੀਵੁੱਡ ਐਂਟਰਟੇਨਮੈਂਟ ਤੇ ਜਸਵੰਤ ਮਹਿਮੀ ਵਲੋਂ ਪੰਜਾਬੀ ਕਲਾ ਕੇਂਦਰ ਅਤੇ ਥਿਏਟਰ ਆਰਟ ਇੰਡੀਆ ਦੀ ਟੀਮ ਦੇ ਸਹਿਯੋਗ ਨਾਲ ਪੇਸ਼ ਕੀਤਾ ਜਾਵੇਗਾ।

ਬੇਅ ਏਰੀਏ ਵਿਚ ਆਪਣੀ ਹੀ ਕਿਸਮ ਦਾ ਸਿੱਖ ਇਤਿਹਾਸ ਨੂੰ ਕੁਰਬਾਨੀਆਂ ਅਤੇ ਲਾਸਾਨੀ ਸ਼ਹਾਦਤ ਚੇਤੇ ਕਰਵਾਉਣ ਵਾਲਾ ਇਹ ਡਰਾਮਾ ਸ਼ਾਇਦ ਪਹਿਲੀ ਵਾਰ ਖੇਡਿਆ ਜਾ ਰਿਹਾ ਹੈ। ਇਸ ਵਿਚ ਸਾਰੇ ਕਲਾਕਾਰ ਅਨੁਭਵੀ ਹਨ। ਸ਼ੋਅ ਲਈ ਕੋਈ ਦਾਖਲਾ ਫੀਸ ਨਹੀਂ ਰੱਖੀ ਗਈ।

ਹੋਰ ਜਾਣਕਾਰੀ ਲਈ ਸੁਖਦੇਵ ਸਿੰਘ ਬੈਣੀਵਾਲ (408-421-9463), ਅਵਤਾਰ ਸਿੰਘ ਲਾਖਾ (209-200-0818) ਜਾਂ ਜਸਵੰਤ ਸਿੰਘ ਸ਼ਾਦ (209-992-7185) ਨਾਲ ਸੰਪਰਕ ਕੀਤਾ ਜਾ ਸਕਦਾ ਹੈ।






# ਦਿੱਲੀ ਸਰਕਾਰ ਵਲੋਂ ਮੂਲ ਨਾਨਕਸ਼ਾਹੀ ਕੈਲੰਡਰ ਅਪਨਾਉਣ ਦਾ ਅਮਰੀਕਨ ਸਿੱਖਾਂ ਵਲੋਂ ਸਵਾਗਤ

**ਸੈਨ ਹੋਜ਼ੇ (ਤਰਲੋਚਨ ਸਿੰਘ ਦੁਪਾਲਪੁਰ):** ਦਿੱਲੀ ਦੀ ਕੇਜਰੀਵਾਲ ਸਰਕਾਰ ਵਲੋਂ ਛਾਪੇ ਗਏ ਇਸ਼ਤਿਹਾਰਾਂ ਵਿਚ ਨੌਂਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਜੀ ਦਾ ਸ਼ਹੀਦੀ ਪੁਰਬ ਮੂਲ ਨਾਨਕਸ਼ਾਹੀ ਕੈਲੰਡਰ ਮੁਤਾਬਕ ਦਰਸਾਉਣ ਦਾ ਅਮਰੀਕਨ ਸਿੱਖ ਆਗੂਆਂ ਨੇ ਭਰਪੂਰ ਸਵਾਗਤ ਕੀਤਾ ਹੈ। ਗੌਰਤਲਬ ਹੈ ਕਿ ਲੰਘੀ 6 ਨਵੰਬਰ ਨੂੰ ਦਿੱਲੀ ਸਰਕਾਰ ਵਲੋਂ ਰਾਸ਼ਟਰੀ ਅਤੇ ਕੁਝ ਸਥਾਨਕ ਅਖਬਾਰਾਂ ਵਿਚ ਛਪਵਾਏ ਇਸ਼ਤਿਹਾਰਾਂ ਵਿਚ ਕੁਝ ਹੋਰ ਇਤਿਹਾਸਕ ਦਿਹਾੜਿਆਂ ਦੇ ਨਾਲ ਨਾਲ ਨੌਂਵੇਂ ਗੁਰੂ ਜੀ ਦੇ ਸ਼ਹੀਦੀ ਦਿਵਸ ਬਾਰੇ ਵੀ ਸਤਿਕਾਰ ਪ੍ਰਗਟਾਇਆ ਗਿਆ ਹੈ। ਦੇਸ਼-ਵਿਦੇਸ਼ ਦੀਆਂ ਤਮਾਮ ਸਿੱਖ ਸੰਗਤਾਂ ਦੀਆਂ ਭਾਵਨਾਵਾਂ ਅਨੁਸਾਰ ਸ਼ਹੀਦੀ ਪੁਰਬ ਦੀ ਤਰੀਕ ਮੂਲ ਨਾਨਕਸ਼ਾਹੀ ਕੈਲੰਡਰ ਵਾਲੀ ਭਾਵ 24 ਨਵੰਬਰ ਲਿਖੀ ਗਈ ਹੈ ਜਦੋਂਕਿ ਸਿੱਖ ਵਿਰੋਧੀ ਤਾਕਤਾਂ ਦੇ ਹੁਕਮਾਂ ਅਧੀਨ ਬਣਾਏ ਗਏ 'ਮਿਲਗੋਭਾ ਕੈਲੰਡਰ' ਅਨੁਸਾਰ ਇਹ ਸ਼ਹੀਦੀ ਪੁਰਬ 16 ਦਸੰਬਰ ਨੂੰ ਬਣਾ ਦਿੱਤਾ ਗਿਆ ਹੈ।



ਇਸ ਅਹਿਮ ਫੈਸਲੇ 'ਤੇ ਖੁਸ਼ੀ ਜਾਹਿਰ ਕਰਦਿਆਂ ਅਮੈਰਿਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਸਵੰਤ ਸਿੰਘ ਹੋਠੀ ਅਤੇ ਕਨਵੀਨਰ ਡਾ. ਪ੍ਰਿਤਪਾਲ ਸਿੰਘ ਨੇ ਕਿਹਾ ਹੈ ਕਿ ਇਸ ਗੱਲੋਂ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਪਰਵਾਸੀ ਸਿੱਖਾਂ ਦੇ ਧੰਨਵਾਦ ਦੇ ਪਾਤਰ ਹਨ। ਖਗੋਲ ਤੇ ਭੂਗੋਲ ਵਿਸ਼ਿਆਂ ਦੇ ਮਾਹਿਰ ਅਤੇ ਪ੍ਰਚਾਰਕ ਸਰਬਜੀਤ ਸਿੰਘ ਸੈਕਰਾਮੈਂਟੋ ਨੇ ਕਿਹਾ ਹੈ ਕਿ ਖਾਲਸਾ ਪੰਥ ਦੀ ਵਿਲੱਖਣਤਾ ਦੇ ਪ੍ਰਤੀਕ ਇਸ ਕੈਲੰਡਰ ਦੇ ਰਚਣਹਾਰੇ ਸ. ਪਾਲ ਸਿੰਘ ਪੁਰੇਵਾਲ ਦਾ ਮੰਨਣਾ ਹੈ ਕਿ ਇਹਿਤਾਸਕ ਦਿਹਾੜਿਆਂ ਦੀਆਂ ਸਦੀਵ ਕਾਲ ਲਈ ਪੱਕੀਆਂ ਤਰੀਕਾਂ ਮਿਥਣ ਵਾਸਤੇ ਦੇਰ-ਸਵੇਰ ਮੂਲ ਕੈਲੰਡਰ ਅਪਨਾਉਣਾ ਹੀ ਪੈਣਾ ਹੈ।

ਕੇਜਰੀਵਾਲ ਸਰਕਾਰ ਵਲੋਂ ਮੂਲ ਨਨਕਸ਼ਾਹੀ ਕੈਲੰਡਰ ਨੂੰ ਇਕ ਤਰ੍ਹਾਂ ਨਾਲ ਮਾਨਤਾ ਦੇਣ ਲਈ ਵਰਲਡ ਸਿੱਖ ਫੈਡਰੇਸ਼ਨ ਦੇ ਪ੍ਰਮੁੱਖ ਸੇਵਾਦਾਰਾਂ ਗੁਰਬਖਸ਼ ਸਿੰਘ ਰਾਉਕੇ, ਡਾ. ਗੁਰਮੀਤ ਸਿੰਘ ਬਰਸਾਲ, ਹਰਮਿੰਦਰ ਸਿੰਘ ਸੇਖਾ, ਵਰਿੰਦਰ ਸਿੰਘ ਗੋਲਡੀ ਅਤੇ ਬਲਵਿੰਦਰ ਸਿੰਘ ਲੰਗੜੋਆ ਨੇ ਖੁਸ਼ੀ ਦਾ ਇਜ਼ਹਾਰ ਕਰਦਿਆਂ ਦਿੱਲੀ ਦੀ 'ਆਪ' ਸਰਕਾਰ ਦਾ ਧੰਨਵਾਦ ਕੀਤਾ ਹੈ। ਯੂਨਾਈਟਿਡ ਸਿੱਖ ਨੇਸ਼ਨ ਸਿਆਟਲ ਦੇ ਅਜੈਬ ਸਿੰਘ, ਜੋਗਾ ਸਿੰਘ ਅਤੇ ਹਰਨੇਕ ਸਿੰਘ ਨੇ ਵੀ ਦਿੱਲੀ ਸਰਕਾਰ ਨੂੰ ਵਧਾਈ ਦਿੱਤੀ ਹੈ।

ਉਕਤ ਸਿੱਖ ਆਗੂਆਂ ਨੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ 'ਜੀ.ਕੇ.-ਸਿਰਸਾ' ਜੋੜੀ ਦੀ ਇਸ ਗੱਲੋਂ ਕਰੜੀ ਆਲੋਚਨਾ ਕੀਤੀ ਹੈ ਕਿ ਇਨ੍ਹਾਂ ਦੋਹਾਂ ਨੇ ਕੇਜਰੀਵਾਲ ਸਰਕਾਰ ਨੂੰ ਪੱਤਰ ਲਿਖ ਕੇ ਮੂਲ ਨਾਨਕਸ਼ਾਹੀ ਕੈਲੰਡਰ ਦੀ ਥਾਂ ਦੂਜਾ ਕੈਲੰਡਰ ਅਪਨਾਉਣ ਦੀ ਮੰਗ ਕੀਤੀ ਹੈ। ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਾਲਿਆਂ ਨੂੰ ਝਾੜ ਪਾਉਂਦਿਆਂ ਅਮਰੀਕਨ ਸਿੱਖ ਆਗੂਆਂ ਨੇ ਕਿਹਾ ਹੈ ਕਿ ਉਹ ਆਪਣੀ ਗੁਲਾਮ ਜ਼ਹਿਨੀਅਤ ਨੂੰ ਆਪਣੇ ਨਿਜ ਤੱਕ ਹੀ ਸੀਮਤ ਰੱਖਣ, ਇਸ ਨੂੰ ਹੋਰ ਸਿੱਖਾਂ ਸਿਰ ਥੋਪਣ ਦੇ ਕੋਝੇ ਯਤਨ ਨਾ ਕਰਨ, ਕਿਉਂਕਿ ਦੇਸ-ਵਿਦੇਸ਼ ਦੇ ਗੁਰੂ ਨਾਨਕ ਨਾਮ ਲੇਵਾ ਸ਼ਰਧਾਲੂ ਮੂਲ ਨਾਨਕਸ਼ਾਹੀ ਕੈਲੰਡਰ ਨਾਲ ਹੀ ਜੁੜੇ ਹੋਏ ਹਨ।

## ਜੋਹੈਨਸਬਰਗ ਵਿਚ ਪਹਿਲਾ ਗੁਰਦੁਆਰਾ ਸਥਾਪਤ

**ਜੋਹੈਨਸਬਰਗ:** ਦੱਖਣੀ ਅਫਰੀਕਾ ਵਿਚ ਅੱਠ ਸਾਲਾਂ ਦੇ ਸੰਘਰਸ਼ ਪਿੱਛੋਂ ਸੰਗਤ ਲਈ ਪਹਿਲਾ ਗੁਰਦੁਆਰਾ ਖੁੱਲ੍ਹ ਗਿਆ ਹੈ। ਕਰੀਬ 2500 ਸਕੁਏਅਰ ਮੀਟਰ ਵਿਚ ਇਹ ਗੁਰਦੁਆਰਾ ਨੇੜਲੇ ਇਲਾਕੇ ਸੈਂਡਟਨ ਵਿਚ ਬਣਿਆ ਹੈ ਜਿਸ ਦਾ ਉਦਘਾਟਨ ਕੌਮਾਂਤਰੀ ਸਬੰਧਾਂ ਤੇ ਸਹਿਯੋਗ ਬਾਰੇ ਮੰਤਰੀ ਮਾਇਤੇ ਮਾਸ਼ਾਬਨੇ ਨਕੋਆਨੇ ਨੇ ਕੀਤਾ।




# ਧਾਰਮਿਕ ਆਜ਼ਾਦੀ ਨੂੰ ਸਭ ਤੋਂ ਵੱਧ ਤਰਜੀਹ ਦਿੰਦੇ ਨੇ ਭਾਰਤੀ

**ਵਾਸ਼ਿੰਗਟਨ:** ਧਾਰਮਿਕ ਆਜ਼ਾਦੀ ਨੂੰ ਸਭ ਤੋਂ ਵੱਧ ਹਮਾਇਤ ਦੇਣ ਵਾਲੇ ਮੁਲਕਾਂ ਵਿਚ ਭਾਰਤ ਸਿਖਰ ਉਤੇ ਹੈ, ਜਿਥੇ ਹਰੇਕ 10 ਭਾਰਤੀਆਂ ਵਿਚੋਂ ਅੱਠ ਦਾ ਮੰਨਣਾ ਹੈ ਕਿ ਆਪਣੇ ਧਰਮ ਦੀ ਪਾਲਣਾ ਕਰਨ ਦੀ ਆਜ਼ਾਦੀ ਬੇਹੱਦ ਅਹਿਮ ਹੈ। ਅਮਰੀਕਾ ਸਥਿਤ ਪਿਊ ਰਿਸਰਚ ਨੇ 38 ਮੁਲਕਾਂ ਦੇ ਸਰਵੇਖਣ ਤੇ 40 ਹਜ਼ਾਰ 786 ਵਿਅਕਤੀਆਂ ਦੀ ਇੰਟਰਵਿਊ ਲੈਣ ਤੋਂ ਬਾਅਦ ਪਾਇਆ ਕਿ ਭਾਰਤ ਵਿਚ ਲਿੰਗ ਬਰਾਬਰੀ ਤੇ ਧਾਰਮਿਕ ਆਜ਼ਾਦੀ ਨੂੰ ਕਾਫੀ ਹਮਾਇਤ ਹਾਸਲ ਹੈ।



ਸਰਵੇਖਣ ਦਾ ਇਹ ਕੰਮ ਪੰਜ ਅਪਰੈਲ ਤੋਂ 21 ਮਈ ਦੌਰਾਨ ਕੀਤਾ ਗਿਆ, ਆਲਮੀ 74 ਫੀਸਦੀ ਦੇ ਮੁਕਾਬਲੇ 83 ਫੀਸਦੀ ਭਾਰਤੀਆਂ ਦਾ ਮੰਨਣਾ ਹੈ ਕਿ ਆਪਣੇ ਧਰਮ ਦਾ ਪਾਲਣ ਕਰਨ ਦੀ ਆਜ਼ਾਦੀ ਅਹਿਮ ਹੈ। ਕੁਲ ਮਿਲਾ ਕੇ ਦੁਨੀਆਂ ਭਰ ਦੀ ਆਬਾਦੀ ਸੁਰੱਖਿਆ ਨਾਲ ਜੁੜੇ ਮਾਮਲਿਆਂ ਨੂੰ ਛੱਡ ਕੇ ਮੀਡੀਆ ਉਤੇ ਸਰਕਾਰੀ ਸੈਂਸਰਸ਼ਿਪ ਖਿਲਾਫ ਹੈ, ਪਰ ਭਾਰਤ ਵਿਚ 72 ਫੀਸਦੀ ਵਿਅਕਤੀਆਂ ਦਾ ਕਹਿਣਾ ਹੈ ਕਿ ਮੀਡੀਆ ਜਥੇਬੰਦੀਆਂ ਨੂੰ ਦੇਸ਼ ਵਿਚ ਵੱਡੇ ਸਿਆਸੀ ਪ੍ਰਦਰਸ਼ਨਾਂ ਦੀ ਸੂਚਨਾ ਪ੍ਰਕਾਸ਼ਿਤ ਕਰਨ ਦੇ ਸਮਰੱਥ ਹੋਣਾ ਚਾਹੀਦਾ।


ਸਰਵੇਖਣ ਦੇ ਘੇਰੇ ਵਿਚ ਆਏ ਸਾਰੇ ਮੁਲਕਾਂ ਦੇ ਮੁਕਾਬਲੇ 'ਚ ਭਾਰਤ ਵਿਚ ਇੰਟਰਨੈਟ ਆਜ਼ਾਦੀ ਬਾਰੇ ਹਮਾਇਤ ਸਭ ਤੋਂ ਘੱਟ- ਯਾਨੀ 38 ਫੀਸਦੀ ਹੈ। ਸਰਵੇਖਣ ਦੇ ਘੇਰੇ ਵਿਚ ਲੋਕਤੰਤਰਿਕ ਅਧਿਕਾਰਾਂ ਦੇ ਪੈਮਾਨਿਆਂ ਵਿਚ ਇੰਟਰਨੈੱਟ ਆਜ਼ਾਦੀ ਸਭ ਤੋਂ ਹੇਠਲੇ ਪੱਧਰ ਉਤੇ ਸੀ, ਪਰ 38 ਵਿਚੋਂ 32 ਦੇਸ਼ਾਂ ਦੇ ਲੋਕਾਂ ਦਾ ਕਹਿਣਾ ਹੈ ਕਿ ਇਕ ਅਜਿਹੇ ਦੇਸ਼ ਵਿਚ ਰਹਿਣਾ ਮਹੱਤਵਪੂਰਨ ਹੈ ਜਿਥੇ ਜਨਤਾ ਬਿਨਾ ਸਰਕਾਰੀ ਸੈਂਸਰਸ਼ਿਪ ਤੋਂ ਇੰਟਰਨੈੱਟ ਦਾ ਪ੍ਰਯੋਗ ਕਰ ਸਕੇ। ਕੌਮਾਂਤਰੀ ਪੱਧਰ ਉਤੇ 65 ਫੀਸਦੀ ਲੋਕਾਂ ਦਾ ਮੰਨਣਾ ਹੈ ਕਿ ਔਰਤਾਂ ਕੋਲ ਮਰਦਾਂ ਦੇ ਬਰਾਬਰ ਅਧਿਕਾਰ ਹੋਣਾ ਬਹੁਤ ਮਹੱਤਵਪੂਰਨ ਹੈ, ਪਰ ਭਾਰਤ ਵਿਚ ਅਜਿਹਾ ਮੰਨਣ ਵਾਲਿਆਂ ਦੀ ਗਿਣਤੀ 71 ਫੀਸਦੀ ਹੈ। ਔਰਤਾਂ ਲਈ ਬਰਾਬਰ ਹੱਕਾਂ ਦੇ ਮੁੱਦੇ 'ਤੇ ਸਰਵੇਖਣ ਦੇ ਘੇਰੇ ਵਿਚ ਆਉਣ ਵਾਲੇ ਦੇਸ਼ਾਂ ਵਿਚ ਮਰਦਾਂ ਤੇ ਔਰਤਾਂ ਵਿਚਕਾਰ ਤਿੱਖੇ ਮਤਭੇਦ ਹਨ। 24 ਦੇਸ਼ਾਂ ਦੇ ਮਰਦਾਂ ਮੁਕਾਬਲੇ ਔਰਤਾਂ ਦਾ ਇਹ ਮੰਨਣਾ ਸੀ ਕਿ ਔਰਤਾਂ ਲਈ ਬਰਾਬਰ ਅਧਿਕਾਰ ਹੋਣੇ ਬਹੁਤ ਮਹੱਤਵਪੂਰਨ ਹਨ।

## ਰਾਸ਼ਟਰਪਤੀ ਵੱਲੋਂ ਮੁੜ ਸਹਿਣਸ਼ੀਲਤਾ ਦਾ ਸੁਨੇਹਾ

**ਨਵੀਂ ਦਿੱਲੀ:** ਰਾਸ਼ਟਰਪਤੀ ਪ੍ਰਣਬ ਮੁਖਰਜੀ ਨੇ ਮੁੜ ਅਸਹਿਣਸ਼ੀਲਤਾ ਦਾ ਮੁੱਦਾ ਦੁਹਰਾਇਆ ਹੈ। ਉਨ੍ਹਾਂ ਕਿਹਾ ਕਿ ਪੂਰੀ ਦੁਨੀਆਂ ਵਿਚ ਇਸ ਦਾ ਬੁਰਾ ਅਸਰ ਪੈ ਰਿਹਾ ਹੈ ਤੇ ਹੁਣ ਆਧੁਨਿਕ ਭਾਰਤ ਵਿਚ ਵਿਭਿੰਨਤਾ ਨੂੰ ਜੋੜਨ ਵਾਲੀਆਂ ਕਦਰਾਂ ਕੀਮਤਾਂ ਲਾਗੂ ਕਰਨ ਦਾ ਵੇਲਾ ਆ ਗਿਆ ਹੈ। ਉਨ੍ਹਾਂ ਇਨ੍ਹਾਂ ਕਦਰਾਂ ਨੂੰ ਆਲਮੀ ਪੱਧਰ 'ਤੇ ਵੀ ਉਤਸ਼ਾਹਿਤ ਕਰਨ ਦਾ ਹੋਕਾ ਦਿੱਤਾ। ਭਾਰਤੀ ਵਿਰਾਸਤ ਨਾਲ ਸਬੰਧਤ ਕੌਮਾਂਤਰੀ ਕਾਨਫਰੰਸ ਦਾ ਉਦਘਾਟਨ ਕਰਦਿਆਂ ਉਨ੍ਹਾਂ ਸਵਾਮੀ ਵਿਵੇਕਾਨੰਦ ਦੇ ਸੁਨੇਹੇ ਦਾ ਹਵਾਲਾ ਦਿੰਦਿਆਂ ਕਿਹਾ ਕਿ ਦੁਨੀਆਂ ਨੇ ਅਜੇ ਭਾਰਤ ਤੋਂ ਬਹੁਤ ਕੁਝ ਸਿੱਖਣਾ ਹੈ ਤੇ ਹੁਣ ਅਸਹਿਣਸ਼ੀਲਤਾ ਦਾ ਨਹੀਂ ਸਗੋਂ ਹਮਦਰਦੀ ਦਾ ਸਮਾਂ ਹੈ।

# ਭਾਰਤੀ ਪਾੜ੍ਹਿਆਂ ਨੂੰ ਖਿੱਚਣ ਲਈ ਯੂ.ਕੇ. ਨੇ ਬਣਾਈ ਨਵੀਂ ਰਣਨੀਤੀ

**ਲੰਡਨ:** ਭਾਰਤੀ ਪਾੜ੍ਹਿਆਂ ਲਈ ਇੰਗਲੈਂਡ ਛੇਤੀ ਹੀ ਵਿਦਿਆਰਥੀ ਵੀਜ਼ੇ ਦੀ ਨਵੀਂ ਕੈਟਾਗਰੀ ਸ਼ੁਰੂ ਕਰਨ ਵਾਲਾ ਹੈ। ਇਸ ਵੀਜ਼ੇ ਤਹਿਤ ਬਰਤਾਨੀਆ ਵਿਚ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਵਿਦਿਆਰਥੀਆਂ ਨੂੰ ਦੋ ਸਾਲ ਦਾ ਵਰਕ ਵੀਜ਼ਾ ਮਿਲੇਗਾ। ਇਹ ਵੀਜ਼ਾ ਸਿਰਫ ਭਾਰਤੀ ਵਿਦਿਆਰਥੀਆਂ ਨੂੰ ਹੀ ਮਿਲੇਗਾ।



ਵਿਦਿਆਰਥੀ ਵੀਜ਼ੇ ਦੀ ਨਵੀਂ ਕੈਟਾਗਰੀ ਦੀ ਕਾਮਯਾਬੀ ਬਾਅਦ ਇਸ ਨੂੰ ਦੂਜੇ ਦੇਸ਼ਾਂ ਲਈ ਵੀ ਲਾਗੂ ਕਰ ਦਿੱਤਾ ਜਾਵੇਗਾ। ਲੰਡਨ ਦੇ ਮੇਅਰ ਬੋਰਿਸ ਜੋਨਸਨ ਨੇ ਇਸ ਦੀ ਤਜਵੀਜ਼ ਸਰਕਾਰ ਨੂੰ ਭੇਜ ਦਿੱਤੀ ਹੈ। ਇਸ ਨੂੰ ਕਾਮਨਵੈਲਥ ਵੀਜ਼ੇ ਦਾ ਨਾਮ ਦਿੱਤਾ ਗਿਆ ਹੈ। ਉਮੀਦ ਪ੍ਰਗਟਾਈ ਜਾ ਰਹੀ ਹੈ ਕਿ ਸਰਕਾਰ ਵੱਲੋਂ ਮਨਜ਼ੂਰੀ ਮਿਲਣ ਤੋਂ ਬਾਅਦ ਇਸ ਨੂੰ ਛੇਤੀ ਹੀ ਲਾਗੂ ਕਰ ਦਿੱਤਾ ਜਾਵੇਗਾ। ਯਾਦ ਰਹੇ, ਇੰਗਲੈਂਡ ਦੇ ਸਖਤ ਵੀਜ਼ਾ ਨਿਯਮ ਕਾਰਨ ਭਾਰਤੀ ਵਿਦਿਆਰਥੀਆਂ ਦਾ ਰੁਝਾਨ ਪਿਛਲੇ ਕੁਝ ਸਾਲਾਂ ਤੋਂ ਘੱਟ ਹੋਇਆ ਹੈ। ਇਸ ਨਾਲ ਇੰਗਲੈਂਡ ਦੀਆਂ ਯੂਨੀਵਰਸਿਟੀਆਂ ਨੂੰ ਆਰਥਿਕ ਤੌਰ ਉਤੇ ਕਾਫੀ ਨੁਕਸਾਨ ਹੋਇਆ ਹੈ। ਇਸ ਤੋਂ ਇਲਾਵਾ ਇੰਗਲੈਂਡ ਸਾਇੰਸ, ਤਕਨੀਕੀ ਅਤੇ ਮੈਥ ਦੀ ਪੜ੍ਹਾਈ ਲਈ ਆਉਣ ਵਾਲੇ ਵਿਦਿਆਰਥੀਆਂ ਨੂੰ ਖਾਸ ਛੋਟ ਦੇਵੇਗਾ। ਭਾਰਤੀ ਵਿਦਿਆਰਥੀਆਂ ਤੋਂ ਇੰਗਲੈਂਡ ਦੀ ਆਰਥਿਕਤਾ ਨੂੰ ਵੱਡਾ ਹੁੰਗਾਰਾ ਮਿਲਦਾ ਹੈ। ਵੀਜ਼ਾ ਨਿਯਮ ਸਰਲ ਕਰਨ ਲਈ ਬਰਤਾਨੀਆ ਦੀਆਂ ਯੂਨੀਵਰਸਿਟੀਆਂ ਵੱਲੋਂ ਕਾਫੀ ਦੇਰ ਤੋਂ ਸਰਕਾਰ ਨੂੰ ਅਪੀਲ ਕੀਤੀ ਜਾ ਰਹੀ ਸੀ। ਇੰਗਲੈਂਡ ਵਿਚ ਪੜ੍ਹਾਈ ਲਈ ਹਰ ਸਾਲ ਇਕ ਲੱਖ ਦੇ ਕਰੀਬ ਕੌਮਾਂਤਰੀ ਵਿਦਿਆਰਥੀ ਆਉਂਦੇ ਹਨ। ਇਨ੍ਹਾਂ ਵਿਚ ਵੱਡਾ ਹਿੱਸਾ ਭਾਰਤੀਆਂ ਵਿਦਿਆਰਥੀਆਂ ਦਾ ਸੀ।

## ਹੁਣ ਸੌਖੀ ਨਹੀਂ ਹੈ ਯੂਰਪ ਦੀ ਉਡਾਰੀ

**ਪੈਰਿਸ:** ਬਰਸਲਜ਼ ਵਿਚ ਯੂਰਪੀਅਨ ਯੂਨੀਅਨ ਦੇ ਦੇਸ਼ਾਂ ਦੀ ਮੀਟਿੰਗ ਵਿਚ ਇਸ ਗੱਲ ਉਤੇ ਜ਼ੋਰ ਦਿੱਤਾ ਗਿਆ ਕਿ ਪਾਸਪੋਰਟ ਨੀਤੀ ਨੂੰ ਪਹਿਲਾਂ ਦੇ ਮੁਕਾਬਲੇ ਸਖਤ ਕੀਤਾ ਜਾਵੇ। ਹਵਾਈ ਅੱਡੇ ਉਤੇ ਬਾਹਰੋਂ ਆਉਣ ਵਾਲੇ ਹਰ ਯਾਤਰੀ ਦਾ ਹੁਣ ਪੂਰਾ ਰਿਕਾਰਡ ਰੱਖਿਆ ਜਾਵੇਗਾ। ਮੀਟਿੰਗ ਵਿਚ ਸ਼ਰਨਾਰਥੀ ਨੀਤੀ ਉਤੇ ਵੀ ਵਿਚਾਰ ਚਰਚਾ ਕੀਤੀ ਗਈ। ਯੂਰਪੀਅਨ ਯੂਨੀਅਨ ਦੇ ਕਈ ਦੇਸ਼ਾਂ ਨੇ ਖਦਸ਼ਾ ਪ੍ਰਗਟਾਇਆ ਕਿ ਸ਼ਰਨਾਰਥੀਆਂ ਦੇ ਭੇਸ ਵਿਚ ਕਈ ਦਹਿਸ਼ਤਗਰਦ ਯੂਰਪ ਪਹੁੰਚਣ ਵਿਚ ਕਾਮਯਾਬ ਹੋ ਗਏ ਹਨ। ਪੈਰਿਸ ਹਮਲੇ ਤੋਂ ਬਾਅਦ ਯੂਰਪ ਦੇ ਹਵਾਈ ਅੱਡਿਆਂ ਉਤੇ ਸੁਰੱਖਿਆ ਪਹਿਲਾਂ ਨਾਲੋਂ ਸਖਤ ਕਰ ਦਿੱਤੀ ਗਈ ਹੈ। ਯੂਰਪ ਵਿਚ ਦਾਖਲੇ ਉਤੇ ਹਰ ਯਾਤਰੀ ਦਾ ਪਾਸਪੋਰਟ ਸਕੈਨ ਕੀਤਾ ਜਾਵੇਗਾ। ਇਸ ਤੋਂ ਇਲਾਵਾ ਹਵਾਈ ਅੱਡੇ ਉੱਤੇ ਦਹਿਸ਼ਤਗਰਦਾਂ ਤੇ ਸ਼ੱਕੀ ਵਿਅਕਤੀ ਦੀ ਲਿਸਟ ਬਣਾਉਣ ਲਈ ਯੂਰਪੀਅਨ ਯੂਨੀਅਨ ਦੇ ਦੇਸ਼ਾਂ ਨੇ ਹਾਮੀ ਭਰ ਦਿੱਤੀ ਹੈ।

# ਪੰਜਾਬ ਵਿਚ 'ਕਾਲੇ ਕਾਨੂੰਨ' ਦਾ ਰਾਹ ਪੱਧਰਾ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਸਰਕਾਰੀ ਤੇ ਨਿੱਜੀ ਜਾਇਦਾਦ ਨੁਕਸਾਨ ਰੋਕੂ ਕਾਨੂੰਨ ਲਾਗੂ ਕਰਨ ਦੀ ਤਿਆਰੀ ਖਿੱਚ ਲਈ ਹੈ। ਰਾਸ਼ਟਰਪਤੀ ਪ੍ਰਣਬ ਮੁਖਰਜੀ ਨੇ ਇਸ ਬਿਲ ਨੂੰ ਮਨਜ਼ੂਰੀ ਦੇ ਦਿੱਤੀ ਹੈ। ਗ੍ਰਹਿ ਵਿਭਾਗ ਦੇ ਸੂਤਰਾਂ ਮੁਤਾਬਕ ਕਾਨੂੰਨ ਲਾਗੂ ਕਰਨ ਲਈ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੋਂ ਪ੍ਰਵਾਨਗੀ ਲਈ ਫਾਈਲ ਉਨ੍ਹਾਂ ਦੇ ਦਫਤਰ ਭੇਜੀ ਗਈ ਹੈ।

ਮੁੱਖ ਮੰਤਰੀ ਦੀ ਪ੍ਰਵਾਨਗੀ ਬਾਅਦ ਇਹ ਕਾਨੂੰਨ ਪੰਜਾਬ ਵਿਚ ਲਾਗੂ ਹੋ ਜਾਵੇਗਾ। ਸਰਕਾਰ ਵੱਲੋਂ ਇਸ ਕਾਨੂੰਨ ਨੂੰ ਜਲਦੀ ਲਾਗੂ ਕੀਤੇ ਜਾਣ ਦੇ ਆਸਾਰ ਹਨ ਕਿਉਂਕਿ ਪਿਛਲੇ ਦਿਨੀਂ ਜਨਤਕ ਸੰਘਰਸ਼ਾਂ ਦੌਰਾਨ ਸਰਕਾਰੀ ਸੰਪਤੀ ਦੇ ਹੋਏ ਨੁਕਸਾਨ ਤੋਂ ਸਰਕਾਰ ਕਾਫੀ ਪਰੇਸ਼ਾਨ ਹੈ। ਇਸ ਕਾਨੂੰਨ ਦੇ ਲਾਗੂ ਹੋਣ ਨਾਲ ਜਨਤਕ ਸੰਘਰਸ਼ਾਂ ਨੂੰ ਢਾਹ ਲੱਗਣੀ ਸੰਭਵ ਹੈ। ਨਵੇਂ ਕਾਨੂੰਨ ਵਿਚ ਜਾਇਦਾਦ ਦਾ ਨੁਕਸਾਨ ਕਰਨ ਵਾਲੇ ਵਿਅਕਤੀ ਨੂੰ ਸਜ਼ਾ ਵੀ ਵਧੇਰੇ ਦਿੱਤੀ ਜਾ ਸਕੇਗੀ ਤੇ ਨੁਕਸਾਨੀ ਹੋਈ ਜਾਇਦਾਦ ਦੀ ਕੀਮਤ ਵੀ ਵਸੂਲੇ ਜਾਣ ਦੀ ਵਿਵਸਥਾ ਹੈ। ਪੰਜਾਬ ਦੀਆਂ ਕਈ ਜਨਤਕ ਜਥੇਬੰਦੀਆਂ ਵੱਲੋਂ ਇਸ ਕਾਨੂੰਨ ਨੂੰ 'ਕਾਲੇ ਕਾਨੂੰਨ' ਦਾ ਨਾਮ ਦਿੰਦਿਆਂ ਸਰਕਾਰ ਵਿਰੁੱਧ ਸੰਘਰਸ਼ ਵਿੱਢਿਆ ਹੋਇਆ ਹੈ ਪਰ ਸਰਕਾਰ ਨੇ ਸਖਤ ਧਾਰਾਵਾਂ ਵਾਲੇ ਇਸ ਕਾਨੂੰਨ ਨੂੰ ਲਾਗੂ ਕਰਨ ਦਾ ਰਾਹ ਪੱਧਰਾ ਕਰ ਲਿਆ ਹੈ।

ਪੰਜਾਬ ਵਿਧਾਨ ਸਭਾ ਵੱਲੋਂ ਸਾਲ 2014 ਵਿਚ 'ਦਿ ਪੰਜਾਬ ਪ੍ਰੀਵੈਨਸ਼ਨ ਆਫ ਡੈਮੇਜ ਟੂ ਪਬਲਿਕ ਐਂਡ ਪ੍ਰਾਈਵੇਟ ਪ੍ਰਾਪਰਟੀਜ਼ ਬਿਲ' ਪਾਸ ਕੀਤਾ ਗਿਆ ਸੀ। ਰਾਜਪਾਲ ਦੀ ਮਨਜ਼ੂਰੀ ਬਾਅਦ ਸੂਬਾ ਸਰਕਾਰ ਨੇ ਇਸ ਬਿਲ ਨੂੰ ਪ੍ਰਵਾਨਗੀ ਲਈ ਰਾਸ਼ਟਰਪਤੀ ਕੋਲ ਭੇਜ ਦਿੱਤਾ ਸੀ। ਕੇਂਦਰੀ ਗ੍ਰਹਿ ਮੰਤਰਾਲੇ ਨੇ ਰਾਜ ਸਰਕਾਰ ਦੀ ਇਸ ਬਿਲ ਬਾਰੇ ਕਈ ਵਾਰੀ ਜਵਾਬ ਤਲਬੀ ਕੀਤੀ ਪਰ ਅੰਤ ਨੂੰ ਬਿਲ ਨੂੰ ਮਨਜ਼ੂਰੀ ਦੇ ਦਿੱਤੀ ਗਈ।

ਇਸ ਬਿਲ ਵਿਚ ਸਪਸ਼ਟ ਤੌਰ 'ਤੇ ਲਿਖਿਆ ਗਿਆ ਹੈ ਕਿ ਕੋਈ ਵੀ ਜਥੇਬੰਦੀ ਹੜਤਾਲ, ਸੰਘਰਸ਼, ਧਰਨਾ, ਬੰਦ, ਘਿਰਾਓ, ਮਾਰਚ, ਰੇਲ ਜਾਂ ਸੜਕ ਰੋਕੋ ਅੰਦੋਲਨ ਕਰਦੀ ਹੈ ਤਾਂ ਰਾਜ ਸਰਕਾਰ ਵੱਲੋਂ ਇਨ੍ਹਾਂ ਅੰਦੋਲਨਾਂ ਦੀ ਵੀਡੀਓਗ੍ਰਾਫੀ ਕੀਤੀ ਜਾਵੇਗੀ। ਜੇਕਰ ਕਿਸੇ ਵਿਅਕਤੀ ਦੀ ਨਿੱਜੀ ਜਾਇਦਾਦ ਦਾ ਨੁਕਸਾਨ ਹੁੰਦਾ ਹੈ ਤਾਂ ਨੁਕਸਾਨ ਹੋਣ ਤੋਂ 30 ਦਿਨ ਦੇ ਅੰਦਰ ਸਰਕਾਰ ਨੂੰ ਸੂਚਨਾ ਦੇਣੀ ਹੋਵੇਗੀ। ਅੰਦੋਲਨਾਂ ਦੌਰਾਨ ਜੇਕਰ ਸਰਕਾਰੀ ਜਾਂ ਨਿੱਜੀ ਸੰਪਤੀ ਦਾ ਨੁਕਸਾਨ ਹੁੰਦਾ ਹੈ ਤਾਂ ਅੰਦੋਲਨ ਦੇ ਪ੍ਰਬੰਧਕਾਂ ਜਾਂ ਕਿਸੇ ਵਿਅਕਤੀ ਵਿਸ਼ੇਸ਼ ਨੂੰ ਤਿੰਨ ਸਾਲ ਤੱਕ ਦੀ ਸਜ਼ਾ ਤੇ ਜੁਰਮਾਨਾ ਕੀਤਾ ਜਾ ਸਕੇਗਾ। ਇਹ ਜੁਰਮਾਨਾ ਰਾਸ਼ੀ ਇਕ ਲੱਖ ਰੁਪਏ ਤੱਕ ਹੋ ਸਕਦੀ ਹੈ। ਜਾਇਦਾਦ ਦੇ ਨੁਕਸਾਨ ਦਾ ਅੰਦਾਜ਼ਾ ਸਰਕਾਰ ਵੱਲੋਂ ਕਾਇਮ ਕੀਤੀ ਸਮਰੱਥ ਅਥਾਰਟੀ ਲਗਾਏਗੀ।

## ਗਾਂ ਦੇ ਪੁਤਲੇ ਪਿਛੇ ਵਿਵਾਦ

**ਜੈਪੁਰ:** ਇਥੋਂ ਦੇ ਜਵਾਹਰ ਕਲਾ ਕੇਂਦਰ ਵਿਚ ਆਰਟ ਸਮਿਟ ਦੇ ਸ਼ੁਰੂਆਤ ਵਿਚ ਹੀ ਵਿਵਾਦ ਖੜ੍ਹਾ ਹੋ ਗਿਆ। ਇਸ ਪ੍ਰਦਰਸ਼ਨੀ ਵਿਚ ਗਾਂ ਦੇ ਪਲਾਸਟਿਕ ਨਾਲ ਬਣੇ ਪੁਤਲੇ ਨੂੰ ਹਵਾ ਵਿਚ ਲਟਕਾਉਣ ਦਾ ਵਿਰੋਧ ਹੋਇਆ। ਮਾਮਲਾ ਇੰਨਾ ਵਧਿਆ ਕਿ ਪੁਲਿਸ ਨੂੰ ਬੁਲਾਉਣਾ ਪਿਆ। ਵਿਰੋਧ ਦੇ ਚੱਲਦਿਆਂ ਪ੍ਰਦਰਸ਼ਨੀ ਹਟਾ ਲਈ ਗਈ।

ਇਸ ਪ੍ਰਦਰਸ਼ਨੀ ਦੇ ਕਲਾਕਾਰ ਸਿਧਾਰਥ ਕਾਰਵਾਲ ਨੇ ਕਿਹਾ ਕਿ ਕਲਾ ਜ਼ਰੀਏ ਸੰਦੇਸ਼ ਦੇਣ ਦੀ ਕੋਸ਼ਿਸ਼ ਕੀਤੀ ਜਾ ਰਹੀ ਸੀ। ਭਾਰਤ ਵਿਚ ਗਾਂ ਵੱਡੀ ਮਾਤਰਾ ਵਿਚ ਪਲਾਸਟਿਕ ਖਾ ਜਾਂਦੀ ਹੈ। ਪਲਾਸਟਿਕ ਨੂੰ ਖਾਣ ਨਾਲ ਗਾਂ ਨੂੰ ਕਾਫੀ ਦਰਦ ਸਹਿਣਾ ਪੈਂਦਾ ਹੈ। ਇਸੇ ਮਸਲੇ 'ਤੇ ਜਾਗਰੂਕਤਾ ਲਈ ਇਹ ਪ੍ਰਦਰਸ਼ਨੀ ਲਗਾਈ ਗਈ ਸੀ।

# ਅਮਰੀਕੀ ਸਿੱਖਾਂ ਨੇ ਫੜੀ ਪੰਜਾਬ ਦੇ ਹੋਣਹਾਰ ਵਿਦਿਆਰਥੀਆਂ ਦੀ ਬਾਂਹ

**ਵਾਸ਼ਿੰਗਟਨ:** ਅਮਰੀਕਾ ਸਥਿਤ ਸਿੱਖ ਜਥੇਬੰਦੀ ਨੇ ਪੰਜਾਬ ਵਿਚ ਗਰੀਬ ਵਿਦਿਆਰਥੀਆਂ ਦੀ ਉਚੇਰੀ ਸਿੱਖਿਆ ਲਈ ਦੋ ਲੱਖ ਡਾਲਰ ਦੇ ਵਜ਼ੀਫੇ ਦਿੱਤੇ ਹਨ। ਰਿਪੋਰਟਾਂ ਮੁਤਾਬਕ ਵਾਸ਼ਿੰਗਟਨ ਦੀ ਸਿੱਖ ਹਿਊਮਨ ਡਿਵੈਲਪਮੈਂਟ ਫਾਊਂਡੇਸ਼ਨ ਨੇ ਕਿਹਾ ਹੈ ਕਿ ਪੰਜਾਬ ਵਿਚ ਇਸ ਸਾਲ ਲੋੜਵੰਦ 583 ਵਿਦਿਆਰਥੀਆਂ ਨੂੰ ਵਜ਼ੀਫੇ ਵੰਡੇ ਗਏ। ਜਥੇਬੰਦੀ ਨੇ ਪੰਜਾਬ ਅਤੇ ਉੱਤਰੀ ਭਾਰਤ ਦੇ ਹੋਰ ਰਾਜਾਂ ਵਿਚ ਹੁਸ਼ਿਆਰ ਅਤੇ ਲੋੜਵੰਦ ਵਿਦਿਆਰਥੀਆਂ ਨੂੰ ਉਚੇਰੀ ਕਿੱਤਾ ਮੁਖੀ ਸਿੱਖਿਆ ਤੱਕ ਉਨ੍ਹਾਂ ਦੀ ਪਹੁੰਚ ਵਧਾਉਣ ਲਈ ਇਹ ਆਰਥਿਕ ਸਹਾਇਤਾ ਦਿੱਤੀ ਹੈ।

ਜਥੇਬੰਦੀ ਦੇ ਚੇਅਰਮੈਨ ਗਜਿੰਦਰ ਸਿੰਘ ਅਹੂਜਾ ਨੇ ਦੱਸਿਆ ਕਿ ਪਿਛਲੇ ਕਈ ਸਾਲਾਂ ਤੋਂ ਜਥੇਬੰਦੀ ਵੱਲੋਂ 4001 ਵਜ਼ੀਫੇ ਵੰਡੇ ਗਏ ਹਨ। ਫਾਊਂਡੇਸ਼ਨ ਦੀ ਸਕੱਤਰ ਜਨਰਲ ਜਸਪ੍ਰੀਤ ਕੌਰ ਅਹੂਜਾ ਨੇ ਕਿਹਾ ਕਿ ਵਜ਼ੀਫੇ ਹਾਸਲ ਕਰਨ ਵਾਲੇ 68 ਫੀਸਦੀ ਵਿਦਿਆਰਥੀ ਪੰਜਾਬ ਤੇ ਨਾਲ ਲੱਗਦੇ ਪੇਂਡੂ ਇਲਾਕਿਆਂ ਦੇ ਹਨ। ਪਿਛਲੇ ਰੁਝਾਨਾਂ ਨੂੰ ਬਰਕਰਾਰ ਰੱਖਦਿਆਂ 74 ਫੀਸਦੀ ਲੜਕੀਆਂ ਨੂੰ ਵਜ਼ੀਫੇ ਲਾਏ ਗਏ। ਵਜ਼ੀਫੇ ਲੈਣ ਵਾਲੇ 32 ਫੀਸਦੀ ਵਿਦਿਆਰਥੀ ਮੈਡੀਕਲ ਤੇ ਨਰਸਿੰਗ, 33 ਫੀਸਦੀ ਇੰਜਨੀਅਰਿੰਗ, 23 ਫੀਸਦੀ ਮੈਨੇਜਮੈਂਟ ਨਾਲ ਸਬੰਧਤ, ਪੰਜ ਫੀਸਦੀ ਆਈਟੀ ਤੇ ਸੱਤ ਫੀਸਦੀ ਹੋਰ ਕੋਰਸਾਂ ਦੀ ਪੜ੍ਹਾਈ ਕਰ ਰਹੇ ਹਨ। ਫਾਊਂਡੇਸ਼ਨ ਦੇ ਆਊਟਰੀਚ ਡਾਇਰੈਕਟਰ ਰਾਜਵੰਤ ਸਿੰਘ ਨੇ ਕਿਹਾ ਕਿ ਵਜ਼ੀਫੇ ਲੋੜ ਤੇ ਮੈਰਿਟ ਦੇ ਆਧਾਰ ਉਤੇ ਦਿੱਤੇ ਜਾਂਦੇ ਹਨ। ਮਾਸਕ 12 ਹਜ਼ਾਰ ਰੁਪਏ ਤੋਂ ਘੱਟ ਆਮਦਨ ਵਾਲੇ ਪਰਿਵਾਰਾਂ ਦੇ ਬੱਚਿਆਂ ਨੂੰ ਇਹ ਵਜ਼ੀਫੇ ਦਿੱਤੇ ਜਾਂਦੇ ਹਨ।

# ਨਰੇਂਦਰ ਮੋਦੀ, ਅੰਬਾਨੀ ਤੇ ਪਿਚਾਈ ਟਾਈਮਜ਼ ਐਵਾਰਡ ਦੀ ਦੌੜ ਵਿਚ

**ਨਿਊ ਯਾਰਕ:** ਟਾਈਮਜ਼ ਮੈਗਜ਼ੀਨ ਵੱਲੋਂ ਦਿੱਤੇ ਜਾਣ ਵਾਲੇ 'ਸਾਲ ਦੀ ਸ਼ਖਸੀਅਤ' ਐਵਾਰਡ ਲਈ ਚੁਣੇ ਗਏ ਸੰਭਾਵੀ 50 ਆਲਮੀ ਆਗੂਆਂ ਵਿਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ, ਰਿਲਾਇੰਸ ਇੰਡਸਟਰੀਜ਼ ਦੇ ਚੇਅਰਮੈਨ ਮੁਕੇਸ਼ ਅੰਬਾਨੀ ਅਤੇ ਗੂਗਲ ਦੇ ਭਾਰਤੀ ਮੂਲ ਦੇ ਸੀ.ਈ.ਓ. ਸੁੰਦਰ ਪਿਚਾਈ ਵੀ ਸ਼ਾਮਲ ਹਨ।

ਸਾਲ 2015 ਲਈ ਦਿੱਤੇ ਜਾਣ ਵਾਲੇ ਇਸ ਐਵਾਰਡ ਦੇ ਜੇਤੂ ਦਾ ਨਾਂ ਅਗਲੇ ਮਹੀਨੇ ਐਲਾਨਿਆ ਜਾਵੇਗਾ। ਪ੍ਰਕਾਸ਼ਨ ਮੁਤਾਬਕ ਇਹ ਐਵਾਰਡ ਉਸ ਸ਼ਖਸੀਅਤ ਨੂੰ ਦਿੱਤਾ ਜਾਵੇਗਾ ਜੋ ਸਭ ਤੋਂ ਵੱਧ ਖਬਰਾਂ (ਚੰਗੇ ਜਾਂ ਮਾੜੇ ਕਾਰਨਾਂ ਕਰਕੇ) ਵਿਚ ਰਹੀ।

ਨਰੇਂਦਰ ਮੋਦੀ ਪਿਛਲੇ ਸਾਲ ਵੀ ਇਸ ਐਵਾਰਡ ਲਈ ਦਾਅਵੇਦਾਰ ਸਨ, ਪਰ ਉਦੋਂ ਭਾਰਤੀ ਪ੍ਰਧਾਨ ਮੰਤਰੀ ਨੂੰ ਕੁੱਲ ਵੋਟਿੰਗ ਦੇ 16 ਫੀਸਦੀ ਵੋਟ ਹਾਸਲ ਕਰਨ ਕਰਕੇ ਪਾਠਕਾਂ ਦੀ ਪੋਲ ਦਾ ਜੇਤੂ ਐਲਾਨਿਆ ਗਿਆ ਸੀ।

ਪੰਜਾਬੀ ਰੇਡੀਓ ਯੂ.ਐਸ.ਏ.
Punjabi RADIO USA
Uniting Punjabi's All Over
24 ਘੰਟੇ ਸੱਤੇ ਦਿਨ ਸੁਣੋ
Listen on :
Radio Sets (CA, WA, NV)
Dial in
832-551-5029 or 605-475-6868
Android & iPhone App
www.PunjabiRadioUSA.com
Ph: 408-272-5200

# ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਦੀ ਲੱਖ ਲੱਖ ਵਧਾਈ



ਰਵਿੰਦਰ ਸਿੰਘ ਤੇ ਮੱਖਣ ਸਿੰਘ ਬੈਂਸ

Raja™ SWEETS & CATERING®
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

Follow us on:
Toll Free 1-866-FOR-RAJA
www.rajasweets.com
msbains@rajasweets.com

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਾਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets

**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders

Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111

Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345

Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com




ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।

**Services Include**
- Catering
- Silverware
- Chinaware
- Decorated Hall
- Linen
- Several Bar Options
- Security
- Wait Staff
- Full Setup Including table cloth, napkins, chairs etc.

**Paradise Ballrooms**
4100 Peralta Blvd. Fremont, CA 94536
(510) 900-6319
info@paradiseballrooms.com
www.paradiseballrooms.com

# ਤਾਰਿਕ ਫਤਿਹ ਦਾ ਫਤਵਾ



**ਤਾਰਿਕ ਫਤਿਹ ਕਈ ਸਾਲਾਂ ਤੋਂ ਚਰਚਾ ਵਿਚ ਹੈ। ਉਸ ਦੀਆਂ ਲਿਖੀਆਂ ਦੋ ਪੁਸਤਕਾਂ- 'ਚੇਜ਼ਿੰਗ ਏ ਮਿਰਾਜ' ਅਤੇ 'ਦਿ ਜਿਊ ਇਜ਼ ਨੌਟ ਮਾਈ ਐਨਮੀ' ਨੇ ਸਾਹਿਤ ਅਤੇ ਸਿਆਸਤ ਦੀ ਦੁਨੀਆਂ ਵਿਚ ਖੂਬ ਹਲਚਲ ਮਚਾਈ ਹੋਈ ਹੈ। ਇੰਦੌਰ ਵਿਚ ਸਾਹਿਤ ਮੇਲੇ ਦੌਰਾਨ ਉਸ ਨੇ ਪਾਕਿਸਤਾਨ ਦੀ ਇੰਨੀ ਤਿੱਖੀ ਨੁਕਤਾਚੀਨੀ ਕੀਤੀ ਕਿ ਦੋ ਪਾਕਿਸਤਾਨੀ ਲੇਖਕ ਮੇਲੇ ਵਿਚੋਂ ਵਾਕਆਊਟ ਕਰ ਗਏ। ਸ਼ਿਵਦੀਪ ਸਿੰਘ ਨੇ ਤਾਰਿਕ ਫਤਿਹ ਬਾਰੇ ਕੁਝ ਗੁੱਝੀਆਂ ਗੱਲਾਂ ਆਪਣੇ ਇਸ ਲੇਖ ਵਿਚ ਸਾਂਝੀਆਂ ਕੀਤੀਆਂ ਹਨ।**

### ਕਲਾ ਪਰਿਕਰਮਾ


**ਸ਼ਿਵਦੀਪ ਸਿੰਘ**


ਪਾਕਿਸਤਾਨੀ ਮੂਲ ਦਾ ਕੈਨੇਡੀਅਨ ਲੇਖਕ ਤਾਰਿਕ ਫਤਿਹ ਇਕ ਵਾਰ ਫਿਰ ਚਰਚਾ ਵਿਚ ਹੈ। ਇਸ ਵਾਰ ਉਹ ਇੰਦੌਰ ਦੇ ਸਾਹਿਤਕ ਮੇਲੇ ਵਿਚ ਰੜਕਿਆ ਹੈ। ਸਾਰਾ ਜੱਗ ਜਾਣਦਾ ਹੈ ਕਿ ਉਹ ਪਾਕਿਸਤਾਨ ਦਾ ਕੱਟੜ ਆਲੋਚਕ ਹੈ ਅਤੇ ਅਜਿਹੀਆਂ ਟਿੱਪਣੀਆਂ ਕਰਦਾ ਰਿਹਾ ਹੈ ਜਿਸ ਨਾਲ ਅਕਸਰ ਵਿਵਾਦ ਛਿੜ ਜਾਂਦਾ ਰਿਹਾ ਹੈ। ਬਹੁਤੇ ਸੱਜਣਾਂ ਨੂੰ ਉਸ ਦੇ ਲਹਿਜ਼ੇ 'ਤੇ ਵੀ ਇਤਰਾਜ਼ ਹੈ। ਇਹ ਠੀਕ ਹੈ ਕਿ ਉਸ ਦੀਆਂ ਬਹੁਤੀਆਂ ਗੱਲਾਂ ਅਤੇ ਤਰਕ ਸੁੱਟ ਪਾਉਣ ਵਾਲੇ ਨਹੀਂ ਹੁੰਦੇ, ਪਰ ਕਈ ਵਾਰ ਉਹ ਅਜਿਹੀਆਂ ਟਿੱਪਣੀਆਂ, ਅਜਿਹੇ ਤਿੱਖੇ ਅੰਦਾਜ਼ ਵਿਚ ਕਰਦਾ ਹੈ ਕਿ ਵਿਵਾਦਾਂ ਨੂੰ ਗੇੜਾ ਆ ਹੀ ਜਾਂਦਾ ਹੈ।

ਹੁਣ ਇੰਦੌਰ ਦੇ ਸਾਹਿਤ ਮੇਲੇ ਦੀ ਹੀ ਮਿਸਾਲ ਹੈ। ਉਸ ਨੇ ਮੇਲੇ ਦੌਰਾਨ ਪੂਰਾ ਖੜਕਾ ਕੇ ਕਹਿ ਸੁਣਾਇਆ- "ਇਸਲਾਮੀ ਅਤਿਵਾਦ ਅੱਜ ਸਮੱਸਿਆ ਬਣ ਚੁੱਕਾ ਹੈ। ਜੇ ਤੁਸੀਂ (ਲੇਖਕ) ਇਸ ਨਾਲ ਸਿੱਝਣਾ ਹੈ ਤਾਂ ਤੁਹਾਨੂੰ ਇਸ ਖਿਲਾਫ ਬੋਲਣਾ ਚਾਹੀਦਾ ਹੈ। ਜੇ ਤੁਹਾਡੇ ਅੰਦਰ ਇਸ ਖਿਲਾਫ ਮੂੰਹ ਖੋਲ੍ਹਣ ਦੀ ਜੁਰਅਤ ਨਹੀਂ ਹੈ ਤਾਂ ਤੁਸੀਂ ਚੁੱਪ ਕਰ ਕੇ ਆਪੋ-ਆਪਣੇ ਘਰ ਬੈਠੋ ਅਤੇ ਪਿਆਜ਼-ਟਮਾਟਰ ਵੇਚੋ।" ਉਹ ਇਸ ਮੇਲੇ ਦੇ 'ਮਜ਼ਹਬੀ ਅਤਿਵਾਦ ਅਤੇ ਸਾਡਾ ਸਮਾਂ' ਨਾਂ ਦੇ ਸੈਸ਼ਨ ਵਿਚ ਵਿਚਾਰ ਪ੍ਰਗਟ ਕਰ ਰਿਹਾ ਸੀ। ਉਸ ਨੇ ਸਾਹਮਣੇ ਬੈਠੇ ਲੇਖਕਾਂ ਵੱਲ ਝਾਕਦਿਆਂ ਕਿਹਾ- "ਉਸਾਮਾ ਬਿਨ-ਲਾਦਿਨ ਅਤੇ ਮੁੱਲਾ ਉਮਰ ਪਾਕਿਸਤਾਨ ਵਿਚ ਹੀ ਕਿਉਂ ਠਹਿਰਦੇ ਹਨ ਭਲਾ? ਦਾਊਦ ਇਬਰਾਹਿਮ ਪਾਕਿਸਤਾਨ ਵਿਚ ਹੀ ਕਿਉਂ ਹੈ, ਉਹ ਟਿਊਨੀਸ਼ੀਆ ਕਿਉਂ ਨਹੀਂ ਚਲਿਆ ਗਿਆ?" ਉਸ ਦੇ ਸਵਾਲਾਂ ਦੀ ਝੜੀ ਇਥੇ ਹੀ ਨਹੀਂ ਮੁੱਕੀ। ਉਸ ਆਖਿਆ- "ਸੰਤਾਲੀ ਦੀ ਵੰਡ ਤੋਂ ਬਾਅਦ ਕਰਾਚੀ ਵਿਚ ਗੁਜਰਾਤੀ, ਕੱਛੀ, ਸਿੰਧੀ ਤੇ ਬਲੋਚ ਭਾਸ਼ਾਵਾਂ ਦਾ 'ਕਤਲ' ਕਰ ਦਿੱਤਾ ਗਿਆ। ਅੱਜ ਕਰਾਚੀ ਵਿਚ ਕੋਈ ਇਕ ਵੀ ਗੁਜਰਾਤੀ ਲੇਖਕ ਨਹੀਂ ਵੱਸਦਾ ਅਤੇ ਨਾ ਹੀ ਕੋਈ ਗੁਜਰਾਤੀ ਅਖਬਾਰ ਨਿਕਲਦੀ ਹੈ। ਪਾਰਸੀ ਅਤੇ ਬੋਹਰੇ ਸ਼ਹਿਰ ਛੱਡ ਕੇ ਜਾ ਚੁੱਕੇ ਹਨ। ਭਾਰਤ ਵਿਚ ਤਾਂ ਭਾਸ਼ਾਵਾਂ ਦੇ ਆਧਾਰ 'ਤੇ ਸੂਬੇ ਬਣੇ, ਪਰ ਪਾਕਿਸਤਾਨ ਵਿਚ ਸਿੰਧੀ, ਗੁਜਰਾਤੀ, ਬਲੋਚੀ ਅਤੇ ਪਸ਼ਤੋ ਉਤੇ ਪਾਬੰਦੀ ਆਇਦ ਹੋ ਗਈ। ਇਥੋਂ ਤੱਕ ਕਿ ਬਹੁ-ਗਿਣਤੀ ਭਾਈਚਾਰੇ ਦੀ ਭਾਸ਼ਾ ਬੰਗਾਲੀ ਉਤੇ ਵੀ ਪਾਬੰਦੀ ਠੋਕ ਦਿੱਤੀ। ਹਰ ਪਾਸੇ ਉਰਦੂ ਲੱਦ ਦਿੱਤੀ। ਪੰਜਾਬੀ ਲੇਖਕਾਂ ਨੂੰ ਵੀ ਅੰਗਰੇਜ਼ੀ ਵੱਲ ਧੱਕ ਦਿੱਤਾ ਗਿਆ।"

ਤਾਰਿਕ ਫਤਿਹ ਦੀਆਂ ਇਨ੍ਹਾਂ ਟਿੱਪਣੀਆਂ 'ਤੇ ਪਾਕਿਸਤਾਨ ਤੋਂ ਆਏ ਦੋ ਲੇਖਕਾਂ- ਆਲੋਚਕ ਮੁਬੀਨ ਮਿਰਜ਼ਾ ਅਤੇ ਸ਼ਾਇਰਾ ਅੰਬਰੀਨ ਹਸੀਬ, ਨੇ ਇਤਰਾਜ਼ ਕੀਤਾ ਅਤੇ ਦੋਵੇਂ ਸਟੇਜ ਤੋਂ ਉਠ ਕੇ ਚਲੇ ਗਏ। ਉਨ੍ਹਾਂ ਦਾ ਤਰਕ ਸੀ ਕਿ ਕਿਸੇ ਉਸਾਮਾ ਜਾਂ ਮੁੱਲਾ ਉਮਰ ਕਾਰਨ ਸਾਰੇ ਪਾਕਿਸਤਾਨੀਆਂ ਨੂੰ ਅਤਿਵਾਦੀ ਕਿਵੇਂ ਗਰਦਾਨਿਆ ਜਾ ਸਕਦਾ ਹੈ? ਮੁਕਾਮੀ (ਲੋਕਲ) ਭਾਸ਼ਾਵਾਂ ਬਾਰੇ ਤਾਰਿਕ ਫਤਿਹ ਦੇ ਤਰਕ ਨੂੰ ਉਲਟਾਉਂਦਿਆਂ ਉਨ੍ਹਾਂ ਕਿਹਾ- "ਤਾਰਿਕ ਨੂੰ ਪਤਾ ਨਹੀਂ, ਕਰਾਚੀ ਵਿਚ ਅੱਜ ਵੀ ਤਿੰਨ ਗੁਜਰਾਤੀ ਅਖਬਾਰ ਛਪਦੇ ਹਨ। ਇਸੇ ਤਰ੍ਹਾਂ ਸਿੰਧੀ ਤੇ ਪੰਜਾਬੀ ਅਖਬਾਰ ਵੀ ਛਪ ਰਹੇ ਹਨ।" ਇਨ੍ਹਾਂ ਦੋਹਾਂ ਲੇਖਕਾਂ ਦੇ ਵਾਕਆਊਟ ਨਾਲ ਪ੍ਰਬੰਧਕਾਂ ਨੂੰ ਹੱਥਾਂ-ਪੈਰਾਂ ਦੀ ਪੈ ਗਈ, ਪਰ ਬਾਅਦ ਵਿਚ ਦੋਹਾਂ ਲੇਖਕਾਂ ਨੂੰ ਮਨਾ ਲਿਆ ਗਿਆ।

ਕਰਾਚੀ (ਪਾਕਿਸਤਾਨ) ਵਿਚ 20 ਨਵੰਬਰ 1949 ਨੂੰ ਜਨਮਿਆ ਤਾਰਿਕ ਫਤਿਹ ਅੱਜ ਕੱਲ੍ਹ ਕੈਨੇਡਾ ਵਿਚ ਵੱਸਦਾ ਹੈ। 1970 ਵਿਚ ਉਸ ਨੇ 'ਕਰਾਚੀ ਸਨ' ਨਾਲ ਪੱਤਰਕਾਰੀ ਦੀ ਸ਼ੁਰੂਆਤ ਕੀਤੀ ਸੀ। ਕੈਨੇਡਾ ਪੁੱਜਣ ਤੋਂ ਪਹਿਲਾਂ ਉਹ ਕੁਝ ਸਮਾਂ ਸਾਊਦੀ ਅਰਬ ਵੀ ਰਿਹਾ। ਉਸ ਦੀਆਂ ਦੋ ਛਪੀਆਂ ਹਨ- 'ਚੇਜ਼ਿੰਗ ਏ ਮਿਰਾਜ: ਦਿ ਟ੍ਰੈਜਿਕ ਇਲੂਜ਼ਨ ਆਫ ਏ ਇਸਲਾਮਿਕ ਸਟੇਟ' ਤੇ 'ਦਿ ਜਿਊ ਇਜ਼ ਨੌਟ ਮਾਈ ਐਨਮੀ' ਜਿਹੜੀਆਂ ਵਾਹਵਾ ਚਰਚਾ ਵਿਚ ਰਹੀਆਂ।






*ਕੈਨੇਡਾ ਵਿਚ ਵੱਸਦਾ ਪਾਕਿਸਤਾਨੀ ਮੂਲ ਦਾ ਲੇਖਕ ਤਾਰਿਕ ਫਤਿਹ (ਐਨ ਸੱਜੇ) ਅਤੇ ਉਸ ਦੀਆਂ ਦੋ ਪੁਸਤਕਾਂ ਜਿਨ੍ਹਾਂ ਦੇ ਛਪਣ ਪਿਛੋਂ ਵਾਹਵਾ ਬਹਿਸਾਂ ਚੱਲੀਆਂ ਅਤੇ ਹੁਣ ਵੀ ਚੱਲ ਰਹੀਆਂ ਹਨ।*

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 5 ਦਸੰਬਰ 2015 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-197



*ਆ ਨੀ ਪ੍ਰੀਤੀਏ 'ਕੱਠੀਆਂ ਹੋ ਕੇ, ਫੋਟੋ ਇੱਕ ਖਿਚਵਾਈਏ।*
*ਫਿਰ ਵੀਰੇ ਦੀ ਸ਼ਾਦੀ ਦੇ ਵਿਚ, ਰਲ ਕੇ ਰੌਣਕਾਂ ਲਾਈਏ।*
*ਮੱਥੇ ਉਤੇ ਲਮਕਣ ਟਿੱਕੇ, ਖੂਬ ਸ਼ੌਕੀਨੀਆਂ ਲਾਈਆਂ।*
*ਸਭ ਨੂੰ ਦੱਸੀਏ ਪ੍ਰੀਤੀ ਪਿੰਕੀ, ਬਣ ਕੇ ਸਹੇਲੀਆਂ ਆਈਆਂ।*

## ਕੈਪਸ਼ਨ ਮੁਕਾਬਲਾ-195



'ਗਰੀਬੀ ਹਟਾਉ' ਵੀ ਵੇਖ ਲਿਆ
ਹੁਣ 'ਅੱਛੇ ਦਿਨਾਂ' ਦੇ ਲਾਰੇ ਨੇ।
ਬਣਾ ਕੇ ਮੂਰਖ ਲੈਂਦੇ ਵੋਟਾਂ
ਸਭ ਲੀਡਰ ਖੇਖਣ ਹਾਰੇ ਨੇ।
ਬਚਪਨ ਸਾਡਾ ਢੋਹਵੇ ਕਚਰਾ
ਆਖਣ ਨੂੰ ਇਹ ਤਾਰੇ ਨੇ।

*-ਜਗਮੀਤ ਸਿੰਘ ਪੰਧੇਰ*
*ਪਿੰਡ ਕਲਾਹੜ (ਲੁਧਿਆਣਾ)*
*ਫੋਨ: 91-98783-37222*

---

ਇੱਕ ਜਨਮੇ ਅਸਾਂ ਵਿਚ ਗਰੀਬੀ
ਉਪਰੋਂ ਐਸੇ ਦੇਸ਼ ਹੈ ਡੇਰੇ ਲਾਏ।
ਨਾ ਭੁੱਖ ਇੱਥੇ ਮਿਟੇ ਪੇਟ ਦੀ
ਨਾ ਤਨ ਸਾਡੇ ਲਈ ਕੱਪੜੇ ਬਣਾਏ।
ਸਾਡੇ ਨਾਲੋਂ ਤਾਂ ਚੰਗੇ ਕੁੱਤੇ ਅਮੀਰਾਂ ਦੇ
ਦੁੱਧ-ਬਿਸਕੁਟ ਨਾਲ ਲਾਡੀਂ ਖਾਵਣ ਆਏ।
ਬੱਚੇ ਪੜ੍ਹਨ ਸਕੂਲੇ ਬੱਸਾਂ ਵਿਚ ਜਾਣ
ਸਾਡੇ ਹਿੱਸੇ ਰਿਕਸ਼ੇ ਗੰਦ ਢੋਣ ਦੇ ਆਏ।
ਜਨਮ ਦੇ ਕੇ ਦਸ ਰੱਬਾ ਤੈਂ ਕੀ ਖੱਟਿਆ
ਗਧਿਓਂ ਬੁਰੀ ਜੂਨੀ ਜਾਂਦੇ ਹਾਂ ਹੰਢਾਏ।
ਦਿਲ ਸਾਡੇ 'ਤੇ ਦੱਸ ਕੀ ਬੀਤਦੀ ਹੋਵੇਗੀ
ਸਾਹਮਣੇ ਬੱਚਾ ਸਾਡੇ ਰਸ ਮਲਾਈ ਖਾਏ।

*-ਸਤਵਿੰਦਰ ਥਾਂਦੀ ਦੌਲਤਪੁਰੀ*
*ਇੰਡੀਆਨਾ।*

---

'ਅੱਛੇ ਦਿਨਾਂ' ਦਾ ਇਨ੍ਹਾਂ ਨੂੰ ਕੀ ਚਾਅ
ਇਨ੍ਹਾਂ ਨੂੰ ਤਾਂ ਕੰਮ ਨਾਲ ਭਾਅ।
ਗਰੀਬੀ ਦੇ ਵਿਚ ਹੋਏ ਪੈਦਾ
ਗਰੀਬੀ ਹੰਢਾਉਂਦਿਆਂ ਮਰ ਜਾਣਾ।
ਸਾਰਾ ਦਿਨ ਕਰ ਕਰ ਮਿਹਨਤ
ਨਾ ਜੁੜੇ ਪੇਟ ਭਰ ਖਾਣਾ।
ਚੁਗ ਕੇ ਲਿਫਾਫੇ ਪਲਾਸਟਿਕ ਵਾਲੇ
ਹੱਥ ਪੈਰ ਰਹਿੰਦੇ ਇਨ੍ਹਾਂ ਦੇ ਕਾਲੇ।
ਮਿਹਨਤ ਕਰਦੇ ਰਹਿੰਦੇ ਸਦਾ
ਗਰਮੀ ਹੋਵੇ, ਪੋਹ ਮਾਘ ਦੇ ਪਾਲੇ।
ਪਤਾ ਨਹੀਂ ਕਦੋਂ ਖੋਲ੍ਹੇਗੀ
ਕਿਸਮਤ ਇਨ੍ਹਾਂ ਦੇ ਤਾਲੇ?

*-ਗੋਰਾ ਪ੍ਰਜਾਪਤ, ਨਿਊ ਯਾਰਕ*
*ਫੋਨ: 718-690-8403*

---

ਆਪੇ ਹਾਲਤ ਨਹੀਂ ਸੁਧਰੇਗੀ
ਕਰਨਾ ਪੈਣਾ ਹੈ ਕੁਝ।
ਜੰਮੀ ਗਰੀਬ ਕਾਮੇ ਦੇ ਘਰ
ਭੱਠ ਤਾਂ ਝੋਕਣਾ ਪੈਣਾ ਹੀ ਹੈ।
ਤੇਰੀ ਉਮਰੇ ਅਮੀਰ ਬੱਚੇ
ਡੱਕਾ ਦੋਹਰਾ ਨਾ ਕਰਦੇ।
ਪੈ ਗਈਆਂ ਚੁਗਣੀਆਂ ਢੇਰਾਂ ਤੋਂ
ਗੰਦੀਆਂ ਮੁਸ਼ਕਦੀਆਂ ਲੀਰਾਂ।
ਲੱਦ ਕੇ ਰਿਕਸ਼ੇ 'ਤੇ ਬੋਰੇ
ਜਾਵੇਂ ਵੇਚਣ ਕੁਆੜਖਾਨੇ
ਲਾਮਬੰਦ ਤਾਂ ਹੋਣਾ ਹੀ ਪੈਣਾ
ਗੱਲ ਨਹੀਂ ਬਣਦੀ ਏਦਾਂ।
ਗੁਆਉਣ ਲਈ ਤੇਰੇ ਕੋਲ ਕੁਝ ਨਹੀਂ
ਪਾਉਣ ਲਈ ਬੜਾ ਕੁਝ ਹੈ।

*-ਦਰਸ਼ਨਪਾਲ ਦੋਸਾਂਝ*

*To Advertise with Punjab Times Call: 847-359-0746*
*Fax:847-705-9388, e-mail:punjabtimes1@gmail.com*
*Visit us on the web:wwwpunjabtimesusa.com*

## ਗਦਰ ਲਹਿਰ ਦਾ ਇਕ ਹੋਰ ਪੱਖ

# ਪਰਵਾਸੀਆਂ ਦੇ ਸਿਟੀਜ਼ਨ ਹੱਕਾਂ ਲਈ ਘੋਲ ਦੀ ਕਹਾਣੀ


ਜਦੋਂ ਵੀ ਕਿਸੇ ਰੱਜੇ-ਪੁੱਜੇ ਜਾਂ ਕੰਮ ਰੇੜ੍ਹ ਚੁੱਕੇ ਪਰਵਾਸੀ ਪੰਜਾਬੀ ਨਾਲ ਉਸ ਦੀ ਅਮਰੀਕਾ ਵਿਚ ਆਮਦ ਅਤੇ ਉਸ ਦੀ ਸਫਲਤਾ ਦੀ ਕੁੰਜੀ ਦੀ ਗੱਲ ਕਰੋ ਤਾਂ ਬਹੁਤਿਆਂ ਦਾ ਇਹੀ ਜੁਆਬ ਹੁੰਦਾ ਹੈ, 'ਜੀ ਸਭ ਦਾਣੇ ਪਾਣੀ ਦੀਆਂ ਗੱਲਾਂ ਨੇ, ਕਦੇ ਸੋਚਿਆ ਈ ਨ੍ਹੀਂ ਸੀ ਕਿ ਵਿਦੇਸ਼ ਜਾਵਾਂਗੇ।' ਜਾਂ 'ਸਭ ਕਿਸਮਤ ਦੀ ਗੱਲ ਜਾਂ ਪਿਛਲੇ ਜਨਮਾਂ ਦਾ ਗੇੜ, ਜੋ ਐਡੇ ਵਧੀਆ ਮੁਲਕ ਵਿਚ ਆ ਵਸੇ।' ਜਾਂ 'ਜੀ ਸਭ ਤੈਅ ਹੈ, ਮੱਥੇ ਤੇ ਹੱਥ ਦੀਆਂ ਲਕੀਰਾਂ ਦੀ ਖੇਡ ਹੈ।'... ਕੁਝ ਸ਼ਰਧਾਵਾਨ ਬੰਦੇ, ਅਸਮਾਨ ਵੱਲ ਹੱਥ ਜੋੜ ਕੇ ਕਹਿਣਗੇ, 'ਜੀ ਸਭ ਉਪਰ ਵਾਲੇ ਦੀ ਕਿਰਪਾ ਹੈ, ਨਹੀਂ ਤਾਂ ਦੂਜਿਆਂ ਵਾਂਗ ਇੰਡੀਆਂ ਵਿਚ ਧੰਦ ਪਿੱਟਦੇ ਫਿਰਨਾ ਸੀ।' ਇਹ ਸਾਰੇ ਤਬਸਰੇ ਵਿਚ ਉਨ੍ਹਾਂ ਸਾਰੇ ਪਰਵਾਸੀ ਭਾਰਤੀਆਂ ਦੀ ਘਾਲਣਾ ਨੂੰ ਸਹਿਵਨ ਹੀ ਅਣਦੇਖਿਆ ਕਰ ਦਿਤਾ ਜਾਂਦਾ ਹੈ, ਜਿਨ੍ਹਾਂ ਕਰਕੇ ਪਰਵਾਸੀਆਂ ਦੀਆਂ ਅਜੋਕੀਆਂ ਪੀੜੀਆਂ ਦੇ ਪਰਦੇਸ ਵਿਚ ਵਧਣ-ਫੁਲਣ ਲਈ ਰਾਹ ਖੁੱਲ੍ਹਿਆ।

ਚਿੰਤਕ ਤੇ ਭਾਸ਼ਾ ਵਿਗਿਆਨੀ ਡਾ. ਗੁਰੂਮੇਲ ਸਿੱਧੂ ਦੀ ਲਿਖੀ ਪੁਸਤਕ 'Another Aspect of Ghadar Movement-The struggle for American Citizenship And Property Ownership' ਸਾਡੀ ਇਸ ਅਵੱਗਿਆ ਵੱਲ ਧਿਆਨ ਦਿਵਾਉਂਦਿਆਂ ਉਨ੍ਹਾਂ ਕਰਮਯੋਗੀਆਂ ਦੇ ਰੁਬਰੂ ਕਰਾਉਂਦੀ ਹੈ, ਜਿਨ੍ਹਾਂ ਦੇ ਲਾਏ ਰੁੱਖਾਂ ਦੀ ਛਾਂ ਅੱਜ ਅਸੀਂ ਪਰਵਾਸੀ ਮਾਣ ਰਹੇ ਹਾਂ। ਕਵਿਤਾ, ਗਿਆਨ ਅਤੇ ਵਿਗਿਆਨ ਦੇ ਵਿਸ਼ਿਆਂ 'ਤੇ ਦਰਜਨਾਂ ਹੀ ਪੁਸਤਕਾਂ ਦੇ ਰਚੈਤਾ ਡਾ. ਸਿੱਧੂ ਦੀ ਆਪਣੀ ਹੀ ਪੰਜਾਬੀ ਵਿਚ ਲਿਖੀ ਪੁਸਤਕ ਦਾ ਇਹ ਅੰਗਰੇਜ਼ੀ ਅਨੁਵਾਦ ਹੈ, ਜੋ ਪੰਜਾਬੀ ਭਾਸ਼ਾ ਤੋਂ ਵਿਰਵੀ ਨਵੀਂ ਪਰਵਾਸੀ ਪੀੜ੍ਹੀ ਲਈ ਤੋਹਫਾ ਹੈ।

ਚਾਰ ਸੌ ਸਫਿਆਂ ਦੀ ਇਸ ਪੁਸਤਕ ਵਿਚ ਉਨ੍ਹਾਂ ਕਾਰਨਾਂ ਦੀ ਨਿਸ਼ਾਨਦੇਹੀ ਕੀਤੀ ਗਈ ਹੈ, ਜਿਨ੍ਹਾਂ ਨੇ ਹਿੰਦੁਸਤਾਨ ਦੀ ਆਜ਼ਾਦੀ ਨਾਲ ਜੁੜੀ ਗਦਰ ਲਹਿਰ ਅਤੇ ਇਸ ਦੇ ਨਾਲ ਨਾਲ ਅਮਰੀਕਾ ਵਿਚ ਸ਼ਹਿਰੀ ਹੱਕਾਂ ਦੀ ਲਹਿਰ ਨੂੰ ਜਨਮ ਦਿੱਤਾ। ਗਦਰ ਲਹਿਰ ਬਾਰੇ, ਗਦਰੀਆਂ ਦੀ ਮੁਲਕ ਵਾਪਸੀ, ਉਨ੍ਹਾਂ ਦੀ ਭਾਰਤ ਦੀ ਆਜ਼ਾਦੀ ਲਈ ਦੇਣ ਦਾ ਜ਼ਿਕਰ ਸਾਡੇ ਸਾਹਿਤ ਅਤੇ ਸਿਆਸੀ ਬਿਰਤਾਂਤ ਦਾ ਹਿੱਸਾ ਤਾਂ ਬਣਿਆ ਪਰ ਪਰਵਾਸ ਵਿਚ ਸ਼ਹਿਰੀ ਹੱਕਾਂ ਲਈ ਸੰਗਰਾਮ ਅਤੇ ਸੰਗਰਾਮੀਆਂ ਦਾ ਜ਼ਿਕਰ ਘੱਟ ਹੀ ਹੋਇਆ ਹੈ। ਇਹ ਪੁਸਤਕ ਉਸ ਸੰਗਰਾਮ ਨੂੰ ਇੱਕ ਸ਼ਰਧਾਂਜਲੀ ਹੀ ਹੈ।

ਵੀਹਵੀਂ ਸਦੀ ਦੇ ਪਹਿਲੇ ਦਹਾਕੇ ਤੋਂ ਲੈ ਕੇ 1946 ਤੱਕ ਪਰਵਾਸੀਆਂ ਦੇ ਸ਼ਹਿਰੀ ਹੱਕਾਂ ਨੂੰ ਕਾਨੂੰਨੀ ਮਾਨਤਾ ਮਿਲਣ ਤੱਕ ਦਾ ਇਤਿਹਾਸ ਇਸ ਪੁਸਤਕ ਵਿਚ ਦਰਜ ਹੈ। ਪੁਸਤਕ ਪੜ੍ਹਦਿਆਂ ਉਨ੍ਹਾਂ ਵੇਲਿਆਂ ਦੀਆਂ ਸਮਾਜਿਕ, ਸਭਿਆਚਾਰਕ ਅਤੇ ਆਰਥਿਕ ਪ੍ਰਸਥਿਤੀਆਂ ਦਾ ਹੀ ਗਿਆਨ ਨਹੀਂ ਹੁੰਦਾ, ਸਗੋਂ ਵੱਖ ਵੱਖ ਭਾਈਚਾਰਿਆਂ ਵਿਚਲੀਆਂ ਵਿਰੋਧਤਾਈਆਂ ਦਾ ਵੀ ਪਤਾ ਲਗਦਾ ਹੈ।

ਸ਼ਹਿਰੀ ਹੱਕਾਂ ਦੀ ਇਸ ਲਹਿਰ ਦੀਆਂ ਮੋਢੀ ਸ਼ਖਸੀਅਤਾਂ- ਜੇ. ਜੇ. ਸਿੰਘ, ਡਾ. ਅਨੂਪ ਸਿੰਘ, ਡਾ. ਦਲੀਪ ਸਿੰਘ ਸੌਂਧ, ਪਾਖਰ ਸਿੰਘ ਗਿੱਲ, ਬੱਗਾ ਸਿੰਘ ਸੰਘਾ ਅਤੇ ਡਾ. ਭਗਤ ਸਿੰਘ ਥਿੰਦ ਦੇ ਹਵਾਲੇ ਰਾਹੀਂ ਵਿਆਹ, ਸ਼ਹਿਰੀ ਅਤੇ ਜ਼ਮੀਨੀ ਹੱਕਾਂ ਲਈ ਪਰਵਾਸੀਆਂ ਵਲੋਂ ਝੱਲੀਆਂ ਗਈਆਂ




ਦੁਸ਼ਵਾਰੀਆਂ ਦਾ ਪਤਾ ਲਗਦਾ ਹੈ।

ਪੁਸਤਕ ਨੂੰ ਗਿਆਰਾਂ ਕਾਂਡਾਂ ਵਿਚ ਵੰਡਿਆ ਗਿਆ ਹੈ। ਪਹਿਲੇ ਅਤੇ ਦੂਜੇ ਕਾਂਡ ਵਿਚ ਗਦਰ ਲਹਿਰ ਦਾ ਸੰਖੇਪ ਬਿਰਤਾਂਤ ਹੈ। ਤੀਜੇ ਵਿਚ ਕਾਮਾਗਾਟਾਮਾਰੂ ਜਹਾਜ ਦੀ ਘਟਨਾ ਅਤੇ ਚੌਥੇ ਵਿਚ ਸ਼ਹਿਰੀ ਤੇ ਜ਼ਮੀਨੀ ਹੱਕਾਂ ਨਾਲ ਸਬੰਧਤ ਕਾਨੂੰਨਾਂ ਦਾ ਲੇਖਾ-ਜੋਖਾ ਕੀਤਾ ਗਿਆ ਹੈ। ਪੰਜਵੇਂ ਤੇ ਛੇਵੇਂ ਕਾਂਡ, ਇੰਪੀਰੀਅਲ ਵੈਲੀ ਵਿਚ ਪੰਜਾਬੀ ਕਿਸਾਨਾਂ ਦੀ ਵਿਥਿਆ ਅਤੇ ਮਕਸੀਕੀ ਔਰਤਾਂ ਨਾਲ ਵਿਆਹੇ ਮਰਦਾਂ ਦੇ ਝਮੇਲਿਆਂ ਦਾ ਜ਼ਿਕਰ ਹੈ। ਬਾਕੀ ਪੁਸਤਕ ਵਿਚ ਭਾਈਚਾਰੇ ਦੀ ਲਾਮਬੰਦੀ, ਨੈਤਿਕ ਅਤੇ ਕਾਨੂੰਨੀ ਲੜਾਈ ਦੇ ਬਿਖੜੇ ਪੈਂਡੇ ਦਾ ਹਿਰਦੇਵੇਦਕ ਜ਼ਿਕਰ ਹੈ।

ਡਾ. ਦਲੀਪ ਸਿੰਘ ਸੌਂਧ ਅਤੇ ਡਾ. ਭਗਤ ਸਿੰਘ ਥਿੰਦ ਅਮਰੀਕੀ ਯੂਨੀਵਰਸਿਟੀਆਂ ਦੀਆਂ ਡਿਗਰੀਆਂ ਲੈ ਕੇ ਵੀ ਅਮਰੀਕੀ ਸ਼ਹਿਰੀ ਨਾ ਹੋਣ ਕਾਰਨ ਨੌਕਰੀ ਤੋਂ ਵਾਂਝੇ ਰਹੇ। ਵਾਹੀ ਲਈ, ਖਰੀਦਣ ਦੀ ਗੱਲ ਛੱਡੋ, ਪਰਵਾਸੀ ਜ਼ਮੀਨ ਠੇਕੇ 'ਤੇ ਨਹੀਂ ਲੈ ਸਕਦੇ ਸਨ। ਉਨ੍ਹਾਂ ਦੇ ਮੈਕਸੀਕਨ ਔਰਤਾਂ ਨਾਲ ਵਿਆਹਾਂ ਨੂੰ ਕਾਨੂੰਨੀ ਮਾਨਤਾ ਨਹੀਂ ਸੀ ਮਿਲਦੀ, ਇੱਥੋਂ ਤੱਕ ਕਿ ਅਜਿਹੇ ਵਿਆਹ 'ਤੇ ਪਾਬੰਦੀਆਂ ਲੱਗਦੀਆਂ ਹਨ। ਆਮਦਨ ਦਾ ਕੋਈ ਵਸੀਲਾ ਨਹੀਂ, ਕੋਈ ਸੰਚਾਰ ਦਾ ਸਾਧਨ ਨਹੀਂ, ਦੁੱਖ ਦਰਦ ਵੰਡਾਉਣ ਲਈ ਕੋਈ ਰਿਸ਼ਤੇਦਾਰ ਨਹੀਂ, ਅੰਗਰੇਜ਼ ਗੁਲਾਮਾਂ ਵਰਗਾ ਵਿਹਾਰ ਕਰਦੇ ਸਨ। ਕਿਸੇ ਅਦਾਲਤ ਵਿਚ ਕੋਈ ਅਰਜੋਈ ਕਰਨ ਦਾ ਹੱਕ ਨਹੀਂ। ਅਜਿਹੀਆਂ ਵਿਰੋਧੀ ਹਾਲਤਾਂ ਵਿਚ ਸਾਡੇ ਪਰਵਾਸੀ ਵਡੇਰੇ ਜੀਵੇ, ਲਾਮਬੰਦੀ ਕੀਤੀ, ਦੂਜੇ ਭਾਈਚਾਰਿਆਂ ਦੇ ਭਲੇ ਬੰਦਿਆਂ ਤੱਕ ਰਸਾਈ, ਕਾਨੂੰਨੀ ਲੜਾਈਆਂ ਸਦਕਾ ਆਖਰ 1946 ਵਿਚ ਸ਼ਹਿਰੀ ਬਣਨ ਦਾ ਹੱਕ ਮਿਲਿਆ।

### ਪੁਸਤਕ ਚਰਚਾ

ਅਮਰੀਕੀ ਅਦਾਲਤਾਂ ਵੱਲੋਂ ਪਹਿਲਾਂ ਆਰੀਅਨ ਨਸਲ ਅਤੇ ਫਿਰ ਰੰਗ ਦੇ ਆਧਾਰ 'ਤੇ ਸ਼ਹਿਰੀਅਤ ਹੱਕਾਂ ਨੂੰ ਨਾਮਨਜ਼ੂਰ ਕਰਨ ਦੇ ਫੈਸਲਿਆਂ ਦਾ ਲੇਖਾ-ਜੋਖਾ ਕਰਦਿਆਂ ਲੇਖਕ, ਨਸਲਾਂ ਅਤੇ ਚਮੜੀ ਦੇ ਰੰਗ ਦੇ ਮੂਲ ਤੱਕ ਲੈ ਜਾਂਦਾ ਹੈ, ਜਿਥੇ ਇਨ੍ਹਾਂ ਦੇ ਵਿਗਿਆਨਕ ਕਾਰਨਾਂ ਦਾ ਪਤਾ ਲਗਦਾ ਹੈ। ਪੁਸਤਕ ਪੜ੍ਹਦਿਆਂ ਕੁਝ ਸਬਕ ਸਿੱਖੇ ਜਾ ਸਕਦੇ ਹਨ; ਜਿਵੇਂ

*ਨਿੱਜੀ ਦੁੱਖ ਨੂੰ ਪਰ ਦੁੱਖ ਨਾਲ ਇਕਸੁਰ ਕਰਨਾ।

*ਸਭਿਆਚਾਰਾਂ ਦੇ ਮੇਲ ਦਾ ਮਹੱਤਵ।

*ਸੰਵਾਦ ਰਾਹੀਂ ਨਸਲੀ ਵਿਤਕਰੇ ਦਾ ਸਾਹਮਣਾ।

ਪਰਵਾਸੀਆਂ ਨੇ ਸ਼ਹਿਰੀ ਅਤੇ ਜ਼ਮੀਨੀ ਹੱਕਾਂ ਬਾਰੇ ਜਦੋਜਹਿਦ ਵਿਚ ਬੇਸ਼ੱਕ ਫਤਿਹ ਹਾਸਲ ਕਰ ਲਈ ਹੈ, ਪਰ 'ਨਸਲੀ ਵਿਤਕਰੇ' ਅਤੇ 'ਸਭਿਆਚਾਰਕ ਪਾੜੇ' ਦੀ ਖਾਈ ਅਜੇ ਪਾਰ ਕਰਨੀ ਬਾਕੀ ਹੈ। ਜਿਸ ਲਈ ਇਸ ਪੁਸਤਕ ਤੋਂ ਅਗਵਾਈ ਲਈ ਜਾ ਸਕਦੀ ਹੈ। ਐਮੇਜੋਨ ਵਲੋਂ ਛਾਪੀ ਗਈ ਇਹ ਪੁਸਤਕ 'ਸ੍ਰੀ ਗੁਰੂ ਗ੍ਰੰਥ ਸਾਹਿਬ ਫਾਊਂਡੇਸ਼ਨ' ਨੇ ਪ੍ਰਕਾਸ਼ਿਤ ਕੀਤੀ ਹੈ।

**-ਅਵਤਾਰ ਗੋਂਦਾਰਾ**

## ਗੁਰੂ ਨਾਨਕ ਕਾਲਜ ਨਕੋਦਰ ਦੇ ਸਾਬਕਾ ਵਿਦਿਆਰਥੀਆਂ ਦੀ ਮਿਲਣੀ 12 ਨੂੰ

ਫਰੀਮਾਂਟ (ਐਸ ਅਸ਼ੋਕ ਭੌਰਾ): ਗੁਰੂ ਨਾਨਕ ਨੈਸ਼ਨਲ ਕਾਲਜ ਨਕੋਦਰ ਦੇ ਸਾਬਕਾ ਵਿਦਿਆਰਥੀਆਂ ਦੀ ਇੱਕ ਮਿਲਣੀ 12 ਦਸੰਬਰ, ਸਨਿਚਰਵਾਰ ਨੂੰ ਸ਼ਾਮ 6 ਵਜੇ ਤੋਂ ਬੰਬੇ ਗਾਰਡਨ (3701 ਐਲ ਕਮਿਨੋ ਰੀਅਲ ਸੈਂਟਾ ਕਲਾਰਾ) ਵਿਖੇ ਹੋ ਰਹੀ ਹੈ।

ਪ੍ਰੋਗਰਾਮ ਦੇ ਮੁੱਖ ਪ੍ਰਬੰਧਕ ਹਰਬੰਸ ਸਿੰਘ ਤੱਖਰ ਨੇ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਭੋਜਨ-ਪਾਣੀ ਤੋਂ ਇਲਾਵਾ ਸ਼ਾਇਰਾਨਾ ਮਹਿਫਿਲ ਅਤੇ ਗੀਤ ਸੰਗੀਤ ਹੋਵੇਗਾ। ਕਾਲਜ ਦੇ ਸਾਬਕਾ ਅਧਿਆਪਕ ਵੀ ਸਮਾਗਮ ਵਿਚ ਸ਼ਾਮਲ ਹੋਣਗੇ। ਹੋਰ ਜਾਣਕਾਰੀ ਲਈ ਹਰਬੰਸ ਤੱਖਰ ਨਾਲ ਫੋਨ ਨੰਬਰ 650-255-8826, ਗੁਰਚਰਨ ਸਿੰਘ ਮਾਨ 510-557-0061 ਤੇ ਸੰਪਰਕ ਕੀਤਾ ਜਾ ਸਕਦਾ ਹੈ।

DHOL RADIO
WEBSITE - DHOLRADIO.CO
DHOL RADIO
ਪਿੰਡ ਤੋਂ ਚੱਲਣ ਵਾਲਾ ਦੁਨੀਆਂ ਦਾ ਪਹਿਲਾ ਪੰਜਾਬੀ ਰੇਡੀਓ
REQUEST SONG
MUSIC 24/7
ਹੁਣ ਸ਼ਿਕਾਗੋ ਤੋਂ
LISTEN ON PHONE
Application For Android and iPhone - Dhol Radio
LIVE CALLS → USA 951-824-6365
skype - DHOLRADIO.ORG
LISTEN BY CALL → USA 702-489-0211
Sukhpal Gill 10 pm to 12 am (IST)
Puran singh waraich 2:30 pm to 4 pm (IST)

Prince's Barber Shop
37477 Fremont Blvd, suite C, Fremont, CA 94536
Men & Children's Hair Cut
*Threading *Custom Text
*Men's Facials *Hair Coler
*Custom Designing *Shave &
*Line-ups *Head Massage
ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ



Business hours:
Mon thru Thursday 9am to 8pm
Friday, Sat- Sunday- 9am to 7pm
(Tuesday Closed)



Cell: (510)-677-9942
Shop: (510)-505-9605
www.princebarbershop.com

ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ
GLOBAL
ਪਿਛਲੇ 9 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ
SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ।
ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।
STOCKTON ਵਿਚ ਪੰਜਾਬੀ ਭਰਾਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150
Special Price for Truck Wash Grand Opening
• 8 Drive Tires For $3300 Kelly KDA
• Two Steer Tire Michelin $1150 Including Balancing (22.5 LP)
ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205
Ph: 209.547.9210
FAX: 209.547.9211
www.gfbontime.com, raj@gfbontime.com

REPAIR SHOP
ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 50 ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।
TEL: 209.547.9210
FAX: 209.547.9211
REGISTRATION SERVICES
ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।
TEL: 209.982.9996
FAX: 209.982.9997

ਚਿੱਤ ਚੇਤਾ



ਕਾਨਾ ਸਿੰਘ
ਫੋਨ:+91-95019-44944

# ਗਾਥਾ ਧੁੱਪ ਦੇ ਟੋਟਿਆਂ ਦੀ

*ਕਾਨਾ ਸਿੰਘ ਸ਼ਬਦਾਂ ਦੀ ਕੰਨੀ ਫੜ-ਫੜ ਅਜਿਹਾ ਜੁੱਟ ਜੋੜਦੀ ਹੈ ਜਿਹੜਾ ਆਲੇ-ਦੁਆਲੇ ਨੂੰ ਖੁਸ਼ਬੋਈ ਨਾਲ ਭਰ ਦਿੰਦਾ ਹੈ। ਉਹ ਗੱਲਾਂ ਵਿਚੋਂ ਗੱਲਾਂ ਕੱਢੀ ਜਾਂਦੀ ਹੈ ਅਤੇ ਸਹਿਜ-ਸੁਭਾਅ ਪਾਠਕ ਨੂੰ ਉਂਗਲ ਫੜਾ, ਨਾਲ ਲਈ ਫਿਰਦੀ ਜਾਪਦੀ ਹੈ। 'ਗਾਥਾ ਧੁੱਪ ਦੇ ਟੋਟਿਆਂ ਵਿਚ' ਉਹਨੇ ਵੱਖ-ਵੱਖ ਸ਼ਖਸੀਅਤਾਂ ਨਾਲ ਰਚਾਏ ਸੰਵਾਦਾਂ ਬਾਰੇ ਚਰਚਾ ਕੀਤੀ ਹੈ। ਇਹੀ ਸੰਵਾਦ ਉਸ ਦੀ ਰੇਖਾ ਚਿੱਤਰਾਂ ਦੀ ਕਿਤਾਬ 'ਉਕਾਬ ਦੀ ਅੱਖ' ਦਾ ਹਿੱਸਾ ਹੋ ਨਿਬੜੇ। ਇਨ੍ਹਾਂ ਰੇਖਾ ਚਿੱਤਰਾਂ ਵਾਂਗ, ਰੇਖਾ ਚਿੱਤਰਾਂ ਬਾਰੇ ਇਹ ਲੇਖ ਵੀ ਉਨਾ ਹੀ ਦਿਲਚਸਪ ਹੈ। -ਸੰਪਾਦਕ*

ਕਵਿਤਾ, ਕਹਾਣੀ, ਲੇਖ, ਵਿਅੰਗ, ਜੀਵਨੀ, ਸਵੈਜੀਵਨੀ ਤੇ ਸਫ਼ਰਨਾਮੇ ਵਾਂਗ ਮੁਲਾਕਾਤ ਜਾਂ ਸੰਵਾਦ ਵੀ ਅੱਜ ਸਾਹਿਤ ਦਾ ਮਕਬੂਲ ਹਿੱਸਾ ਹੈ। ਪ੍ਰਚਲਤ ਸੰਵਾਦ ਵਿਧਾ ਅਨੁਸਾਰ ਜਾਂ ਤਾਂ ਮੁਲਾਕਾਤੀ ਕਿਸੇ ਲੇਖਕ ਨੂੰ ਤਿਆਰ ਸੁਆਲਨਾਮਾ ਲਿਖ ਭੇਜਦਾ ਹੈ, ਤੇ ਜਾਂ ਫਿਰ ਟੇਪ ਰਿਕਾਰਡਰ ਦੀ ਮਦਦ ਨਾਲ ਕੀਤੀ ਗੱਲਬਾਤ ਦਾ ਉਤਾਰਾ ਕਰ ਲੈਂਦਾ ਹੈ। ਟੇਪ ਰਿਕਾਰਡ ਬੇਸ਼ਕ ਗੱਲਬਾਤ ਦੀ ਪ੍ਰਮਾਣਿਕਤਾ ਤਾਂ ਕਾਇਮ ਰਹਿੰਦੀ ਹੈ, ਪਰ ਅਜਿਹੀ ਮੁਲਾਕਾਤ ਸਾਹਿਤਕਤਾ ਪੱਖੋਂ ਕੁਝ ਊਣੀ ਵੀ ਰਹਿ ਜਾਂਦੀ ਹੈ। ਉਤਰਦਾਤਾ ਸਹਿਜ ਸੁਭਾਅ ਗੱਲ ਕਰਦਾ, ਕਿਸੇ ਤਕੀਏ ਕਲਾਮ ਦਾ ਦੁਹਰਾਅ ਜਿਵੇਂ ਜਿਹੜਾ ਹੈ, ਹੈਗੇ, ਯਾਨਿ ਕੇ ਆਦਿ ਵਾਰ-ਵਾਰ ਇਸਤੇਮਾਲ ਕਰ ਰਿਹਾ ਹੁੰਦਾ ਹੈ ਜਿਸ ਦਾ ਲਿਖਤੀ ਰੂਪ ਰੜਕਦਾ ਹੈ। ਕਈ ਵਾਰ ਸਵੈ-ਮੋਹ ਅਤੇ ਆਪਣੇ ਹੀ ਰੌਅ ਕਾਰਨ ਲੇਖਕ ਜ਼ਰੂਰਤ ਤੋਂ ਵੱਧ ਲੰਮੇ ਜਵਾਬ ਦੇਣ ਲੱਗਦਾ ਹੈ। ਇਸ ਨਾਲ ਪਾਠਕ ਉਪਰ ਉਸ ਦੇ ਸਮੁੱਚੇ ਪ੍ਰਭਾਵ ਨੂੰ ਸੱਟ ਲੱਗਦੀ ਹੈ ਤੇ ਉਸ ਦੇ ਮਨ ਉਤੇ ਲੇਖਕ ਦੀ ਸਿਰਜਣਾ ਰਾਹੀਂ ਬਣੀ ਹੋਈ ਤਸਵੀਰ ਮੱਧਮ ਪੈ ਜਾਂਦੀ ਹੈ। ਦੋਹਾਂ ਧਿਰਾਂ ਨਾਲ ਸੁਹਿਰਦ ਹੁੰਦਾ ਹੋਇਆ ਵੀ ਮੁਲਾਕਾਤੀ ਕਈ ਵਾਰ ਦੋਹਾਂ ਲਈ ਹੀ ਕੁਝ ਕੌੜਾ-ਕਸੈਲਾ ਜ਼ਾਇਕਾ ਛੱਡ ਜਾਂਦਾ ਹੈ। ਦੂਜੇ ਪਾਸੇ, ਸੁਆਲਨਾਮਿਆਂ ਦੇ ਜਵਾਬ ਜ਼ਿਆਦਾ ਕਰ ਕੇ ਲੰਮੇ, ਬੋਝਲ ਜਾਂ ਬੌਧਿਕ ਤੇ ਬਨਾਵਟੀ ਵੀ ਜਾਪਣ ਲੱਗਦੇ ਹਨ।

ਚਤੁਰ ਮੁਲਾਕਾਤੀ ਬੇਸ਼ਕ ਵਿਚ-ਵਿਚਾਲੇ 'ਆਓ ਹੁਣ ਚਾਹ ਪੀ ਲਈਏ' ਆਦਿ ਦਾ ਜੁਮਲਾ ਪਾ ਕੇ ਲਿਖਤ ਨੂੰ ਸੰਵਾਦ ਦਾ ਪ੍ਰਭਾਵ ਦੇਣ ਦੀ ਕੋਸ਼ਿਸ਼ ਕਰਦਾ ਹੈ, ਪਰ ਉਹ ਭੁੱਲ ਜਾਂਦਾ ਹੈ ਕਿ ਪਾਠਕ ਉਸ ਤੋਂ ਵੱਧ ਚਤੁਰ ਤੇ ਸਿਆਣਾ ਹੈ, ਉਹ ਚਾਹ ਦੀਆਂ ਚੁਸਕੀਆਂ ਨਾਲ ਨਹੀਂ ਪਰਚਦਾ; ਉਸ ਉਤੇ ਬੋਰੀਅਤ ਹਾਵੀ ਹੋ ਜਾਂਦੀ ਹੈ।

***

ਜ਼ਿੰਦਗੀ ਦਾ ਵਡੇਰਾ ਭਾਗ (ਪੰਝੀ ਤੋਂ ਪੰਜਾਹ ਦੀ ਉਮਰ ਤੱਕ) ਮੈਂ ਮੁੰਬਈ ਦੇ ਫਿਲਮ ਜਗਤ ਦੇ ਕਾਫ਼ੀ ਨੇੜੇ ਰਹੀ। ਮੇਰੇ ਡਾਕਟਰ ਪਤੀ ਦੇ ਬਾਹਲੇ ਮਰੀਜ਼ ਫਿਲਮ ਐਕਟਰ, ਡਾਇਰੈਕਟਰ, ਗਾਇਕ ਆਦਿ ਸਨ। ਕੋਈ ਸਥਾਪਤ ਹੋਣ ਲਈ ਹੱਥ-ਪੈਰ ਮਾਰ ਰਹੇ ਤੇ ਕੋਈ ਸਿਖਰਾਂ ਛੋਹ ਰਹੇ ਜਾਂ ਛੋਹ ਗਏ। ਫਿਲਮ ਹਸਤੀਆਂ ਨਾਲ ਮੇਲ-ਜੋਲ ਅਤੇ ਉਨ੍ਹਾਂ ਨਾਲ ਪਰਿਵਾਰਕ ਸਬੰਧ ਹੋਣ ਕਾਰਨ ਸਾਡੇ ਘਰ ਫਿਲਮ ਅਦਾਕਾਰਾਂ ਸਬੰਧੀ ਸ਼ੋਸ਼ੇ, ਚਰਚੇ ਜਾਂ ਸਕੂਪਾਂ ਦਾ ਕਾਫ਼ੀ ਜ਼ਿਕਰ ਹੁੰਦਾ। ਫਿਲਮੀ ਮਾਸਿਕ ਜਾਂ ਸਪਤਾਹਿਕ ਪੱਤਰਾਂ ਦੀ ਘਰ ਵਿਚ ਭਰਮਾਰ ਸੀ ਤੇ ਮੇਰੇ ਪਤੀ ਨੂੰ ਸਿਵਾਇ ਫਿਲਮਾਂ ਦੇ, ਹੋਰ ਕੋਈ ਸ਼ੌਕ ਹੀ ਨਹੀਂ ਸੀ। ਫਿਲਮ ਤਾਂ ਮੈਂ ਵੀ ਦੇਖ ਲੈਂਦੀ ਪਰ ਹਟਵੀਂ, ਆਰਟ ਮੂਵੀ ਹੀ, ਲੇਕਿਨ ਫਿਲਮੀ ਮੁਲਾਕਾਤਾਂ ਪੜ੍ਹਨ ਦਾ ਮੈਨੂੰ ਭੱਸ ਜਿਹਾ ਸੀ। ਗਾਹੇ-ਬਗਾਹੇ ਘਰ ਵਿਚ ਅਦਾਕਾਰਾਂ ਨਾਲ ਹੁੰਦੀਆਂ ਪਰਿਵਾਰਕ ਮਿਲਣੀਆਂ ਦੌਰਾਨ ਮੈਂ ਉਨ੍ਹਾਂ ਦੇ ਅੰਦਰਲੇ ਸੱਚ ਨੂੰ ਉਗਲਵਾਣ ਜਾਂ ਛੇੜਛਾੜ ਵਜੋਂ ਹੀ ਕਈ ਤਿੱਖੇ ਸਵਾਲਾਂ ਨਾਲ ਪੰਗੇ ਲੈਂਦੀ।

"ਭਾਬੀ ਤੁੰ ਫਿਲਮੀ ਮੁਲਾਕਾਤਾਂ ਦੇ ਕੈਰੀਅਰ ਦਾ ਇਰਾਦਾ ਬਣਾ!" ਉਹ ਅਕਸਰ ਕਹਿੰਦੇ।

ਮੈਂ ਸੁਚੇਤ ਤੌਰ 'ਤੇ ਸਾਹਿਤ ਦੇ ਸੰਵਾਦ ਅੰਗ ਨੂੰ ਨਹੀਂ ਅਪਨਾਇਆ। ਇਹ ਤਾਂ ਚਿਰਾਂ ਤੋਂ ਉੱਲੀ ਲੱਗੀ ਮੇਰੀ ਮਾਂ ਬੋਲੀ ਦੀ ਮਹਾਰਤ ਨੂੰ ਪਕੜਨ, ਮਾਂਜਣ, ਸੋਧਣ ਅਤੇ ਵਰਤਣ ਦਾ ਤਰਲਾ-ਮਾਤਰ ਸੀ। ਕਵਿਤਾ ਤਾਂ ਸਹਿਜ ਹੀ ਚਸ਼ਮੇ ਹਾਰ ਮਾਂ ਬੋਲੀ ਵਿਚ ਫੁੱਟ, ਵਹਿਣ ਲੱਗਦੀ ਹੈ; ਗਲਪ ਜਾਂ ਵਾਰਤਕ ਨਹੀਂ। ਇਹਦੇ ਲਈ ਬੋਲੀ ਦੇ ਮਾਧਿਅਮ ਦੀ ਸਹੀ ਪਕੜ, ਸ਼ਬਦਾਂ ਦੀ ਘਾੜਤ ਤੇ ਉਨ੍ਹਾਂ ਨੂੰ ਮਾਂਜਣ-ਤਰਾਸ਼ਣ ਦੀ ਲੋੜ ਹੁੰਦੀ ਹੈ। ਇਸ ਦੀ ਪੂਰਤੀ ਦੀ ਪਹਿਲੀ ਪੌੜੀ ਹੈ ਪੜ੍ਹਨਾ, ਰੱਜ ਕੇ ਪੜ੍ਹਨਾ ਤੇ ਮਨਨ ਦੇ ਨਾਲ-ਨਾਲ ਭਾਸ਼ਾ 'ਤੇ ਵੀ ਗੌਰ ਕਰਨਾ। ਸ਼ਬਦਾਂ ਦੇ ਸੰਚਾਰ ਤੇ ਉਸ ਦੇ ਜਾਦੂ ਅਤੇ ਪਰਤਾਂ ਨੂੰ ਨੀਝਣਾਂ ਤੇ ਵਿਸਮਿਤ ਹੋਣਾ। ਫੇਰ ਤਾਂ ਆਪੇ ਹੀ ਕਲਕਲ ਕਰਦੀ ਨਦੀ ਵਾਂਗ ਸ਼ਬਦ ਕਲਮ ਹੇਠੋਂ ਵਹਿ ਤੁਰਦੇ ਹਨ।

***

ਸੰਤੋਖ ਸਿੰਘ ਧੀਰ ਨਾਲ ਹੋਈ ਸੰਖੇਪ ਤੇ ਗੈਰਰਸਮੀ ਗੱਲਬਾਤ, ਮੁਲਾਕਾਤਾਂ ਵਜੋਂ ਮੇਰਾ ਪਹਿਲਾ ਹੰਭਲਾ ਸੀ। ਉਹ ਜਦੋਂ ਵੀ ਮਿਲਦੇ, ਮੈਨੂੰ ਗਲਪ ਜਾਂ ਵਾਰਤਕ ਉਤੇ ਹੱਥ ਅਜ਼ਮਾਉਣ ਲਈ ਪ੍ਰੇਰਦੇ, ਉਕਸਾਉਂਦੇ। ਦਿੱਲੀ ਯੂਨੀਵਰਸਿਟੀ ਤੋਂ ਪੰਜਾਬੀ ਐਮ.ਏ. ਪਾਸ ਹੋਣ ਦੇ ਬਾਵਜੂਦ ਮੁੰਬਈਆ ਅੰਦਾਜ਼ ਵਾਲੀ ਮਿਲਗੋਭਾ ਜਿਹੀ ਹਿੰਦੀ, ਅੰਗਰੇਜ਼ੀ ਰਲਾ ਵਾਲੀ ਮੇਰੀ ਪੋਠੋਹਾਰੀ ਮੈਨੂੰ ਇਧਰ ਦੀ ਪ੍ਰਚਲਿਤ ਕਠਿਨ ਸੰਸਕ੍ਰਿਤਕ ਤੇ ਮਲਵਈ ਪੰਜਾਬੀ ਦੇ ਮੇਚ ਦੀ ਨਾ ਲੱਗਦੀ। ਸੱਠਵਿਆਂ ਦੀ ਮਾਝੀ ਕੇਂਦਰੀ ਟਕਸਾਲੀ ਪੰਜਾਬੀ ਕੁਝ ਹੋਰ ਹੋ ਗਈ ਸੀ। ਰੇਡੀਓ-ਟੀ.ਵੀ. 'ਤੇ ਪਾਕਿਸਤਾਨੀ ਪੰਜਾਬੀ ਗੀਤ ਤੇ ਨਾਟਕ ਤਾਂ ਸਮਝ ਆਉਂਦੇ, ਪਰ ਪੂਰਬੀ ਪੰਜਾਬੀ ਮੈਨੂੰ ਵਿਦੇਸ਼ੀ ਜਿਹੀ ਲੱਗਦੀ।

'ਉਹ ਸੱਤਰਿਆ ਹੈ ਪਰ ਬਹੱਤਰਿਆ ਨਹੀਂ', 'ਅਕਸ' ਵਿਚ ਛਪੀ ਧੀਰ ਨਾਲ ਮੇਰੀ ਮੁਲਾਕਾਤ ਮੇਰੀ ਕਲਮ ਦੇ ਖੰਭ ਸੁਆਰਨ ਦਾ ਪਹਿਲਾ ਯਤਨ ਸੀ। ਪਾਠਕਾਂ ਦੇ ਹੁੰਗਾਰੇ ਤੋਂ ਹੋਰ ਮੁਲਾਕਾਤਾਂ ਕਰਨ ਦੀ ਪ੍ਰੇਰਨਾ ਮਿਲੀ। ਪੰਝੀ ਸਾਲਾਂ ਤੋਂ ਪੰਜਾਬੀ ਸਾਹਿਤ ਨਾਲੋਂ ਟੁੱਟੇ ਹੋਣ ਕਾਰਨ ਸਾਹਿਤ ਦੀ ਹਰ ਵੰਨਗੀ ਵਿਚੋਂ ਲੰਘਣਾ ਮੇਰੀ ਲੋੜ ਸੀ। ਐਮ.ਏ. ਦੀ ਪੜ੍ਹਾਈ ਦੌਰਾਨ ਸੰਜੀਦਾ ਵਾਰਤਕ ਅਤੇ ਆਲੋਚਨਾ ਵੱਲ ਮੇਰੀ ਰੁਚੀ ਸੀ ਅਤੇ ਪੀਐਚ.ਡੀ. ਕਰਨ ਦੀ ਸੋਚ ਸਮੇਤ ਮੈਂ ਦਿੱਲੀ ਛੱਡ ਕੇ ਮੁੰਬਈ ਚਲੀ ਗਈ।

***

ਕਵੀ ਜੋਗਾ ਸਿੰਘ ਦਾ ਸੰਪੂਰਨ ਕਾਵਿ ਸਾਹਿਤ ਨਿੱਠ ਕੇ ਪੜ੍ਹਿਆ। ਸੁਆਲਨਾਮਾ ਤਿਆਰ ਕਰ ਕੇ ਪਹਿਲਾਂ ਗੱਲਬਾਤ ਰਾਹੀਂ ਜੋਗਾ ਸਿੰਘ ਨੂੰ ਸਮਝਿਆ ਤੇ ਫਿਰ ਉਨ੍ਹਾਂ ਤੋਂ ਲਿਖਤੀ ਸਵਾਲਾਂ ਦੇ ਜਵਾਬ ਮੰਗੇ। ਇਨ੍ਹਾਂ ਜਵਾਬਾਂ ਅਤੇ ਗੱਲਬਾਤ ਦੇ ਆਧਾਰ 'ਤੇ ਜਵਾਬਨਾਮਾ ਤਿਆਰ ਕੀਤਾ। ਇਹੋ ਢੰਗ ਮੈਂ ਮੋਹਨ ਭੰਡਾਰੀ ਦੀ ਮੁਲਾਕਾਤ ਲਈ ਅਪਨਾਇਆ। 'ਐਤਵਾਰ ਵਾਲਾ' ਜੋਗਾ ਤੇ 'ਬੋਤ੍ਹੇ ਚੌਲ ਵੱਡਾ ਭੰਡਾਰਾ' ਮੋਹਨ ਭੰਡਾਰੀ।

ਜਵਾਬਨਾਮੇ ਵਿਚ ਭਾਵੇਂ ਗੱਲਬਾਤ ਰਾਹੀਂ ਮਿਲੇ ਜਵਾਬਾਂ ਦੀ ਦਖ਼ਲਅੰਦਾਜ਼ੀ ਕਰ ਕੇ ਹਰ ਲੇਖਕ ਨੂੰ ਘੇਰਨ ਵਿਚ ਮਦਦ ਤਾਂ ਮਿਲਦੀ ਹੈ, ਫਿਰ ਵੀ ਇਨ੍ਹਾਂ ਮੁਲਾਕਾਤਾਂ ਨੂੰ ਮੈਂ ਬਹੁਤੇ ਨੰਬਰ ਨਹੀਂ ਦਿੰਦੀ। ਇਨ੍ਹਾਂ ਵਿਚ ਜਵਾਬ ਲੰਮੇਰੇ ਹੁੰਦੇ ਹਨ ਤੇ ਉਨ੍ਹਾਂ ਵਿਚ ਬਣਤਰ ਨਾਲੋਂ ਬੁਣਤਰ ਦੀ ਵੱਧ ਮਿਕਦਾਰ ਵੀ। ਇਸ ਵੰਨਗੀ ਨੂੰ ਕੁਝ ਹੱਦ ਤੱਕ ਅਪਨਾਉਂਦਿਆਂ ਤੇ ਕਾਫ਼ੀ ਹੱਥ ਤੱਕ ਇਸ ਤੋਂ ਬਾਗੀ ਹੋ ਕੇ ਮੈਂ ਗੁਲਜ਼ਾਰ ਸੰਧੂ ਨਾਲ ਮੁਲਾਕਾਤ ਕੀਤੀ। ਇਸ ਦੀ ਰੌਚਕਤਾ ਦਾ ਇਕ ਕਾਰਨ ਸਮਾਂ ਪਾ ਕੇ ਮੇਰੀ ਭਾਸ਼ਾ ਦੀ ਪਕੜ ਅਤੇ ਸਵੈ-ਵਿਸ਼ਵਾਸ ਹੈ ਤੇ ਦੂਜਾ ਗੁਲਜ਼ਾਰ ਸੰਧੂ ਨਾਲ ਗੈਰਰਸਮੀ ਮਿੱਤਰਤਾ ਤੇ ਉਸ ਦੀ ਪੱਤਰਕਾਰੀ ਪ੍ਰਤਿਭਾ ਵੀ।

ਪਹਿਲਾਂ ਤੋਂ ਗੱਲਬਾਤੀ ਢੰਗ ਨਾਲ ਪ੍ਰਾਪਤ ਕੀਤੇ ਜਵਾਬਾਂ ਦੇ ਆਧਾਰ 'ਤੇ ਕੋਈ ਮੁਲਾਕਾਤੀ ਪਾਠਕ ਤੇ ਲੇਖਕ ਧਿਰ ਦਾ ਸਕਾ-ਵਿਚੋਲਾ ਤਾਂ ਰਹਿੰਦਾ ਹੀ ਹੈ, ਨਾਲ ਨਾਲ ਛੇੜ-ਛਾੜ ਤੇ ਵਿਨੋਦ ਰਾਹੀਂ ਸੰਚਾਰ ਵਿਚ ਰੌਚਕਤਾ ਵੀ ਕਾਇਮ ਰੱਖਦਾ ਹੈ। ਉਂਜ, ਲਿਖਤੀ ਤੌਰ 'ਤੇ ਲਈਆਂ ਮੁਲਾਕਾਤਾਂ ਲੰਮੀਆਂ ਵੀ ਹੱਦੋਂ ਵੱਧ ਹੋ ਜਾਂਦੀਆਂ ਹਨ। ਇਸ ਢੰਗ ਵਿਚ ਹੁਣ ਮੇਰੀ ਕੋਈ ਦਿਲਚਸਪੀ ਨਹੀਂ।

ਇਨ੍ਹਾਂ ਤਿੰਨਾਂ ਮੁਲਾਕਾਤਾਂ ਤੋਂ ਇਲਾਵਾ ਬਾਕੀ ਸਾਰੀਆਂ ਹੀ ਸਹਿਜ ਸੁਭਾਅ, ਇੱਥੋਂ ਤੱਕ ਕਿ ਬਾਹਲੀਆਂ ਵਿਚ ਨਾ ਤੇ ਮੈਨੂੰ ਤੇ ਨਾ ਹੀ ਅਗਲੇ ਨੂੰ ਹੀ ਖਬਰ ਸੀ ਕਿ ਮੁਲਾਕਾਤ ਹੋ ਰਹੀ ਹੈ, ਬਣ ਗਈਆਂ।

ਮੋਹਨ ਭੰਡਾਰੀ ਦੀ ਮੁਲਾਕਾਤ ਮਗਰੋਂ ਪ੍ਰੇਮ ਪ੍ਰਕਾਸ਼ ਦੀ ਵਾਰੀ ਸੀ। ਇਕ-ਅੱਧ ਮੁਲਾਕਾਤ ਮਗਰੋਂ ਭੰਡਾਰੀ ਦੇ ਕਹਿਣ 'ਤੇ ਪ੍ਰੇਮ ਪ੍ਰਕਾਸ਼ ਆਪਣੀਆਂ ਕਿਤਾਬਾਂ ਲੈ ਕੇ ਆਏ, ਮੇਰੇ ਘਰ। ਪੜ੍ਹ ਵੀ ਲਈਆਂ। ਸਾਲ ਦੋ ਸਾਲ ਲੰਘ ਗਏ। ਭੰਡਾਰੀ ਵੱਲੋਂ ਤਕਾਜ਼ੇ ਵੀ ਹੁੰਦੇ ਰਹੇ, ਪਰ ਹਿੰਮਤ ਨਾ ਪਈ। ਐਡੇ ਔਖੇ ਬੰਦੇ ਨਾਲ ਕੀ ਤੇ ਕਿਵੇਂ ਗੱਲਾਂ ਕਰਾਂ? ਸਬੱਬ ਵੀ ਕੋਈ ਨਾ ਬਣਿਆ।

ਜਲੰਧਰ ਦੂਰਦਰਸ਼ਨ 'ਤੇ ਹਾਜ਼ਰੀ ਭਰਨ ਦੇ ਸਬੱਬ, ਇਕ ਰਾਤ ਆਪਣੀ ਸਹੇਲੀ ਸੁਰਜੀਤ ਕੌਰ ਚਿਤਰਕਾਰ ਦੇ ਘਰ ਰਹਿਣ ਦਾ ਪ੍ਰੋਗਰਾਮ ਬਣਿਆ। ਅਚਾਨਕ ਪ੍ਰੇਮ ਪ੍ਰਕਾਸ਼ ਨਾਲ ਵੀ ਮੁਲਾਕਾਤ ਹੋਈ। ਸੁਰਜੀਤ ਉਸ ਦਿਨ ਡਾਢੀ ਰੁੱਝੀ ਹੋਈ ਸੀ। ਉਸ ਦੂਜੇ ਦਿਨ ਅੰਮ੍ਰਿਤਸਰ ਆਪਣੀ ਪੀਐਚ.ਡੀ. ਦੀ ਥੀਸਿਸ ਸਬਮਿਟ ਕਰਨੀ ਸੀ ਤੇ ਉਹਦੇ ਨਾਲ ਮੈਂ ਵੀ ਜਾਣਾ ਸੀ। ਪ੍ਰੇਮ ਪ੍ਰਕਾਸ਼ ਤੇ ਮੈਂ ਸੁਰਜੀਤ ਦੇ ਸਟੂਡਿਓ ਵਿਚ ਬੈਠੇ ਗੱਪਸ਼ੱਪ ਕਰਨ ਲੱਗੇ। ਸਾਂਝਾ ਟਾਈਮ ਪਾਸ। ਗੱਲਾਂ ਵਿਚੋਂ ਗੱਲਾਂ। ਘਰ ਆ ਕੇ ਆਦਤ ਵਜੋਂ ਮੈਂ ਉਹ ਗੱਲਾਂ ਨੋਟ ਕਰ ਲਈਆਂ। ਭੁੱਲ-ਵਿਸਰ ਗਈ ਤੇ ਫਿਰ ਸਫ਼ੇ ਪਲਟਦਿਆਂ ਸ਼ਾਇਦ ਸਾਲ ਦੋ ਸਾਲ ਬਾਅਦ ਹੀ ਨਜ਼ਰ ਪਈ। ਉਤਾਰਾ ਕੀਤਾ। ਮੁਲਾਕਾਤ ਬਣ ਗਈ- 'ਪ੍ਰੇਮ ਪ੍ਰਕਾਸ਼ ਇਕ ਗੋਰਖਧੰਦਾ' ਜਿਸ ਨੂੰ ਪ੍ਰੇਮ ਵੀ ਆਪਣੇ ਨਾਲ ਹੋਈਆਂ, ਕੀਤੀਆਂ ਮੁਲਾਕਾਤਾਂ ਵਿਚੋਂ ਵਧੀਆ ਮੰਨਦਾ ਹੈ ਤੇ ਮੈਂ ਵੀ। ਪਾਠਕਾਂ ਦਾ ਵੀ ਬਹੁਤ ਹੁੰਗਾਰਾ ਮਿਲਿਆ। ਦੋ-ਤਿੰਨ ਸੰਗ੍ਰਹਿਆਂ ਵਿਚ ਮੇਰੀ ਇਜਾਜ਼ਤ ਅਤੇ ਇਜਾਜ਼ਤ ਬਗੈਰ ਵੀ, ਇਸ ਨੂੰ ਸ਼ਾਮਲ ਕਰ ਲਿਆ ਗਿਆ। ਇਸ ਮੁਲਾਕਾਤ ਤੋਂ ਇੰਨੀ ਤਸੱਲੀ ਹੋਈ ਕਿ ਬਾਕੀ ਦੀਆਂ ਸਾਰੀਆਂ ਮੁਲਾਕਾਤਾਂ ਵਿਚ ਇਹੋ ਢੰਗ ਵਰਤਿਆ ਜਾਂ ਮੈਥੋਂ ਵਰਤ ਹੋ ਗਿਆ।

ਸੁਰਜੀਤ ਸਖੀ ਇਕ ਵਾਰ ਮਿਲੀ ਜਲੰਧਰ ਦੂਰਦਰਸ਼ਨ ਦੇ ਪ੍ਰੋਗਰਾਮ ਦੇ ਸਬੱਬ। ਰਿਕਾਰਡਿੰਗ ਮਗਰੋਂ ਰਲ ਬੈਠੀਆਂ ਕੌਫ਼ੀ ਦੇ ਕੱਪ ਲਈ, ਤੇ ਸਹਿਜ ਸੁਭਾਅ ਗੱਲਾਂ-ਬਾਤਾਂ ਵਿਚੋਂ ਨਿਕਲ ਆਈ 'ਸੱਤਾਂ ਪਰਦਿਆਂ 'ਚ ਲਿਪਟੀ (ਸ਼ਰਮ)'। 'ਘਿਰਣਾ ਦਾ ਕਵੀ, ਆਸੀ' ਕਵੀ ਵਿਸ਼ਾਲ ਦੇ ਰੂ-ਬ-ਰੂ ਦੇ ਪ੍ਰਸੰਗ ਵਿਚ ਪੰਜਾਬ ਕਲਾ ਭਵਨ ਚੰਡੀਗੜ੍ਹ ਵਿਚ ਮਿਲਿਆ, ਪਲ ਦੀ ਪਲ। ਉਤਸੁਕਤਾ ਹੋਈ ਗੱਲ ਕਰਨ ਦੀ। ਅੰਮ੍ਰਿਤਸਰ ਜਾਂਦਿਆਂ ਇਕ ਵਾਰ ਬਿਆਸ ਉਹਦੇ ਐਸ.ਟੀ.ਡੀ. ਸੈਂਟਰ ਉਤੇ ਰੁਕੇ। ਗੱਲਾਂ ਵਿਚੋਂ ਗੱਲਾਂ ਤੇ ਗੱਲ ਬਣ ਗਈ।

1999 ਵਿਚ ਚਿਤਰਕਾਰ ਪ੍ਰੇਮ ਸਿੰਘ ਨੂੰ




ਲਲਿਤ ਕਲਾ ਅਕਾਦਮੀ ਦਿੱਲੀ ਵੱਲੋਂ 'ਤ੍ਰਿਨਾਲੇ' ਐਵਾਰਡ ਮਿਲਿਆ। ਇਕਤਾਲੀ ਕਿਰਤਾਂ ਵਿਚੋਂ ਚਾਲੀਵਾਂ ਚਿਤਰ ਪ੍ਰੇਮ ਸਿੰਘ ਦਾ ਸੀ। ਸਖੀ, ਵੀਨਾ ਦਾਦਾ ਪ੍ਰੇਮ ਸਿੰਘ ਨੂੰ ਵਧਾਈ ਦੇਣ ਗਈ। ਨਾਲ ਮੈਂ ਵੀ ਸਾਂ। ਚਾਹ ਦੇ ਕੱਪ 'ਤੇ ਗੱਲਾਂ। ਨਾ ਤਾਂ ਮੈਂ ਮੁਲਾਕਾਤੀ ਵਜੋਂ ਪੁੱਛ ਰਹੀ ਸਾਂ ਤੇ ਨਾ ਹੀ ਪ੍ਰੇਮ ਸਿੰਘ ਜਵਾਬ ਦੇ ਰਿਹਾ। ਬਸ ਘਰ ਆ ਕੇ ਨੋਟ ਲੈ ਲਏ ਡਾਇਰੀ ਵਿਚ। ਭੁੱਲ-ਵਿਸਰ ਵੀ ਗਈ ਤੇ ਫਿਰ ਸਾਹਮਣੇ ਆ ਖਲੋਤੇ ਉਹ ਸਫ਼ੇ। ਵਾਚੇ। ਮੁਲਾਕਾਤ, ਸੰਗ੍ਰਹਿ ਵਿਚ ਸ਼ਾਮਲ ਕਰ ਦਿੱਤੀ।

ਪ੍ਰੇਮ ਸਿੰਘ ਲਈ ਏਦੂੰ ਵਧ ਕੀ ਹੈਰਾਨੀ ਹੋਣੀ ਸੀ! ਇੰਦਾਂ ਦਾ ਕੁਝ ਅਨੁਭਵ ਮੈਨੂੰ ਵੀ ਬਹੁਤ ਖੁਸ਼ੀ ਦਿੰਦਾ ਹੈ।

ਕਲਾ ਭਵਨ ਵਿਚ ਕੈਨੇਡਾ ਦੀ ਰਾਜ ਘੁੰਮਣ ਦੇ ਸੰਗੀਤ ਪ੍ਰੋਗਰਾਮ ਵਿਚ ਸ਼ਾਮਲ ਹੋਣ 'ਤੇ ਮੈਂ ਅਸਲੋਂ ਹੀ ਨਹੀਂ ਸੀ ਸੋਚਿਆ ਮੁਲਾਕਾਤ ਬਾਰੇ। ਬਸ ਪਲ ਹੀ ਪਲ ਦੀ ਮਿਲਣੀ। 'ਆਉਣਾ ਕਦੇ ਮਿਲਣ' ਮੈਥੋਂ ਕਹਿ ਹੋ ਗਿਆ ਤੇ ਉਹ ਆ ਗਈ ਮੇਰੇ ਘਰ ਨਾਟਕਕਾਰ ਆਤਮਜੀਤ ਨਾਲ।

ਦੋ ਫਰਵਰੀ 1998 ਦੀ ਸ਼ਾਮ। ਘੋਂਛਮ ਦੀ ਕੋਇਲ (ਟੋਰਾਂਟੋ ਤੋਂ ਆਈ ਸੀ) ਪੂਰਬ ਦੀ ਹੂਕ, ਲੈ ਕੇ; ਤੇ ਰਾਜ 'ਸੁਰੀਲਾ ਕੰਠ' ਮੁਲਾਕਾਤ ਦੀ ਨਾਇਕਾ ਬਣ ਗਈ। ਬਸ ਇਹੋ ਜਿਹੀਆਂ ਹੱਸਦੀਆਂ, ਟੁਣਕਦੀਆਂ ਮੁਲਾਕਾਤਾਂ ਹੀ ਮੈਨੂੰ ਚੰਗੀਆਂ ਲੱਗਦੀਆਂ ਨੇ।

ਤਾਰਾ ਸਿੰਘ ਕਾਮਲ ਵੀ ਪੰਜਾਬ ਕਲਾ ਭਵਨ ਵਿਚ 'ਨੌਰਥ ਕਲਚਰਲ ਸੈਂਟਰ' ਦੇ ਸੱਦੇ 'ਤੇ ਆਇਆ ਰੂ-ਬ-ਰੂ ਹੋਣ। ਆਣ ਮਿਲਿਆ ਪਲ ਦੀ ਪਲ ਤੇ ਫਿਰ ਤ੍ਰਿਵੇਣੀ ਵਿਖੇ ਬੈਠ ਗਏ ਦਿੱਲੀ, ਵਿਸ਼ਵ ਪੰਜਾਬੀ ਕਾਨਫਰੰਸ ਵਿਚ ਮੇਲ ਹੋਣ ਮਗਰੋਂ। ਗੱਲਾਂ। ਸੋਚਿਆ ਨਹੀਂ ਸੀ ਕਿ ਉਹ ਗੱਲਾਂ, ਸਿਖਰ ਦੀ ਮੁਲਾਕਾਤ ਬਣ ਜਾਣਗੀਆਂ। ਤੇ ਵਕਤ ਪਾ ਕੇ ਉਹ ਮੁਲਾਕਾਤ ਯਾਦ ਚਿੱਤਰ 'ਰੂਹ ਦਾ ਅਨੁਵਾਦ' ਦਾ ਰੂਪ ਵਟਾ ਲਵੇਗੀ।... ਤਾਰਾ ਸਿੰਘ ਚਲਾ ਗਿਆ ਹੈ, ਮੈਂ ਵੀ ਤੁਰ ਜਾਣਾ ਹੈ ਪਰ 'ਰੂਹ ਦਾ ਅਨੁਵਾਦ' ਸਦੀ ਦੀ ਵਾਰਤਕ (ਸੰਪਾਦਕ ਵਰਿਆਮ ਸੰਧੂ), ਭਾਰਤੀ ਸਾਹਿਤਕ ਅਕਾਦਮੀ ਦੀ ਪੁਸਤਕ ਵਿਚ ਥਾਂ ਮੱਲ ਖਲੋਤਾ।

***

ਨਵਾਂ ਜ਼ਮਾਨਾ ਦੇ ਸੰਪਾਦਕ ਜਗਜੀਤ ਸਿੰਘ ਅਨੰਦ ਦਾ ਫੋਨ ਆਇਆ- "ਕਾਨਾ, ਹਰ ਮਹੀਨੇ ਨਵਾਂ ਜ਼ਮਾਨਾ ਲਈ ਮੁਲਾਕਾਤ ਕਰ।"

"ਸ਼ਰਤਾਂ ਨੇ ਮੇਰੀਆਂ।"

"ਬੋਲ?"

"ਪਹਿਲੀ, ਰੂ-ਬ-ਰੂ ਹਸਤੀ ਨੂੰ ਮੇਰੇ ਘਰ ਆਣਾ ਪਏਗਾ। ਮੁਲਾਕਾਤ ਲਈ... ਮੈਂ ਘਰੋਗੀ ਜਿਊੜਾ ਹਾਂ। ਬਿਊਟੀ ਪਾਰਲਰ, ਯੋਗ ਸੈਂਟਰ, ਹੈਲਥ ਕਲੱਬ ਜਾਂ ਕਮਿਊਨਿਕੇਸ਼ਨ (ਅੰਗਰੇਜ਼ੀ); ਮੈਂ ਜੋ ਵੀ ਕਾਰੋਬਾਰ ਕੀਤਾ ਹੈ, ਘਰ ਵਿਚ ਹੀ।"

"ਤੇ ਦੂਜੀ?"

"ਮੁਲਾਕਾਤ ਓਸੇ ਦੀ ਕਰਾਂਗੀ ਜਿਸ ਦੀ ਮੈਂ ਕਰਨੀ ਚਾਹਾਂ।"

"ਕਿਸ ਦੀ? ਮਸਲਨ?"

"ਸੁਕੀਰਤ ਦੀ।" ਸਹਿਜ ਸੁਭਾਅ ਮੇਰੇ ਮੂੰਹੋਂ ਨਿਕਲ ਗਿਆ।

ਦੋ ਮਿੰਟ ਖੜ੍ਹੇ ਖੜੋਤੇ ਇਕ ਸਮਾਗਮ ਵਿਚ ਮੈਂ ਸੁਕੀਰਤ ਨੂੰ ਮਿਲ ਚੁੱਕੀ ਸਾਂ। 'ਬਾਤ ਬੀਤੇ ਦੀ' ਉਸ ਦੀ ਰੂਸ ਵਿਚ ਰਹਿੰਦੇ ਅਨੁਭਵਾਂ ਦੀ ਪੁਸਤਕ ਨੂੰ ਵਾਰ ਪੜ੍ਹ ਚੁੱਕੀ ਸਾਂ। ਉਸ ਦੀ ਮੁਲਾਕਾਤਾਂ ਦੀ ਕਿਤਾਬ 'ਗੱਲਾਂ ਤੇਰੀਆਂ ਤੇ ਕੁਝ ਮੇਰੀਆਂ' ਵੀ ਆ ਗਈ।... ਮੈਂ ਸੁਕੀਰਤ ਦੀ ਵਾਰਤਕ ਦਾ ਲੋਹਾ ਮੰਨਦੀ ਹਾਂ। ਇਹ ਅਤਕਥਨੀ ਨਹੀਂ ਕਿ ਸੁਕੀਰਤ ਦੀ ਵਾਰਤਕ ਵਿਚ ਜਗਜੀਤ ਸਿੰਘ ਅਨੰਦ ਦੀ ਵਾਰਤਕ ਦਾ ਅਨੰਦ ਤਾਂ ਹੈ ਹੀ, ਉਸ ਦੀ ਆਪਣੀ ਬੇਬਾਕ ਸ਼ੈਲੀ ਦੀ ਟੁਣਕਾਰ ਵੀ ਹੈ।

ਸੁਕੀਰਤ ਦਾ ਕੁੱਲੂ ਤੋਂ ਸਫ਼ਰ ਕਰ ਕੇ ਮੇਰੇ ਘਰ ਆਉਣਾ ਤੇ ਨਿੱਠ ਕੇ ਬਹਿਣਾ, ਸੁਕੀਰਤ ਦਾ ਤਾਂ ਪਤਾ ਨਹੀਂ, ਪਰ ਮੇਰੇ ਮੁਲਾਕਾਤੀ ਤਜਰਬੇ ਦਾ ਬੜਾ ਹੀ ਦਿਲਚਸਪ ਤੇ ਅਨੋਖਾ ਅੰਗ ਹੈ। ਉਸ ਨੂੰ ਮਿਲਣ ਤੋਂ ਪਹਿਲਾਂ ਮੈਂ ਉਸ ਦੀਆਂ ਦੋਹਾਂ ਕਿਤਾਬਾਂ ਦੇ ਆਧਾਰ 'ਤੇ ਸੁਆਲਨਾਮਾ ਤਿਆਰ ਕਰ ਚੁੱਕੀ ਸਾਂ। ਕੁੱਲ ਮਿਲਾ ਕੇ ਚਾਰ ਘੰਟੇ ਗੱਲਬਾਤ ਹੋਈ, ਦੋ ਘੰਟੇ ਦੁਪਹਿਰ ਦੇ ਖਾਣੇ ਤੋਂ ਪਹਿਲਾਂ ਤੇ ਦੋ ਬਾਅਦ ਵਿਚ। ਸੁਕੀਰਤ ਦੀ ਸਪਸ਼ਟਤਾ ਤੇ ਸੁਹਿਰਦਤਾ ਲਾਸਾਨੀ ਹੈ। ਇਸ ਇਕ ਬੈਠਕ ਦਾ ਨਤੀਜਾ ਤਿਆਰ ਕਰ ਕੇ ਸੁਕੀਰਤ ਨੂੰ ਭੇਜ ਦਿੱਤਾ।

ਹਰ ਮੁਲਾਕਾਤ ਦਾ ਖਰੜਾ ਮੈਂ ਅਗਲੇ ਨੂੰ ਪੜ੍ਹਨ ਨੂੰ ਦਿੰਦੀ ਹਾਂ ਤਾਂ ਜੁ ਕਿਸੇ ਨੂੰ ਕੋਈ ਇਤਰਾਜ਼ ਨਾ ਹੋਵੇ, ਉਸ ਦੀ ਕਿਸੇ ਦੁਖਦੀ ਰਗ ਨੂੰ ਨੱਪ ਨਾ ਲਿਆ ਹੋਵੇ। ਸੁਕੀਰਤ ਨੇ ਮੁਲਾਕਾਤ ਦੇ ਖਰੜੇ 'ਚੋਂ ਲਫ਼ਜ਼ ਵੀ ਨਹੀਂ ਕੱਟਿਆ, ਹਾਲਾਂਕਿ ਕਾਫ਼ੀ ਕੁਝ ਤਿੱਖਾ ਤੇ ਡਾਢਾ ਸੀ।

ਪ੍ਰੇਮ ਪ੍ਰਕਾਸ਼ ਦੀ ਮੁਲਾਕਾਤ ਤੋਂ ਬਾਅਦ 'ਖਾਨਦਾਨੀ ਸ਼ਬਦ ਘਾੜਾ' (ਸੁਕੀਰਤ) ਦੀ ਗੱਲਬਾਤ ਤੋਂ ਹੀ ਮੇਰੀ ਤਸੱਲੀ ਹੋਈ।

***

ਹੁਣ 'ਉਕਾਬ ਦੀ ਅੱਖ' ਦਾ ਜ਼ਿਕਰ...

ਜਦੋਂ ਵੀ ਮੈਂ ਲੋਕ ਗੀਤ ਪ੍ਰਕਾਸ਼ਨ ਵਾਲੇ ਹਰੀਸ਼ ਜੈਨ ਨਾਲ ਮੁਲਾਕਾਤਾਂ ਦੀ ਕਿਤਾਬ ਛਾਪਣ ਦੀ ਗੱਲ ਕਰਦੀ, ਉਸ ਦਾ ਜੁਆਬ ਹੁੰਦਾ- ਮੁਲਾਕਾਤਾਂ ਦੇ ਰੇਖਾ ਚਿੱਤਰ ਬਣਾ ਦਿਓ। ਮੁਲਾਕਾਤਾਂ ਨੂੰ ਰੇਖਾ ਚਿਤਰ ਬਣਾਉਣ ਦੀ ਗੱਲ ਮੇਰੇ ਪੱਲੇ ਨਾ ਪੈਂਦੀ। ਇਹ ਤਾਂ ਉਂਜ ਹੀ ਹੈ ਜਿਵੇਂ ਕੋਈ ਆਖੇ, ਵੇਤਰੀ-ਵਾਤਰੀ ਸਲਵਾਰ ਵਿਚੋਂ ਕਮੀਜ਼ ਕੱਢ ਲਵੋ, ਜਾਂ ਸੀਤੀ-ਸਲਾਈ ਕਮੀਜ਼ ਦੀ ਸਲਵਾਰ ਬਣਾ ਦੇਵੋ।

ਵਕਤ ਪਾ ਕੇ ਇਕ ਹੋਰ ਪਬਲਿਸ਼ਰ ਨੇ ਮੈਥੋਂ ਮੁਲਾਕਾਤਾਂ ਦਾ ਖਰੜਾ ਮੰਗ ਲਿਆ। ਉਨ੍ਹੀਂ ਦਿਨੀ ਹਰੀਸ਼ ਜੈਨ ਵੱਲੋਂ ਮੇਰੀਆਂ ਕਵਿਤਾਵਾਂ ਦੀ ਕਿਤਾਬ ਛਾਪੀ ਜਾ ਰਹੀ ਸੀ ਤੇ ਪਰੂਫ ਪੜ੍ਹਨ ਮਗਰੋਂ ਆਖਰੀ ਵਾਰ ਕੰਪਿਊਟਰ 'ਤੇ ਓ.ਕੇ. ਕਰਨ ਜਾਂਦਿਆਂ ਮੈਂ ਮੁਲਾਕਾਤਾਂ ਦੀ ਕਿਤਾਬ ਦਾ ਖਰੜਾ ਵੀ ਨਾਲ ਲੈ ਗਈ, ਤਤਕਰੇ ਅਤੇ ਵਿਉਂਤਬੰਦੀ ਪੱਖੋਂ ਹਰੀਸ਼ ਦੀ ਸਲਾਹ ਲੈਣ ਲਈ। ਕਿਤਾਬ ਦਾ ਨਾਂ ਰੱਖਿਆ ਸੀ- 'ਧੁੱਪ ਦੇ ਟੋਟੇ'। ਤਤਕਰੇ 'ਤੇ ਨਜ਼ਰ ਮਾਰਦਿਆਂ ਹੀ ਹਰੀਸ਼ ਨੇ ਦਫ਼ਤਰ ਦੇ ਕਿਸੇ ਬੰਦੇ ਨੂੰ ਆਵਾਜ਼ ਮਾਰੀ, ਮੁਲਾਕਾਤਾਂ ਦੇ ਉਤਾਰੇ ਨੂੰ ਟਾਈਪ ਕਰਨ ਲਈ।

"ਪਰ ਤੁਸਾਂ ਤਾਂ ਇਹ ਛਾਪਣੀ ਨਹੀਂ!"

ਜੁਆਬ ਵਿਚ ਹਰੀਸ਼ ਦੇ ਹੁੰਗਾਰੇ ਵਜੋਂ ਹਾਂ-ਵਾਚੀ ਮੁਸਕਰਾਹਟ ਸੀ। ਖਰੜੇ ਦੇ ਮੁੱਖ ਸ਼ਬਦ ਵਜੋਂ ਮੈਂ 'ਇੱਕ ਟੋਟਾ ਇਹ ਵੀ' ਲਿਖ ਚੁੱਕੀ ਸਾਂ।

ਕਾਵਿ ਸੰਗ੍ਰਹਿ ਦੇ ਟਾਈਟਲ ਦੇ ਪ੍ਰਸੰਗ ਵਿਚ ਗਈ ਹੋਈ ਨੇ ਹਰੀਸ਼ ਦੀ ਕਿਸੇ ਸੰਗ ਗੱਲਬਾਤ ਕੰਨੀਂ ਪਈ। ਉਹ ਲੇਖਕਾ ਖਰੜਾ ਲੈ ਕੇ ਆਈ ਸੀ ਪਹਿਲੀ ਵਾਰ, ਤੇ ਪ੍ਰੋਫੈਸ਼ਨਲ ਰਾਈਟਰ ਬਣਨ ਦਾ ਇਰਾਦਾ ਰੱਖਦੀ ਸੀ।

"ਤੁਸੀਂ ਆਪਣੀ ਖੁਸ਼ੀ ਲਈ ਲਿਖਦੇ ਲਿਖਦੇ ਤਾਂ ਕਦੇ ਪ੍ਰੋਫੈਸ਼ਨਲ ਰਾਈਟਰ ਦੇ ਮੁਕਾਮ 'ਤੇ ਪੁੱਜ ਸਕਦੇ ਹੋ, ਪਰ ਸ਼ੁਰੂ ਵਿਚ ਨਹੀਂ। ਕਹੋ ਤਾਂ ਸਾਹਿਤ ਸੇਵਾ ਕਰਦੇ ਹਾਂ, ਤੇ ਮੰਗੋ ਸੇਵਾ ਦਾ ਮੁੱਲ ; ਇਹ ਨਹੀਂ ਹੋ ਸਕਦਾ।"

ਹਰੀਸ਼ ਦੇ ਜੁਆਬ ਨੇ ਮੇਰਾ ਧਿਆਨ ਖਿੱਚਿਆ। ਉਂਜ ਉਹ ਘਟ-ਬੋਲੜਾ ਜੀਵ ਹੈ ਪਰ ਉਸ ਗੱਲਬਾਤ ਵਿਚ ਮੇਰੀ ਵੀ ਸ਼ਮੂਲੀਅਤ ਹੋ ਗਈ, ਗੱਲਾਂ ਵਿਚੋਂ ਗੱਲਾਂ।

ਹਰੀਸ਼ ਮੈਨੂੰ ਕਿਸੇ ਬੁੱਧੀਜੀਵੀ, ਚਿੰਤਕ ਤੋਂ ਅਗਾਂਹ ਤੇ ਗਹਿਰਾ ਜਾਪਿਆ। ਉਸ ਤੋਂ ਮਗਰਲੀਆਂ ਇਕ-ਦੋ ਫੇਰੀਆਂ ਦੀਆਂ ਗੱਲਾਂ ਦੌਰਾਨ ਮੈਂ ਉਸ ਨੂੰ ਟਟੋਲਣ-ਫਰੋਲਣ ਲੱਗੀ ਤੇ ਘਰ ਆ ਕੇ ਨੋਟ ਲੈਣ ਲੱਗੀ। ਗਾਹਕਾਂ ਮਿੱਤਰਾਂ ਨਾਲ ਉਸ ਦੇ ਸੰਵਾਦ ਮੇਰੀ ਮੁਲਾਕਾਤ ਬਣਦੇ ਗਏ। ਹਰੀਸ਼ ਨੂੰ ਇਸ ਦੀ ਕੋਈ ਖ਼ਬਰ ਨਹੀਂ ਸੀ। ਖਰੜਾ ਤਿਆਰ ਹੋਇਆ। ਹਰੀਸ਼ ਨੂੰ ਜਾ ਦਿਖਾਇਆ। ਉਹ ਮੁਸਕਰਾਇਆ ਤਾਂ ਸਹੀ, ਪਰ ਨਾਲ ਹੀ ਉਸ ਦੇ ਸ਼ਬਦ ਸਨ: "ਇਸ ਦਾ ਰੇਖਾ ਚਿਤਰ ਬਣਾ ਦਿਓ।"

ਪਰਨਾਲਾ ਉਥੇ ਦਾ ਉਥੇ। ਕੁਝ ਦਿਨਾਂ ਦੀ ਵਿੱਥ ਨਾਲ ਮੈਂ ਚੁੱਪ-ਚਾਪ ਮੁਲਾਕਾਤ ਦਾ ਮਸੌਦਾ 'ਨਵਾਂ ਜ਼ਮਾਨਾ' ਨੂੰ ਭੇਜ ਦਿੱਤਾ। ਉਨ੍ਹਾਂ ਹਰੀਸ਼ ਤੋਂ ਤਸਵੀਰ ਮੰਗ ਲਈ ਤੇ ਪੂਰੀ ਮੁਲਾਕਾਤ ਦੋ ਕਿਸ਼ਤਾਂ ਵਿਚ ਛਾਪ ਦਿੱਤੀ। ਵਾਹਵਾ ਹੁੰਗਾਰਾ ਮਿਲਿਆ।

ਇਸ ਮੁਲਾਕਾਤ ਨੂੰ ਮੈਂ ਮੁਲਾਕਾਤਾਂ ਵਾਲੀ ਛਪ ਰਹੀ ਕਿਤਾਬ ਵਿਚ ਸ਼ਾਮਲ ਕਰਨਾ ਚਾਹਿਆ। ਮੁਲਾਕਾਤ ਵਿਚੋਂ ਆਪਣੇ-ਆਪ ਹੀ ਸਿਰਲੇਖ ਬਣਿਆ 'ਉਕਾਬ ਦੀ ਅੱਖ'। ਉਧਰ ਲੋਕ ਗੀਤ ਪ੍ਰਕਾਸ਼ਨ ਵੱਲੋਂ ਛਪ ਰਹੀਆਂ ਪੁਸਤਕਾਂ ਦੀ ਲਿਸਟ ਵਿਚ ਮੇਰੀ ਮੁਲਾਕਾਤਾਂ ਦੀ ਕਿਤਾਬ ਦਾ ਨਾਂ 'ਧੁੱਪ ਦੇ ਟੋਟੇ' ਦਰਜ ਹੋ ਚੁੱਕਿਆ ਸੀ। ਉਦੋਂ ਹੀ ਛਪੇ ਮੇਰੇ ਕਾਵਿ ਸੰਗ੍ਰਹਿ 'ਓਡ ਕਲਾਵੇ ਆਵਾਂ' ਵਿਚ ਮੇਰੀਆਂ ਛਪ ਚੁੱਕੀਆਂ ਪੁਸਤਕਾਂ ਦੀ ਸੂਚੀ ਵਿਚ ਮੁਲਾਕਾਤਾਂ ਦੀ ਕਿਤਾਬ 'ਧੁੱਪ ਦੇ ਟੋਟੇ' ਹੀ ਦਰਜ ਹੋਈ।

ਜਿਉਂ ਹੀ 'ਉਕਾਬ ਦੀ ਅੱਖ' ਦੇ ਪ੍ਰਕਾਸ਼ਿਤ ਹੋਣ ਦੀ ਚਰਚਾ ਛਿੜੀ, ਇਕ-ਦੋ ਲੇਖਕਾਂ ਵੱਲੋਂ ਤਾਹਨੇ ਵਜੋਂ ਸੁਣਨ ਨੂੰ ਵੀ ਮਿਲਿਆ- ਲੋਕ ਗੀਤ ਪ੍ਰਕਾਸ਼ਨ ਨੇ 'ਫੇਵਰ' ਕਰਨਾ ਹੀ ਸੀ, ਆਖਰ ਕਾਨਾ ਨੇ ਉਸ ਨਾਲ 'ਉਕਾਬ ਦੀ ਅੱਖ' ਮੁਲਾਕਾਤ ਜੁ ਕੀਤੀ ਹੈ। ਦੋ ਕਿਸ਼ਤਾਂ ਵਿਚ।


ਖੈਰ ! ਹਰੀਸ਼ ਜੈਨ ਇਨ੍ਹਾਂ ਫਿਕਰਿਆਂ ਤੋਂ ਉਪਰ ਹੈ, ਤੇ ਮੈਂ ਵੀ ਇਨ੍ਹਾਂ ਨੂੰ ਕੋਈ ਮਹੱਤਤਾ ਨਹੀਂ ਦਿੰਦੀ।

ਕਿਤਾਬ ਦਾ ਨਾਂ 'ਉਕਾਬ ਦੀ ਅੱਖ' ਤੋਂ ਵੱਧ ਢੁਕਵਾਂ ਹੋਰ ਕੀ ਹੋ ਸਕਦਾ ਸੀ ਭਲਾ!

ਮੈਂ 'ਧੁੱਪ ਦੇ ਟੋਟਿਆਂ' ਤੋਂ ਖਿਮਾਂ ਮੰਗ ਲਈ।

***

# ਇਕ ਕੁੜੀ ਕੂੰਜ ਵਰਗੀ




ਐਸ. ਅਸ਼ੋਕ ਭੌਰਾ
ਫੋਨ: 510-415-3315

ਹੁਣ ਉਹ ਯੁੱਗ ਬੀਤ ਗਿਆ ਹੈ ਜਦੋਂ ਕੋਈ ਆਖੇ 'ਰੱਬ ਦੀ ਸਹੁੰ ਮੈਂ ਕਦੇ ਝੂਠ ਨਹੀਂ ਬੋਲਿਆ' ਪਰ ਇਸ ਦਾ ਅਰਥ ਇਹ ਵੀ ਨਹੀਂ ਕਿ ਸੱਚ ਬੋਲਣ ਦੀ ਸੰਭਵਾਨਾ ਨਹੀਂ ਬਚੀ। ਜਿਸ ਗਾਇਕ ਕੁੜੀ ਦੀ ਮੈਂ ਇਥੇ ਗੱਲ ਕਰਾਂਗਾ ਉਹਨੂੰ ਉਹ ਲੋਕ ਤਾਂ ਭਾਵੇਂ ਹੋਰ ਨਜ਼ਰਾਂ ਨਾਲ ਵੇਖਣ ਜੋ ਗਾਇਕੀ ਦੇ ਨਿੰਦਕ ਰਹੇ ਹਨ ਪਰ ਜੋ ਪਿਛਲੇ ਢਾਈ ਦਹਾਕਿਆਂ 'ਚ ਪੰਜਾਬ ਦੇ ਸੰਗੀਤਕ ਮਹੌਲ ਨੂੰ ਵਾਚਦੇ ਰਹੇ ਹਨ, ਉਹ ਝੱਟ ਸਮਝ ਜਾਣਗੇ, ਮੈਂ ਪਰਮਿੰਦਰ ਸੰਧੂ ਦੀ ਗੱਲ ਕਰਨ ਲੱਗਾ ਹਾਂ।

ਪਰਮਿੰਦਰ ਸੰਧੂ ਭਰ ਜੋਬਨ ਵਿਚ ਤੁਰ ਗਈ। ਕੈਂਸਰ ਦੀ ਨਾਮੁਰਾਦ ਬਿਮਾਰੀ ਨੇ ਪੰਜਾਬੀ ਗਾਇਕਾਵਾਂ ਵਿਚ ਸਭ ਤੋਂ ਵਧੀਆ ਕੁੜੀ ਭਰ ਜਵਾਨੀ ਵਿਚ ਇੱਕੋ ਹੱਲੇ ਨਿਗਲ ਲਈ ਤੇ ਤੁਸੀਂ ਵੀ ਮੰਨ ਲਓ ਕਿ ਇਹਦੇ ਨਾਲ ਪੰਜਾਬੀ ਗਾਇਕੀ ਦਾ ਸੱਚੀ ਮੁੱਚੀਂ ਹੀ ਨੁਕਸਾਨ ਹੋਇਆ ਹੈ। 'ਉਡ ਕੇ ਸੋਹਣਿਆ ਆ ਜਾ ਵੇ, ਚੁੰਨੀ ਨਾਲ ਪਤਾਸੇ, ਆ ਜਾ ਦੋਵੇਂ ਨੱਚੀਏ ਚੜ੍ਹ ਕੇ ਚੁਬਾਰੇ ਉਤੇ' ਅਨੇਕਾਂ ਅਜਿਹੇ ਗੀਤ ਹਨ ਜੋ ਪਰਮਿੰਦਰ ਦੀ ਗਾਇਕੀ ਦੀ ਬਾਤ ਪਾਉਂਦੇ ਹੀ ਰਹਿਣਗੇ।

ਗੱਲ 1984-85 ਦੀ ਹੋਵੇਗੀ। ਉਦੋਂ ਉਹ ਜਸਵੰਤ ਸੰਦੀਲੇ ਨਾਲ ਦੋਗਾਣਾ ਗਾਇਕੀ 'ਚ ਪਰਵੇਸ਼ ਕਰ ਗਈ ਸੀ। ਪਰ ਇਸ ਤੋਂ ਪਹਿਲਾਂ ਕੁਲਦੀਪ ਮਾਣਕ ਨਾਲ ਉਹਨੇ ਇਕ ਗੀਤ ਗਾ ਲਿਆ ਸੀ। ਧੰਨੇ ਰੰਗੀਲੇ ਨਾਲ ਕਿਸੇ ਵੇਲੇ ਦਾ ਬਹੁਚਰਚਿਤ ਗੀਤ 'ਧੰਨੇ ਦਾ ਟਰੱਕ ਨੀ' ਗੀਤ ਨਾਲ ਵੀ ਕੁਝ ਪਛਾਣ ਬਣਾ ਲਈ ਸੀ। ਐਚ ਐਮ ਵੀ ਨੇ ਜਦੋਂ 'ਸ਼ਾਹਾਂ ਦਾ ਕਰਜ਼ ਬੁਰਾ' ਜਾਂ 'ਅੱਧੀ ਰਾਤ ਤੱਕ ਮੈਂ ਪੜ੍ਹਦੀ ਵੇ ਤੈਨੂੰ ਚਿੱਠੀਆਂ ਲਿਖਣ ਦੀ ਮਾਰੀ' ਵਰਗੇ ਗੀਤ ਲਿਖਣ ਵਾਲੇ ਜਸਵੰਤ ਸੰਦੀਲੇ ਨੂੰ 'ਗੀਤਾਂ ਭਰੀ ਕਹਾਣੀ' ਦੋ ਲੜੀਵਾਰ ਐਲ ਪੀ ਰਿਕਾਰਡਾਂ ਨਾਲ ਪੇਸ਼ ਕੀਤਾ ਤਾਂ ਪਰਮਿੰਦਰ ਸੰਧੂ ਦੀ ਪੇਸ਼ਕਾਰੀ 'ਤੇ ਫੂਡ ਐਂਡ ਸਲਪਾਈ ਵਿਭਾਗ ਦੇ ਇੰਸਪੈਕਟਰ ਸੰਦੀਲੇ ਦਾ ਅਸਰ ਰਸੂਖ ਪੰਜਾਬੀ ਗਾਇਕੀ ਵਿਚ ਘੁੰਮਣਘੇਰੀਆਂ ਲਿਆਉਣ ਵਿਚ ਸਫਲ ਹੋ ਗਿਆ ਸੀ। ਇਸੇ ਦੌਰ ਵਿਚ ਇਸ ਜੋੜੀ ਦਾ ਗੀਤ 'ਮੈਂ ਮੁਕਤੀ ਪਿਕਚਰ ਵੇਖੀ ਬੇਬੇ ਤੇ ਲੜ ਪਏ ਜੇਠ' ਤੇ ਪਰਮਿੰਦਰ ਦਾ ਸੋਲੋ ਗੀਤ 'ਪੋਹ ਦੀ ਚਾਨਣੀ ਗਰੀਬ ਦੀ ਜਵਾਨੀ ਬਿਨਾ ਮਾਣੇ ਲੰਘ ਜਾਂਦੀਆਂ' ਘਰ ਘਰ ਵੱਜਣ ਲੱਗ ਪਏ ਸਨ। ਦੀਦਾਰ ਸੰਧੂ ਤੋਂ ਬਾਅਦ ਪਾਸ਼ ਨੇ ਪਰਮਿੰਦਰ ਸੰਧੂ ਦੀ ਸਿਫਤ ਕਰਦਿਆਂ ਕਿਹਾ ਸੀ ਕਿ ਹੁਣ ਗਾਇਕੀ ਨੂੰ ਅੱਖਾਂ ਮੀਚ ਕੇ ਨਹੀਂ ਨਿੰਦਿਆ ਜਾ ਸਕਦਾ।

ਸੰਦੀਲੇ ਨਾਲ ਪਿਆਰ ਪਰਮਿੰਦਰ ਵੱਲ ਮੈਨੂੰ ਚੰਗੇ ਸਬੰਧਾਂ ਦੀ ਸਿਰਜਣਾ ਵੱਲ ਲੈ ਕੇ ਆਇਆ। ਮਜਾਰਾ ਰਾਜਾ ਸਾਹਿਬ (ਨੇੜੇ ਬੰਗਾ) ਵਿਖੇ ਲੱਗੇ ਭਾਰੀ ਜੋੜ ਮੇਲੇ 'ਤੇ 1986 ਵਿਚ ਪਰਮਿੰਦਰ ਮੈਨੂੰ ਮਿਲੀ, ਤੇ ਪ੍ਰੋਗਰਾਮ ਤੋਂ ਬਾਅਦ ਗਈ ਵੀ ਸਿੱਧੀ ਮੇਰੇ ਘਰ। ਇਥੋਂ ਸ਼ੁਰੂ ਹੋਇਆ ਸਫਰ ਉਹਦੀ ਮੌਤ ਤੱਕ ਬਰਾਬਰ ਚੱਲਦਾ ਰਿਹਾ।

ਪੰਜਾਬੀ ਗਾਇਕੀ ਵਿਚ ਵਿਚਰਨ ਦੇ ਸਮੇਂ ਦੌਰਾਨ ਮੈਂ ਲੁਧਿਆਣੇ ਹੋਵਾਂ ਤਾਂ ਜਾਂ ਤਾਂ ਮੇਰਾ ਡੇਰਾ ਕੁਲਦੀਪ ਮਾਣਕ ਦੇ ਘਰ ਹੁੰਦਾ ਜਾਂ ਪਰਮਿੰਦਰ ਸੰਧੂ ਦੇ। ਅਸਲ 'ਚ ਗਾਇਕਾਵਾਂ 'ਚ ਮੈਂ ਸਭ ਤੋਂ ਵੱਧ ਪਿਆਰ ਪਰਮਿੰਦਰ ਸੰਧੂ ਨੂੰ ਕੀਤਾ ਹੈ। ਇਹੀ ਕਾਰਨ ਸੀ ਕਿ ਸਰਦੂਲ ਸਿਕੰਦਰ ਜਾਂ ਕੁਝ ਹੋਰ ਗਾਇਕ ਮੈਨੂੰ ਕਈ ਵਾਰ ਟਿੱਚਰਾਂ ਵੀ ਕਰ ਜਾਂਦੇ ਸਨ। ਮੈਨੂੰ ਭਾਜੀ ਬਰਜਿੰਦਰ ਸਿੰਘ ਨੇ ਵੀ ਇਕ ਵਾਰ ਅਸਿੱਧੇ ਰੂਪ ਵਿਚ ਕਿਹਾ ਸੀ, 'ਅਸ਼ੋਕ, ਕਿਸੇ ਗਾਉਣ ਵਾਲੀ ਕੁੜੀ ਨਾਲ ਵਿਆਹ ਨਾ ਕਰਾ ਲਈਂ।' ਪਰ ਸੱਚ ਇਹ ਹੈ ਕਿ ਪਰਮਿੰਦਰ ਸੰਧੂ ਦੇ ਪਿਤਾ ਸੁਰਜੀਤ ਸਿੰਘ ਉਹਦੇ ਭਰਾ ਬਿੱਟੂ ਸੰਧੂ ਤੇ ਪਤੀ ਕੁਲਜੀਤ ਨੂੰ ਪਤਾ ਹੈ ਕਿ ਪਰਮਿੰਦਰ ਨਾਲ ਮੇਰਾ ਪਿਆਰ ਨਾ ਸਿਰਫ ਗਾਇਕਾ ਵਾਲਾ ਰਿਹਾ ਸਗੋਂ ਦੁਖ ਦਰਦ ਵਾਲਾ ਵੀ ਅਤੇ ਉਹ ਵੀ ਜੋ ਸਿਰਫ ਭੈਣ-ਭਰਾ ਦਾ ਹੁੰਦਾ ਹੈ। ਕਾਰਨ ਇਹ ਸੀ ਕਿ ਮੈਂ ਉਹਦੇ ਬਾਰੇ ਸਿਰਫ ਲਿਖਿਆ ਨਹੀਂ ਸਗੋਂ ਉਹਦੇ ਉਤਰਾਅ-ਚੜ੍ਹਾਅ ਦੇ ਦੌਰ ਵਿਚ ਵੀ ਬਰਾਬਰ ਸਹਾਰਾ ਬਣ ਕੇ ਵਿਚਰਦਾ ਰਿਹਾ ਹਾਂ।

ਜਲੰਧਰ ਦੂਰਦਰਸ਼ਨ ਸੀ, ਅਜੀਤ ਅਖਬਾਰ ਸੀ, ਉਹਦੇ ਘਰ ਵਿਚ ਪੁਲਿਸ ਦਾ ਪ੍ਰਵੇਸ਼ ਸੀ, ਆਨੇ-ਬਹਾਨੇ ਤੰਗ ਪ੍ਰੇਸ਼ਾਨ ਕਰਨ ਦੀ ਕਹਾਣੀ ਸੀ, ਕੁਲਜੀਤ ਨਾਲ ਪ੍ਰੇਮ ਵਿਆਹ ਵਿਚ ਕੁਝ ਅੜਿੱਕੇ ਸਨ, ਯਾਰੀ ਜੱਟ ਦੀ ਫਿਲਮ ਵਿਚ ਕੰਮ ਕਰਨ ਦਾ ਮਾਹੌਲ ਸੀ, ਭਾਜੀ ਬਰਜਿੰਦਰ ਸਿੰਘ ਦੀ ਰਚਨਾ 'ਤੇਰਾ ਇਸ਼ਕ' ਐਲਬਮ ਵਿਚ 'ਰੰਗੀਲੀ ਡੋਲੀ ਮੇਰੀ ਰੱਖ ਲਓ ਅੱਜ ਦੀ ਰਾਤ' ਪਰਮਿੰਦਰ ਦਾ ਸਾਰਾ ਕੁਝ ਮੇਰੇ ਨਾਲ ਹੀ ਜੁੜਿਆ ਹੋਇਆ ਸੀ। ਪਰਮਿੰਦਰ ਸੁਨੱਖੀ ਵੀ ਸੀ, ਚੰਗੀ ਵੀ ਸੀ, ਬੀਬੀ ਵੀ, ਸਿਆਣੀ ਵੀ ਸੀ ਤੇ ਸੁਰੀਲੀ ਵੀ ਸੀ; ਤੇ ਜੇ ਇਨ੍ਹਾਂ ਗੁਣਾਂ ਬਾਰੇ ਹੁਣ ਜਾਣਨਾ ਹੋਇਆ ਤਾਂ ਉਹਦੇ ਤੁਰ ਜਾਣ ਤੋਂ ਬਾਅਦ ਕੁਲਜੀਤ ਦੀਆਂ ਅੱਖਾਂ ਨੂੰ ਇਕ ਵਾਰੀ ਕਹਿ ਕੇ ਵੇਖਿਓ ਕਿ 'ਘੜੀ ਕੁ ਰੋ ਕੇ ਤਾਂ ਦਿਖਾਓ' ਤਾਂ ਪਤਾ ਲੱਗੇਗਾ ਕਿ ਬਰਸਾਤ ਦਾ ਤਾਂ ਐਵੇਂ ਰੌਲਾ ਹੀ ਹੁੰਦਾ ਹੈ, ਅਸਲੀ ਝੜੀ ਤਾਂ ਅੱਖਾਂ ਵਿਚੋਂ ਲੱਗਦੀ ਹੈ।



ਜਲੰਧਰ 'ਚ ਕੈਸਿਟ ਰਿਲੀਜ਼ ਸਮਾਰੋਹ ਮੌਕੇ ਦੀ ਇਕ ਯਾਦ, ਐਸ ਅਸ਼ੋਕ ਭੌਰਾ, ਪ੍ਰੀਤੀ ਸਪਰੂ, ਪਰਮਿੰਦਰ ਸੰਧੂ ਅਤੇ ਕੁਲਜੀਤ।

1989 ਵਿਚ ਮੇਰੇ ਵਿਆਹ ਤੋਂ ਪਹਿਲੇ ਦਿਨ ਮਾਈਆਂ ਲਾਉਣ ਆਈ ਤੇ ਨੱਚ ਕੇ ਵੀ ਗਈ। ਉਹ ਵਿਆਹ ਵਾਲੇ ਦਿਨ ਬਰਾਤ ਵਿਚ ਸ਼ਾਮਿਲ ਤਾਂ ਨਹੀਂ ਹੋਈ ਪਰ ਸਭ ਤੋਂ ਵੱਧ ਸ਼ਗਨ 1100 ਰੁਪਿਆ ਤੇ ਮੇਰੀ ਹੋਣ ਵਾਲੀ ਪਤਨੀ ਨੂੰ ਚਾਂਦੀ ਦਾ ਸੈਟ ਪਾ ਕੇ ਗਈ।

ਸਾਰੇ ਸ਼ੌਕੀ ਮੇਲਿਆਂ 'ਚ ਉਹਨੇ ਹਾਜ਼ਰੀ ਭਰੀ। ਮੇਰੇ ਘਰ 'ਚ ਸਮਾਗਮ ਜਾਂ ਰਿਸ਼ਤੇਦਾਰੀ ਵਿਚ ਕੋਈ ਵਿਆਹ ਹੋਇਆ ਜਾਂ ਖੁਸ਼ੀ ਦਾ ਕੋਈ ਹੋਰ ਦਿਨ ਆਇਆ ਪਰਮਿੰਦਰ ਸੰਧੂ ਕਦੇ ਵੀ ਗੈਰ ਹਾਜ਼ਰ ਨਹੀਂ ਹੋਈ। ਮੇਰੇ ਪਰਿਵਾਰ ਅਤੇ ਰਿਸ਼ਤੇਦਾਰੀ ਵਿਚ ਜਿਵੇਂ ਸਾਰੇ ਰਿਸ਼ਤੇਦਾਰਾਂ ਦੇ ਨਾਂਵਾਂ ਦਾ ਕੁਲਦੀਪ ਮਾਣਕ ਨੂੰ ਪਤਾ ਸੀ, ਇਵੇਂ ਪਰਮਿੰਦਰ ਜਾਣਦੀ ਸੀ ਕਿ ਅਸ਼ੋਕ ਦਾ ਕੌਣ ਜੀਜਾ ਹੈ ਤੇ ਕੌਣ ਸਾਲਾ, ਕਿਹੜੀ ਭੂਆ ਹੈ ਤੇ ਕਿਹੜੀ ਮਾਮੀ ਅਤੇ ਕਿਹੜੀ ਸੱਸ ਤੇ ਕਿਹੜਾ ਸਹੁਰਾ।

ਇਥੇ ਮੈਂ ਇਕ ਘਟਨਾ ਦਾ ਜ਼ਿਕਰ ਕਰਾਂਗਾ। ਲੋਕ ਕੁਰਬਾਨੀਆਂ ਕਹਿ ਤਾਂ ਦਿੰਦੇ ਨੇ ਪਰ ਦਿੱਤੀਆਂ ਕਿਵੇਂ ਜਾਂਦੀਆਂ ਨੇ, ਆਹ ਦੇਖਿਓ:

ਮਖਸੂਸਪੁਰ ਮੇਰੇ ਸਾਲੇ ਦੇ ਮੁੰਡੇ ਦੀ ਲੋਹੜੀ ਸੀ, ਗੱਲ 1991 ਦੀ ਹੋਵੇਗੀ। ਉਹਦੇ ਦੋ ਪ੍ਰੋਗਰਾਮ ਪਹਿਲਾਂ ਹੀ ਬੁੱਕ ਸਨ। ਇਕ ਮੁਕੰਦਪੁਰ ਲਾਗੇ ਕਿਸੇ ਪਿੰਡ ਵਿਚ ਦੁਪਹਿਰ ਨੂੰ ਅਤੇ ਦੂਜਾ ਰਾਤ ਨੂੰ ਸਾਹਨੇਵਾਲ ਕੋਲ। ਪਰ ਉਹ ਮਖਸੂਸਪੁਰ ਗਾਉਣ ਆਈ। ਅੱਧਾ ਘੰਟਾ ਗਾਉਂਦੀ ਗਾਉਂਦੀ ਉਹ ਢਾਈ ਘੰਟੇ ਗਾ ਗਈ। ਦੁਪਹਿਰ ਵਾਲੇ ਪ੍ਰੋਗਰਾਮ ਤੇ ਤਿੰਨ ਘੰਟੇ ਲੇਟ ਪੁੱਜੀ। ਪ੍ਰਬੰਧਕਾਂ ਨੇ ਪ੍ਰੋਗਰਾਮ ਤਾਂ ਲੁਆ ਲਿਆ ਪਰ ਦਿੱਤਾ ਟਕਾ ਨਹੀਂ ਅਤੇ ਦੇਣਾ ਅਸੀਂ ਵੀ ਨਹੀਂ ਸੀ। ਚਲੋ ਜਿਹੜਾ ਪੈਸੇ ਦਾ ਨੁਕਸਾਨ ਹੋਇਆ ਉਹ ਤਾਂ ਹੋਇਆ ਹੀ ਪਰ ਪ੍ਰੋਗਰਾਮ ਵਾਲਿਆਂ ਨੇ ਉਹਦੇ ਨਾਲ ਕਾਫੀ ਝਾੜ ਝੰਬ ਵੀ ਕੀਤੀ।

ਬਿੱਟੂ ਸੰਧੂ ਉਹਦਾ ਛੋਟਾ ਭਰਾ, ਸੁਰਜੀਤ ਸਿੰਘ ਸੰਧੂ ਬਾਪੂ ਦੋਵਾਂ ਵਿਚੋਂ ਇਕ ਨੇ ਉਹਦੇ ਨਾਲ ਪ੍ਰੋਗਰਾਮ 'ਤੇ ਜਾਣਾ ਹੁੰਦਾ ਸੀ। ਵਿਆਹ ਦੀ ਉਮਰ ਲੰਘਦੀ ਜਾ ਰਹੀ ਸੀ। ਉਹਨੂੰ ਲੱਗਦਾ ਸੀ, ਮੇਰਾ ਕਲਾਤਮਿਕ ਕੈਰੀਅਰ ਤਾਂ ਠੀਕ ਚੱਲ ਰਿਹਾ ਹੈ ਪਰ ਗ੍ਰਹਿਸਥੀ ਜੀਵਨ ਲੀਹ 'ਤੇ ਨਹੀਂ ਪੈ ਰਿਹਾ। ਕਾਰਨ ਕੁਝ ਵੀ ਹੋਣ ਪਰ ਕੁਲਜੀਤ ਨਾਲ ਵਿਆਹ ਕਰਵਾਉਣ ਦਾ ਫੈਸਲਾ ਪਰਮਿੰਦਰ ਦਾ ਆਪਣਾ ਸੀ, ਹਾਲਾਂਕਿ ਭਰਾ ਤੇ ਬਾਪੂ ਲੋਹੇ ਲਾਖੇ ਵੀ ਹੋਏ ਰਹੇ ਪਰ ਉਹਨੇ ਮੇਰੇ ਕੰਨ ਵਿਚ ਕਿਹਾ, ਕਿਹਾ ਬੜੇ ਢੰਗ ਨਾਲ ਕਿ 'ਭਾਜੀ ਜਿਹੜਾ ਤੁਹਾਡੇ ਸਹੁਰਿਆਂ ਦੇ ਪਿੰਡ ਮੁੰਡਾ ਕੀ ਬੋਰਡ ਮੇਰੇ ਨਾਲ ਵਜਾ ਰਿਹਾ ਸੀ, ਕਿੱਦਾਂ ਲੱਗਾ?' ਮੈਂ ਹੱਸ ਪਿਆ ਤੇ ਪੁੱਛਿਆ 'ਮੁੰਡਾ ਕਿ ਸਾਜ਼?' ਤੇ ਉਹ ਵੀ ਹੱਸ ਪਈ ਪਰ ਬੋਲੀ ਕੁਝ ਨਾ। ਮੈਂ ਸਮਝ ਗਿਆ। ਅਸਲ ਵਿਚ ਕੁਲਜੀਤ ਬੀਬਾ ਵੀ ਸੀ। ਪਰਮਿੰਦਰ ਦਾ ਇਕ ਚਾਚਾ ਜੋ ਮੇਰਾ ਵੀ ਯਾਰ ਸੀ, ਉਹ ਭਰਾ ਤੇ ਪਿਓ ਤੋਂ ਵੀ ਜ਼ਿਆਦਾ ਹੱਥਾਂ ਵਿਚੋਂ ਨਿਕਲਦਾ ਜਾਂਦਾ ਸੀ। ਪਰਮਿੰਦਰ ਚਾਹੁੰਦੀ ਸੀ ਕਿ ਮੈਂ ਉਹਦੇ ਨਾਲ ਘੁੱਟ ਪੀ ਲੈਂਦਾਂ ਤੇ ਉਹਨੂੰ ਚੁੱਪ ਕਰਾਵਾਂ। ਪਰ ਪਰਮਿੰਦਰ ਸਿਆਣੀ ਨਿਕਲੀ ਤੇ ਉਹਨੇ ਸਿੱਧਾ ਮੁਕੱਦਮਾ ਸੰਗੀਤ ਦੀ ਸੁਪਰੀਮ ਕੋਰਟ ਵਿਚ ਦਾਇਰ ਕਰ ਦਿੱਤਾ ਯਾਨਿ ਦਿੱਲੀ ਤੋਂ ਸੰਗੀਤਕਾਰ ਸਮਰਾਟ ਚਰਨਜੀਤ ਆਹੂਜਾ ਇਸ ਜੋੜੀ ਦੀ ਜੈ ਮਾਲਾ ਕਰਵਾਉਣ ਵਿਚ ਸਫਲ ਹੋ ਗਏ। ਪਰਮਿੰਦਰ ਉਥੇ ਰਹਿੰਦੀ ਰਹੀ ਯਾਨਿ ਧੱਕਾ ਕਲੋਨੀ 'ਚ, ਜਿਥੇ ਵਿਹੜੇ ਤੋਂ ਦੋ ਫੁੱਟ ਨੀਵੀਂ ਉਹਦੀ ਬੈਠਕ ਹੁੰਦੀ ਸੀ। ਫਿਰ ਉਹਨੇ ਵਧੀਆ ਗੱਡੀਆਂ ਰੱਖੀਆਂ, ਵਧੀਆ ਘਰ ਬਣਾਇਆ ਪਰ ਸਿਆਣਿਆਂ ਦੇ ਕਹਿਣ ਵਾਂਗ 'ਬੰਦਾ ਘਰ ਤਾਂ ਬਣਾ ਲੈਂਦਾ ਹੈ ਕਈ ਵਾਰ ਪਰ ਵਸਣਾ ਨਸੀਬ ਨਹੀਂ ਹੁੰਦਾ।'

ਉਹਦੀ ਆਖਰੀ ਐਲਬਮ 'ਤੇਰਾ ਇਸ਼ਕ' ਜਲੰਧਰ ਇਕ ਹੋਟਲ ਵਿਚ ਰਿਲੀਜ਼ ਕਰਨੀ ਸੀ। ਰਿਲੀਜ਼ ਕਰਵਾਉਣੀ ਸੀ ਮੇਰੇ ਤੇ ਪ੍ਰੀਤੀ ਸਪਰੂ ਦੇ ਹੱਥੋਂ। ਫੋਟੋ ਖਿੱਚਣ ਵੇਲੇ ਕੁਝ ਹਾਸਾ ਪੈ ਗਿਆ। ਕੁਲਜੀਤ ਮੇਰੇ ਨਾਲ ਖੜਾ ਹੋ ਗਿਆ ਤੇ ਪ੍ਰੀਤੀ ਸਪਰੂ ਪਰਮਿੰਦਰ ਨਾਲ। ਅਜੀਤ ਦਾ ਸਟਾਫ ਰਿਪੋਰਟਰ ਮੇਜਰ ਸਿੰਘ ਉਠ ਕੇ ਕਹਿਣ ਲੱਗਾ ਸਮਿੱਟਰੀ ਠੀਕ ਬਣਾਓ। ਪ੍ਰੀਤੀ ਤੇ ਅਸ਼ੋਕ ਨੂੰ ਇਕ ਪਾਸੇ ਕਰੋ ਅਤੇ ਪਰਮਿੰਦਰ ਤੇ ਕੁਲਜੀਤ ਨੂੰ ਇਕ ਪਾਸੇ ਕਰੋ। ਤਾੜੀਆਂ ਉਹਦੀ ਕੈਸਿਟ ਤੇ ਘੱਟ ਤੇ ਇਸ ਘਟਨਾਕ੍ਰਮ ਤੇ ਵੱਧ ਵੱਜੀਆਂ।


ਦੋਗਾਣਾ ਜੋੜੀਆਂ 'ਚੋਂ ਪਰਮਿੰਦਰ ਸੰਧੂ ਦੀ ਪੰਜਾਬੀ ਗਾਇਕੀ ਵਿਚ ਜਿਹੜੀ ਖਾਸ ਗੱਲ ਵਾਪਰੀ ਉਹ ਇਹ ਸੀ ਕਿ ਜਦੋਂ ਉਹਨੇ ਦੋਗਾਣਾ ਗਾਇਕੀ ਦੀ ਪੰਜਾਲੀ 'ਚੋਂ ਸਿਰ ਕੱਢ ਕੇ ਇਕੱਲੀ ਨੇ ਗਾਉਣਾ ਸ਼ੁਰੂ ਕੀਤਾ ਤਾਂ ਕਈ ਗਾਇਕਾਵਾਂ ਨੇ 'ਤੂੰ ਚੱਲ ਮੈਂ ਆਈ ਕਹਿ ਕੇ' ਇਕੱਲੀਆਂ ਨੇ ਗਾਉਣ ਵਜਾਉਣ ਲਈ ਆਪਣਾ ਸਾਜ਼ੋ ਸਮਾਨ ਚੁੱਕ ਲਿਆ। ਉਦਾਹਰਣ ਵਜੋਂ ਉਦੋਂ ਹੀ ਦੋਗਾਣਾ ਛੱਡ ਕੇ ਗੁਲਸ਼ਨ ਕੋਮਲ ਇਕੱਲੀ ਗਾਉਣ ਲੱਗੀ, ਉਦੋਂ ਸੁਖਵੰਤ ਸੁੱਖੀ ਨੇ ਆਪਣੇ ਆਪ ਨੂੰ ਰੇਸ਼ਮਾ ਬਣਾ ਕੇ ਪੇਸ਼ ਕਰ ਲਿਆ, ਕੋਈ ਚਿਮਟੇ ਵਾਲੀ ਆ ਗਈ ਤੇ ਕੋਈ ਵਾਜੇ ਵਾਲੀ। ਇਓਂ ਗਾਇਕਾਂ 'ਤੇ ਨਿਰਭਰ ਹੋਣ ਨਾਲੋਂ ਕੁੜੀਆਂ ਨੂੰ ਆਪਣੇ ਪੈਰੀਂ ਆਪ ਖੜੇ ਹੋਣ ਦਾ ਮੌਕਾ ਲੈ ਕੇ ਦਿੱਤਾ।



ਨਹਿਰੂ ਸਿਧਾਂਤ ਕੇਂਦਰ ਵਿਚ ਹਰ ਵਰ੍ਹੇ ਸਮਾਗਮ ਕਰਵਾਉਣ ਵਾਲੀ ਪਰਮਿੰਦਰ ਸੰਧੂ, ਚਾਂਦੀ ਰਾਮ, ਉਸਤਾਦ ਦੀਪਕ ਜੈਤੋਈ ਅਤੇ ਆਪਣੇ ਮਾਤਾ ਪਿਤਾ ਨਾਲ।

ਜਦੋਂ 1994 ਵਿਚ ਗਾਇਕਾਂ ਨੇ ਮੈਨੂੰ ਕਾਰ ਲੈ ਕੇ ਦਿੱਤੀ ਤਾਂ ਇਹ ਮਰੂਤੀ ਕਾਰ ਬਲੈਕ ਵਿਚ ਖਰੀਦਣੀ ਸੀ। ਪੈਸੇ ਘਟਣ ਸੱਠ ਹਜ਼ਾਰ। ਸੁਰਿੰਦਰ ਸ਼ਿੰਦੇ ਨੇ ਪੱਲਾ ਖਿੱਚ ਲਿਆ, ਕਈ ਜਿਹੜੇ ਮੈਨੂੰ ਜੱਫੀਆਂ ਬਹੁਤ ਪਾਉਂਦੇ ਹੁੰਦੇ ਸੀ ਉਹ ਕਹਿ ਕੇ ਹੱਥ ਛੁਡਾਉਣ ਲੱਗ ਪਏ ਕਿ ਲਿਖਣ ਦੇ ਤਾਂ ਅਖਬਾਰਾਂ ਬਹੁਤ ਪੈਸੇ ਦਿੰਦੀਆਂ ਹਨ ਪਰ ਪਰਮਿੰਦਰ ਮਰਦਾਂ ਵਾਂਗ ਖੜੀ ਰਹੀ ਤੇ ਉਹਨੇ ਆਪਣੇ ਭਰਾ ਦੇ ਨਾਂ ਗੱਡੀ ਫਾਈਨਾਂਸ ਕਰਾ ਕੇ ਰਾਤੋ ਰਾਤ ਮਰੂਤੀ ਕਾਰ ਲਿਆ ਕੇ ਸਾਡੇ ਘਰ ਦੇ ਵਿਹੜੇ ਵਿਚ ਖੜੀ ਕਰ ਦਿੱਤੀ। ਨਵਾਂ ਸ਼ਹਿਰ, ਬੰਗਾ ਤੇ ਮਾਹਿਲਪੁਰ ਦੀਆਂ ਸੜਕਾਂ ਤੇ ਮੈਂ ਕਈ ਮਹੀਨੇ ਇਹ ਗੱਡੀ ਉਵੇਂ ਹੀ ਘੁਮਾਉਂਦਾ ਰਿਹਾ ਜਿਵੇਂ ਪਿਛਲੇ ਸ਼ੀਸ਼ੇ 'ਤੇ ਲਿਖਿਆ ਹੋਇਆ ਸ, 'ਸਮੁੱਚੇ ਪੰਜਾਬੀ ਗਾਇਕਾਂ ਵਲੋਂ ਐਸ ਅਸ਼ੋਕ ਭੌਰੇ ਨੂੰ ਸਨਮਾਨ ਹਿਤ ਭੇਟਾ' ਤੇ ਇਸ ਭੇਟ 'ਚ ਪਰਮਿੰਦਰ ਸੰਧੂ ਦਾ, ਇਕੱਲੀ ਦਾ ਇੱਕ ਲੱਖ ਰੁਪਏ ਦਾ ਯੋਗਦਾਨ ਸੀ। ਜ਼ਿੰਦਗੀ ਵਿਚ ਕਈ ਥਾਂ ਹੋਰ ਤਾਂ ਕੁਤਾਹੀਆਂ ਕੀਤੀਆਂ ਹੋਣਗੀਆਂ ਪਰ ਅਕ੍ਰਿਤਘਣ ਹੋਣ ਦਾ ਉਲਾਂਭਾ ਕਦੇ ਵੀ ਨਹੀਂ ਲਿਆ। ਦੂਰਦਰਸ਼ਨ ਦਾ ਲਿਸ਼ਕਾਰਾ ਸੀ, ਚਾਹੇ ਅਖਾੜਾ ਪ੍ਰੋਗਰਾਮ ਸੀ, ਚਾਹੇ ਵਿਰਾਸਤ ਸੀ ਤੇ ਚਾਹੇ ਕੋਈ ਹੋਰ ਪ੍ਰੋਗਰਾਮ ਪਰਮਿੰਦਰ ਸੰਧੂ ਦੀ ਹਾਜ਼ਰੀ ਯਕੀਨੀ ਬਣਾ ਕੇ ਰੱਖੀ ਤੇ ਅਖਬਾਰ ਚਾਹੇ ਅਜੀਤ ਸੀ, ਚਾਹੇ ਪੰਜਾਬੀ ਟ੍ਰਿਬਿਊਨ, ਜਗ ਬਾਣੀ ਤੇ ਚਾਹੇ ਕੌਮੀ ਏਕਤਾ ਜਾਂ ਪੰਜਾਬੀ ਡਾਈਜੈਸਟ ਮੈਗਜ਼ੀਨ, ਮੈਂ ਇਕ ਦਹਾਕੇ ਤੱਕ ਪਰਮਿੰਦਰ ਸੰਧੂ ਨੂੰ ਕਦੇ ਵੀ ਗੈਰ ਹਾਜ਼ਰ ਨਹੀਂ ਹੋਣ ਦਿੱਤਾ।

ਸਾਲ 2007 ਵਿਚ ਜਦੋਂ ਮੈਂ ਜਲੰਧਰ ਦੂਰਦਰਸ਼ਨ ਲਈ ਨਵੇਂ ਵਰ੍ਹੇ ਦਾ ਪ੍ਰੋਗਰਾਮ 'ਛਣਕਾਟਾ ਪੈਂਦਾ ਗਲੀ ਗਲੀ' ਤਿਆਰ ਕੀਤਾ ਤਾਂ



ਸੰਘਰਸ਼ ਦੇ ਦਿਨਾਂ ਵਿਚ ਪਰਮਿੰਦਰ ਸੰਧੂ ਤੇ ਐਸ ਅਸ਼ੋਕ ਭੌਰਾ

ਪਰਮਿੰਦਰ ਦਾ ਇਕ ਗੀਤ ਸੀ, 'ਤਾੜੀ ਮਾਰ ਮੁੰਡਿਆ', ਉਹਨੂੰ ਪਤਾ ਸੀ ਕਿ ਜਿਹਨੇ ਇਹ ਲਿਖਿਆ ਉਹਨੂੰ ਅਸ਼ੋਕ ਚੰਗਾ ਨਹੀਂ ਸਮਝਦਾ। ਸ਼ਾਇਦ ਇਹ ਗੀਤ ਪ੍ਰੋਗਰਾਮ ਵਿਚ ਨਾ ਪਾਵੇ। ਪਰ ਜਦੋਂ ਮੈਂ ਹੱਸ ਕੇ ਕਿਹਾ ਕਿ 'ਪਰਮਿੰਦਰ ਮੇਰਾ ਸਬੰਧ ਗਾਇਕੀ ਨਾਲ ਹੈ, ਲਿਖਣ ਵਾਲੇ ਨਹੀਂ।' ਹਾਲਾਂਕਿ ਮੈਂ ਤੇ ਸ਼ਮਸ਼ੇਰ ਅਜਿਹੇ ਨਿੱਕੇ ਮੋਟੇ ਗੀਤਕਾਰਾਂ ਤੋਂ ਕਈ ਥਾਂ ਖਫਾ ਰਹਿੰਦੇ ਹੀ ਸਾਂ।

ਸਾਲ 2011 ਵਿਚ ਜਦੋਂ ਮੈਂ ਅਮਰੀਕਾ ਤੋਂ ਇੰਡੀਆ ਗਿਆ ਉਦੋਂ ਡਾਕਟਰਾਂ ਨੇ ਇਹ ਐਲਾਨ ਕਰ ਦਿੱਤਾ ਸੀ ਕਿ ਪਰਮਿੰਦਰ ਛਾਤੀ ਦੇ ਕੈਂਸਰ ਤੋਂ ਪੀੜਤ ਹੈ। ਮੈਂ ਉਸੇ ਘਰ ਵਿਚ ਗਿਆ ਜਿਸ ਘਰ ਦੀ ਹਰ ਕੰਧ ਉਸ ਨੇ ਚਾਅ ਦੀਆਂ ਇੱਟਾਂ ਨਾਲ ਖੜੀ ਕੀਤੀ ਸੀ। ਉਹ ਮੰਜੇ ਤੋਂ ਉਠ ਕੇ ਆਈ, ਧਾਹੀਂ ਰੋਈ ਅਤੇ ਕਿੰਨਾ ਚਿਰ ਹੀ ਨਾ ਬੋਲੀ। ਉਦੋਂ ਉਹਨੂੰ ਪਤਾ ਤਾਂ ਸੀ ਕਿ ਮੈਂ ਚਲੇ ਜਾਣੈ ਪਰ ਇਹ ਬਿਲਕੁਲ ਨਹੀਂ ਪਤਾ ਸੀ ਕਿ ਇੰਨੀ ਛੇਤੀ ਚਲੇ ਜਾਣਾ। ਹਸੂੰ ਹਸੂੰ ਕਰਦੀ ਪਰਮਿੰਦਰ ਉਸ ਦਿਨ ਉਦਾਸ ਦੇਵੀ ਦੀ ਮੂਰਤ ਸੀ ਤੇ ਉਹਨੂੰ ਪਤਾ ਸੀ ਕਿ ਧਰਮਰਾਜ ਨੇ ਮੌਤ ਦੇ ਵਾਰੰਟ ਸਾਈਨ ਕਰ ਦਿੱਤੇ ਹਨ।

ਦੁੱਖ ਵੀ ਰਹੇਗਾ ਤੇ ਹਉਕਾ ਵੀ। ਮੇਰੀ ਸਭ ਤੋਂ ਵੱਡੀ ਹਮਦਰਦ, ਸਹਿਯੋਗੀ ਪਰਮਿੰਦਰ ਚਲੇ ਗਈ, ਬਿਨਾਂ ਮਿਲੇ। ਮੈਨੂੰ ਇਹ ਆਸ ਨਹੀਂ ਸੀ ਕਿ ਸਾਡਾ ਭੈਣ-ਭਰਾਵਾਂ ਵਰਗਾ ਪਿਆਰ 'ਜਦੋਂ ਉਹਦੀ ਹੋਣੀ ਤੜੱਕ ਤੜੱਕ ਕਰਕੇ ਤੋੜੇਗੀ ਉਦੋਂ ਮੈਂ ਅਮਰੀਕਾ ਹੋਵਾਂਗਾ ਤੇ ਪਰਮਿੰਦਰ ਲੁਧਿਆਣੇ। ਜਿਸ ਪਰਮਿੰਦਰ ਦੇ ਨੈਣ ਨਕਸ਼ ਮੇਰੇ ਹੱਥਾਂ ਵਿਚ ਕਲਾਤਮਿਕ ਬਣੇ ਉਸ ਪਰਮਿੰਦਰ ਦਾ ਆਖਰੀ ਵਾਰ ਮੂੰਹ ਵੇਖਣਾ ਵੀ ਨਸੀਬ ਨਾ ਹੋਇਆ।

ਜਿਸ ਵੀ ਮੇਲੇ ਵਿਚ ਪਰਮਿੰਦਰ ਹੁੰਦੀ, ਤੇ ਉਥੇ ਜਗਦੇਵ ਸਿੰਘ ਜੱਸੋਵਾਲ ਹੋਵੇ, ਚਾਹੇ ਕਿਸੇ ਨੂੰ ਬੁਰਾ ਵੀ ਲੱਗੇ, ਉਹ ਕਹਿੰਦਾ, 'ਪਰਮਿੰਦਰ ਲੁੱਟ ਲੈ ਮੇਲਾ ਲਾ ਦੇ ਅੱਗ, ਚੱਕ ਦੇ ਘੜੇ ਤੋਂ ਕੌਲਾ...ਸੁਣਾ ਦੇ, ਇਕ ਨਰਮ ਪਟੋਲਾ ਅਹੁ ਜਾਂਦਾ, ਇਕ ਅੱਗ ਦਾ ਗੋਲਾ ਅਹੁ ਜਾਂਦਾ।' 'ਉਡ ਕੇ ਸੋਹਣਿਆਂ ਆ ਜਾ' ਐਲਬਮ ਵਿਚਲਾ ਜਿਹੜਾ ਦੂਜਾ ਗੀਤ ਪਰਮਿੰਦਰ ਨੇ ਗਾਇਆ, ਇਹ ਗੀਤ ਮੈਂ ਉਦੋਂ ਲਿਖਿਆ ਸੀ ਜਦੋਂ ਮੈਨੂੰ ਪਰਵਾਸ ਦੇ ਦਰਦ ਦਾ ਕੋਈ ਅਹਿਸਾਸ ਨਹੀਂ ਸੀ। ਪਰ ਇਹ ਹੁਣ ਸੱਲ੍ਹ ਬਣ ਕੇ ਤਾਂ ਉਠਦਾ ਰਹਿੰਦਾ ਹੈ ਕਿ ਮੈਂ ਵੀ ਪਰਵਾਸੀ ਹੋ ਗਿਆ ਹਾਂ ਤੇ ਪਰਮਿੰਦਰ ਪ੍ਰਲੋਕ ਵਾਸੀ ਹੋ ਗਈ ਹੈ। ਇਸ ਗੀਤ ਨਾਲ ਗੱਲ ਮੁੱਕਦੀ ਕਰਾਂਗਾ, ਆਖਰੀ ਬੋਲ ਸਨ:

ਗੁੱਡੀਆਂ ਨਾ ਪਟੋਲਿਆਂ ਨਾਲ
ਖੇਡਦੇ ਸੀ ਭੌਰੇ ਆਪਾਂ,
ਦਿਨਾਂ ਵਿਚ ਹੋ ਗਏ ਵੱਖੋ ਵੱਖ ਵੇ।
ਯਾਦਾਂ ਦਾ ਇਹ ਸੱਲ੍ਹ ਨਾ ਅਸ਼ੋਕ ਵੀਰਾ ਮੇਰਿਆ
ਸਾਂਭ ਸਾਂਭ ਹੁੰਦਾ ਮੈਥੋਂ ਰੱਖ ਵੇ।
ਉਡ ਕਾਗਾ ਕਾਲਿਆ ਵੇ ਘਰ ਦੇ ਬਨੇਰੇ ਉਤੋਂ,
ਭੁੱਲਿਆ ਵਿਖਾਈਂ ਜਾ ਕੇ ਰਾਹ।
ਵੇ ਵੀਰਾ ਕਿੱਡੀ ਦੂਰ ਬਹਿ ਗਿਆਂ ਏ ਜਾ।

## ਗੱਲ ਬਣੀ ਕਿ ਨਹੀਂ

-ਐਸ. ਅਸ਼ੋਕ ਭੌਰਾ

### ਤਾ ਥਈਆ ਤਾ ਥਈਆ

ਹੁਣ ਬਿੱਲੀਆਂ ਦੇ ਦੁੱਧ ਸਰ੍ਹਾਣੇ ਬਚ ਰਹਿੰਦਾ, ਬੰਦਿਆਂ ਨਾਲੋਂ ਕੁੱਤੇ ਕਈ ਸਿਆਣੇ ਨੇ।
ਸੁਭ੍ਹਾ ਸ਼ਾਮ ਵਿਚ ਨਾ ਕੋਈ ਬਹੁਤਾ ਫਰਕ ਰਿਹਾ, ਇਕੋ ਜਿਹੇ ਹੀ ਲੱਗਦੇ ਠੇਕੇ ਥਾਣੇ ਨੇ।
ਲੋਕੀਂ ਸਮਝਣ ਵੋਟਾਂ ਪਾ ਕੇ ਯੁੱਗ ਬਦਲੂ, ਪਰ ਇਹ ਲੋਟੂ ਇਕੋ ਜਿਹੇ ਘਰਾਣੇ ਨੇ।
ਕੋਈ ਸੰਤ, ਕੋਈ ਸਾਧ ਤੇ ਮਹਾਂਪੁਰਸ਼ ਕੋਈ, ਉਹੀ ਸ਼ਕਲਾਂ, ਉਹੀ ਕਾਰੇ, ਉਂਜ ਬਦਲੇ ਬਾਣੇ ਨੇ।
ਉਤੋਂ ਰੋਗਨ ਕਰਕੇ ਨਵੀਂ ਮਸ਼ੀਨ ਬਣੀ, ਵਿਚ ਤਾਂ ਮਿੱਤਰੋ ਪੁਰਜ਼ੇ ਉਹੀ ਪੁਰਾਣੇ ਨੇ।
ਧੀ ਦੀ ਪੱਤ ਬਾਪੂ ਦੇ ਸਾਹਵੇਂ ਲਾਹੁੰਦੇ ਜੋ, ਅੱਜ ਕੱਲ੍ਹ ਥਾਂ ਥਾਂ ਵੱਜਦੇ ਐਸੇ ਗਾਣੇ ਨੇ।
ਬੇੜੀ ਭੰਨ੍ਹ ਕੇ ਦੋਵੇਂ ਹੀ ਖਿੱਚੀ ਫਿਰਦੇ ਨੇ, ਉਹੀ ਚੱਪੂ, ਉਹੀ ਵਣਜ ਮੁਹਾਣੇ ਨੇ।
ਗੁੰਗਿਆਂ ਹੱਥ ਕੈਮਰਾ ਫੋਟੋ ਖਿੱਚ ਰਿਹਾ, ਪੁੱਠੇ ਸਿੱਧੇ ਪੋਜ਼ ਬਣਾਉਂਦੇ ਕਾਣੇ ਨੇ।
ਇਹ 'ਤਾ ਥਈਆ, ਤਾ ਥਈਆ' ਹੁਣ ਤਾਂ ਹੁੰਦੀ ਕੁੜਤੀ ਦੇ ਨਾਲ ਲਾਲ ਪਰਾਂਦੇ ਜਾਣੇ ਨੇ।
'ਭੌਰੇ' ਥੋੜਾ ਠਹਿਰ ਸਬਰ ਨੂੰ ਦੇਹ ਗੰਢਾਂ, ਚੀਕਾਂ ਮਾਰ ਕੇ ਭੱਜਦੇ ਵੇਖੀਂ ਲਾਣੇ ਨੇ।

ਗੁਰਮਤਿ ਗਿਆਨ

# ਕਾਜੀ ਤੈ ਕਵਨ ਕਤੇਬ ਬਖਾਨੀ



ਡਾ. ਗੁਰਨਾਮ ਕੌਰ, ਕੈਨੇਡਾ

ਇਹ ਸ਼ਬਦ ਭਗਤ ਕਬੀਰ ਜੀ ਦਾ ਰਾਗ ਆਸਾ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 477 'ਤੇ ਦਰਜ ਹੈ। ਇਸ ਸ਼ਬਦ ਵਿਚ ਧਿਆਨ ਦੇਣ ਯੋਗ ਗੱਲ ਇਹ ਹੈ ਕਿ ਆਮ ਲੋਕਾਂ ਤੱਕ ਧਰਮ ਦਾ ਉਹ ਸੰਦੇਸ਼ ਨਹੀਂ ਪਹੁੰਚਦਾ ਜੋ ਰਿਸ਼ੀਆਂ, ਪੈਗੰਬਰਾਂ ਜਾਂ ਧਰਮ ਦੇ ਬਾਨੀਆਂ ਵੱਲੋਂ ਧਰਮ ਗ੍ਰੰਥਾਂ ਵਿਚ ਦੱਸਿਆ ਹੁੰਦਾ ਹੈ। ਆਮ ਲੋਕ ਆਪੋ ਆਪਣੇ ਧਰਮ ਨੂੰ ਉਸੇ ਤਰ੍ਹਾਂ ਸਮਝਦੇ ਹਨ ਜਿਸ ਤਰ੍ਹਾਂ ਉਸ ਦੀ ਵਿਆਖਿਆ ਕਰਨ ਵਾਲੀ ਪੁਜਾਰੀ ਜਮਾਤ ਆਪਣੀ ਮਤਲਬਪ੍ਰਸਤੀ ਲਈ ਲੋਕਾਂ ਤੱਕ ਪਹੁੰਚਾਉਂਦੀ ਹੈ।

ਇਸ ਸ਼ਬਦ ਵਿਚ ਰਹਾਉ ਦੀ ਤੁਕ ਵਿਚ ਭਗਤ ਕਬੀਰ ਇਸੇ ਤੱਥ ਵੱਲ ਧਿਆਨ ਦਿਵਾਉਂਦੇ ਹਨ ਕਿ ਧਾਰਮਕ ਨਫ਼ਰਤ ਫੈਲਾਉਣ ਵਿਚ ਸਭ ਤੋਂ ਵੱਧ ਹੱਥ ਪੁਜਾਰੀ ਜਮਾਤ ਦਾ ਹੁੰਦਾ ਹੈ ਅਤੇ ਇਸ ਉਤਰ-ਆਧੁਨਿਕ ਯੁੱਗ ਵਿਚ ਪੁਜਾਰੀ ਜਮਾਤ ਅਤੇ ਸਿਆਸਤਦਾਨਾਂ ਦੇ ਅਪਵਿੱਤਰ ਗੱਠਜੋੜ ਕਾਰਨ ਇਸ ਦਾ ਰੂਪ ਹੋਰ ਵੀ ਭਿਆਨਕ ਹੋ ਗਿਆ ਹੈ। ਭਗਤ ਕਬੀਰ ਦੇ ਇਸ ਸ਼ਬਦ ਤੋਂ ਸਮਝ ਪੈਂਦੀ ਹੈ ਕਿ ਪੁਜਾਰੀ ਜਮਾਤ ਦਾ ਮੁੱਢ ਕਦੀਮ ਤੋਂ ਹੀ ਇਹੋ ਕੰਮ ਰਿਹਾ ਹੈ। ਭਗਤ ਕਬੀਰ ਕਾਜ਼ੀ ਨੂੰ ਸੰਬੋਧਨ ਕਰਕੇ ਕਹਿੰਦੇ ਹਨ ਕਿ ਤੂੰ ਕਿਹੜੀਆਂ ਧਾਰਮਿਕ-ਪੁਸਤਕਾਂ ਪੜ੍ਹ ਕੇ ਲੋਕਾਂ ਨੂੰ ਦੱਸ ਰਿਹਾ ਹੈਂ ਕਿ ਤੇਰੇ ਧਰਮ ਨੂੰ ਮੰਨਣ ਵਾਲੇ ਅਰਥਾਤ ਮੁਸਲਮਾਨ ਬਹਿਸ਼ਤ ਜਾਂ ਜੰਨਤ ਵਿਚ ਜਾਣਗੇ ਅਤੇ ਗ਼ੈਰ-ਮੁਸਲਮਾਨ ਦੋਜਕ ਵਿਚ ਜਾਣਗੇ? ਭਗਤ ਜੀ ਅੱਗੇ ਕਹਿੰਦੇ ਹਨ, ਹੇ ਕਾਜ਼ੀ! ਤੇਰੇ ਵਰਗੇ ਪੜ੍ਹਨ ਤੇ ਵਿਚਾਰਨ ਵਾਲੇ ਅਰਥਾਤ ਜਿਹੜੇ ਆਪਣੀ ਮਰਜ਼ੀ ਮੁਤਾਬਕ ਅੱਖਾਂ 'ਤੇ ਤੁਅੱਸਬ ਦੀ ਪੱਟੀ ਬੰਨ੍ਹ ਕੇ ਧਾਰਮਿਕ ਪੁਸਤਕਾਂ ਪੜ੍ਹਦੇ ਅਤੇ ਉਨ੍ਹਾਂ ਦੀ ਵਿਆਖਿਆ ਕਰਦੇ ਹਨ, ਉਹ ਸਭ ਖ਼ੁਆਰ ਹੁੰਦੇ ਹਨ। ਅਜਿਹੇ ਲੋਕਾਂ ਨੂੰ ਅਸਲੀਅਤ ਦੀ ਸਮਝ ਨਹੀਂ ਪੈਂਦੀ। ਅਜਿਹੇ ਕੋਝੇ ਅਤੇ ਝਗੜਾਲੂ ਲੋਕ ਮਜ਼ਹਬੀ ਝਗੜਿਆਂ ਵਿਚ ਪੈਣ ਦੀ ਥਾਂ ਇਹ ਵਿਚਾਰ ਕੇ ਲੋਕਾਂ ਨੂੰ ਦੱਸਣ ਕਿ ਹਿੰਦੂ ਅਤੇ ਤੁਰਕ ਅਰਥਾਤ ਵੱਖ ਵੱਖ ਮਜ਼ਹਬਾਂ ਨੂੰ ਮੰਨਣ ਵਾਲੇ ਲੋਕ ਕਿੱਥੋਂ ਪੈਦਾ ਹੋਏ ਹਨ ਅਤੇ ਇਹ ਵੱਖ ਵੱਖ ਰਸਤੇ ਕਿਸ ਨੇ ਬਣਾਏ ਹਨ। ਭਾਵ ਸਾਰੀ ਮਨੁੱਖਤਾ ਦੇ ਅਰੰਭ ਦਾ ਸੋਮਾ, ਪੈਦਾ ਕਰਨ ਵਾਲੀ ਹਸਤੀ ਇੱਕੋ ਹੈ। ਸੋਚਣ ਵਾਲੀ ਗੱਲ ਹੈ ਕਿ ਮਨੁੱਖ ਨੂੰ ਬਹਿਸ਼ਤ ਜਾਂ ਦੋਜਕ ਉਸ ਦੇ ਇਸ ਦੁਨੀਆਂ 'ਤੇ ਕੀਤੇ ਚੰਗੇ ਜਾਂ ਮੰਦੇ ਕੰਮਾਂ ਅਨੁਸਾਰ ਮਿਲਣਾ ਹੈ। ਮੁਸਲਮਾਨ ਸੁੰਨਤ ਕਰਾਉਂਦੇ ਹਨ ਅਤੇ ਸੁੰਨਤ ਦੇ ਹਵਾਲੇ ਨਾਲ ਭਗਤ ਕਬੀਰ ਦੱਸਦੇ ਹਨ ਕਿ ਮਹਿਜ਼ ਧਾਰਮਿਕ ਰਸਮਾਂ ਕਰਨ ਨਾਲ ਹੀ ਮਨੁੱਖ ਧਾਰਮਿਕ ਨਹੀਂ ਹੋ ਜਾਂਦਾ, ਧਾਰਮਿਕ ਹੋਣ ਲਈ ਆਪਣੇ ਅੰਦਰ ਗੁਣ ਪੈਦਾ ਕਰਨੇ ਪੈਂਦੇ ਹਨ। ਭਗਤ ਕਬੀਰ ਆਗਾਹ ਕਰਦੇ ਹਨ ਕਿ ਮਜ਼ਹਬੀ ਪੁਸਤਕਾਂ ਦੀ ਬਹਿਸ ਕਰਕੇ ਆਪਣੇ ਆਪ 'ਤੇ ਜ਼ੁਲਮ ਕਰਨ ਦੀ ਥਾਂ ਉਸ ਰੱਬ ਦੇ ਨਾਮ ਦਾ, ਉਸ ਦੇ ਗੁਣਾਂ ਦਾ ਸਿਮਰਨ ਕਰਨ ਵੱਲ ਲਗਣਾ ਚਾਹੀਦਾ ਹੈ ਜਿਸ ਤੋਂ ਆਪਣਾ ਅਤੇ ਸਮੁੱਚੀ ਮਾਨਵਤਾ ਦਾ ਕੁੱਝ ਭਲਾ ਹੋ ਸਕੇ।

ਅੱਜ ਇੱਕੀਵੀਂ ਸਦੀ ਵਿਚ ਦੁਨੀਆਂ ਨੂੰ ਇੱਕ ਗਲੋਬਲ ਪਿੰਡ ਹੋਣ ਦਾ ਸੰਕਲਪ ਦਿੱਤਾ ਜਾ ਰਿਹਾ ਹੈ। ਦੁਨੀਆਂ ਦੇ ਤਕਰੀਬਨ ਹਰ ਵਿਕਸਿਤ ਅਤੇ ਵਿਕਾਸਸ਼ੀਲ ਮੁਲਕ ਵਿਚ ਵੱਖ ਵੱਖ ਧਰਮਾਂ, ਭਾਈਚਾਰਿਆਂ, ਬੋਲੀਆਂ ਅਤੇ ਸਭਿਆਚਾਰਾਂ ਨਾਲ ਸਬੰਧਤ ਲੋਕ ਇਕੱਠੇ ਰਹਿ ਰਹੇ ਹਨ ਅਤੇ ਦੂਸਰੇ ਪਾਸੇ ਆਪਣੀ ਵੱਖਰੀ ਧਾਰਮਿਕ ਅਤੇ ਸਭਿਆਚਾਰਕ ਪਛਾਣ ਕਾਰਨ ਇਨ੍ਹਾਂ ਨੂੰ ਆਪਣੇ ਨਵੇਂ ਅਪਨਾਏ ਮੁਲਕਾਂ ਵਿਚ ਜਾਂ ਨਵੇਂ ਅਪਨਾਏ ਧਰਮ ਕਾਰਨ ਦੁਸ਼ਵਾਰੀਆਂ ਦਾ ਸਾਹਮਣਾ ਵੀ ਕਰਨਾ ਪੈ ਰਿਹਾ ਹੈ। ਇਹੀ ਨਹੀਂ, ਆਪਣੇ ਮੁਲਕਾਂ ਵਿਚ ਵੀ ਧਾਰਮਿਕ ਦਹਿਸ਼ਤਗਰਦੀ ਕਾਰਨ ਆਮ ਲੋਕਾਂ ਨੂੰ ਹੀ ਦਹਿਸ਼ਤਗਰਦੀ ਅਤੇ ਇਸ ਨੂੰ ਦਬਾਉਣ ਦੇ ਨਾਂ ਥੱਲੇ ਸਰਕਾਰੀ ਤਸ਼ੱਦਦ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਤਰ੍ਹਾਂ ਆਮ ਲੋਕ ਹੀ ਹਨ ਜਿਨ੍ਹਾਂ ਨੂੰ ਧਾਰਮਿਕ ਕੱਟੜਵਾਦ ਦਾ ਸੇਕ ਸਭ ਤੋਂ ਵੱਧ ਹੰਢਾਉਣਾ ਪੈਂਦਾ ਹੈ। ਅਮਰੀਕਾ ਵਿਚ 9/11 ਦੀ ਘਟਨਾ ਵਾਪਰੀ। ਟਰੇਡ ਸੈਂਟਰ ਢਾਹੁਣ ਵਾਲੇ ਅਨਸਰਾਂ ਨੂੰ ਲੱਗਿਆ ਹੋਵੇਗਾ ਕਿ ਉਨ੍ਹਾਂ ਨੇ ਅਮਰੀਕਾ ਕੋਲੋਂ ਬਦਲਾ ਲੈ ਲਿਆ ਹੈ ਪਰ ਇਸ ਦਾ ਸੇਕ ਆਮ ਲੋਕਾਂ ਨੇ ਆਪਣੇ ਪਿੰਡਿਆਂ 'ਤੇ ਝੱਲਿਆ ਅਤੇ ਇਹ ਸੰਤਾਪ ਹਾਲੇ ਮੁੱਕਿਆ ਨਹੀਂ। ਇਨ੍ਹਾਂ ਹਮਲਿਆਂ ਵਿਚ ਮਾਰੇ ਜਾਣ ਵਾਲੇ ਲੋਕ ਆਮ ਸ਼ਹਿਰੀ ਸਨ ਜੋ ਇਨ੍ਹਾਂ ਵਪਾਰਕ ਕੇਂਦਰਾਂ ਵਿਚ ਕੰਮ ਕਰਦੇ ਸਨ ਅਤੇ ਮਰਨ ਵਾਲਿਆਂ ਵਿਚ ਵੱਖ ਵੱਖ ਧਰਮਾਂ, ਭਾਈਚਾਰਿਆਂ ਅਤੇ ਸਭਿਆਚਾਰਾਂ ਨਾਲ ਸਬੰਧਤ ਅਮਰੀਕਨ ਸ਼ਹਿਰੀ ਸਨ। ਇਹੀ ਨਹੀਂ ਤੁਅੱਸਬੀ ਕਿਸਮ ਦੇ ਲੋਕਾਂ ਵੱਲੋਂ ਹੁਣ ਤੱਕ ਵੀ ਆਮ ਮੁਸਲਿਮ ਪੁਰਸ਼ਾਂ ਅਤੇ ਔਰਤਾਂ ਨੂੰ ਸ਼ੱਕ ਦੀ ਨਜ਼ਰ ਨਾਲ ਵੇਖਿਆ ਜਾਂਦਾ ਹੈ। ਧਾਰਮਿਕ ਪਛਾਣ ਜਿੱਥੇ ਉਨ੍ਹਾਂ ਲਈ ਨਿਜੀ ਮਾਣ ਵਾਲੀ ਗੱਲ ਹੋ ਸਕਦੀ ਹੈ, ਉਹ ਉਨ੍ਹਾਂ ਦੀ ਵੱਖਰੀ ਪਛਾਣ ਦਾ ਚਿੰਨ੍ਹ ਹੋ ਕੇ ਗਾਹੇ-ਬਗਾਹੇ ਮੁਸੀਬਤ ਦਾ ਕਾਰਨ ਵੀ ਬਣਦੀ ਹੈ। ਸਿਰਫ ਮੁਸਲਿਮ ਭਾਈਚਾਰਾ ਹੀ ਨਹੀਂ, ਕਈ ਵਾਰ ਸਿੱਖ ਭਾਈਚਾਰਾ ਵੀ ਦਸਤਾਰਧਾਰੀ ਹੋਣ ਕਰਕੇ ਪਛਾਣ ਦੇ ਭੁਲੇਖੇ ਵਿਚ ਨਸਲੀ ਨਫ਼ਰਤ ਦਾ ਸ਼ਿਕਾਰ ਹੋਇਆ ਹੈ, ਗੁਰੂ-ਘਰਾਂ ਨੂੰ ਨਿਸ਼ਾਨਾ ਬਣਾਇਆ ਗਿਆ ਹੈ ਅਤੇ ਹੁਣ ਤੱਕ ਇਨ੍ਹਾਂ ਹਾਦਸਿਆਂ ਵਿਚ ਕਈ ਕੀਮਤੀ ਜਾਨਾਂ ਗੁਆ ਚੁਕਾ ਹੈ ਅਤੇ ਹੇਟ-ਕਰਾਈਮ ਦਾ ਸ਼ਿਕਾਰ ਹੋ ਚੁਕਾ ਹੈ।

ਸਾਡੇ ਪ੍ਰਚਾਰਕ ਵਿਦੇਸ਼ਾਂ ਵਿਚ ਖਾਲਿਸਤਾਨ ਦਾ ਬਥੇਰਾ ਰੌਲਾ ਪਾਉਂਦੇ ਨਜ਼ਰ ਆਉਂਦੇ ਹਨ, ਖਾਲਿਸਤਾਨ ਦੇ ਨਾਮ 'ਤੇ ਬਥੇਰਾ ਪੈਸਾ ਇਕੱਠਾ ਕਰਦੇ ਹਨ ਪਰ ਅੱਜ ਤੱਕ ਅਮਰੀਕੀ ਸਮਾਜ ਨੂੰ ਇਹ ਨਹੀਂ ਦੱਸ ਸਕੇ ਕਿ ਸਿੱਖ ਧਰਮ ਕੀ ਹੈ ਅਤੇ ਸਿੱਖ ਕੌਣ ਹਨ? ਕੀ ਕੋਈ ਕਾਜ਼ੀ/ਮੁੱਲਾਂ ਦੱਸ ਸਕਦਾ ਹੈ ਕਿ ਮੁਸਲਿਮ ਭਾਈਚਾਰੇ ਦੀ ਸ਼ਾਨ ਵਿਚ 9/11 ਦੀ ਘਟਨਾ ਨਾਲ ਕਿਹੜਾ ਵਾਧਾ ਹੋਇਆ? ਕਿਸ ਕਿਸਮ ਦੀ ਬਹਾਦਰੀ ਲੋਕਾਂ ਲਈ ਮਿਸਾਲ ਬਣਾ ਕੇ ਉਹ ਦੂਸਰੇ ਭਾਈਚਾਰਿਆਂ 'ਤੇ ਆਪਣਾ ਕੋਈ ਹਾਂ-ਪੱਖੀ ਅਸਰ ਪਾ ਸਕੇ ਹਨ?

ਕੋਈ ਵੀ ਧਰਮ ਕਦੇ ਆਮ ਮਨੁੱਖਤਾ ਨਾਲ ਵੈਰ ਕਰਨਾ ਨਹੀਂ ਸਿਖਾਉਂਦਾ ਬਲਕਿ ਪਿਆਰ ਕਰਨ ਦਾ ਵੱਲ ਦੱਸਦਾ ਹੈ। ਸਿੱਖ ਧਰਮ ਦੀ ਹੀ ਗੱਲ ਕਰੀਏ ਤਾਂ 'ਨਾ ਕੋ ਬੈਰੀ ਨਾਹਿ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ' ਦਾ ਉਪਦੇਸ਼ ਦਿੰਦਾ ਹੈ। ਇਹੀ ਨਹੀਂ ਇਹ ਤਾਂ 'ਸਰਬਤ ਦੇ ਭਲੇ ਲਈ' ਜ਼ੁਲਮ ਨਾਲ ਟੱਕਰ ਲੈਣੀ ਸਿਖਾਉਂਦਾ ਹੈ ਪਰ ਕਿਸੇ ਨਿਹੱਥੇ, ਨਿਰਦੋਸ਼ ਅਤੇ ਕਮਜ਼ੋਰ ਉਤੇ ਵਾਰ ਕਰਨ ਤੋਂ ਸਖਤ ਮਨਾਹੀ ਕਰਦਾ ਹੈ। ਇਥੋਂ ਤੱਕ ਕਿ ਜੰਗਾਂ-ਯੁੱਧਾਂ ਵਿਚ ਵੀ ਪਿੱਠ 'ਤੇ ਵਾਰ ਕਰਨ ਦੀ ਮਨਾਹੀ ਰਹੀ ਹੈ। ਪਰ ਖਾੜਕੂਵਾਦ ਦੇ ਦਿਨਾਂ ਵਿਚ ਕਿਸ ਕਿਸਮ ਦੀਆਂ ਘਟਨਾਵਾਂ ਵਾਪਰਦੀਆਂ ਰਹੀਆਂ ਹਨ? ਆਮ ਲੋਕਾਂ ਨੂੰ ਇਸ ਦੀ ਦੁਵੱਲੀ ਪੀੜ ਕਿਵੇਂ ਝੱਲਣੀ ਪਈ ਹੈ? ਇਹ ਸਭ ਦੇ ਸਾਹਮਣੇ ਹੈ। ਇੱਕ ਪਾਸੇ ਖਾੜਕੂਆਂ ਵੱਲੋਂ ਸਿਰਜਿਆ ਦਹਿਸ਼ਤ ਵਾਲਾ ਮਾਹੌਲ ਅਤੇ ਦੂਸਰੇ ਪਾਸੇ ਬਿਨਾ ਕਸੂਰ ਪੁਲਿਸ ਤਸ਼ੱਦਦ। ਆਮ ਲੋਕਾਂ ਦਾ ਸਾਹ ਲੈਣਾ ਵੀ ਔਖਾ ਹੋਇਆ ਰਿਹਾ। ਉਦੋਂ ਸਿੱਖ ਭਾਈਚਾਰੇ ਨੂੰ ਪੰਜਾਬ ਤੋਂ ਬਾਹਰ ਇੰਦਰਾ ਗਾਂਧੀ ਦੇ ਕਤਲ ਸਮੇਂ ਜਿਸ ਕਤਲੇਆਮ ਦਾ ਸ਼ਿਕਾਰ ਹੋਣਾ ਪਿਆ, ਉਸ ਦੀ ਪੀੜ ਵਿਚੋਂ ਬਾਹਰ ਆਉਣਾ ਅੱਜ ਵੀ ਮੁਸ਼ਕਿਲ ਹੋਇਆ ਪਿਆ ਹੈ। ਹਜ਼ਾਰਾਂ ਦੀ ਗਿਣਤੀ ਵਿਚ ਬੇਕਸੂਰ ਸਿੱਖਾਂ ਨੂੰ ਖੌਫ਼ਨਾਕ ਤਰੀਕਿਆਂ ਨਾਲ ਮੌਤ ਦੇ ਘਾਟ ਉਤਾਰਿਆ ਗਿਆ, ਘਰ-ਬਾਰ, ਕਾਰੋਬਾਰ ਉਜਾੜ ਦਿੱਤੇ, ਔਰਤਾਂ ਦੀ ਬੇਪਤੀ ਕੀਤੀ ਗਈ। ਹਉਮੈ ਹਰ ਤਰ੍ਹਾਂ ਦੀ ਮਾੜੀ ਹੈ ਪਰ ਮਨੁੱਖਤਾ ਦਾ ਸਭ ਤੋਂ ਵੱਧ ਨੁਕਸਾਨ ਧਾਰਮਿਕ ਹਉਮੈ ਨੇ ਕੀਤਾ ਹੈ। ਅੱਜ ਤੱਕ ਮਨੁੱਖਤਾ ਦਾ ਜਿੰਨਾ ਲਹੂ ਧਰਮ ਦੇ ਨਾਂ 'ਤੇ ਵੀਟਿਆ ਹੈ, ਸ਼ਾਇਦ ਹੋਰ ਕਿਸੇ ਕਾਰਨ ਏਨਾ ਨਹੀਂ। ਵੀਹਵੀਂ ਸਦੀ ਦੇ ਆਖਰੀ ਦਹਾਕਿਆਂ ਵਿਚ ਤੇ ਹੁਣ ਇੱਕੀਵੀਂ ਸਦੀ ਵਿਚ ਧਾਰਮਿਕ ਅਤਿਵਾਦ ਵਜੋਂ ਇਸ ਦਾ ਰੂਪ ਹੋਰ ਵੀ ਭਿਆਨਕ ਹੋ ਗਿਆ ਹੈ। ਉਸ ਦੀ ਵਜ੍ਹਾ ਇਹ ਹੈ ਕਿ ਹੁਣ ਧਰਮ ਦੇ ਨਾਂ 'ਤੇ ਜੋ ਅਤਿਵਾਦ ਚੱਲ ਰਿਹਾ, ਉਹ ਅਤਿ-ਆਧੁਨਿਕ ਹਥਿਆਰਾਂ ਨਾਲ ਲੈਸ ਆਮ ਲੋਕਾਈ ਦੀ ਜਾਨ ਨੂੰ ਜ਼ੋਖਮ ਵਿਚ ਹੀ ਪਾ ਰਿਹਾ ਹੈ। ਦੂਸਰਾ, ਧਰਮ ਦੀ ਗਲਤ ਮਨਸੂਬਿਆਂ ਲਈ ਹੋ ਰਹੀ ਵਰਤੋਂ ਅਤੇ ਪੁਜਾਰੀ/ਮੁੱਲਾਂ/ਧਰਮ ਦੇ ਠੇਕੇਦਾਰਾਂ ਵੱਲੋਂ ਇਸ ਦੀ ਸਹੂਲਤ-ਅਨੁਸਾਰ ਜਾਂ ਸਵਾਰਥ-ਪੂਰਤੀ ਲਈ ਕੀਤੀ ਵਿਆਖਿਆ ਅਤੇ ਧਰਮ ਦੀ ਸਿਆਸੀ ਹਿਤਾਂ ਲਈ ਵਰਤੋਂ ਹੈ ਜਿਸ ਦਾ ਖਮਿਆਜਾ ਆਮ ਜਨਤਾ ਨੂੰ ਭੁਗਤਣਾ ਪੈਂਦਾ ਹੈ।

ਹੁਣੇ ਹੁਣੇ 13 ਨਵੰਬਰ ਦੀ ਸ਼ਾਮ ਨੂੰ ਇਸਲਾਮਿਕ ਸਟੇਟ (ਸੀਰੀਆ ਅਤੇ ਇਰਾਕ) ਵੱਲੋਂ ਫਰਾਂਸ ਦੀ ਰਾਜਧਾਨੀ ਪੈਰਿਸ ਵਿਚ ਚਾਰ ਥਾਈਂ ਪਬਲਿਕ ਥਾਵਾਂ, ਥਿਏਟਰ ਅਤੇ ਸਟੇਡੀਅਮ ਆਦਿ 'ਤੇ ਹਮਲੇ ਕੀਤੇ ਗਏ। ਕਿਹਾ ਜਾਂਦਾ ਹੈ ਕਿ ਦੂਸਰੀ ਸੰਸਾਰ ਜੰਗ ਤੋਂ ਬਾਅਦ ਫਰਾਂਸ ਦੀ ਧਰਤੀ 'ਤੇ ਇਹ ਸਭ ਤੋਂ ਵੱਧ ਭਿਆਨਕ ਅਤੇ ਯੂਰਪੀਅਨ ਯੂਨੀਅਨ ਵਿਚ ਮੈਡਰਿਡ ਟਰੇਨ-ਬੰਬਿੰਗ ਤੋਂ ਬਾਅਦ ਸਭ ਤੋਂ ਵੱਧ ਭਿਆਨਕ ਹਮਲੇ ਸਨ। ਇਨ੍ਹਾਂ ਹਮਲਿਆ ਵਿਚ ਕਰੀਬ 130 ਲੋਕ ਮਾਰੇ ਗਏ, 368 ਜ਼ਖਮੀ ਹੋ ਗਏ ਅਤੇ ਸੌ ਦੇ ਕਰੀਬ ਗੰਭੀਰ ਰੂਪ ਵਿਚ ਜ਼ਖਮੀ ਹੋਏ। ਸ਼ਿਕਾਰ ਹੋਏ ਇਨ੍ਹਾਂ ਲੋਕਾਂ ਦਾ ਕੀ ਕਸੂਰ ਸੀ ਭਲਾਂ? ਇਸਲਾਮਿਕ ਸਟੇਟ ਨੇ ਦੋਸ਼ ਲਾਇਆ ਹੈ ਕਿ ਇਹ ਹਮਲੇ ਇਰਾਕ ਅਤੇ ਸੀਰੀਆ ਦੀਆਂ ਘਰੇਲੂ ਜੰਗਾਂ ਵਿਚ ਫਰਾਂਸ ਦੀ ਸ਼ਮੂਲੀਅਤ ਕਾਰਨ ਕੀਤੇ ਹਨ ਪਰ ਇਹ ਇੱਕ ਕੋਰਾ ਬਹਾਨਾ ਹੈ ਕਿਉਂਕਿ ਫਰਾਂਸ ਸਰਕਾਰ ਦੀ ਜੇ ਕੋਈ ਵੀ ਕਾਰਵਾਈ ਹੈ ਤਾਂ ਉਸ ਲਈ ਫਰਾਂਸ ਦੀ ਆਮ ਜਨਤਾ ਨੂੰ ਕਿਵੇਂ ਜ਼ਿੰਮੇਵਾਰ ਠਹਿਰਾਇਆ ਜਾ ਸਕਦਾ ਹੈ? ਮਰਨ ਵਾਲੇ ਅਤੇ ਜ਼ਖਮੀ ਹੋਣ ਵਾਲੇ ਇਹ ਸਭ ਬੇਗੁਨਾਹ ਹਨ ਜਿਨ੍ਹਾਂ ਵਿਚ ਬੱਚੇ, ਬੁੱਢੇ ਅਤੇ ਔਰਤਾਂ ਸ਼ਾਮਲ ਹਨ; ਹੋ ਸਕਦਾ ਹੈ ਇਨ੍ਹਾਂ ਵਿਚ ਕੁਝ ਮੁਸਲਮਾਨ ਵੀ ਹੋਣ। ਇਨ੍ਹਾਂ ਹਮਲਿਆਂ ਨੇ ਫਰਾਂਸ ਦੀ ਧਰਤੀ 'ਤੇ ਮੁਸਲਮਾਨ ਭਰਾਵਾਂ ਲਈ ਜਿਨ੍ਹਾਂ ਮੁਸੀਬਤਾਂ ਨੂੰ ਸੱਦਾ ਦਿੱਤਾ ਹੈ, ਉਸ ਬਾਰੇ ਤਾਂ ਬਾਅਦ ਵਿਚ ਪਤਾ ਲੱਗੇਗਾ ਪਰ ਦੁਨੀਆਂ ਦੇ ਦੂਸਰੇ ਮੁਲਕਾਂ ਵਿਚ ਰਹਿ ਰਹੇ ਮੁਸਲਮਾਨਾਂ ਲਈ ਵੀ ਕੋਈ ਘੱਟ ਮੁਸੀਬਤ ਨਹੀਂ ਛੇੜੀ ਕਿਉਂਕਿ ਸਿਰ-ਫਿਰੇ ਅਤੇ ਜਨੂੰਨੀ ਕਿਸਮ ਦੇ ਲੋਕ ਹਰ ਮੁਲਕ, ਹਰ ਭਾਈਚਾਰੇ ਅਤੇ ਧਰਮ ਵਿਚ ਮਿਲ ਜਾਂਦੇ ਹਨ। ਅਜਿਹੇ ਜਨੂੰਨੀ ਖਾਸ ਪਛਾਣ ਵਾਲੇ ਭੋਲੇ ਭਾਲੇ ਲੋਕਾਂ ਨੂੰ ਹੇਟ-ਕਰਾਈਮ ਦਾ ਸ਼ਿਕਾਰ ਬਣਾਉਣ ਤੋਂ ਗੁਰੇਜ਼ ਨਹੀਂ ਕਰਦੇ।



ਪੈਰਿਸ ਹਮਲਿਆਂ ਤੋਂ ਇੱਕ ਦਮ ਬਾਅਦ ਸ਼ਾਮ ਨੂੰ, ਇੱਕ ਖਬਰ ਅਨੁਸਾਰ, ਇੰਗਲੈਂਡ ਦੇ ਪਿਕਾਡਲੀ ਸਰਕਸ ਟਿਊਬ ਸਟੇਸ਼ਨ 'ਤੇ ਖੜੀ ਇੱਕ ਮੁਸਲਮਾਨ ਬੀਬੀ ਨੂੰ ਉਸ ਦੇ ਕਾਫੀ ਪਿੱਛੇ ਖੜੇ ਇੱਕ ਆਦਮੀ ਨੇ ਟਰੇਨ ਆਉਣ 'ਤੇ ਇੱਕ ਦਮ ਧੱਕਾ ਦੇ ਕੇ ਟਰੇਨ ਅੱਗੇ ਸੁੱਟਣ ਦੀ ਕੋਸ਼ਿਸ਼ ਕੀਤੀ। ਉਹ ਬੀਬੀ ਟਰੇਨ ਅੱਗੇ ਡਿਗ ਕੇ ਮਰਨ ਤੋਂ ਤਾਂ ਬਚ ਗਈ ਪਰ ਉਸ ਦੇ ਚਿਹਰੇ 'ਤੇ ਕਾਫੀ ਸੱਟਾਂ ਲੱਗ ਗਈਆਂ। ਜਿਵੇਂ ਪਹਿਲਾਂ ਵੀ ਗੱਲ ਕੀਤੀ ਹੈ ਕਿ ਸੰਸਾਰ ਹੁਣ ਇੱਕ ਗਲੋਬਲ ਪਿੰਡ ਦੀ ਤਰ੍ਹਾਂ ਹੈ ਅਤੇ ਹਰ ਮੁਲਕ ਵਿਚ ਹਰ ਭਾਈਚਾਰੇ ਅਤੇ ਹਰ ਧਰਮ ਨੂੰ ਮੰਨਣ ਵਾਲੇ ਲੋਕ ਮਿਲ ਜਾਂਦੇ ਹਨ। ਇਸੇ ਤਰ੍ਹਾਂ ਮੁਸਲਮਾਨ ਭਾਈਚਾਰਾ ਵੀ ਸੰਸਾਰ ਭਰ ਵਿਚ ਫੈਲਿਆ ਹੋਇਆ ਹੈ। ਦੁਨੀਆਂ ਭਰ ਵਿਚ ਵਸਣ ਵਾਲੇ ਆਮ ਮੁਸਲਮਾਨ ਦਾ ਪੈਰਿਸ 'ਤੇ ਹੋਏ ਹਮਲਿਆਂ ਨਾਲ ਕੋਈ ਸਬੰਧ ਨਹੀਂ ਹੈ ਅਤੇ ਉਨ੍ਹਾਂ ਨੂੰ ਉਸ ਗੁਨਾਹ ਦੀ ਸਜ਼ਾ ਕਿਉਂ ਮਿਲੇ ਜੋ ਉਨ੍ਹਾਂ ਨੇ ਕੀਤਾ ਹੀ ਨਹੀਂ ਹੈ? ਉਸੇ ਸ਼ਾਮ ਨੂੰ ਨਿਊ ਯਾਰਕ ਦੇ ਮਨਹਟਨ ਇਲਾਕੇ ਦੀ ਕਹਾਣੀ 23 ਸਾਲ ਦੇ ਨੌਜੁਆਨ ਅਲੈਕਸ ਮੈਲੋਇ ਨਾਂ ਦੇ ਹੇਅਰ-ਡਰੈਸਰ ਨੇ ਇੰਟਰਨੈਟ 'ਤੇ ਨਸ਼ਰ ਕੀਤੀ ਹੈ। ਉਸ ਅਨੁਸਾਰ ਪੈਰਿਸ ਹਮਲਿਆਂ ਪਿਛੋਂ ਉਸ ਨੇ ਮਨਹਟਨ ਇਲਾਕੇ ਵਿਚ ਰਾਤੀਂ ਕੋਈ 11 ਵਜੇ ਟੈਕਸੀ ਪਕੜੀ ਤਾਂ ਟੈਕਸੀ ਵਾਲੇ ਨੇ ਅੱਖਾਂ ਭਰ ਕੇ ਕਿਹਾ ਕਿ ਦੋ ਘੰਟਿਆਂ ਵਿਚ ਉਸ ਨੂੰ ਇਹ ਪਹਿਲੀ ਸਵਾਰੀ ਮਿਲੀ ਹੈ। ਕੋਈ ਸਵਾਰੀ ਉਸ ਦੀ ਟੈਕਸੀ ਵਿਚ ਇਸ ਲਈ ਨਹੀਂ ਬੈਠੀ ਕਿ ਉਹ ਮੁਸਲਮਾਨ ਹੈ। ਉਸ ਨੇ ਪ੍ਰਸ਼ਨ ਕੀਤਾ ਕਿ ਉਹ ਪੈਰਿਸ ਦੇ ਹਮਲਿਆਂ ਵਿਚ ਸ਼ਾਮਲ ਨਹੀਂ ਹੈ, ਫਿਰ ਉਸ ਦਾ ਕੀ ਕਸੂਰ ਹੋਇਆ? ਸਿਰਫ ਇਹ ਕਿ ਉਹ ਇੱਕ ਮੁਸਲਮਾਨ ਹੈ! ਅਲੈਕਸ ਮਲੋਇ ਨੇ ਉਸ ਨੂੰ ਕਿਹਾ ਕਿ ਆਪਾਂ ਸਭ ਇੱਕੋ ਜਿਹੇ ਹਾਂ ਮਾਨਵ ਹੋਣ ਦੇ ਨਾਤੇ ਆਪਣੇ ਵਿਚ ਕੋਈ ਫਰਕ ਨਹੀਂ ਹੈ। ਆਪਣੇ ਲਈ ਅਜਿਹੇ ਸ਼ਬਦ ਕਿਸੇ ਦੇ ਮੂੰਹ ਤੋਂ ਸੁਣ ਕੇ ਟੈਕਸੀ ਡਰਾਈਵਰ ਬਹੁਤ ਭਾਵੁਕ ਹੋ ਗਿਆ। ਅਲੈਕਸ ਨੇ ਅਪੀਲ ਕੀਤੀ ਹੈ ਕਿ ਕਿਰਪਾ ਕਰਕੇ ਉਨ੍ਹਾਂ ਮਾਸੂਮ ਲੋਕਾਂ 'ਤੇ ਸਿਰਫ ਇਸ ਲਈ ਦੋਸ਼ ਨਾ ਲਾਉ ਕਿ ਉਹ ਕਿਸੇ ਖਾਸ ਧਰਮ ਦੇ ਹਨ।

ਉਪਰੋਕਤ ਘਟਨਾਵਾਂ ਦੀ ਤਰ੍ਹਾਂ ਭੋਲੇ ਭਾਲੇ ਲੋਕਾਂ ਨੂੰ ਸਿਰਫ ਹੇਟ-ਕਰਾਈਮ ਦਾ ਸ਼ਿਕਾਰ ਹੀ ਨਹੀਂ ਹੋਣਾ ਪੈਂਦਾ, ਬਲਕਿ ਸੀਰੀਆ ਦੇ ਆਮ ਲੋਕ ਵੀ ਇਸ ਦੀ ਮਾਰ ਝੱਲ ਰਹੇ ਹਨ। ਇੱਕ ਪਾਸੇ ਉਹ ਇਸਲਾਮਕ ਸਟੇਟ ਕਾਰਨ ਛਿੜੇ ਘਰੇਲੂ ਯੁੱਧ ਵਿਚ ਹਰ ਰੋਜ਼ ਅਨੇਕ ਕਿਸਮ ਦੀਆਂ ਦੁਸ਼ਵਾਰੀਆਂ ਵਿਚੋਂ ਲੰਘ ਰਹੇ ਹਨ, ਦੂਸਰੇ ਪਾਸੇ ਰੂਸ ਅਤੇ ਫਰਾਂਸ ਵੱਲੋਂ ਕੀਤੀ ਜਾ ਰਹੀ ਬੰਬਾਰੀ ਦਾ ਸ਼ਿਕਾਰ ਹੋ ਰਹੇ ਹਨ। ਇਸ ਤਰ੍ਹਾਂ ਲੋਕ ਦੋਹਰਾ ਸੰਤਾਪ ਭੋਗਦੇ ਹਨ। ਸ਼ੁਕਰਵਾਰ ਦੀ ਸਵੇਰ ਨੂੰ ਇਸਲਾਮਿਕ ਅਤਿਵਾਦੀਆਂ ਨੇ ਜਿਸ ਦੀ ਜ਼ਿੰਮੇਵਾਰੀ ਅਲ-ਕਾਇਦਾ ਨੇ ਲਈ ਹੈ, ਬੰਦੂਕਾਂ ਅਤੇ ਗਰਨੇਡਾਂ ਨਾਲ ਲੈਸ ਹੋ ਕੇ, ਮਾਲੀ ਦੀ ਰਾਜਧਾਨੀ ਬਾਮਾਕੋ ਵਿਚ ਰੈਡੀਸਨਬਲੂ ਲਗਜ਼ਰੀ ਹੋਟਲ ਨੂੰ ਨਿਸ਼ਾਨਾ ਬਣਾਇਆ ਅਤੇ ਇਸ ਵਿਚ ਠਹਿਰੇ ਕਰੀਬ 170 ਲੋਕਾਂ ਨੂੰ ਬੰਦੀ ਬਣਾ ਲਿਆ। ਭਾਵੇਂ ਸਕਿਉਰਟੀ ਫੋਰਸਾਂ ਨੇ ਬੰਦੀਆਂ ਨੂੰ ਰਿਹਾ ਕਰਵਾ ਲਿਆ ਪਰ ਘੱਟੋ ਘੱਟ 27 ਲੋਕ ਆਪਣੀ ਜਾਨ ਗੁਆ ਬੈਠੇ ਹਨ। ਇਥੇ ਠਹਿਰਨ ਵਾਲੇ ਲੋਕ ਵੱਖ ਵੱਖ ਮੁਲਕਾਂ ਚੀਨ, ਭਾਰਤ, ਬੈਲਜੀਅਮ, ਅਲਜੀਰੀਆ, ਤੁਰਕੀ, ਜਰਮਨੀ, ਫਰਾਂਸ ਅਤੇ ਅਮਰੀਕਾ ਤੋਂ ਸਨ। ਛੁੱਟ ਕੇ ਬਾਹਰ ਆਉਣ ਵਾਲੇ ਇੱਕ ਵਿਅਕਤੀ ਅਨੁਸਾਰ ਉਹ ਲੋਕ ਅਰਬੀ ਵਿਚ ਨਾਹਰੇ ਲਾ ਰਹੇ ਸਨ ਅਤੇ ਵਿਚੋਂ ਕੁੱਝ ਕੁ ਅੰਗਰੇਜ਼ੀ ਵੀ ਬੋਲ ਰਹੇ ਸਨ। ਇਨ੍ਹਾਂ ਘਟਨਾਵਾਂ ਤੋਂ ਇਹ ਅੰਦਾਜ਼ਾ ਸਹਿਜ ਹੀ ਲੱਗ ਸਕਦਾ ਹੈ ਕਿ ਅੱਜ ਦੇ ਯੁੱਗ ਵਿਚ ਆਮ ਇਨਸਾਨ ਮਹਿਫੂਜ਼ ਨਹੀਂ ਹੈ।

## ਬ੍ਰਹਮੈ ਗਰਬੁ ਕੀਆ ਨਹੀ ਜਾਨਿਆ

ਗੁਰਬਾਣੀ ਗਿਆਨ

**ਗਉੜੀ ਮਹਲਾ ੧**

ਬ੍ਰਹਮੈ ਗਰਬੁ ਕੀਆ ਨਹੀ ਜਾਨਿਆ॥
ਬੇਦ ਕੀ ਬਿਪਤਿ ਪੜੀ ਪਛੁਤਾਨਿਆ॥
ਜਹ ਪ੍ਰਭ ਸਿਮਰੇ ਤਹੀ ਮਨੁ ਮਾਨਿਆ॥੧॥
ਐਸਾ ਗਰਬੁ ਬੁਰਾ ਸੰਸਾਰੈ॥
ਜਿਸੁ ਗੁਰੁ ਮਿਲੈ
ਤਿਸੁ ਗਰਬੁ ਨਿਵਾਰੈ॥੧॥ ਰਹਾਉ॥
ਬਲਿ ਰਾਜਾ ਮਾਇਆ ਅਹੰਕਾਰੀ॥
ਜਗਨ ਕਰੈ ਬਹੁ ਭਾਰ ਅਫਾਰੀ॥
ਬਿਨੁ ਗੁਰ ਪੂਛੇ ਜਾਇ ਪਇਆਰੀ॥੨॥
ਹਰੀਚੰਦੁ ਦਾਨੁ ਕਰੈ ਜਸੁ ਲੇਵੈ॥
ਬਿਨੁ ਗੁਰ ਅੰਤੁ ਨ ਪਾਇ ਅਭੇਵੈ॥
ਆਪਿ ਭੁਲਾਇ ਆਪੇ ਮਤਿ ਦੇਵੈ॥੩॥
ਦੁਰਮਤਿ ਹਰਣਾਖਸੁ ਦੁਰਾਚਾਰੀ॥
ਪ੍ਰਭੁ ਨਾਰਾਇਣੁ ਗਰਬ ਪ੍ਰਹਾਰੀ॥
ਪ੍ਰਹਲਾਦ ਉਧਾਰੇ ਕਿਰਪਾ ਧਾਰੀ॥੪॥

ਗੁਰੂ ਨਾਨਕ ਪਾਤਸ਼ਾਹ ਉਪਦੇਸ਼ ਕਰਦੇ ਹਨ- ਬ੍ਰਹਮਾ ਨੇ ਅਕਾਲ ਪੁਰਖ ਦੀ ਮਹਾਨਤਾ ਨੂੰ ਨਾ ਸਮਝ ਕੇ ਹੰਕਾਰ ਕੀਤਾ ਕਿ ਮੈਂ ਇੰਨਾ ਵੱਡਾ ਹਾਂ ਤੇ ਕਵਲ ਦੀ ਨਾੜੀ ਵਿਚੋਂ ਕਿਵੇਂ ਪੈਦਾ ਹੋ ਸਕਦਾ ਹਾਂ। ਉਸ ਦੇ ਵੇਦ ਚੋਰੀ ਹੋ ਜਾਣ ਦੀ ਬਿਪਤਾ ਉਸ ਉਤੇ ਆ ਪਈ, ਤਾਂ ਬ੍ਰਹਮਾ ਨੂੰ ਪਛਤਾਵਾ ਹੋਇਆ ਕਿ ਮੈਂ ਹੰਕਾਰ ਕਿਉਂ ਕੀਤਾ। ਸਿਰ 'ਤੇ ਮੁਸੀਬਤ ਪਈ ਵੇਖ ਬ੍ਰਹਮਾ ਨੇ ਪ੍ਰਭੂ ਦੀ ਅਰਾਧਨਾ ਕੀਤੀ, ਤਾਂ ਪ੍ਰਭੂ ਨੇ ਉਸ ਦੀ ਸਹਾਇਤਾ ਕੀਤੀ। ਬ੍ਰਹਮਾ ਨੂੰ ਯਕੀਨ ਆਇਆ ਕਿ ਪ੍ਰਭੂ ਹੀ ਸਭ ਤੋਂ ਵੱਡਾ ਹੈ।

ਐਸਾ ਗਰਬੁ ਬੁਰਾ ਸੰਸਾਰੈ॥
ਜਿਸੁ ਗੁਰੁ ਮਿਲੈ
ਤਿਸੁ ਗਰਬੁ ਨਿਵਾਰੈ॥੧॥ ਰਹਾਉ॥

ਸਾਹਿਬ ਸ੍ਰੀ ਗੁਰੂ ਨਾਨਕ ਇਸ ਸ਼ਬਦ ਰਾਹੀਂ ਜੀਵਾਂ ਨੂੰ ਉਪਦੇਸ਼ ਕਰਦੇ ਹਨ- ਹੇ ਭਾਈ! ਇਸ ਸੰਸਾਰ ਵਿਚ ਗਰਬੁ, ਭਾਵ ਹੰਕਾਰ ਐਸਾ ਭਿਆਨਕ ਰੋਗ ਹੈ ਜੋ ਸਭ ਤੋਂ ਭੈੜਾ ਹੈ, ਆਪਣੇ ਆਪ ਨੂੰ ਵੱਡੇ ਅਖਵਾਉਣ ਵਾਲੇ ਜਦੋਂ ਇਸ ਦੇ ਜਾਲ ਵਿਚ ਫਸੇ ਤਾਂ ਰੱਜ ਕੇ ਖੁਆਰ ਹੋਏ; ਜਿਸੁ ਗੁਰੁ ਮਿਲੈ ਤਿਸੁ ਗਰਬੁ ਨਿਵਾਰੈ, ਪਰ ਜਿਸ ਵਡਭਾਗੇ ਜੀਵ ਨੂੰ ਗੁਰੂ ਮਿਲ ਪੈਂਦਾ ਹੈ, ਉਸ ਦਾ ਹੰਕਾਰ ਦੂਰ ਕਰ ਕੇ ਉਸ ਦਾ ਜੀਵਨ ਸਵਾਰ ਦਿੰਦਾ ਹੈ।

ਬਲਿ ਰਾਜਾ ਮਾਇਆ ਅਹੰਕਾਰੀ॥
ਜਗਨ ਕਰੈ ਬਹੁ ਭਾਰ ਅਫਾਰੀ॥
ਬਿਨੁ ਗੁਰ ਪੂਛੇ ਜਾਇ ਪਇਆਰੀ॥੨॥

ਬਲਿ ਰਾਜੇ ਨੂੰ ਮਾਇਆ ਦਾ ਇੰਨਾ ਹੰਕਾਰ ਹੋਇਆ ਕਿ ਉਹ ਹੰਕਾਰ ਨਾਲ ਆਫਰ ਗਿਆ, ਉਸ ਨੇ ਇੰਦਰ ਦਾ ਸਿੰਘਾਸਨ ਖੋਹਣ ਲਈ ਇਕੋਤ੍ਰ ਸੌ ਜੱਗ ਕੀਤੇ, ਜੇ ਅਖੀਰਲਾ ਜੱਗ ਸਿਰੇ ਚੜ੍ਹ ਜਾਂਦਾ ਤਾਂ ਉਹ ਇੰਦਰ ਤੋਂ ਰਾਜ ਖੋਹ ਲੈਂਦਾ। ਇੰਦਰ ਨੇ ਵਿਸ਼ਨੂੰ ਤੋਂ ਸਹਾਇਤਾ ਮੰਗੀ ਤਾਂ ਉਹ ਬ੍ਰਾਹਮਣ ਦਾ ਰੂਪ ਧਾਰ ਕੇ ਦਾਨ ਲੈਣ ਆ ਗਿਆ। ਗੁਰੂ ਸੁਕਰ ਨੇ ਬਲਿ ਨੂੰ ਸਮਝਾਇਆ ਕਿ ਵਿਸ਼ਨੂੰ ਤੈਨੂੰ ਛਲਨ ਲਈ ਆਇਆ ਹੈ, ਬਲਿ ਨੇ ਗੁਰੂ ਦੀ ਗੱਲ ਨਾ ਸੁਣੀ। ਇਸ ਲਈ ਬਲਿ ਨੂੰ ਪਤਾਲ ਵਿਚ ਜਾਣਾ ਪਿਆ।

ਹਰੀਚੰਦੁ ਦਾਨੁ ਕਰੈ ਜਸੁ ਲੇਵੈ॥
ਬਿਨੁ ਗੁਰ ਅੰਤੁ ਨ ਪਾਇ ਅਭੇਵੈ॥
ਆਪਿ ਭੁਲਾਇ ਆਪੇ ਮਤਿ ਦੇਵੈ॥੩॥

ਸਤਯਵਾਦੀ ਰਾਜਾ ਹਰੀਚੰਦ ਧਰਮੀ ਤੇ ਦਾਨੀ ਹੋਇਆ ਹੈ, ਪਰ ਇਸ ਨੂੰ ਆਪਣੇ ਜਸ ਦਾ ਹੰਕਾਰ ਹੋ ਗਿਆ, ਦਾਨ ਦੀ ਸੋਭਾ ਸੁਣ ਕੇ ਵਿਸ਼ਵਾਮਿਤਰ ਨੇ ਇਸ ਨੂੰ ਪਰਖਣਾ ਚਾਹਿਆ ਤੇ ਰਾਜੇ ਤੋਂ ਦਾਨ ਵਿਚ ਉਸ ਦਾ ਰਾਜ ਮੰਗ ਲਿਆ। ਰਾਜੇ ਨੇ ਆਪਣੇ ਗੁਰੂ ਵਸ਼ਿਸ਼ਟ ਦੀ ਗੈਰ-ਮੌਜੂਦਗੀ ਵਿਚ ਹੀ ਰਾਜ ਦਾਨ ਕਰ ਦਿੱਤਾ। ਰਾਜੇ ਨੇ ਗੁਰੂ ਤੋਂ ਮੱਤ ਨਾ ਲਈ ਤੇ ਬਾਜ਼ਾਰਾਂ ਵਿਚ ਵਿਕਦਾ ਰਿਹਾ, ਜਦੋਂ ਪ੍ਰਭੂ ਦੀ ਸ਼ਰਨ ਪਿਆ ਤਾਂ ਰਾਜੇ ਦੀ ਜੈ-ਜੈ ਕਾਰ ਹੋਈ।

ਦੁਰਮਤਿ ਹਰਣਾਖਸੁ ਦੁਰਾਚਾਰੀ॥
ਪ੍ਰਭੁ ਨਾਰਾਇਣੁ ਗਰਬ ਪ੍ਰਹਾਰੀ॥
ਪ੍ਰਹਲਾਦ ਉਧਾਰੇ ਕਿਰਪਾ ਧਾਰੀ॥੪॥

ਮੁਲਤਾਨ ਦਾ ਰਾਜਾ ਹਰਨਾਕਸ਼ ਭੈੜੀ ਮੱਤ ਕਾਰਨ ਦੁਰਾਚਾਰੀ ਹੋ ਗਿਆ ਤੇ ਅਤਿਆਚਾਰੀ ਬਣ ਗਿਆ, ਲੱਗਾ ਆਪਣਾ ਨਾਮ ਜਪਾਉਣ, ਪਰ ਉਹ ਪ੍ਰਭੂ ਨਰਾਇਣ ਤਾਂ ਹੰਕਾਰੀਆਂ ਦੇ ਹੰਕਾਰ ਦੂਰ ਕਰਨ ਵਾਲਾ ਹੈ, ਹਰਨਾਕਸ਼ ਦੇ ਘਰ ਪ੍ਰਹਲਾਦ ਪੈਦਾ ਹੋਇਆ ਤੇ ਪਿਤਾ ਦਾ ਨਾਮ ਨਾ ਜਪ ਕੇ ਲੱਗਾ ਪ੍ਰਭੂ ਦਾ ਨਾਮ ਜਪਣ, ਹਰਨਾਕਸ਼ ਨੇ ਪ੍ਰਹਲਾਦ ਨੂੰ ਮਾਰਨ ਲਈ ਅਨੇਕਾਂ ਤਸੀਹੇ ਦਿੱਤੇ, ਤਾਂ ਪ੍ਰਭੂ ਨੇ ਨਰ ਸਿੰਘ ਦਾ ਰੂਪ ਧਾਰ ਕੇ ਪ੍ਰਹਲਾਦ ਦੀ ਰੱਖਿਆ ਕੀਤੀ ਅਤੇ ਹਰਨਾਕਸ਼ ਦਾ ਮਾਨ ਤੋੜਿਆ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

# ਆਧੁਨਿਕ ਬੋਧ ਦੇ ਪਿਤਾਮਾ:ਗੁਰੂ ਨਾਨਕ ਸਾਹਿਬ

ਪਦਾਰਥਕ ਅਤੇ ਬੌਧਿਕ ਵਿਕਾਸ ਨਿਰੰਤਰ ਜਾਰੀ ਰਹਿਣ ਵਾਲੀ ਪ੍ਰਕ੍ਰਿਆ ਹੈ। ਆਧੁਨਿਕ ਯੁਗ ਨੂੰ ਵਿਗਿਆਨਕ ਲਭਤਾ ਤੋਂ ਇਲਾਵਾ ਕਾਰਲ ਮਾਰਕਸ, ਫਰਾਇਡ, ਆਇਨ-ਸਟਾਇਨ, ਥਾਮਸ ਮੋਰ, ਮਾਰਟਿਨ ਲੂਥਰ ਆਦਿ ਵਲੋਂ ਬੌਧਿਕ ਵਿਕਾਸ ਦੇ ਖੇਤਰ ਵਿਚ ਪਾਏ ਪੂਰਨਿਆਂ ਬਾਰੇ ਭਾਵੇਂ ਕੌਮਾਂਤਰੀ ਪੱਧਰ ਉਤੇ ਚਰਚਾ ਹੋਈ ਹੈ ਪਰ ਗੁਰੂ ਨਾਨਕ ਸਾਹਿਬ, ਜਿਨ੍ਹਾਂ ਦਾ ਜਨਮ ਮਧ ਯੁਗ ਦੇ ਅੰਤਲੇ ਸਾਲਾਂ ਵਿਚ ਮੰਨਿਆ ਜਾ ਸਕਦਾ ਹੈ, ਵਲੋਂ ਆਧੁਨਿਕ ਯੁਗ ਦੀ ਸਿਰਜਣਾ ਲਈ ਪਾਏ ਯੋਗਦਾਨ ਤੋਂ ਅਜੇ ਦੁਨੀਆਂ ਜਾਣੂੰ ਨਹੀਂ। ਇਹ ਲੇਖ ਇਸ ਪਾਸੇ ਧਿਆਨ ਦਿਵਾਉਣ ਦਾ ਇਕ ਨਿਮਾਣਾ ਜਿਹਾ ਯਤਨ ਹੈ।

ਆਧੁਨਿਕਤਾ ਵਿਚੋਂ ਆਧੁਨਿਕ ਬੋਧ ਜਨਮ ਲੈਂਦਾ ਹੈ। ਮੂਲਾਂ ਦੇ ਟਕਰਾਅ ਵਿਚੋਂ ਨਵੀਂਆਂ

**ਡਾ. ਗੁਰਸ਼ਰਨਜੀਤ ਸਿੰਘ**

ਕੀਮਤਾਂ ਨੂੰ ਲਭਣ ਅਤੇ ਪੁਰਾਣੀਆਂ ਰੂੜ੍ਹੀਆਂ ਨੂੰ ਤਿਆਗਣ ਦੀ ਪ੍ਰਕ੍ਰਿਆ ਆਧੁਨਿਕ ਬੋਧ ਨੂੰ ਜਨਮ ਦਿੰਦੀ ਹੈ। ਗੁਰੂ ਨਾਨਕ ਸਾਹਿਬ ਨੇ ਭਾਰਤ ਵਿਚ ਸਥਾਪਤ ਕਦਰਾਂ-ਕੀਮਤਾਂ ਵਿਚੋਂ ਬਹੁਤ ਸਾਰੀਆਂ ਨੂੰ ਰਦ ਕੀਤਾ। ਬਹੁ-ਦੇਵਵਾਦ, ਮੂਰਤੀ ਪੂਜਾ, ਜਾਤ-ਪਾਤ, ਮਾਇਆਵਾਦ ਦੀ ਥਾਂ ਇਕ ਈਸ਼ਵਰਵਾਦ ਤੇ ਭਰਾਤਰੀਵਾਦ ਦੀ ਸਥਾਪਨਾ ਕੀਤੀ। ਗੁਰੂ ਨਾਨਕ ਸਾਹਿਬ ਭਾਰਤੀ ਧਾਰਮਿਕ ਮਤਾਂ ਵਲੋਂ ਸਥਾਪਿਤ ਕੀਮਤਾਂ ਦੇ ਉਸ ਤਰ੍ਹਾਂ ਪ੍ਰਸ਼ੰਸਕ ਨਹੀਂ, ਜਿਵੇਂ 19ਵੀਂ ਤੇ 20ਵੀਂ ਸਦੀ ਦੇ ਕੁਝ ਪ੍ਰਸਿਧ ਚਿੰਤਕ ਵਿਵੇਕਾਨੰਦ, ਅਰਬਿੰਦ ਤੇ ਡਾ. ਰਾਧਾ ਕ੍ਰਿਸ਼ਨਨ ਹਨ। ਗੁਰੂ ਜੀ ਨੇ ਭਾਰਤੀ ਸਭਿਆਚਾਰ ਵਿਚੋਂ, ਜੋ ਠੀਕ ਸੀ ਅਪਨਾ ਲਿਆ, ਜੋ ਤਿਆਗਣਯੋਗ ਸੀ, ਉਹ ਤਿਆਗ ਦਿਤਾ। ਉਨ੍ਹਾਂ ਨੇ ਕੌਮੀ ਹਉਮੈ, ਜਿਸ ਨੂੰ 'ਦੇਸ਼ ਭਗਤੀ ਜਾਂ ਇਲਾਕਾਪ੍ਰਸਤੀ' ਕਿਹਾ ਜਾਂਦਾ ਹੈ, ਨੂੰ ਕੋਈ ਮਹਤੱਵ ਨਹੀਂ ਦਿਤਾ। ਗੁਰੂ ਜੀ ਦੀ ਵਿਸ਼ਾਲ ਦ੍ਰਿਸ਼ਟੀ ਬ੍ਰਹਿਮੰਡ ਦੇ ਕਿਨਾਰਿਆਂ ਨੂੰ ਛੂਹਣ ਵਾਲੀ ਹੈ। ਉਨ੍ਹਾਂ ਅਨੁਸਾਰ ਸਾਰਾ ਬ੍ਰਹਿਮੰਡ ਮਨੁਖ ਦਾ ਹੈ। ਇਹ ਉਹ ਨੁਕਤਾ ਹੈ, ਜਿਹੜਾ ਕੌਮਾਂਤਰੀਵਾਦ ਨੂੰ ਵਧਾਉਣ ਵਾਲਾ ਹੈ ਪਰ ਗੁਰੂ ਨਾਨਕ ਸਾਹਿਬ ਦਾ ਕੌਮਾਂਤਰੀਵਾਦ ਕੌਮਪ੍ਰਸਤੀ ਦਾ ਵਿਰੋਧੀ ਵੀ ਨਹੀਂ ਹੈ। ਹਿਤਾਂ ਦੀ ਵਿਸ਼ਾਲਤਾ ਦਾ ਇਹ ਭਾਵ ਨਹੀਂ ਕਿ ਆਪਣੀ ਕੌਮ ਦੇ ਹਿਤ ਵਿਸਾਰ ਦਿਤੇ ਜਾਣ।

ਗੁਰੂ ਨਾਨਕ ਸਾਹਿਬ ਨੇ ਵਹਿਮਾਂ-ਭਰਮਾਂ ਤੇ ਰੂੜ੍ਹੀਆਂ ਤੋ ਇਲਾਵਾ ਕਰਮ-ਕਾਂਡਾਂ ਤੇ ਭੇਖਾ ਦਾ ਖੰਡਨ ਕੀਤਾ। ਇਹ ਸਭ ਕਦਰਾਂ-ਕੀਮਤਾਂ ਸਿੱਖਾਂ ਨੇ ਅਪਨਾ ਲਈਆਂ ਹਨ। ਸੰਗਤ ਤੇ ਪੰਗਤ ਦੀ ਪਰੰਪਰਾ ਨੇ ਮਨੁਖੀ ਬਰਾਬਰੀ, ਭਾਈਚਾਰਾ ਤੇ ਮਾਨਵਵਾਦੀ ਕੀਮਤਾਂ ਦੀ ਸਥਾਪਨਾ ਕੀਤੀ ਹੈ। ਇਸ ਪਰੰਪਰਾ ਦੀ ਨੀਂਹ ਵੀ ਗੁਰੂ ਨਾਨਕ ਸਾਹਿਬ ਨੇ ਹੀ ਰਖੀ ਸੀ। ਸੰਗਤ ਤੇ ਪੰਗਤ ਵਿਚ ਹਰ ਵਿਅਕਤੀ ਬਿਨਾ ਕਿਸੇ ਵਿਤਕਰੇ ਤੋਂ ਸ਼ਾਮਿਲ ਹੋ ਸਕਦਾ ਹੈ। ਇਉਂ ਇਸ ਪਰੰਪਰਾ ਨੇ ਜ਼ਾਤੀ ਹਉਮੈ ਨੂੰ ਸਟ ਮਾਰੀ ਤੇ ਮਨੁਖੀ ਏਕਤਾ ਨੂੰ ਬੜ੍ਹਾਵਾ ਦਿਤਾ।

ਇਕ ਹੋਰ ਮੂਲ, ਜੋ ਭਾਰਤਵਾਸੀਆਂ ਨੂੰ ਗੁਰਮਤਿ ਨੇ ਦਿਤਾ, ਉਹ ਸੀ ਨਿਰਭੈਤਾ ਦਾ। ਜ਼ੁਲਮ ਅਤੇ ਦਬਾਅ ਵਿਰੁਧ ਸੰਘਰਸ਼ ਕਰਨਾ ਸਿੱਖ ਧਰਮ ਤੇ ਸਿੱਖ ਲਹਿਰ ਦਾ ਇਕ ਉਦੇਸ਼ ਰਿਹਾ ਹੈ। ਗੁਰੂ ਨਾਨਕ ਸਾਹਿਬ ਦੀ ਬਾਣੀ ਵਿਚ ਨਿਰਭੈਤਾ ਦੇ ਸਦਗੁਣ ਨੂੰ ਧਾਰਨ ਕਰਨ ਲਈ ਤੇ ਜ਼ਾਲਮ ਰਾਜਿਆਂ ਵਿਰੁਧ ਸੰਘਰਸ਼ ਦੀ ਪ੍ਰੇਰਨਾ ਦਿੰਦਿਆਂ ਕੁਰਬਾਨੀ ਤੇ ਤਿਆਗ ਉਪਰ ਬਲ ਦਿਤਾ ਗਿਆ ਹੈ। ਸਿੱਖੀ ਨੇ ਅਹਿੰਸਾ ਨੂੰ ਆਦਰਸ਼ ਨਾ ਮੰਨਦਿਆਂ ਰਣ-ਤਤੇ ਵਿਚ ਜੂਝ ਮਰਨ ਦੀ ਜਾਚ ਸਿੱਖਾਈ। 'ਅਹਿੰਸਾ ਪਰਮੋ ਧਰਮਾ' ਦੇ ਸਿਧਾਂਤ ਨੇ ਭਾਰਤੀਆਂ ਨੂੰ ਨਿਰਜਿੰਦ ਕਰ ਦਿਤਾ ਸੀ। ਇਸੇ ਨਿਰਭੈਤਾ ਦੀ ਸਪਿਰਟ ਕਾਰਨ ਸਿੱਖਾਂ ਨੇ 18ਵੀਂ ਸਦੀ ਅਤੇ ਭਾਰਤੀ ਸੁਤੰਤਰਤਾ ਦੇ ਅੰਦੋਲਨ ਵਿਚ ਬੇਮਿਸਾਲ ਤੇ ਅਣਗਿਣਤ ਕੁਰਬਾਨੀਆਂ ਦਿਤੀਆਂ।

ਕਿਰਤ ਦਾ ਸਤਿਕਾਰ ਤੇ ਵਿਹਲੜਾਂ ਦਾ ਤ੍ਰਿਸਕਾਰ ਵੀ ਗੁਰੂ ਨਾਨਕ ਸਾਹਿਬ ਦੀ ਬਾਣੀ ਵਿਚ ਬੜੀ ਮਹਤੱਤਾ ਰਖਦਾ ਹੈ। ਗੁਰੂ ਜੀ ਨੇ ਗ੍ਰਹਿਸਥ ਅਤੇ ਕਿਰਤ ਧਾਰਨ ਕਰਨ ਦੀ ਸਿੱਖਿਆ ਦਿਤੀ ਅਤੇ ਦੂਜਿਆਂ ਦੀ ਕਮਾਈ ਨੂੰ ਲੁਟ-ਖਸੁਟ ਜਾਂ ਭੀਖ ਮੰਗ ਕੇ ਪ੍ਰਾਪਤ ਕਰਨ ਨੂੰ ਨਿੰਦਿਆਂ। ਗੁਰੂ ਜੀ ਦੀਆਂ ਨਜ਼ਰਾਂ ਵਿਚ ਵਿਹਲੜ ਬੰਦੇ ਲਈ ਕੋਈ ਸਤਿਕਾਰ ਨਹੀਂ। ਗੁਰੂ ਘਰ ਵਿਚ ਕਿਰਤੀ ਸਿਖਾਂ ਦਾ ਹਮੇਸ਼ਾ ਸਤਿਕਾਰ ਹੋਇਆ ਹੈ। ਸ੍ਰੀ ਅਰਬਿੰਦੂ ਨੇ ਲਿਖਿਆ ਹੈ ਕਿ ਭਾਰਤ ਵਿਚ ਦਰਸ਼ਨ ਦਾ ਵਧੇਰੇ ਵਿਕਾਸ ਹੋਣ ਕਾਰਨ ਇਥੇ 13ਵੀਂ ਸਦੀ ਤੋਂ ਬਾਅਦ ਭੌਤਿਕ ਕੀਮਤਾਂ ਦਾ ਪਤਨ ਹੋਣਾ ਸ਼ੁਰੂ ਹੋਇਆ। ਨਤੀਜ਼ਨ ਲੋਕਾਂ ਨੇ ਖੁਸ਼ਹਾਲੀ ਵਲੋਂ ਮੂੰਹ ਮੋੜ ਕੇ ਸੰਨਿਆਸ ਧਾਰਨ ਕਰਕੇ, ਘਰ-ਬਾਰ ਤਿਆਗ ਕੇ ਜੰਗਲਾਂ-ਪਹਾੜਾਂ ਵਲ ਚਾਲੇ ਪਾ ਦਿਤੇ। ਇਸ ਸੋਚ ਵਿਚ ਸ਼ੰਕਰ ਦੇ ਅਦਵੈਤਵਾਦ ਤੇ ਬੁਧ ਦੇ ਸ਼ੂੰਨਵਾਦ ਦਾ ਬਹੁਤ ਯੋਗਦਾਨ ਸੀ। ਇਸ ਸੋਚ ਬਾਰੇ ਮੈਲਕਾਮ ਡਾਰਲਿੰਗ ਲਿਖਦਾ ਹੈ :

"ਭਾਰਤੀ ਧਰਮ ਮਨੁਖ ਨੂੰ ਮੋਹ ਮਾਇਆ ਦੇ ਤਿਆਗ ਦੀ ਤੇ ਹਿੰਦੂ ਧਰਮ ਤਾਂ ਸਾਰੇ ਸੰਸਾਰ ਨੂੰ ਹੀ ਮਾਇਆ ਸਮਝਣ ਦੀ ਸਿੱਖਿਆ ਦਿੰਦੇ ਰਹੇ ਹਨ। ਸ੍ਰੀ ਰਾਬਿੰਦਰ ਨਾਥ ਟੈਗੋਰ ਅਨੁਸਾਰ ਭਾਰਤੀ ਸਭਿਅਤਾ ਅਸੀਮ ਦੇ ਸੰਕਲਪ ਨਾਲ ਬਝੀ ਰਹੀ, ਜਦ ਕਿ ਪ੍ਰਗਤੀ ਦਾ ਸੰਕਲਪ ਮਨੁਖ ਨੂੰ ਪਦਾਰਥਕ ਵਸਤਾਂ ਦਾ ਵਧ ਤੋਂ ਵਧ ਉਤਪਾਦਨ ਕਰਨ ਦੀ ਪ੍ਰੇਰਨਾ ਦਿੰਦਾ ਹੈ, ਤਾਂ ਜੋ ਉਹ ਆਪਣੀਆਂ ਸੁਖ ਸੁਵਿਧਾਵਾਂ ਵਿਚ ਵਾਧਾ ਕਰ ਸਕੇ।"

ਗੁਰੂ ਨਾਨਕ ਸਾਹਿਬ ਦੀ ਸਿੱਖਿਆ ਦੇ ਨਤੀਜੇ ਵਜੋਂ ਸੰਨਿਆਸਵਾਦ ਨੂੰ ਠਲ੍ਹ ਪਈ ਤੇ ਲੋਕ ਕਿਰਤ ਵਲ ਵਿਸ਼ੇਸ਼ ਤਵਜੋ ਦੇਣ ਲਗੇ। ਇਸ ਦਾ ਪ੍ਰਤਖ ਸਿਟਾ ਇਹ ਸੀ ਕਿ ਸ਼ਹਿਰੀ-ਕਰਣ ਕੀਤਾ ਗਿਆ ਤੇ ਸਿੱਖ ਗੁਰੂਆਂ ਨੇ ਕਈ ਨਵੇਂ ਸ਼ਹਿਰ ਵਸਾ ਕੇ ਉਦਯੋਗ ਆਦਿ ਨੂੰ ਵਧਾਉਣ ਲਈ ਉਪਰਾਲੇ ਕੀਤੇ। ਅਜ ਦੇਸ਼ ਭਰ ਵਿਚੋਂ ਪੰਜਾਬੀ ਸਭ ਤੋਂ ਵਧੇਰੇ ਖੁਸ਼ਹਾਲ ਨਜ਼ਰ ਆਉਂਦੇ ਹਨ ਤੇ ਉਨ੍ਹਾਂ ਨੇ ਪੰਜਾਬ ਵਿਚ ਹਰਾ ਇਨਕਲਾਬ ਲਿਆਉਣ ਪਿਛੋਂ ਹਰਿਆਣਾ, ਰਾਜਸਥਾਨ ਤੇ ਉਤਰ ਪ੍ਰਦੇਸ਼ ਦੀਆਂ ਨਾ-ਵਾਹੁਣਯੋਗ ਜ਼ਮੀਨਾਂ ਨੂੰ ਆਪਣੀ ਮਿਹਨਤ ਸਦਕਾ ਹਰਾ-ਭਰਾ ਕਰਕੇ ਦੇਸ਼ ਦੇ ਖਜ਼ਾਨੇ ਵਿਚ ਵਾਧਾ ਵੀ ਕੀਤਾ ਹੈ ਤੇ ਦੇਸ਼ ਨੂੰ ਆਤਮ-ਨਿਰਭਰ ਕਰਨ ਦੀ ਲਹਿਰ ਵਿਚ ਸਭ ਤੋਂ ਵਧ ਹਿਸਾ ਪਾਇਆ ਹੈ।

ਇਕ ਹੋਰ ਅਹਿਮ ਤਬਦੀਲੀ, ਜੋ ਸਿੱਖ ਸਮਾਜ ਨੇ ਲਿਆਂਦੀ, ਉਹ ਸੀ-ਇਸਤਰੀ ਦਾ ਮਾਣ ਤੇ ਸਨਮਾਨ। ਗੁਰੂ ਨਾਨਕ ਸਾਹਿਬ ਦੀ ਬਾਣੀ ਸਿੱਖਾਂ ਨੂੰ ਇਸਤਰੀ ਦਾ ਸਤਿਕਾਰ ਕਰਨ ਦਾ ਆਦੇਸ਼ ਦਿੰਦੀ ਹੈ। ਬੇਬੇ ਨਾਨਕੀ, ਮਾਤਾ ਖੀਵੀ, ਬੀਬੀ ਭਾਨੀ, ਮਾਤਾ ਗੁਜਰੀ, ਮਾਤਾ ਸਾਹਿਬ ਕੌਰ, ਮਾਈ ਭਾਗੋ, ਰਾਣੀ ਜਿੰਦਾ ਨੇ ਆਪਣਾ ਵਿਸ਼ੇਸ਼ ਸਥਾਨ ਬਣਾ ਰਖਿਆ ਹੈ। 18ਵੀਂ ਸਦੀ ਵਿਚ ਸਿੱਖ ਬੀਬੀਆਂ ਨੇ ਜਿਸ ਦ੍ਰਿੜ੍ਹਤਾ, ਸੂਰਬੀਰਤਾ ਤੇ ਕੁਰਬਾਨੀ ਦੀਆਂ ਮਿਸਾਲਾਂ ਪੇਸ਼ ਕੀਤੀਆਂ, ਉਹ ਸੰਸਾਰ ਵਿਚ ਕਿਧਰੇ ਨਹੀਂ ਮਿਲਦੀਆਂ। ਇਨ੍ਹਾਂ ਬੀਬੀਆਂ ਨੇ ਇਸਤਰੀਤਵ ਦੇ ਜਿਸ ਸਿਖਰ ਨੂੰ ਪ੍ਰਾਪਤ ਕੀਤਾ, ਉਸ ਉਪਰ ਇਸਤਰੀ ਸਮਾਜ ਮਾਣ ਕਰ ਸਕਦਾ ਹੈ। ਪਰਦਾ ਪ੍ਰਥਾ ਤੇ ਸਤੀ ਪ੍ਰਥਾ ਨੂੰ ਸਿੱਖਾਂ ਵਿਚੋਂ ਪੂਰੀ ਤਰ੍ਹਾਂ ਵਖ ਕਰ ਦਿਤਾ ਗਿਆ ਹੈ। ਅੰਤਰਜਾਤੀ ਤੇ ਵਿਧਵਾ ਵਿਆਹ ਨੂੰ ਧਾਰਮਿਕ ਪ੍ਰਵਾਨਗੀ ਹਾਸਲ ਹੈ। ਗੁਰੂ ਨਾਨਕ ਸਾਹਿਬ ਦੀ ਕਲਿਆਣਕਾਰੀ ਸਿੱਖਿਆ ਕਾਰਨ ਸਦੀਆਂ ਤੋਂ ਗੁਲਾਮੀ ਦੀਆਂ ਜ਼ੰਜ਼ੀਰਾਂ ਵਿਚ ਜਕੜੀ ਇਸਤਰੀ ਵਿਚ ਸਵੈ-ਵਿਸ਼ਵਾਸ ਤੇ ਉਸਾਰੂ ਕੰਮ ਕਰਨ ਦੀ ਚਾਹ ਪੈਦਾ ਹੋ ਗਈ। ਸਿੱਖ ਬੀਬੀਆਂ ਨੇ ਧਾਰਮਿਕ ਤੇ ਰਾਜਨੀਤਕ ਜ਼ਿੰਮੇਵਾਰੀ ਨੂੰ ਪੂਰੀ ਯੋਗਤਾ ਅਤੇ ਸਮਰਥਾ ਨਾਲ ਨਿਭਾਇਆ।

ਸ੍ਰੀ ਅਰਬਿੰਦੂ ਦਾ ਕਥਨ ਹੈ, "ਸਿਖਾਂ ਦਾ ਖਾਲਸਾ ਸੰਪਰਦਾਇ ਇਕ ਅਜਿਹੀ ਰਚਨਾ ਸੀ ਜੋ ਹੈਰਾਨੀਜਨਕ ਰੂਪ ਵਿਚ ਮੌਲਿਕ ਅਤੇ ਅਨੂਠੀ ਸੀ ਅਤੇ ਉਸ ਦੀ ਦ੍ਰਿਸ਼ਟੀ ਭੂਤ ਨਹੀਂ, ਭਵਿਖ ਉਪਰ ਲਗੀ ਹੋਈ ਸੀ।" ਭਾਰਤੀ ਸਭਿਆਚਾਰ ਅਤੀਤਮੁਖੀ ਹੈ। ਭਾਰਤੀ ਲੋਕ ਆਪਣੇ ਬੀਤੇ ਉਪਰ ਮਾਣ ਕਰਨ ਵਾਲੇ ਹਨ। ਸਦੀਆਂ ਪਹਿਲਾਂ ਗੁਜ਼ਰ ਚੁਕੇ ਸਮੇਂ ਦੀ ਪ੍ਰਸ਼ੰਸਾ ਕਰਦੇ ਭਾਰਤੀ ਬਹੁਤ ਖੁਸ਼ ਹੁੰਦੇ ਹਨ। ਭਾਰਤੀ ਲੋਕ ਆਪਣੇ ਵਰਤਮਾਨ ਤੇ ਭਵਿਖ ਬਾਰੇ ਘਟ ਸੋਚਦੇ ਹਨ। ਇਸ ਤੋਂ ਉਲਟ ਗੁਰੂ ਨਾਨਕ ਸਾਹਿਬ ਦੀ ਵਿਚਾਰਧਾਰਾ ਵਿਕਾਸਮੁਖੀ ਹੋਣ ਦੇ ਨਾਲ ਇਨਕਲਾਬੀ ਵੀ ਸੀ।


ਗੁਰੂ ਨਾਨਕ ਸਾਹਿਬ ਦੀ ਸਮੂਚੀ ਬਾਣੀ ਵਿਚ ਕਿਧਰੇ ਵੀ ਭੂਤ ਦੀ ਪ੍ਰਸ਼ੰਸਾ ਪ੍ਰਾਪਤ ਨਹੀਂ ਹੁੰਦੀ; ਸਗੋਂ ਸਮਾਜ ਨੂੰ ਸੁਖੀ ਤੇ ਖੁਸਹਾਲ ਬਣਾਉਣ ਦੀ ਚਾਹ ਨਜ਼ਰ ਆਉਂਦੀ ਹੈ। ਮਨੁਖ ਦੇ ਸਦਾਚਾਰ ਤੇ ਨੈਤਿਕਤਾ ਉਪਰ ਬਲ ਦਿਤਾ ਹੈ, ਤਾਂ ਜੋ ਚੰਗਾ ਸਮਾਜ ਬਣ ਸਕੇ। ਉਹ ਗੁਰਮੁਖਾਂ ਦੀ ਜਥੇਬੰਦੀ 'ਸੰਗਤ' ਬਣਾਉਣ ਦੇ ਮੁਦਈ ਸਨ। ਉਨ੍ਹਾਂ ਦੀ ਵਿਚਾਰਧਾਰਾ ਪ੍ਰਗਤੀਵਾਦੀ ਹੈ। ਗੁਰੂ ਜੀ ਨੇ ਸਮਾਜ ਅਤੇ ਸਭਿਆਚਾਰ ਵਿਚ ਮਨੁਖੀ ਕਦਰਾਂ-ਕੀਮਤਾਂ ਦਾ ਨਹੀਂ, ਚੇਤਨਾ ਦਾ ਸੰਚਾਰ ਕੀਤਾ। ਗੁਰੂ ਨਾਨਕ ਸਾਹਿਬ ਨੇ ਆਪਣੇ ਤੋਂ ਪਹਿਲਾਂ ਦੇ ਅਤੇ ਸਮਕਾਲੀ ਭਗਤਾਂ ਜਾਂ ਸੰਤਾਂ ਨਾਲੋਂ ਵਧੇਰੇ ਚੇਤੱਨ ਰੂਪ ਵਿਚ ਸਭਿਆਚਾਰਕ ਕ੍ਰਾਂਤੀ ਲਿਆਉਣ ਦਾ ਯਤਨ ਕੀਤਾ।

ਭਾਰਤੀ ਲੋਕਾਂ ਵਿਚ ਭਾਵਨਾਤਮਕ ਏਕਤਾ ਨੂੰ ਪਕਿਆਂ ਕਰਨ ਲਈ ਗੁਰੂ ਜੀ ਨੇ ਆਪਣੀ ਬਾਣੀ ਦੇ ਸੰਚਾਰ ਲਈ ਸੰਗੀਤ ਨੂੰ ਮਾਧਿਅਮ ਬਣਾ ਕੇ ਭਾਰਤ ਦੇ ਵਖ-ਵਖ ਸੰਗੀਤ ਪ੍ਰਬੰਧਾਂ ਦੀ ਵਰਤੋਂ ਕੀਤੀ। ਇਸ ਬਾਰੇ ਸਿਰਦਾਰ ਕਪੂਰ ਸਿੰਘ ਲਿਖਦੇ ਹਨ:

"ਇਹ ਸਪਸ਼ਟ ਹੈ ਕਿ ਆਪਣੀ ਦਖਣ ਦੀ ਉਦਾਸੀ ਸਮੇਂ ਸਤਿਗੁਰੂ ਨਾਨਕ ਪਾਤਸ਼ਾਹ ਨੂੰ ਦਖਣੀ ਭਾਰਤ ਦੇ ਸੰਗੀਤ ਤੇ ਉਥੋਂ ਦੇ ਮੰਦਰਾਂ ਦੀ ਭਵਨ ਨਿਰਮਾਣ ਕਲਾ ਨੇ ਪ੍ਰਭਾਵਿਤ ਕੀਤਾ ਸੀ ਅਤੇ ਗੁਰੂ ਨਾਨਕ ਦੇਵ ਜੀ ਅਤੇ ਉਨ੍ਹਾਂ ਦੇ ਉਤਰਾਧਿਕਾਰੀਆਂ ਰਾਹੀਂ ਬਾਣੀ ਵਿਚ ਵਰਤੇ ਗਏ ਕਈ ਰਾਗ ਅਤੇ ਰਾਗਣੀਆਂ ਪਹਿਲੀ ਵੇਰ ਉਤਰੀ ਭਾਰਤ ਵਿਚ ਦਿਖਾਈ ਦਿਤੇ।"

ਗੁਰੂ ਜੀ ਨੇ ਸੰਗੀਤ ਤੇ ਸਾਹਿਤ ਨੂੰ ਸਮਾਜਿਕ ਕਾਰਜ ਲਈ ਵਰਤਿਆ। ਉਨ੍ਹਾਂ ਨੇ ਇਸ ਮਾਧਿਅਮ ਰਾਹੀਂ ਸਮੇਂ ਦੀ ਬੇਅਸਰ ਰਾਜ-ਵਿਵਸਥਾ ਨੂੰ ਭੰਡਿਆ, ਜ਼ਾਲਮਾਂ ਦੀ ਨਿਖੇਧੀ ਕੀਤੀ ਤੇ ਗਰੀਬਾਂ, ਮਜ਼ਲੂਮਾਂ ਦਾ ਪਖ ਪੂਰਿਆ। ਗੁਰੂ ਨਾਨਕ ਸਾਹਿਬ ਨੇ ਪ੍ਰਚਲਿਤ ਹਰਮਨ ਪਿਆਰੇ ਕਾਵਿ-ਰੂਪ ਦੇ ਮਾਧਿਅਮ ਰਾਹੀਂ ਆਪਣਾ ਉਪਦੇਸ਼ ਦੇ ਕੇ ਪਰੰਪਰਾਵਾਦੀ ਕਾਵਿ ਪ੍ਰਤੀ ਆਪਣੀ ਚੇਤਨਤਾ ਦਾ ਪ੍ਰਗਟਾਵਾ ਕੀਤਾ।

ਗੁਰਮਤਿ ਨੇ ਹਿੰਦੂ ਮਤ ਦੇ ਸਮਾਜਿਕ ਆਧਾਰ 'ਜਾਤ-ਪਾਤ' ਉਪਰ ਕਰਾਰੀ ਸਟ ਮਾਰੀ। ਗੁਰੂ ਨਾਨਕ ਸਾਹਿਬ ਦੀ ਬਾਣੀ ਮਨੁਖ ਦੀ ਨਵੀਂ ਘਾੜਤ ਘੜਨ ਲਈ ਯਤਨਸ਼ੀਲ ਹੈ। ਮਨੁਖੀ ਅਧਿਕਾਰਾਂ ਦੇ ਮੁਦੇ ਨੂੰ ਪਹਿਲੀ ਵੇਰ ਗੁਰੂ ਨਾਨਕ ਸਾਹਿਬ ਨੇ ਧਾਰਮਿਕ ਪ੍ਰਵਾਨਗੀ ਦਿਤੀ। ਗੁਰਮਤਿ ਸਭ ਮਨੁਖਾਂ ਨੂੰ ਬਰਾਬਰੀ ਤੇ ਸੁਤੰਤਰਤਾ ਦਾ ਮੈਨੀਫੈਸਟੋ ਹੈ। ਜਾਤ-ਪਾਤ, ਲਿੰਗ, ਨਸਲ, ਦੇਸ਼, ਧਰਮ ਆਦਿ ਕਾਰਨਾਂ ਕਰਕੇ ਹੁੰਦੇ ਵਿਤਕਰੇ ਦੂਰ ਕਰਨ ਦਾ ਸੰਦੇਸ਼ ਦਿੰਦੀ ਹੈ, ਗੁਰੂ ਨਾਨਕ ਸਾਹਿਬ ਦੀ ਬਾਣੀ। ਗੁਰੂ ਜੀ ਦੇ ਇਨ੍ਹਾਂ ਵਿਚਾਰਾਂ ਕਾਰਨ ਉਸ ਸਮੇਂ ਨੀਵੀਆਂ ਜਾਤਾਂ ਦੇ ਲੋਕ, ਕਿਰਤੀ ਲੋਕ



ਗੁਰੂ ਨਾਨਕ ਦੇਵ ਜੀ ਦਾ ਇਕ ਚਿੱਤਰ

*ਗੁਰੂ ਨਾਨਕ ਸਾਹਿਬ ਨੇ ਵਹਿਮਾਂ-ਭਰਮਾਂ ਤੇ ਰੂੜ੍ਹੀਆਂ ਤੋਂ ਇਲਾਵਾ ਕਰਮ-ਕਾਂਡਾਂ ਤੇ ਭੇਖਾ ਦਾ ਖੰਡਨ ਕੀਤਾ। ਇਹ ਸਭ ਕਦਰਾਂ-ਕੀਮਤਾਂ ਸਿੱਖਾਂ ਨੇ ਅਪਨਾ ਲਈਆਂ ਹਨ। ਸੰਗਤ ਤੇ ਪੰਗਤ ਦੀ ਪਰੰਪਰਾ ਨੇ ਮਨੁਖੀ ਬਰਾਬਰੀ, ਭਾਈਚਾਰਾ ਤੇ ਮਾਨਵਵਾਦੀ ਕੀਮਤਾਂ ਦੀ ਸਥਾਪਨਾ ਕੀਤੀ ਹੈ। ਇਸ ਪਰੰਪਰਾ ਦੀ ਨੀਂਹ ਵੀ ਗੁਰੂ ਨਾਨਕ ਸਾਹਿਬ ਨੇ ਹੀ ਰਖੀ ਸੀ। ਸੰਗਤ ਤੇ ਪੰਗਤ ਵਿਚ ਹਰ ਵਿਅਕਤੀ ਬਿਨਾ ਕਿਸੇ ਵਿਤਕਰੇ ਤੋਂ ਸ਼ਾਮਿਲ ਹੋ ਸਕਦਾ ਹੈ। ਇਉਂ ਇਸ ਪਰੰਪਰਾ ਨੇ ਜ਼ਾਤੀ ਹਉਮੈ ਨੂੰ ਸਟ ਮਾਰੀ ਤੇ ਮਨੁਖੀ ਏਕਤਾ ਨੂੰ ਬੜ੍ਹਾਵਾ ਦਿਤਾ।*

ਅਤੇ ਸ਼ੋਸ਼ਿਤ ਵਰਗ ਬੜੀ ਤੇਜ਼ੀ ਨਾਲ ਸਿੱਖ ਸਜੇ। ਡਾ. ਰਾਧਾ ਕ੍ਰਿਸ਼ਨਨ ਲਿਖਦੇ ਹਨ :

"ਨਾਨਕ ਨੇ ਸਵੈ-ਅਭਿਮਾਨੀ ਨਰ-ਨਾਰੀਆਂ, ਜਿਨ੍ਹਾਂ ਵਿਚ ਆਪਣੇ ਨੇਤਾਵਾਂ ਪ੍ਰਤੀ ਸ਼ਰਧਾ ਹੋਵੇ ਅਤੇ ਜੋ ਸਭ ਨਾਲ ਬਰਾਬਰੀ ਅਤੇ ਭਾਈਚਾਰੇ ਵਾਲਾ ਵਿਵਹਾਰ ਕਰ ਸਕਦੇ ਹੋਣ, ਦਾ ਇਕ ਰਾਸ਼ਟਰ ਬਣਾਉਣ ਦੀ ਕੋਸ਼ਿਸ਼ ਕੀਤੀ।"

ਆਧੁਨਿਕ ਬੋਧ ਨੂੰ ਗੁਰੂ ਨਾਨਕ ਸਾਹਿਬ ਨੇ ਇਹ ਸੇਧ ਵੀ ਦਿਤੀ ਕਿ ਰਾਜ ਨੂੰ ਧਰਮ-ਨਿਰਪਖ ਰਹਿਣਾ ਚਾਹੀਦਾ ਹੈ। ਗੁਰੂ ਨਾਨਕ ਸਾਹਿਬ ਧਰਮਪੱਖੀ ਹਨ, ਪਰ ਉਨ੍ਹਾਂ ਲਈ ਧਰਮ ਦਾ ਭਾਵ ਸੰਪਰਦਾਏ ਵਾਲਾ ਨਾ ਹੋ ਕੇ ਸਚਿਆਰ ਹੋਣ ਦੀ ਕ੍ਰਿਆ ਹੈ। ਕਿਸੇ ਦੇਸ਼ ਵਿਚ ਇਕ ਸੰਪਰਦਾਏ ਦੇ ਅਨੁਯਾਈ ਬਹੁ-ਗਿਣਤੀ ਵਿਚ ਹੋ ਸਕਦੇ ਹਨ ਅਤੇ ਦੂਜੇ ਸੰਪਰਦਾਏ ਦੇ ਅਨੁਯਾਈ ਘਟ-ਗਿਣਤੀ ਵਿਚ ਹੋ ਸਕਦੇ ਹਨ, ਪਰ ਰਾਜ ਨੂੰ ਨਿਰਪਖ ਰਹਿੰਦਿਆਂ ਸਭ ਨਾਗਰਿਕਾਂ ਨੂੰ ਵਿਕਾਸ ਕਰਨ ਦੇ ਸਮਾਨ ਅਧਿਕਾਰ ਜਾਂ ਮੌਕੇ ਦੇਣੇ ਚਾਹੀਦੇ ਹਨ। ਗੁਰੂ ਜੀ ਮਜ਼ਹਬ ਦੇ ਆਧਾਰ ਉਤੇ ਕੁਝ ਲੋਕਾਂ ਨੂੰ ਵਿਸ਼ੇਸ਼ ਅਧਿਕਾਰ ਤੇ ਕੁਝ ਨੂੰ ਅਧਿਕਾਰਾਂ ਤੋਂ ਵਾਂਝੇ ਕਰਨ ਦੇ ਵਿਰੋਧੀ ਸਨ। ਗੁਰੂ ਜੀ ਦੀਆਂ ਤਤਕਾਲੀ ਰਾਜ ਨਾਲ ਸਬੰਧਤ ਟਿਪਣੀਆਂ ਇਹ ਮਾਰਗ ਦਰਸ਼ਨ ਦਿੰਦੀਆਂ ਹਨ ਕਿ ਰਾਜ ਸੰਪ੍ਰਦਾਇਕਤਾ (ਫਿਰਕਾਪ੍ਰਸਤੀ) ਤੋਂ ਉਪਰ ਰਹੇ। ਗੁਰੂ ਜੀ ਨੇ ਆਪਣੇ ਸਮੇਂ ਵਿਚ ਹਿੰਦੂਆਂ ਤੇ ਮੁਸਲਮਾਨਾਂ ਨੂੰ ਇਕ-ਦੂਜੇ ਦੇ ਨੇੜੇ ਕਰਨ ਲਈ ਪੂਰਾ ਯਤਨ ਹੀ ਨਹੀਂ ਕੀਤਾ, ਸਗੋਂ ਸਫਲਤਾ ਵੀ ਪ੍ਰਾਪਤ ਕੀਤੀ। ਭਾਵੇਂ ਕਿ ਮੁਗਲ ਬਾਦਸ਼ਾਹ ਅਕਬਰ ਨੇ ਵੀ ਬਾਅਦ ਵਿਚ ਇਹ ਯਤਨ 'ਦੀਨ-ਏ-ਇਲਾਹੀ' ਨਾਂ ਦਾ ਧਰਮ ਚਲਾ ਕੇ ਕੀਤਾ ਸੀ, ਪਰ ਉਹ ਅਸਫਲ ਰਿਹਾ। ਵੀ.ਏ. ਸਮਿਥ ਵਰਗੇ ਇਤਿਹਾਸਕਾਰ ਦਾ ਮਤ ਹੈ ਕਿ ਅਕਬਰ ਦੀ ਇਹ ਸਾਰੀ ਯੋਜਨਾ ਇਕ ਹਾਸੋ-ਹੀਣੇ ਫੋਕੇ ਅਭਿਮਾਨ ਅਤੇ ਬੇਰੋਕ ਆਪਹੁਦਰੇਪਣ ਦੀ ਇਕ ਅਨੋਖੀ ਉਪਜ ਦਾ ਨਤੀਜਾ ਹੈ। ਉਸ ਦੇ ਧਰਮ ਨੂੰ ਲੋਕਾਂ ਨੇ ਕੋਈ ਮਾਨਤਾ ਨਹੀਂ ਦਿਤੀ ਜਦੋਂ ਕਿ ਗੁਰੂ ਨਾਨਕ ਸਾਹਿਬ ਦੇ ਮਤ ਨੂੰ ਵਡੀ ਗਿਣਤੀ ਵਿਚ ਲੋਕਾਂ ਨੇ, ਜਿਨ੍ਹਾਂ ਵਿਚ ਹਿੰਦੂ ਤੇ ਮੁਸਲਮਾਨ ਵੀ ਸਨ, ਅਪਨਾਇਆ।

ਗੁਰਮਤਿ ਨੇ 'ਸਾਝ ਕਰੀਜੈ ਗੁਣਹ ਕੇਰੀ' ਅਨੁਸਾਰ ਅਨਮਤਾਂ ਦੇ ਮਹਾਂਪੁਰਸ਼ਾਂ ਨੂੰ ਵੀ ਸਤਿਕਾਰ ਦਿਤਾ। ਗੁਰੂ ਅਰਜਨ ਸਾਹਿਬ ਨੇ ਬਾਣੀ ਦਾ ਸੰਪਾਦਨ ਕਰਦਿਆਂ ਭਗਤਾਂ ਤੇ ਹੋਰ ਸੰਤਾਂ ਦੀ ਬਾਣੀ ਨੂੰ ਵੀ ਗੁਰੂ ਗ੍ਰੰਥ ਸਾਹਿਬ ਵਿਚ ਸਥਾਨ ਦਿਤਾ। ਸਾਈਂ ਮੀਆਂ ਮੀਰ ਪਾਸੋਂ ਹਰਿਮੰਦਰ ਦੀ ਨੀਂਹ ਰਖਵਾਈ। ਇਥੋਂ ਤਕ ਕਿ ਗੁਰੂ ਤੇਗ ਬਹਾਦਰ ਜੀ ਨੇ ਦੂਜੇ ਧਾਰਮਿਕ ਮਤ ਲਈ ਕੁਰਬਾਨੀ ਦਿਤੀ। ਇਸ ਸ਼ਹੀਦੀ ਦਾ ਮਨੋਰਥ ਧਾਰਮਿਕ ਆਜ਼ਾਦੀ ਨੂੰ ਬੜ੍ਹਾਵਾ ਦੇਣਾ ਸੀ। ਇਹ ਕਹਿਣਾ ਵੀ ਅਤਿਕਥਨੀ ਨਹੀਂ ਹੋਵੇਗੀ ਕਿ ਅਜੋਕੇ ਸਿੱਖ ਵੀ ਫਿਰਕਾਪ੍ਰਸਤ ਨਹੀਂ। ਉਨ੍ਹਾਂ ਗਿਲੇ-ਸ਼ਿਕਵਿਆਂ ਦੇ ਬਾਵਜੂਦ ਕਦੇ ਫਿਰਕੂ ਦੰਗੇ ਨਹੀਂ ਕੀਤੇ। ਉਹ ਦੂਜੇ ਧਰਮਾਂ ਦੇ ਲੋਕਾਂ ਨਾਲ ਘਿਓ-ਖਿਚੜੀ ਹਨ। ਸਿੱਖ ਇਤਿਹਾਸ (16ਵੀਂ ਸਦੀ ਤੋਂ 18ਵੀਂ ਸਦੀ) ਯੁਧਾਂ ਦਾ ਇਤਿਹਾਸ ਹੈ, ਪਰ ਇਹ ਹੈਰਾਨੀ ਦੀ ਗੱਲ ਹੈ ਕਿ ਉਨ੍ਹਾਂ ਦਾ ਕੋਈ ਵੀ ਯੁਧ ਕਿਸੇ ਫਿਰਕੇ ਵਿਰੁਧ ਲਾਮਬੰਦ ਨਹੀਂ ਹੋਇਆ। ਜਾਹਰ ਹੈ, ਜਿਨ੍ਹਾਂ ਕਦਰਾਂ-ਕੀਮਤਾਂ ਨੂੰ ਆਧੁਨਿਕ ਬੋਧ ਦਾ ਆਧਾਰ ਮੰਨਿਆ ਜਾਂਦਾ ਹੈ, ਉਨ੍ਹਾਂ ਦਾ ਵਿਕਾਸ ਗੁਰੂ ਨਾਨਕ ਸਾਹਿਬ ਤੋਂ ਸ਼ੁਰੂ ਹੁੰਦਾ ਹੈ। ਗੁਰੂ ਨਾਨਕ ਸਾਹਿਬ ਨੇ ਬਹੁਤ ਸਾਰੀਆਂ ਮੌਲਿਕ ਕਦਰਾਂ-ਕੀਮਤਾਂ ਦਿਤੀਆਂ, ਜਿਨ੍ਹਾਂ ਦੀ ਅਜੋਕੇ ਯੁਗ ਨੂੰ ਬਹੁਤ ਲੋੜ ਹੈ। ਇਉਂ ਅਸੀਂ ਕਹਿ ਸਕਦੇ ਹਾਂ ਕਿ ਗੁਰੂ ਨਾਨਕ ਸਾਹਿਬ ਆਧੁਨਿਕ ਬੋਧ ਦੇ ਪਿਤਾਮਾ ਸਨ।

## ਭਾਈ ਗੁਰਦਾਸ ਦੀਆਂ ਨਜ਼ਰਾਂ ਵਿਚ ਸਤਿਗੁਰ ਨਾਨਕ

ਸੁਣੀ ਪੁਕਾਰ ਦਾਤਾਰ ਪ੍ਰਭ ਗੁਰ ਨਾਨਕ ਜਗ ਮਾਹਿੰ ਪਠਾਯਾ॥
ਚਰਨ ਧੋਇ ਰਹਿਰਾਸ ਕਰ ਚਰਨਾਮ੍ਰਿਤ ਸਿੱਖਾਂ ਪੀਲਾਯਾ॥
ਪਾਰਬ੍ਰਹਮ ਪੂਰਨ ਬ੍ਰਹਮ ਕਲਿਜੁਗ ਅੰਦਰ ਇਕ ਦਿਖਾਯਾ॥
ਚਾਰੈ ਪੈਰ ਧਰੰਮ ਦੇ ਚਾਰ ਵਰਨ ਇਕ ਵਰਨ ਕਰਾਯਾ॥

ਰਾਣਾ ਰੰਕ ਬਰਾਬਰੀ ਪੈਰੀਂ ਪਵਣਾ ਜਗ ਵਰਤਾਯਾ॥
ਉਲਟਾ ਖੇਲ ਪਿਰੰਮ ਦਾ ਪੈਰਾਂ ਉਪਰ ਸੀਸ ਨਿਵਾਯਾ॥
ਕਲਿਜੁਗ ਬਾਬੇ ਤਾਰਿਆ ਸੱਤਨਾਮ ਪੜ੍ਹ ਮੰਤ੍ਰ ਸੁਣਾਯਾ॥
ਕਲਿ ਤਾਰਣ ਗੁਰ ਨਾਨਕ ਆਯਾ॥23॥

ਪਹਿਲਾਂ ਬਾਬੇ ਪਾਯਾ ਬਖਸ਼ ਦਰ ਪਿਛੋਂ ਦੇ ਫਿਰ ਘਾਲ ਕਮਾਈ॥
ਰੇਤ ਅੱਕ ਆਹਾਰ ਕਰ ਰੋੜਾਂ ਕੀ ਗੁਰ ਕਰੀ ਵਿਛਾਈ॥
ਭਾਰੀ ਕਰੀ ਤੱਪਸਿਆ ਬਡੇ ਭਾਗ ਹਰਿ ਸਿਉਂ ਬਣਿ ਆਈ॥
ਬਾਬਾ ਪੈਧਾ ਸਚ ਖੰਡ ਨਾਨਿਧਿ ਨਾਮ ਗਰੀਬੀ ਪਾਈ॥

ਬਾਬਾ ਦੇਖੇ ਧਿਆਨ ਧਰ ਜਲਤੀ ਸਭ ਪ੍ਰਿਥਵੀ ਦਿਸ ਆਈ॥
ਬਾਝਹੁ ਗੁਰੂ ਗੁਬਾਰ ਹੈ ਹੈਹੈ ਕਰਦੀ ਸੁਣੀ ਲੁਕਾਈ॥
ਬਾਬੇ ਭੇਖ ਬਣਾਇਆ ਉਦੱਾਸੀ ਕੀ ਰੀਤ ਚਲਾਈ॥
ਚੜ੍ਹਿਆ ਸੋਧਨ ਧਰਤ ਲੁਕਾਈ॥24॥

ਬਾਬਾ ਆਇਆ ਤੀਰਥੀਂ ਤੀਰਥ ਪੁਰਬ ਸਭੇ ਫਿਰ ਦੇਖੈ॥
ਪੂਰਬ ਧਰਮ ਬਹੁ ਕਰਮ ਕਰ ਭਾਉ ਭਗਤਿ ਬਿਨ ਕਿਤੇ ਨ ਲੇਖੈ॥
ਭਾਉ ਨ ਬ੍ਰਹਮੇ ਲਿਖਿਆ ਚਾਰ ਬੇਦ ਸਿੰਮ੍ਰਿਤਿ ਪੜ੍ਹ ਦੇਖੈ॥
ਢੂੰਡੀ ਸਗਲੀ ਪਿਰਥਮੀ ਸਤਿਜੁਗ ਆਦਿ ਦੁਆੱਪਰ ਤ੍ਰੇਤੈ॥

ਕਲਿਜੁਗ ਧੁੰਧੂਕਾਰ ਹੈ ਭਰਮ ਭੁਲਾਈ ਬਹੁ ਬਿਧਿ ਭੇਖੈ॥
ਭੇਖੀਂ ਪ੍ਰਭੂ ਨ ਪਾਈਐ ਆਪ ਗਵਾਏ ਰੂਪ ਨ ਰੇਖੈ॥
ਗੁਰਮੁਖ ਵਰਨ ਅਵਰਨ ਹੋਇ ਨਿਵ ਚਲੈ ਗੁਰਸਿਖ ਵਿਸੇਖੈ॥
ਤਾਂ ਕੁਛ ਘਾਲ ਪਵੈ ਦਰ ਲੇਖੈ॥25॥

ਜਤ ਸਤੀ ਚਿਰ ਜੀਵਣੇ ਸਾਧਿਕ ਸਿੱਧ ਨਾਥ ਗੁਰ ਚੇਲੇ॥
ਦੇਵੀ ਦੇਵ ਰਖੀਸ਼ਰਾਂ ਭੈਰੋਂ ਖੇਤ੍ਰ ਪਾਲ ਬਹੁ ਮੇਲੇ॥
ਗਣ ਗੰਧਰਬ ਅਪਸ਼ਰਾਂ ਕਿੰਨਰ ਜੱਛ ਚਲਿਤ ਬਹੁ ਖੇਲੇ॥
ਰਾਕਸ਼ ਦਾਨੋ ਦੈਂਤ ਲਖ ਅੰਦਰ ਦੂਜਾ ਭਾਉ ਦੁਹੇਲੇ॥

ਹਉਮੈਂ ਅੰਦਰ ਸਭਕੋ ਡੁਬੇ ਗੁਰੂ ਸਣੇਂ ਬਹੁ ਚੇਲੇ॥
ਗੁਰਮੁਖ ਕੋਇ ਨ ਦਿਸਈ ਢੂੰਡੇ ਤੀਰਥ ਜਾਤ੍ਰੀ ਮੇਲੇ॥
ਢੂੰਡੇ ਹਿੰਦੂ ਤੁਰਕ ਸਭ ਪੀਰ ਪੈਕੰਬਰ ਕਉਮਿ ਕਤੇਲੇ॥
ਅੰਧੀ ਅੰਧੇ ਖੂਹੇ ਠੇਲੇ॥26॥

ਵਾਪਸੀ-5




## ਯਹੂਦੀਆਂ ਦੀ ਵਤਨ ਵਾਪਸੀ ਦੀ ਦੋ ਹਜ਼ਾਰ ਸਾਲ ਲੰਮੀ ਕਹਾਣੀ

# ਸਵਿਟਜ਼ਰਲੈਂਡ ਵਾਲੀ ਪਲੇਠੀ ਮਹਾਂਸਭਾ

***ਪ੍ਰੋ. ਹਰਪਾਲ ਸਿੰਘ ਪੰਨੂ ਨੇ ਆਪਣੇ ਲੰਮੇ ਲੇਖ 'ਵਾਪਸੀ' ਵਿਚ ਯਹੂਦੀਆਂ ਦੀ ਵਤਨ ਵਾਪਸੀ ਦੀ ਲੰਮੀ ਕਹਾਣੀ ਸੁਣਾਈ ਹੈ। ਯਹੂਦੀਆਂ ਨੂੰ ਦੋ ਹਜ਼ਾਰ ਸਾਲ ਬਾਅਦ ਆਪਣਾ ਨਗਰ ਯੋਰੋਸ਼ਲਮ ਅਤੇ ਮੁਲਕ ਇਜ਼ਰਾਈਲ ਮਿਲਿਆ। ਉਹ ਕਦਮ ਕਦਮ ਉਜੜੇ, ਭਟਕੇ, ਗੁਲਾਮ ਹੋਏ, ਨਸਲਘਾਤ ਦਾ ਸ਼ਿਕਾਰ ਹੋਏ, ਪਰ ਸਬਰ ਨਾਲ ਕਦਮ ਕਦਮ ਵਾਪਸੀ ਹੁੰਦੀ ਗਈ। ਸਭ ਤੋਂ ਵੱਡਾ ਕਹਿਰ ਉਦੋਂ ਢੱਠਾ ਜਦੋਂ ਦੂਜੀ ਸੰਸਾਰ ਜੰਗ ਪਿਛੋਂ ਹਿਟਲਰ ਨੇ 60 ਲੱਖ ਯਹੂਦੀਆਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਇਨ੍ਹਾਂ ਦੋ ਹਜ਼ਾਰ ਸਾਲਾਂ ਦੌਰਾਨ ਉਜਾੜਾ, ਸਜ਼ਾ, ਪਛਤਾਵਾ, ਰਜ਼ਾ, ਖਿਮਾ ਤੇ ਸ਼ੁਕਰਾਨਾ ਯਹੂਦੀ ਜ਼ਿੰਦਗੀ ਦੇ ਅਹਿਮ ਪਹਿਲੂ ਰਹੇ। ਪਹਿਲਾਂ ਮਿਸਰ ਦੇ ਸੁਲਤਾਨ ਫਰਾਊਨ, ਫਿਰ ਈਸਾਈਆਂ ਅਤੇ ਫਿਰ ਮੁਸਲਮਾਨਾਂ ਤੋਂ ਉਨ੍ਹਾਂ ਨੂੰ ਨਿਰੰਤਰ ਦੁੱਖ ਮਿਲੇ। ਉਨ੍ਹਾਂ ਨੂੰ ਖੁਦ ਨਹੀਂ ਪਤਾ, ਇਸ ਹਨੇਰਗਰਦੀ ਵਿਚੋਂ ਬਚੇ ਕਿਵੇਂ ਰਹੇ। ਉਨ੍ਹਾਂ ਦੇ ਮਨ ਮੰਦਰ ਦੀ ਯਾਦ ਵਿਚ ਇਜ਼ਰਾਈਲ ਦਾ ਰੇਗਿਸਤਾਨ ਸਦਾ ਵਸਿਆ ਰਿਹਾ। ਐਤਕੀਂ ਲੇਖ ਦੀ ਇਸ ਆਖਰੀ ਕਿਸ਼ਤ ਵਿਚ ਬੇਸਲ (ਸਵਿਟਜ਼ਰਲੈਂਡ) ਵਿਚ 1897 ਨੂੰ ਹੋਈ ਪਹਿਲੀ ਜ਼ਿਓਨਿਸਟ ਸਭਾ ਦਾ ਬਿਰਤਾਂਤ ਹੈ ਜਿਸ ਨੇ ਯਹੂਦੀਆਂ ਨੂੰ ਦੇਸ਼ ਵਾਪਸੀ ਲਈ ਐਨ ਟੁਣਕਾ ਕੇ ਹੋਕਾ ਦਿੱਤਾ। ਇਸ ਸਭਾ ਨਾਲ ਯਹੂਦੀਆਂ ਨੂੰ ਆਪਣੀ ਗੱਲ ਸੁਣਾਉਣ ਲਈ ਮੰਚ ਮਿਲ ਗਿਆ।***

ਸੋਚਣ ਲੱਗੇ, ਕੌਮਾਂਤਰੀ ਸਭਾ ਕਰੀਏ। ਅਗਸਤ 1897 ਵਿਚ ਠੀਕ ਰਹੇਗੀ। ਪ੍ਰਤੀਨਿਧ ਯਹੂਦੀ ਲੀਡਰ ਸੱਦੀਏ, ਸਵਿਟਜ਼ਰਲੈਂਡ ਵਿਚ? ਨਹੀਂ ਜ਼ਿਊਰਿਖ ਠੀਕ ਰਹੇਗੀ। ਇਸ ਸਭਾ ਵਿਚ ਜਿੰਨੇ ਵੱਧ ਅਸਰ ਰਸੂਖ ਵਾਲੇ ਯਹੂਦੀ ਪੁੱਜਣਗੇ, ਦੁਨੀਆਂ ਉਪਰ ਓਨਾ ਵੱਧ ਅਸਰ ਪਏਗਾ। ਸਾਰੇ ਮੇਲੇ ਦਾ ਸੂਤਰਧਾਰ ਹਰਜ਼ਲ, ਸੱਦਾ ਪੱਤਰਾਂ 'ਤੇ ਸਿਰਨਾਵੇਂ ਖੁਦ ਲਿਖਦਾ, ਸਾਰੀ ਸਾਰੀ ਰਾਤ ਜਾਗਦਾ। ਖ਼ਤਾਂ ਵਿਚ ਇਹ ਵੀ ਲਿਖ ਦਿੰਦਾ, ਜੇ ਮੇਰੇ ਰੋਲ ਵਿਚ ਨੁਕਸ ਹੈ, ਤੁਸੀਂ ਆ ਕੇ ਅਗਵਾਈ ਦੀ ਜ਼ਿੰਮੇਵਾਰੀ ਚੁੱਕੋ। ਸਰਕਾਰਾਂ ਦੀ ਸਖਤੀ ਤੋਂ ਭੈਅਭੀਤ ਕੁਝ ਯਹੂਦੀ ਲੀਡਰਾਂ ਨੇ ਅਖਬਾਰਾਂ ਵਿਚ ਬਿਆਨ ਦਿੱਤੇ ਕਿ ਸਾਡਾ ਇਸ ਹਰਜ਼ਲ ਡਰਾਮੇ ਨਾਲ ਕੋਈ ਵਾਹ ਵਾਸਤਾ ਨਹੀਂ।



ਹਰਪਾਲ ਸਿੰਘ ਪੰਨੂ
ਫੋਨ: +91-94642-51454

ਜਿਸ ਅਖਬਾਰ ਦਾ ਮੁਲਾਜ਼ਮ ਸੀ, ਮਾਲਕਾਂ ਨੇ ਹਰਜ਼ਲ ਨੂੰ ਕਿਹਾ, ਇਸ ਤਮਾਸ਼ੇ ਨਾਲ ਤੇਰਾ ਲੈਣ-ਦੇਣ ਕੋਈ ਨਹੀਂ ਹੋਣਾ ਚਾਹੀਦਾ। ਹਰਜ਼ਲ ਨੇ ਪ੍ਰਵਾਹ ਤਾਂ ਨਾ ਕੀਤੀ, ਪਰ ਉਸ ਉਪਰ ਫਜ਼ੂਲ ਦੇ ਮਾਨਸਿਕ ਬੋਝ ਤਾਂ ਵਧੇ ਹੀ। ਜਰਮਨ ਯਹੂਦੀ ਪੁਜਾਰੀ ਨੇ ਬਿਆਨ ਦਿੱਤਾ, ਹਰਜ਼ਲ ਵੱਲੋਂ ਸੱਦੀ ਸਿਆਸੀ ਕਾਨਫਰੰਸ ਦੀ ਨਿਖੇਧੀ ਕਰਦੇ ਹਾਂ, ਕਿਉਂਕਿ ਇਹ ਧਰਮ ਗ੍ਰੰਥਾਂ ਦੀ ਪਵਿੱਤਰ ਬਾਣੀ ਦੇ ਆਸ਼ੇ ਵਿਰੁਧ ਹੈ। ਭਲੇ ਯਹੂਦੀ ਦੂਰ ਰਹਿਣ। ਜਦੋਂ ਪੁਜਾਰੀਆਂ ਦਾ ਬਿਆਨ ਪੜ੍ਹਿਆ ਕਿ ਅਸੀਂ ਜਿਨ੍ਹਾਂ ਮਾਲਕਾਂ ਦੇ ਸੇਵਕ ਹਾਂ, ਉਨ੍ਹਾਂ ਵਿਰੁਧ ਬਗਾਵਤ ਨਹੀਂ ਕਰਾਂਗੇ; ਤਾਂ ਹਰਜ਼ਲ ਨੇ ਕਿਹਾ, ਇਖਲਾਕ ਤੋਂ ਡਿਗਣ ਦੇ ਵੀ ਵੱਖੋ-ਵੱਖ ਪੱਧਰ ਨੇ, ਹਰ ਬੰਦੇ ਅਤੇ ਸੰਸਥਾ ਦੇ। ਆਪੋ-ਆਪਣੇ ਰੁਤਬੇ ਅਨੁਸਾਰ ਡਿਗਦੇ ਨੇ।

ਜੂਨ ਤੱਕ ਵਿਰੋਧ ਸਿਖਰ ਤਕ ਅੱਪੜ ਕੇ ਠੰਢਾ ਪੈਣਾ ਸ਼ੁਰੂ ਹੋ ਗਿਆ। ਸਹਿਜੇ-ਸਹਿਜੇ ਸਮਰਥਨ ਵਧਣ ਲੱਗਾ। ਪਹਿਲਾਂ ਜਿਸ ਨੂੰ 'ਹਰਜ਼ਲ ਦਾ ਮੇਲਾ' ਕਿਹਾ ਗਿਆ, ਉਸ ਨੂੰ ਯਹੂਦੀ ਸਭਾ ਕਹਿਣ ਲੱਗੇ। ਹਰਜ਼ਲ ਦੀ ਨੇਕ ਨੀਅਤ 'ਤੇ ਟਿਪਣੀਆਂ ਸ਼ੁਰੂ ਹੋ ਗਈਆਂ। ਹਰਜ਼ਲ ਨੇ ਦੋਸਤਾਂ ਵਿਚ ਬੈਠਿਆਂ ਕਿਹਾ, ਵਫਾ ਅਤੇ ਬੇਵਫਾਈ ਕਦੋਂ ਇਕ ਦੂਜੀ ਨਾਲ ਲਿਬਾਸ ਵਟਾ ਲੈਣ, ਪਤਾ ਨਹੀਂ ਲਗਦਾ। ਮੈਂ ਆਪਣਾ ਲਿਬਾਸ ਨਹੀਂ ਬਦਲਾਂਗਾ।

ਆਮ ਆਦਮੀ ਨੇ ਆਪਣੇ ਅਖਬਾਰ ਵਿਚ ਲਿਖਿਆ, ਹਰਜ਼ਲ ਦੀ ਸੱਦੀ ਸਭਾ ਨਾਲ ਯਹੂਦੀਆਂ 'ਤੇ ਕੋਈ ਅਸਰ ਹੋਏਗਾ ਕਿ ਨਹੀਂ, ਕਹਿ ਨਹੀਂ ਸਕਦੇ; ਪਰ ਸੁਲਤਾਨ ਤੁਰਕੀ 'ਤੇ ਅਸਰ ਹੋਏਗਾ, ਉਹ ਯਹੂਦੀਆਂ ਵਿਰੁਧ ਹੋਰ ਬੰਦਿਸ਼ਾਂ ਲਾਏਗਾ।

ਪੂਰਬ ਦੇ ਯਹੂਦੀਆਂ ਨੂੰ ਹਰਜ਼ਲ ਦੇ ਕੰਮ ਢੰਗ ਪਸੰਦ ਨਹੀਂ ਸਨ। ਪੱਛਮ ਦੇ ਯਹੂਦੀਆਂ ਨੂੰ ਉਸ ਦੀ ਮਨਸ਼ਾ 'ਤੇ ਸ਼ੱਕ ਸੀ। ਬਹੁਤ ਸਾਰੇ ਲੋਕ ਸੋਚਦੇ ਸਨ, ਇਹ ਸਭਾ ਹੋਵੇਗੀ ਹੀ ਨਹੀਂ; ਕਿਉਂਕਿ ਯਹੂਦੀ ਖਾਹਮਖਾਹ ਖਤਰਾ ਮੁੱਲ ਕਿਉਂ ਲੈਣਗੇ? ਸਭ ਤੋਂ ਵੱਧ ਰੂਸੀ ਯਹੂਦੀ ਡਰੇ ਹੋਏ ਸਨ, ਪਰ ਹਰਜ਼ਲ ਨੇ ਖ਼ਤ ਲਿਖਣ ਵਕਤ ਪੂਰਾ ਧਿਆਨ ਰੱਖਿਆ ਕਿ ਵਿਰੋਧੀਆਂ ਨੂੰ ਹਰ ਹਾਲਤ ਵਿਚ ਸੱਦਾ ਪੱਤਰ ਮਿਲੇ। ਰੂਸੀਆਂ ਨੇ ਕਈ ਮੀਟਿੰਗਾਂ ਵਿਚ ਵਿਚਾਰ-ਵਟਾਂਦਰਾ ਕਰ ਕੇ ਫੈਸਲਾ ਕੀਤਾ ਕਿ ਚਲੇ ਤਾਂ ਜਾਵਾਂਗੇ, ਪਰ ਹਰਜ਼ਲ ਨੂੰ ਸਾਫ-ਸਾਫ ਆਖ ਦਿਆਂਗੇ ਕਿ ਪਹਿਲਾ, ਸਾਡੇ ਪੁਜਾਰੀਆਂ ਵਿਰੁਧ ਕੁੱਝ ਨਹੀਂ ਕਹਿਣਾ; ਦੂਜਾ, ਤੁਰਕ ਸੁਲਤਾਨ ਵਿਰੁਧ ਨਹੀਂ ਬੋਲਣਾ ਤੇ ਤੀਜਾ, ਜ਼ਾਰ ਬਾਦਸ਼ਾਹ ਵਿਰੁਧ ਕੋਈ ਸ਼ਬਦ ਨਾ ਬੋਲਿਆ ਜਾਵੇ। ਇਹ ਫੈਸਲਾ ਤਾਂ ਹੋ ਗਿਆ ਪਰ ਸੋਚਦੇ ਰਹੇ, ਕੀ ਸਾਡੀ ਇਹ ਗੱਲ ਉਥੇ ਮੰਨਣਗੇ? ਪੱਛਮੀ ਬੁਲਾਰੇ ਬੜੇ ਮੂੰਹਫਟ ਹੁੰਦੇ ਹਨ, ਕਿਉਂਕਿ ਉਨ੍ਹਾਂ ਨੇ ਸਖਤੀ ਨਹੀਂ ਝੱਲੀ। ਉਹ ਖੁਸ਼ ਹੋ ਗਏ ਜਦੋਂ ਪਤਾ ਲੱਗਾ, ਹਰਜ਼ਲ ਉਨ੍ਹਾਂ ਦੀਆਂ ਸਾਰੀਆਂ ਗੱਲਾਂ ਨਾਲ ਸਹਿਮਤ ਹੈ। ਅਜੇ ਵੀ ਕੁਝ ਬੰਦੇ ਬੁੜ-ਬੁੜ ਕਰ ਰਹੇ ਸਨ, ਚੰਗਾ ਹੁੰਦਾ, ਜੇ ਇਹ ਮਹਾਂਸਭਾ ਨਾ ਹੁੰਦੀ। ਜਾਣਾ ਪਵੇਗਾ ਹੁਣ, ਕੌੜਾ ਘੁੱਟ ਭਰਾਂਗੇ। ਇਹੀ ਹਾਲ ਆਮ ਆਦਮੀ ਦਾ ਹੋਇਆ, ਉਸ ਕਿਹਾ, ਮੇਰਾ ਜਾਣਾ ਉਥੇ ਹੈ ਤਾਂ ਬੇਕਾਰ, ਪਰ ਆਪਣੀ ਕਿਸਮਤ ਦੀ ਡੋਰ ਬੇਅਕਲ ਛੋਕਰਿਆਂ ਦੇ ਹੱਥ ਵੀ ਨਹੀਂ ਨਾ ਫੜਾ ਸਕਦੇ ਜਿਨ੍ਹਾਂ ਵਿਚ ਜੋਸ਼ ਪੂਰਾ ਹੈ, ਹੋਸ਼ ਭੋਰਾ ਨਹੀਂ।

ਆਖਰ ਮਹਾਂਸਭਾ ਸਵਿਟਜ਼ਰਲੈਂਡ ਦੇ ਸ਼ਹਿਰ ਬੇਸਲ ਵਿਚ ਹੋਣੀ ਨਿਸ਼ਚਿਤ ਹੋਈ। ਭਾਗ ਲੈਣ ਵਾਲੇ ਆਪੋ ਆਪਣੇ ਟਿਕਾਣਿਆਂ ਤੋਂ ਇਸ ਵਿਚ ਸ਼ਾਮਲ ਹੋਣ ਲਈ ਤੁਰੇ ਤਾਂ ਪਰ ਹਰ ਇਕ ਦੇ ਮਨ ਵਿਚ ਦੁਬਿਧਾ ਸੀ, ਪਤਾ ਨਹੀਂ ਇਹ ਹੋ ਵੀ ਸਕੇਗੀ ਕਿ ਨਹੀਂ। ਜੇ ਹੋ ਗਈ ਤਾਂ ਕੀ ਨਤੀਜੇ ਨਿਕਲਣਗੇ? ਕੌਣ ਸੰਚਾਲਨ ਕਰੇਗਾ? ਲੰਮੇ ਸਫਰ ਵਿਚ ਇਹੋ ਸਵਾਲ ਹੁੰਦੇ ਰਹੇ।

ਹਰਜ਼ਲ ਲਈ ਜੀਵਨ ਦਾ ਆਖਰੀ ਇਮਤਿਹਾਨ ਸੀ। ਪ੍ਰਬੰਧਾਂ 'ਚ ਕਮੀ ਦਾ ਸਵਾਲ ਹੀ ਨਹੀਂ। ਦੁਨੀਆਂ ਦੀ ਹਰ ਜ਼ੁਬਾਨ ਦੇ ਮਾਹਿਰ ਸਕੱਤਰ ਮੌਜੂਦ ਸਨ ਜਿਨ੍ਹਾਂ ਨੇ ਮਹਿਮਾਨਾਂ ਦੀ ਅਗਵਾਈ ਕਰਨੀ ਸੀ। ਕਾਰਵਾਈ ਦਾ ਏਜੰਡਾ ਛਪਿਆ ਪਿਆ ਸੀ। ਡੈਲੀਗੇਟਾਂ ਦੀ ਜੇਬ 'ਤੇ ਲਾਉਣ ਲਈ ਬਿੱਲਾ-ਕੇਂਦਰ ਨੀਲਾ ਸੀ ਤੇ ਲਾਲ ਕਿਨਾਰੀ ਉਪਰ ਲਿਖਿਆ ਸੀ: ਯਹੂਦੀ ਸਵਾਲ ਦਾ ਹੱਲ ਯਹੂਦੀ ਸਟੇਟ। ਜੂਡਾ ਦਾ ਸ਼ੇਰ ਅਤੇ ਦਾਊਦ ਦੇ 12 ਤਾਰੇ। ਪ੍ਰੈਸ ਪੁੱਜੀ ਹੋਈ ਸੀ। ਸਭਾ ਦੀ ਕਾਰਵਾਈ ਕਿਵੇਂ ਚਲਾਉਣੀ ਹੈ, ਇਸ ਲਈ ਦੋ ਦਿਨ ਪਹਿਲਾਂ ਨਿਯਮ ਤੈਅ ਹੋ ਚੁੱਕੇ ਸਨ। ਸਵੇਰ ਸਾਰ ਹਰਜ਼ਲ ਮੰਦਰ ਗਿਆ ਜਿਥੇ ਪਾਦਰੀਆਂ ਨੇ ਉਸ ਨੂੰ ਰਸਮੀ ਧਾਰਮਿਕ ਲਿਬਾਸ ਪਹਿਨਾ ਕੇ 'ਯਹੂਦੀ ਕਾਨੂੰਨ ਦਾ ਵਿਦਿਆਰਥੀ' ਦੀ ਉਪਾਧੀ ਦਿੱਤੀ ਅਤੇ ਪੁਰਾਣੀ ਇੰਜੀਲ ਵਿਚੋਂ ਉਹ ਪੈਰਾ ਦਿੱਤਾ ਜੋ ਸਭਾ ਦੀ ਸ਼ੁਰੂਆਤ ਵਕਤ ਮੰਗਲਾਚਰਨ ਵਜੋਂ ਹਿਬਰੂ ਜ਼ੁਬਾਨ ਵਿਚ ਪੜ੍ਹਨਾ ਸੀ।

ਪਹਿਲੀ ਮੀਟਿੰਗ ਦੇ ਰਸਮੀ ਅਰੰਭ ਵਕਤ ਸਫੈਦ ਲਿਬਾਸ ਵਿਚ ਹਰਜ਼ਲ ਨੇ ਆਏ ਮਹਿਮਾਨਾਂ ਦਾ ਧੀਮੀ ਸੁਰ ਵਿਚ ਸਵਾਗਤ ਕੀਤਾ, ਤਾਂ ਕੁਝ ਬੰਦਿਆਂ ਜਿਨ੍ਹਾਂ ਪਹਿਲੀ ਵਾਰ ਹਰਜ਼ਲ ਨੂੰ ਦੇਖਿਆ, ਨੇ ਇਕ ਦੂਜੇ ਨੂੰ ਕਿਹਾ, ਸਭਾਪਤੀ ਕੋਈ ਮਜ਼ਬੂਤ ਬੰਦਾ ਹੋਣਾ ਚਾਹੀਦਾ ਸੀ। ਕੁਝ ਕੁ ਇਹ ਵੀ ਕਹਿੰਦੇ ਸੁਣੇ ਕਿ ਭਵਿਖ ਦੇ ਖਤਰਿਆਂ ਨੂੰ ਦੇਖਦਿਆਂ ਨਰਮ ਸੁਰ ਵਿਚ ਗਲ ਕਰ ਰਿਹੈ। ਤੁਰਨ ਤੋਂ ਪਹਿਲਾਂ ਹਰਜ਼ਲ ਨੇ ਆਪਣੀ ਡਾਇਰੀ ਵਿਚ ਲਿਖਿਆ ਸੀ, ਭਿਖਾਰੀਆਂ ਦੀ ਫੌਜ ਦਾ ਜਰਨੈਲ ਮੈਂ ਆਪਣੀ ਸੈਨਾ ਦਾ ਮੁਆਇਨਾ ਕਰਨ ਚੱਲਿਆਂ। ਅੱਲੜ੍ਹ, ਮੁਥਾਜ, ਦਿਸ਼ਾਹੀਣ, ਉਦਾਸ, ਲਾਚਾਰ ਲੋਕਾਂ ਦਾ ਇਕੱਠ ਹੋਏਗਾ। ਜੇ ਕਾਮਯਾਬ ਹੋ ਗਿਆ, ਇਹੋ ਭੀੜ ਇਜ਼ਤਦਾਰ ਹੋ ਜਾਵੇਗੀ। ਉਸ ਨੇ ਪੱਕੀ ਠਾਣ ਲਈ ਸੀ, ਜੋ ਮਰਜ਼ੀ ਹੋਵੇ, ਮੈਂ ਸਭਾ ਵਿਚ ਮੂਰਖਾਂ ਦੀ ਬੇਇਜ਼ਤੀ ਨਹੀਂ ਕਰਾਂਗਾ। ਯਹੂਦੀ ਕਿਹੜਾ ਇਕੋ ਵੰਨਗੀ ਦੇ ਹਨ। ਭਾਂਤ-ਸੁਭਾਂਤੇ, ਰੰਗ-ਬਰੰਗੇ, ਸਨਾਤਨੀ ਅਤੇ ਆਧੁਨਿਕ। ਪੜ੍ਹੇ, ਅਨਪੜ੍ਹ। ਅਨੇਕ ਦੇਸ਼ਾਂ ਦੇ ਅਤੇ ਅਨੇਕ ਜ਼ੁਬਾਨਾਂ ਬੋਲਣ ਵਾਲੇ। ਅਮੀਰ ਗਰੀਬ। ਇਕ ਦੂਜੇ ਦੇ ਵਿਰੋਧੀ ਈਰਖਾਲੂ ਹੋਣਗੇ। ਹਰਜ਼ਲ ਦੇ ਅਖਬਾਰ-ਮਾਲਕ ਉਸ ਦੇ ਰਿਜ਼ਕ ਦਾਤੇ ਹੋਣਗੇ। ਸਭ ਨਾਲ ਸਿਝਣਾ ਪਵੇਗਾ। ਇੰਨਾ ਵੱਡਾ ਕੰਮ ਕਿ ਹਰਕੁਲੀਸ ਫਰਿਸ਼ਤੇ ਦੀ ਤੌਬਾ ਹੋ ਜਾਵੇ। ਫਿਰ ਦਿਲ ਵਿਚ ਸੋਚਿਆ, ਇਹ ਵੱਡਾ ਕੰਮ ਮੈਂ ਸਹਿਜ-ਸੁਭਾਅ ਇਸ ਕਰ ਕੇ ਕਰ ਸਕਾਂਗਾ ਕਿ ਮੇਰਾ ਕੋਈ ਸਵਾਰਥ ਨਹੀਂ। ਕਾਮਯਾਬੀ ਨਾ ਮਿਲੀ ਤਾਂ ਯਹੂਦੀ ਹਾਰ ਜਾਣਗੇ।

ਹਰਜ਼ਲ ਨੇ ਖ਼ਤਾਂ 'ਚ ਲਿਖਿਆ ਸੀ, ਕਾਨਵੋਕੇਸ਼ਨ ਵਾਂਗ ਪਵਿੱਤਰ ਲਿਬਾਸ ਪਹਿਨ ਕੇ ਆਉਣਾ। ਕੇਵਲ ਨਾਰਦੂ ਸਾਦੇ ਕੱਪੜਿਆਂ ਵਿਚ ਸੀ। ਹਰਜ਼ਲ ਨੇ ਅਜ਼ਬ ਸੁਭਾਅ ਦੇ ਨਾਰਦੂ ਨੂੰ ਕਿਹਾ, ਫਟਾਫਟ ਲਿਬਾਸ ਬਦਲ ਕੇ ਆ। ਉਸ ਨੇ ਸਿਰ ਨਿਵਾ ਕੇ ਆਖਾ ਮੰਨਿਆ। ਐਤਵਾਰ 29 ਅਗਸਤ 1897 ਨੂੰ ਬੇਸਲ ਦੇ ਮਿਊਂਸਪਲ ਹਾਲ ਵਿਚ ਮਹਾਂਸਭਾ ਸਵੇਰ ਸਾਰ ਸ਼ੁਰੂ ਹੋ ਗਈ।

ਸਭ ਤੋਂ ਪਹਿਲਾਂ ਬਜ਼ੁਰਗ ਡਾਕਟਰ ਲਿੱਪੇ ਜੈਸੀ ਮੰਚ 'ਤੇ ਚੜ੍ਹਿਆ। ਹਾਲ ਖਾਮੋਸ਼ ਹੋ ਗਿਆ। ਸਫੈਦ ਵਾਲਾਂ ਉਪਰ ਸਫੈਦ ਟੋਪ। ਸਿਰ ਨਿਵਾ ਕੇ ਸੰਗਤ ਨੂੰ ਸਲਾਮ ਕੀਤਾ। ਸਾਰਿਆਂ ਨੇ ਸਿਰ ਨਿਵਾ ਕੇ, ਛਾਤੀ 'ਤੇ ਹੱਥ ਰੱਖ ਕੇ ਡਾਕਟਰ ਦੇ ਸਲਾਮ ਦਾ ਜਵਾਬ ਦਿੱਤਾ। ਹਰਜ਼ਲ ਨੂੰ ਹੱਥ ਨਾਲ ਮੰਚ 'ਤੇ ਆਉਣ ਦਾ ਇਸ਼ਾਰਾ ਕੀਤਾ। ਸ਼ਾਂਤ-ਚਿਤ ਹਰਜ਼ਲ ਸਟੇਜ 'ਤੇ ਚਲਾ ਗਿਆ। ਦਰਸ਼ਕਾਂ ਨੇ ਦੇਖਿਆ, ਇਹ ਕੱਲ੍ਹ ਸ਼ਾਮ ਵਾਲਾ ਹਰਜ਼ਲ ਨਹੀਂ ਜੋ ਤੇਜ਼ ਕਦਮੀਂ ਮਹਿਮਾਨਾਂ ਦੇ ਰਹਿਣ ਦਾ ਪ੍ਰਬੰਧ ਕਰਦਾ ਫਿਰਦਾ ਸੀ। ਬਾਦਸ਼ਾਹ ਦਾ ਸ਼ਹਿਜ਼ਾਦਾ, ਨਹੀਂ ਨਹੀਂ...ਪੈਗੰਬਰਾਂ ਦਾ ਬੇਟਾ ਹੈ ਇਹ ਕੋਈ। ਗੰਭੀਰ, ਉਦਾਸ, ਸ਼ਾਨਾਂਮੱਤਾ ਚਿਹਰਾ। ਦਿੱਬ ਦ੍ਰਿਸ਼ਟੀ ਵਾਲਾ ਜਵਾਨ। ਨਹੀਂ, ਹਰਜ਼ਲ ਨਹੀਂ ਹੈ ਇਹ। ਪੈਗੰਬਰ ਦਾਊਦ ਆਪਣੇ ਸ਼ਾਨਦਾਰ ਇਤਿਹਾਸ ਸਮੇਤ ਆਪਣੇ ਘਰੋਂ ਚੱਲ ਕੇ ਸਭਾ ਦੇ ਮੰਚ 'ਤੇ ਆ ਖਲੋਤਾ ਹੈ। ਕੋਈ ਅੱਖ ਸੁੱਕੀ ਨਾ ਰਹੀ। ਇਹ ਪੈਰਾ ਉਥੇ ਮੌਜੂਦ ਬਿਨ ਅਮੀ ਦੀ ਡਾਇਰੀ ਦੇ ਵਰਕੇ ਤੋਂ ਲਿਆ ਹੈ।

ਹਾਲ ਵਿਚ 200-250 ਹਾਜ਼ਰੀਨ ਸੀ। ਹਾਜ਼ਰੀ ਰਜਿਸਟਰ ਵਿਚ 199 ਮਹਿਮਾਨਾਂ ਦੇ ਨਾਂ ਪਤੇ ਦਰਜ ਮਿਲੇ। ਬਹੁਤ ਸਾਰਿਆਂ ਨੇ ਆਪੋ ਆਪਣੇ ਕਾਰਨ ਵੱਸ ਹਾਜ਼ਰੀ ਨਹੀਂ ਲਵਾਈ। ਰੂਸੀਆਂ ਨੇ ਨਹੀਂ ਲਵਾਈ, ਕਿਉਂਕਿ ਗ੍ਰਿਫਤਾਰੀ ਦਾ ਡਰ ਸੀ। ਮਹਿਮਾਨ ਸਰੋਤਿਆਂ ਦੀ ਵੱਡੀ ਗਿਣਤੀ ਸੀ, ਪੱਤਰਕਾਰ ਸਨ। ਵੱਡੀ ਗਿਣਤੀ 'ਚ ਔਰਤਾਂ ਆਈਆਂ। ਆਪੇ ਆਏ ਸਰੋਤਿਆਂ ਅਤੇ ਔਰਤਾਂ ਦੀਆਂ ਸੀਟਾਂ ਗੈਲਰੀ ਵਿਚ ਸਨ ਜਿਨ੍ਹਾਂ ਨੂੰ ਵੋਟ ਪਾਉਣ ਅਤੇ ਰਾਇ ਦੇਣ ਦਾ ਹੱਕ ਨਹੀਂ ਸੀ। ਅਗਲੇ ਸਾਲ ਹੋਣ ਵਾਲੀ ਸਭਾ ਵਿਚ ਔਰਤਾਂ ਨੂੰ ਵੋਟ ਦਾ ਹੱਕ ਮਿਲਿਆ। ਗ਼ੈਰ ਯਹੂਦੀਆਂ ਨੂੰ ਅੰਦਰ ਆਉਣ ਦੀ ਆਗਿਆ ਮਿਲੀ। ਆਮ ਆਦਮੀ ਨੇ ਆਉਣ ਤੋਂ ਨਾਂਹ ਕੀਤੀ ਸੀ, ਪਰ ਪੁੱਜ ਗਿਆ। ਜਿਹੜੇ 162 ਪ੍ਰਵਾਨਤ ਡੈਲੀਗੇਟਾਂ ਦੀ ਗਰੁਪ ਫੋਟੋ ਖਿੱਚੀ ਗਈ, ਸਤਿਕਾਰ ਨਾਲ ਆਮ ਆਦਮੀ ਨੂੰ ਉਸ ਵਿਚ ਸ਼ਾਮਲ ਕੀਤਾ ਗਿਆ। ਹਰਜ਼ਲ ਦੀ ਹਦਾਇਤ ਸੀ ਕਿ ਅੰਦਰ ਆਉਣ ਵਾਲੇ ਕਿਸੇ ਸਰੋਤੇ ਨੂੰ ਰੋਕਣਾ-ਟੋਕਣਾ ਨਹੀਂ, ਵਿਰੋਧੀਆਂ ਨੂੰ ਆਦਰ ਨਾਲ ਬਿਠਾਓ।



***ਸਵਿਟਜ਼ਰਲੈਂਡ ਦੇ ਸ਼ਹਿਰ ਬੇਸਲ ਵਿਚ 1897 ਨੂੰ ਹੋਈ ਪਹਿਲੀ ਜ਼ਿਓਨਿਸਟ ਸਭਾ ਵਿਚ ਵੱਖ ਵੱਖ ਮੁਲਕਾਂ ਤੋਂ ਪੁੱਜੇ ਡੈਲੀਗੇਟ।***

ਰੂਸ ਦੀ ਪੁਲਿਸ ਨੂੰ ਸਭਾ ਵਿਚ ਸ਼ਾਮਲ ਹੋਣ ਵਾਲੇ ਬੰਦਿਆਂ ਦਾ ਪਤਾ ਸੀ, ਪਰ ਕਿਸੇ ਦੀ ਗ੍ਰਿਫਤਾਰੀ ਨਹੀਂ ਹੋਈ। ਪੁਲਿਸ ਨੇ ਕਹਿ ਦਿੱਤਾ, ਇਥੇ ਰੂਸ ਵਿਚ ਜਦੋਂ ਮੀਟਿੰਗ ਕਰਨੀ ਹੋਵੇ, ਪਹਿਲਾਂ ਦੱਸ ਦਿਆ ਕਰੋ। ਯਹੂਦੀ ਪੈਸੇ ਦੇ ਦਿੰਦੇ, ਪੁਲਿਸ ਮੀਟਿੰਗ ਦੀ ਕਾਰਵਾਈ ਦਰਜ ਨਾ ਕਰਦੀ, ਨਜ਼ਰ ਅੰਦਾਜ਼ ਕਰ ਦਿੰਦੀ।

ਇਸ ਮਹਾਂਸਭਾ ਵਿਚ ਸ਼ਾਮਲ ਹੋਣ ਵਾਲਿਆਂ ਵਿਚ ਇਕ ਚੌਥਾਈ ਧਨੀ, ਵਪਾਰੀ, ਉਦਯੋਗਪਤੀ ਰਸੂਖਵਾਨ ਯਹੂਦੀ ਸਨ। ਬਾਕੀ ਮਧਵਰਗੀ ਲੋਕ ਲੇਖਕ, ਅਧਿਆਪਕ, ਪੁਜਾਰੀ, ਦੁਕਾਨਦਾਰ ਅਤੇ ਵਿਦਿਆਰਥੀ ਸਨ। ਜਿਨ੍ਹਾਂ ਨੇ ਆਪਣੇ ਕਿੱਤੇ ਵਾਲਾ ਖਾਨਾ ਭਰਿਆ, ਉਨ੍ਹਾਂ ਵਿਚ ਸ਼੍ਰੋਮਣੀ ਪੁਜਾਰੀ (ਰਬਾਈ) ਗਿਆਰਾਂ, ਦੋ ਸਟੈਨੋਗ੍ਰਾਫਰ ਅਤੇ ਇਕ-ਇਕ ਕੀਰਤਨੀਆ, ਕਿਸਾਨ, ਬੁੱਤ ਤਰਾਸ਼ ਤੇ ਛਾਪੇਖਾਨੇ ਦਾ ਕੰਪੋਜ਼ੀਟਰ ਦਰਜ ਸੀ। ਪੁਜਾਰੀਆਂ ਨੂੰ ਅਹਿਮੀਅਤ ਨਹੀਂ ਦਿੱਤੀ ਗਈ। ਪੂਰਬ ਦੇ ਮੈਂਬਰਾਂ ਦੀ ਗਿਣਤੀ ਪੱਛਮ ਤੋਂ ਵੱਧ ਸੀ। ਸਭ ਤੋਂ ਵੱਧ, ਕੁੱਲ ਦਾ ਇਕ ਚੌਥਾਈ ਹਿੱਸਾ ਰੂਸੀ ਸਨ। ਕਿੱਤੇ ਵਜੋਂ ਸਭ ਤੋਂ ਵੱਧ ਵਿਦਿਆਰਥੀ ਸਨ। 'ਜਿਊਇਸ਼ ਕਰਾਨੀਕਲ' ਅਖਬਾਰ ਨੇ ਟਿੱਪਣੀ ਛਾਪੀ, ਕਹਿਣ ਨੂੰ ਤਾਂ ਹਰਜ਼ਲ ਦੇ ਸੱਦੇ 'ਤੇ ਸਭਾ ਹੋਈ, ਪਰ ਲਗਦਾ ਇਉਂ ਸੀ ਜਿਵੇਂ ਮਹਾਂਸਭਾ ਦਾ ਸੱਦਾ ਮਨਜ਼ੂਰ ਕਰ ਕੇ ਹਰਜ਼ਲ ਹਾਜ਼ਰੀ ਭਰਨ ਆਇਆ ਹੋਵੇ।

ਸਭਾ ਵਿਚ ਕੇਵਲ ਇਕ ਵਾਰ ਤਣਾਉ ਆਇਆ। ਇਜ਼ਰਾਈਲ ਵਿਚ ਵਸਾਉਣ ਵਾਸਤੇ ਜ਼ਮੀਨ ਖਰੀਦਣ ਲਈ ਐਡਮੰਡ ਰੋਸ਼ਿਲਡ ਨੇ ਲੱਖਾਂ ਪੌਂਡ ਦਾਨ ਦਿੱਤਾ ਸੀ। ਸਰੋਤਿਆਂ ਨੇ ਮੰਗ ਕੀਤੀ ਕਿ ਉਸ ਦੀ ਪ੍ਰਸ਼ੰਸਾ ਵਿਚ ਮਤਾ ਪਾਸ ਹੋਵੇ। ਹਰਜ਼ਲ ਨੇ ਕਿਹਾ, ਮਹਾਂਦਾਨੀ ਰੋਸ਼ਿਲਡ ਦਾ ਕੌਣ ਆਦਰ ਨਹੀਂ ਕਰਦਾ? ਮੁਸ਼ਕਿਲ ਇਹ ਆਏਗੀ ਕਿ ਰੋਸ਼ਿਲਡ ਜ਼ਮੀਨ ਖਰੀਦ ਕੇ ਵਸੇਬੇ ਦੇ ਹੱਕ ਵਿਚ ਹੈ, ਮੈਂ ਰਾਜਸੱਤਾ ਹਾਸਲ ਕਰਨ ਦੇ ਹੱਕ ਵਿਚ ਹਾਂ, ਤੇ ਉਸੇ ਦਿਸ਼ਾ ਵਿਚ ਇਹ ਸਭਾ ਬੁਲਾਈ ਹੈ। ਮਤਾ ਪਾਸ ਕਰਨ ਦਾ ਅਰਥ ਇਹ ਹੋਵੇਗਾ ਕਿ ਸਾਡੇ ਦੋਹਾਂ ਵਿਚੋਂ ਇਕ ਦੀ ਨੀਤੀ ਗਲਤ ਹੈ। ਪਹਿਲਾਂ ਆਪਾਂ ਸ਼ਾਂਤ-ਚਿੱਤ ਹੋ ਕੇ ਫੈਸਲਾ ਕਰੀਏ ਕਿ ਸਾਡੇ ਵਿਚੋਂ ਕੌਣ ਗਲਤ ਹੈ। ਸਭਾ ਨੇ ਮੰਗ ਵਾਪਸ ਲੈ ਲਈ। ਆਵਾਜ਼ਾਂ ਆਈਆਂ, ਦੋਵੇਂ ਠੀਕ ਕੰਮ ਕਰ ਰਹੇ ਹੋ। ਤਾੜੀਆਂ ਨਾਲ ਹਾਲ ਗੂੰਜਿਆ।

ਇਕ ਰੂਸੀ ਡੈਲੀਗੇਟ ਨੇ ਆਪਣੀ ਅਸਹਿਮਤੀ ਦਰਜ ਕਰਵਾਈ, ਸਾਰੀ ਸਭਾ ਵਿਚ ਆਮ ਕਾਰਵਾਈ ਜਰਮਨ ਜ਼ੁਬਾਨ ਵਿਚ ਹੋਈ, ਹਿਬਰੂ ਵਿਚ ਹੋਣੀ ਚਾਹੀਦੀ ਸੀ। ਹਰਜ਼ਲ ਨੇ ਕਿਹਾ, ਹਿਬਰੂ ਵਿਚ ਹੋਇਆ ਕਰੇਗੀ, ਅਜੇ ਬਹੁਤਿਆਂ ਨੂੰ ਸਮਝ ਨਹੀਂ ਆਉਂਦੀ, ਇਸ ਲਈ ਸਹੂਲਤ ਵਾਸਤੇ ਅਜਿਹਾ ਹੋਇਆ।

ਹਰਜ਼ਲ ਨੇ ਆਪਣੇ ਭਾਸ਼ਣ ਵਿਚ ਕਿਹਾ, ਸਾਡੇ ਦੁਸ਼ਮਣ ਦੀ ਵੱਖੀ ਵਿਚ ਦਰਦ ਹੋਇਆ ਹੈ ਕਿ ਅੱਜ ਅਸੀਂ ਝੁੱਗੀਆਂ ਝੋਂਪੜੀਆਂ ਵਿਚੋਂ ਨਿਕਲ ਕੇ ਆਪਣੇ ਬਾਬੇ ਦੇ ਮਹਿਲਾਂ ਵਿਚ ਦਾਖਲ ਹੋਏ। ਜ਼ਿਓਨਿਜ਼ਮ ਨੇ ਵੱਡਾ ਦਰ ਖੋਲ੍ਹ ਦਿੱਤਾ। ਆਪਣੀ ਮਦਦ ਆਪ ਕਰਿਓ, ਤੁਸੀਂ ਆਪਣੇ ਭਰਾਵਾਂ ਨਾਲ ਹਮਦਰਦੀ ਨਾ ਕੀਤੀ ਤਾਂ ਕੀ ਬੇਗਾਨਿਆਂ ਤੋਂ ਹਮਦਰਦੀ ਮਿਲੇਗੀ? ਅੱਜ ਆਪਾਂ ਹਰ ਕਿਸਮ ਦੇ ਯਹੂਦੀ ਇਕੱਠੇ ਹੋਏ; ਸਿਰੇ ਦੇ ਸਨਾਤਨੀ ਅਤੇ ਸਿਰੇ ਦੇ ਆਧੁਨਿਕ; ਅਨਪੜ੍ਹ ਅਤੇ ਵਿਦਵਾਨ, ਕਿਸੇ ਨੇ ਕਿਸੇ ਲਈ ਨਾ ਕੋਈ ਰਿਆਇਤ ਕੀਤੀ, ਨਾ ਬੰਦਿਸ਼ਾਂ ਲਾਈਆਂ। ਕੋਈ ਧਿਰ ਦੂਜੀ ਧਿਰ ਨਾਲ ਅਸਹਿਮਤ ਨਹੀਂ। ਅਸੀਂ ਬੜੇ ਕਸ਼ਟ ਭੁਗਤ ਚੁੱਕੇ ਹਾਂ। ਹੁਣ ਚੰਗਾ ਸਮਾਂ ਆਏਗਾ। ਆਪੋ-ਆਪਣੇ ਦੇਸ਼ਾਂ ਵਿਚ ਜਾ ਕੇ ਰਿਆਇਤਾਂ ਨਹੀਂ, ਹੱਕ ਮੰਗਾਂਗੇ। ਜੇ ਆਪਾਂ ਅੱਜ ਤੁਰਕੀ ਸਰਕਾਰ ਅੱਗੇ ਰਹਿਮ ਦੀ ਅਪੀਲ ਕਰੀਏ ਕਿ ਸਾਲਾਨਾ ਦਸ ਹਜ਼ਾਰ ਯਹੂਦੀ ਇਜ਼ਰਾਈਲ ਵਿਚ ਲੰਘ ਆਉਣ ਦੀ ਆਗਿਆ ਦੇ ਦਿਉ, ਜੋ ਹੁਣ ਤੱਕ ਮਿਲੀ ਹੋਈ ਹੈ, ਸੁਲਤਾਨ ਉਸ 'ਤੇ ਵੀ ਪਾਬੰਦੀ ਲਾ ਦਏਗਾ। ਫਿਰ ਹਜ਼ਾਰ ਸਾਲ ਤੱਕ, ਇਕ ਵੀ ਯਹੂਦੀ ਇਜ਼ਰਾਈਲ ਵਿਚ ਦਾਖਲ ਨਹੀਂ ਹੋ ਸਕੇਗਾ। ਯਹੂਦੀ ਦੁਨੀਆਂ ਦੇ ਕਿਸੇ ਦੇਸ਼ ਵਿਚ ਚਲੇ ਜਾਣ, ਕਿਸੇ ਨੂੰ ਇਤਰਾਜ਼ ਨਹੀਂ; ਜਦੋਂ ਉਹ ਆਪਣੇ ਘਰ, ਆਪਣੇ ਵਡੇਰਿਆਂ ਦੇ ਦੇਸ਼ ਵਿਚ ਜਾਣ ਲੱਗਣ, ਸਾਰੀ ਦੁਨੀਆਂ ਨੂੰ ਇਹ ਸਮੱਗਲਿੰਗ ਦਿਸ ਜਾਂਦੀ ਹੈ ਤੇ ਚੀਕ-ਚਿਹਾੜਾ ਸ਼ੁਰੂ ਹੋ ਜਾਂਦਾ ਹੈ। ਸਾਡੀ ਇਸ ਸਭਾ ਵੱਲ ਦੁਨੀਆਂ ਦੀ ਨਜ਼ਰ ਹੈ। ਲੱਖਾਂ ਯਹੂਦੀ ਇਸ ਤੋਂ ਸੁਹਣੇ ਭਵਿਖ ਦੀਆਂ ਆਸਾਂ ਲਾਈ ਬੈਠੇ ਹਨ। ਜ਼ਿਓਨਿਜ਼ਮ ਨੂੰ ਦਹਿਸ਼ਤਗਰਦਾਂ ਦਾ ਗਰੋਹ ਸਮਝਿਆ ਜਾਂਦਾ ਰਿਹਾ ਹੈ; ਹੁਣ ਦੱਸਾਂਗੇ, ਅਸੀਂ ਸਾਊ, ਸਭਿਅਕ, ਕਾਨੂੰਨ ਦੇ ਪਾਬੰਦ ਲੋਕ ਆਪਣੇ ਪੁਰਖਿਆਂ ਦੇ ਦੱਸੇ ਰਸਤੇ 'ਤੇ ਤੁਰ ਪਏ ਹਾਂ। ਜੋ ਸਾਧਨ ਯਹੂਦੀਆਂ ਕੋਲ ਨਹੀਂ ਸੀ, ਉਹ ਮਿਲ ਗਿਆ ਹੈ, ਇਸ ਦਾ ਨਾਂ ਜ਼ਿਓਨਿਜ਼ਮ ਹੈ ਜੋ ਨਿਜੀ ਲੋੜਾਂ ਦੀ ਥਾਂ ਕੌਮੀ ਲੋੜਾਂ ਪੂਰੀਆਂ ਕਰੇਗਾ। ਬਦਕਿਸਮਤ ਲੋਕਾਂ ਵਾਸਤੇ ਸਹਾਰਾ ਹੋਵੇਗਾ ਤੇ ਧਮਕੀ ਕਿਸੇ ਵਾਸਤੇ ਨਹੀਂ ਬਣੇਗਾ। ਇਸ ਰਾਹੀਂ ਯਹੂਦੀਆਂ ਨੂੰ ਉਹ ਸ਼ਾਨ ਮਿਲੇਗੀ ਜਿਸ ਦੇ ਉਹ ਹੱਕਦਾਰ ਹਨ, ਜੋ ਅਮਰ ਅਤੇ ਲਾਸਾਨੀ ਹੈ।

ਹਰਜ਼ਲ ਨੇ ਕਿਹਾ, ਤੁਸੀਂ ਜਾਣਦੇ ਹੋ, ਵਿਸ਼ਵ ਵਿਚ ਕਿਸੇ ਥਾਂ ਯਹੂਦੀਆਂ ਦੀ ਹਾਲਤ ਚੰਗੀ ਨਹੀਂ। ਚੰਗੀ ਹੁੰਦੀ, ਫਿਰ ਆਪਾਂ ਇਹ ਸਭਾ ਕਿਉਂ ਬੁਲਾਉਂਦੇ?

ਹਰਜ਼ਲ ਨੇ ਨਹੀਂ, ਬਾਕੀ ਪੇਪਰ ਪੜ੍ਹਨ ਵਾਲੇ ਬੁਲਾਰਿਆਂ ਨੇ ਆਪੋ-ਆਪਣੇ ਦੇਸ਼ ਵਿਚ ਹੁੰਦੀ ਦੁਰਦਸ਼ਾ ਦੀ ਉਹ ਦਿਲ-ਕੰਬਾਊ ਦਾਸਤਾਨ ਛੋਹੀ- 'ਸੰਖੇਪ ਕਰੋ, ਪੇਪਰ ਸਮਾਪਤ ਕਰੋ' ਆਦਿਕ ਸੁਨੇਹਿਆਂ ਦਾ ਕੋਈ ਅਸਰ ਨਹੀਂ। ਨਾਰਦੂ ਨੇ ਕਿਹਾ, ਯਹੂਦੀਆਂ ਦਾ ਦੁੱਖ ਕੇਵਲ ਇਕ ਰੰਗ, ਇਕ ਕਿਸਮ ਦਾ ਹੈ। ਜਿਥੇ ਕਿਤੇ ਉਹ ਵਸੇ, ਉਨ੍ਹਾਂ ਨੂੰ ਉਸ ਤਰ੍ਹਾਂ ਆਮ ਮੁਸੀਬਤ ਦਾ ਸਾਹਮਣਾ ਨਹੀਂ ਕਰਨਾ ਪਿਆ ਜਿਹੋ ਜਿਹਾ ਬਾਕੀ ਲੋਕਾਂ ਨੂੰ ਕਰਨਾ ਪੈਂਦਾ ਹੈ। ਉਨ੍ਹਾਂ ਨੂੰ ਯਹੂਦੀ ਹੋਣ ਦੀ ਜ਼ਿੱਲਤ ਬਰਦਾਸ਼ਤ ਕਰਨੀ ਪਈ। ਪੂਰਬੀ ਗਰੀਬ ਯਹੂਦੀਆਂ ਨੂੰ ਜਾਨ ਦਾ ਖਤਰਾ, ਪੱਛਮੀ ਖੁਸ਼ਹਾਲ

(ਬਾਕੀ ਅਗਲੇ ਸਫੇ 'ਤੇ)

# ਗਰੀਡੀ ਡੌਗ

***ਕੈਨੇਡਾ ਵੱਸਦੇ ਨੌਜਵਾਨ ਲੇਖਕ ਹਰਪ੍ਰੀਤ ਸੇਖਾ ਨੇ 'ਗਰੀਡੀ ਡੌਗ' ਨਾਂ ਦੇ ਇਸ ਲੇਖ ਵਿਚ ਡਾਲਰਾਂ ਲਈ ਘੁਲ ਰਹੇ ਪਰਵਾਸੀਆਂ ਦਾ ਇਕ ਹੋਰ ਪੱਖ ਉਜਾਗਰ ਕੀਤਾ ਹੈ। ਪਰਦੇਸਾਂ ਵਿਚ ਕਮਾਈਆਂ ਖਾਤਰ ਗਏ ਇਨ੍ਹਾਂ ਜਿਊੜਿਆਂ ਦੀ ਇਸ ਤੜਫਾਹਟ ਦੇ ਇਕ ਨਹੀਂ, ਅਨੇਕ ਪਾਸਾਰ ਹਨ। ਹਰਪ੍ਰੀਤ ਸੇਖਾ ਬੁਨਿਆਦੀ ਰੂਪ ਵਿਚ ਕਹਾਣੀਕਾਰ ਹੈ। ਉਹਦੇ ਦੋ ਕਹਾਣੀ ਸੰਗ੍ਰਿਹ 'ਬੀ ਜੀ ਮੁਸਕਰਾ ਪਏ' ਅਤੇ 'ਬਾਰਾਂ ਬੂਹੇ' ਛਪ ਚੁੱਕੇ ਹਨ। ਆਪਣੀਆਂ ਰਚਨਾਵਾਂ ਵਿਚ ਉਹ ਪਾਤਰਾਂ ਦੀ ਮਾਨਸਿਕਤਾ ਪੜ੍ਹਦਾ, ਆਲੇ-ਦੁਆਲੇ ਦਾ ਬਿਰਤਾਂਤ ਬੰਨ੍ਹਦਾ ਹੈ। 'ਟੈਕਸੀਨਾਮਾ' ਉਹਦੀ ਨਿਵੇਕਲੀ ਰਚਨਾ ਹੈ ਜਿਸ ਵਿਚ ਉਹਨੇ ਟੈਕਸੀ ਚਲਾਉਣ ਵਾਲਿਆਂ ਦੇ ਕਿੱਤੇ ਅਤੇ ਮਨਾਂ ਅੰਦਰ ਝਾਤੀ ਮਾਰੀ ਹੈ। -ਸੰਪਾਦਕ***



## ਟੈਕਸੀਨਾਮਾ

**11**

**ਹਰਪ੍ਰੀਤ ਸਿੰਘ ਸੇਖਾ**
ਫੋਨ: 778-231-1189
hsekha@hotmail.com

ਉਹ ਜਿਸ ਟੈਕਸੀ ਕੰਪਨੀ ਵਿਚੋਂ ਟੈਕਸੀ ਚਲਾਉਣੀ ਛੱਡ ਕੇ ਆਇਆ ਸੀ, ਉਸ ਕੰਪਨੀ ਦੇ ਡਰਾਈਵਰ ਉਸ ਨੂੰ 'ਗਰੀਡੀ ਡੌਗ' ਆਖਦੇ ਸਨ। ਇਸ ਬਾਰੇ ਨਵੀਂ ਕੰਪਨੀ ਜਿਥੇ ਉਹ ਹੁਣ ਟੈਕਸੀ ਚਲਾਉਂਦਾ ਸੀ, ਦੇ ਬਹੁਤ ਥੋੜ੍ਹੇ ਡਰਾਈਵਰਾਂ ਨੂੰ ਪਤਾ ਸੀ ਅਤੇ ਉਹ ਉਸ ਨੂੰ 'ਬਲੈਕ ਜ਼ੀਰੋ ਟੈਕਸੀ' ਵਾਲਾ ਬਿੱਲਾ ਕਰ ਕੇ ਜਾਣਦੇ ਸਨ। ਬਿੱਲਾ ਰਾਤ ਦੀ ਸ਼ਿਫਟ ਟੈਕਸੀ ਚਲਾਉਂਦਾ। ਉਹ ਬਾਕੀ ਡਰਾਈਵਰਾਂ ਨਾਲੋਂ ਜ਼ਿਆਦਾ ਦਿਹਾੜੀ ਬਣਾਉਂਦਾ। ਚੌਥੇ ਕੁ ਦਿਨ ਉਹ ਸ਼ਿਫਟ ਖਤਮ ਹੋਣ ਵੇਲੇ ਕਿਸੇ ਨਾ ਕਿਸੇ ਡਰਾਈਵਰ ਨੂੰ ਦਾਰੂ ਪਿਲਾ ਦਿੰਦਾ। ਕਈ ਡਰਾਈਵਰ ਆਖਦੇ, ਉਹ ਡਿਸਪੈਚਰਾਂ ਨੂੰ ਵੀ ਦਾਰੂ ਪਿਲਾਉਂਦਾ ਹੋਵੇਗਾ, ਇਸੇ ਕਰ ਕੇ ਉਹ ਜ਼ਿਆਦਾ ਡਾਲਰ ਬਣਾਉਂਦਾ ਹੈ, ਪਰ ਧੰਨੇ ਦੇ ਇਹ ਗੱਲ ਹਜ਼ਮ ਨਾ ਹੁੰਦੀ। ਉਸ ਨੇ ਸੋਚਿਆ, ਉਹ ਪਤਾ ਲਾ ਕੇ ਰਹੇਗਾ ਕਿ ਬਿੱਲੇ ਕੋਲ ਕਿਹੜੀ ਗਿੱਦੜਸਿੰਗੀ ਹੈ!

***

ਧੰਨਾ ਵੀ ਰਾਤ ਦੀ ਸ਼ਿਫਟ ਟੈਕਸੀ ਚਲਾਉਂਦਾ। ਉਸ ਨੇ ਦਾਰੂ ਦੀ ਬੋਤਲ ਲੈ ਕੇ ਆਪਣੀ ਕਾਰ ਵਿਚ ਰੱਖ ਲਈ। ਅਗਲੀ ਸਵੇਰ ਚਾਰ ਵਜੇ, ਜਦੋਂ ਰਾਤ ਦੀ ਸ਼ਿਫਟ ਖਤਮ ਹੁੰਦੀ, ਧੰਨੇ ਨੇ ਬਿੱਲੇ ਨੂੰ ਜਾ ਫੜਿਆ। ਧੰਨਾ ਕਹਿੰਦਾ, "ਬੜੇ ਭਾਈ, ਅੱਗੇ ਤੇਰੇ ਤੋਂ ਪੀਵੀਦੀ ਐ, ਅੱਜ ਮੈਨੂੰ ਮੌਕਾ ਦੇ।"

"ਕੋਈ ਨੀਂ, ਜੇ ਮੈਂ ਕਿਤੇ ਪਿਆ'ਤੀ ਤਾਂ ਕੀ ਹੋ ਗਿਆ!" ਬਿੱਲਾ ਬੋਲਿਆ।

ਧੰਨਾ ਕਹਿੰਦਾ, "ਤੇਰੀ ਖਾਤਰ ਸਪੈਸ਼ਲ ਲਿਆਂਦੀ ਐ। ਭਾਰ ਲਾਹੁਣ ਦਾ ਮੌਕਾ ਦੇ।"

ਉਹ ਦੋਹੇਂ ਧੰਨੇ ਦੀ ਕਾਰ ਵਿਚ ਜਾ ਬੈਠੇ। ਗਲਾਸਾਂ 'ਚ ਸ਼ਰਾਬ ਪਾਉਂਦਾ ਧੰਨਾ ਫਿਰ ਕਹਿੰਦਾ, "ਬੜੇ ਭਾਈ, ਆਹ ਤਾਂ ਬਹੁਤ ਚੰਗਾ ਕੀਤਾ, ਜਿਹੜਾ ਆਖੇ ਲੱਗ ਗਿਆ। ਕੁਛ ਤਾਂ ਭਾਰ ਹੌਲਾ ਹੋਊ। ਤੂੰ ਪੱਲਿਓਂ ਪਿਆ ਪਿਆ ਕੇ ਭਾਰ ਚੜ੍ਹਾਈ ਜਾਨੈਂ। ਅੱਜ ਤੈਨੂੰ ਖਾਣਾ ਵੀ ਖਵਾਉਨਾਂ। ਥੋੜ੍ਹਾ ਤਰਾਰੇ 'ਚ ਹੋ ਕੇ ਆਪਾਂ ਡੈਨੀਜ਼ ਰੈਸਟੋਰੈਂਟ ਚੱਲਦੇ ਆਂ।" 'ਪੱਲਿਓਂ' ਸ਼ਬਦ 'ਤੇ ਧੰਨੇ ਨੇ ਵਾਹਵਾ ਜ਼ੋਰ ਦਿੱਤਾ।

"ਅੱਜ ਤਾਂ ਯਾਰ, ਬੜਾ ਦਿਆਲ ਹੋਇਐਂ!" ਬਿੱਲਾ ਬੋਲਿਆ।

"ਦਿਆਲਤਾ ਕਾਹਦੀ ਬੜੇ ਭਾਈ, ਤੇਰੇ ਜਿੱਡਾ ਜਿਗਰਾ ਕਿੱਥੋਂ ਲਿਆਈਏ ਜਿਹੜਾ ਚੌਥੇ ਕੁ ਦਿਨ ਜੱਗ ਕਰ ਦਿੰਨੈ।"

ਦੂਜੀ ਵਾਰ ਗਲਾਸ ਭਰਦਾ ਧੰਨਾ ਬੋਲਿਆ, "ਬੜੇ ਭਾਈ, ਕਈ ਕਹਿੰਦੇ ਆ ਕਿ ਤੂੰ ਤਾਂ ਡਰਾਈਵਰਾਂ ਨੂੰ ਪਿਆ ਦਿੰਨੈ, ਫਿਰ ਡਿਸਪੈਚਰਾਂ ਨੂੰ ਕਿਉਂ ਨਾ ਪਿਆਉਂਦਾ ਹੋਵੇਂਗਾ! ਕੀ ਮਿਲਦੈ ਤੈਨੂੰ? ਨਾਲੇ ਗੱਲਾਂ ਕਰਾਉਨੈਂ, ਨਾਲੇ ਪੱਲਿਓਂ ਖਰਚਾ ਕਰਦੈਂ।"

"ਤੈਨੂੰ ਦੱਸ ਦਿੰਨੈ, ਪਰ ਕਿਸੇ ਕੋਲ ਗੱਲ ਨਾ ਕਰੀਂ। ਖਰਚਾ ਮੈਂ ਕੋਈ ਨ੍ਹੀਂ ਕਰਦਾ। ਇਉਂ ਈ ਬੱਸ ਹੱਥ ਲੱਗ ਜਾਂਦੀ ਐ ਦਾਰੂ ਕਦੇ-ਕਦਾਈਂ।"

"ਲੈ ਐਂ ਕਿਵੇਂ ਲੱਗ ਜਾਂਦੀ ਐ ਹੱਥ! ਐਵੇਂ ਕਰਦੈਂ ਤੂੰ।"

"ਕੋਈ ਨਾ ਕੋਈ ਸਵਾਰੀ ਛੱਡ ਜਾਂਦੀ ਐ।"

"ਹੱਦ ਹੋਗੀ! ਸਾਡੀ ਟੈਕਸੀ 'ਚ ਤਾਂ ਕਦੇ ਕੋਈ ਸਵਾਰੀ ਛੱਡ ਕੇ ਨ੍ਹੀਂ ਗਈ।"

"ਤੁਸੀਂ ਯਾਰ ਦਿਮਾਗ ਨ੍ਹੀਂ ਵਰਤਦੇ। ਆਪਾਂ ਤਾਂ ਜੁਗਤ ਵਰਤਦੇ ਆਂ। ਜਦੋਂ ਕਿਸੇ ਸਵਾਰੀ ਦੇ ਹੱਥ 'ਚ ਦੇਖੀਦੀ ਐ, ਤਾਂ ਝੱਟ ਅਗਲੇ ਨੂੰ ਆਖ ਦੇਈਦੈ ਕਿ ਟੈਕਸੀ 'ਚ ਪੀਣੀ ਇਲਲੀਗਲ ਐ। ਪਿਛੇ ਟਰੰਕ 'ਚ ਰੱਖੋ। ਦਾਰੂ ਟਰੰਕ 'ਚ ਰਖਾ ਕੇ ਅਗਲੇ ਨੂੰ ਐਸਾ ਗੱਲਾਂ 'ਚ ਲਾਈਦੈ ਕਿ ਬਹੁਤੀ ਵਾਰੀ ਅਗਲਾ ਉਤਰਨ ਲੱਗਾ ਦਾਰੂ ਬਾਰੇ ਭੁੱਲ ਜਾਂਦੈ।"

"ਬੜਾ ਗੁਰੂ ਐਂ, ਬੜੇ ਭਾਈ ਤੂੰ ਤਾਂ!" ਆਖਦਾ ਧੰਨਾ ਹੱਸਿਆ।

ਦੂਜਾ ਗਲਾਸ ਖਾਲੀ ਕਰਦਿਆਂ ਧੰਨੇ ਨੇ ਬਿੱਲੇ ਦੇ ਮੋਢੇ 'ਤੇ ਹੱਥ ਮਾਰ ਕੇ ਦੋ-ਤਿੰਨ ਵਾਰ 'ਤੂੰ ਤਾਂ ਬੜਾ ਦਿਮਾਗੀ ਬੰਦੈ' ਕਿਹਾ।

ਤੀਜਾ ਗਲਾਸ ਭਰ ਕੇ ਧੰਨਾ ਕਹਿੰਦਾ, "ਬੜੇ ਭਾਈ, ਅੱਜ ਫੇਰ ਕਿੰਨੇ ਬਣਾ ਕੇ ਲੈ ਚੱਲਿਐਂ?"

"ਪੌਣੇ ਤਿੰਨ ਸੌ ਐ।"

"ਮੇਰੇ ਬਣੇ ਐ ਸਵਾ ਦੋ ਸੌ। ਬੜੇ ਭਾਈ, ਜਿੱਦਣ ਮਰਜ਼ੀ ਪੁੱਛ ਲਈਏ, ਤੇਰੇ ਚਾਲੀ-ਪੰਜਾਹ ਵੱਧ ਬਣੇ ਹੁੰਦੇ ਆ। ਕੀ ਗਿੱਦੜਸਿੰਗੀ ਐ ਤੇਰੇ ਕੋਲ?

"ਗਿੱਦੜਸਿੰਗੀ ਕੀ ਹੋਣੀ ਐ! ਦਿਮਾਗ ਵਰਤੀਦੈ।"

"ਬੜੇ ਭਾਈ, ਮੈਨੂੰ ਵੀ ਦੱਸ ਕੋਈ ਗੁਰ-ਮੰਤਰ।"

"ਰਾਤਾਂ ਨੂੰ ਸ਼ਰਾਬੀਆਂ ਨਾਲ ਵਾਹ ਪੈਂਦਾ, ਜਿੰਨੇ ਮਰਜ਼ੀ ਡਾਲੇ ਬਣਾਈ ਜਾਓ। ਅੱਜ ਵੀ ਮਿਲਿਆ ਇੱਕ ਸ਼ਰਾਬੀ। ਉਹਨੇ ਬਰਨਬੀ ਜਾਣਾ ਸੀ। ਮੈਂ ਟੈਕਸੀ ਤੋਰਨ ਤੋਂ ਪਹਿਲਾਂ ਹੀ ਕਿਰਾਇਆ ਮੰਗ ਲਿਆ। ਉਸ ਤੋਂ ਵੀਹਾਂ ਦਾ ਨੋਟ ਲੈ ਕੇ ਮੈਂ ਟੈਕਸੀ ਤੋਰ ਲਈ। ਜਦੋਂ ਉਹਦੇ ਟਿਕਾਣੇ 'ਤੇ ਪਹੁੰਚੇ ਤਾਂ ਮੈਂ ਫਿਰ ਕਰਾਇਆ ਮੰਗ ਲਿਆ। ਉਹ ਕਹੇ, ਮੈਂ ਪਹਿਲਾਂ ਹੀ ਤੈਨੂੰ ਵੀਹ ਡਾਲਰ ਦਿੱਤੇ ਆ। ਮੈਂ ਮੂਹਰੋਂ ਹੱਸ ਕੇ ਆਖ ਦਿੱਤਾ ਕਿ ਸ਼ਰਾਬ ਤਾਂ ਤੂੰ ਪੀਤੀ ਐ ਤੇ ਸ਼ਰਾਬੀ ਤੂੰ ਮੈਨੂੰ ਸਮਝੀ ਜਾਨੈਂ। ਕਦੋਂ ਦਿੱਤੇ ਸੀ ਵੀਹ ਡਾਲਰ? ਉਹ ਜੀ ਮੰਨ ਗਿਆ। ਕਹਿੰਦਾ, ਭੁਲੇਖਾ ਲੱਗ ਗਿਆ ਹੋਊ।"

"ਕੀ ਕਹਿਣੇ ਬੜੇ ਭਾਈ ਤੇਰੇ।" ਧੰਨੇ ਨੇ



ਤਾੜੀ ਮਾਰੀ।

ਬਿੱਲਾ ਚਾਂਭਲ ਗਿਆ। ਕਹਿੰਦਾ, "ਲੈ ਕੱਲ੍ਹ ਦੀ ਸੁਣ ਲੈ। ਇੱਕ ਬੰਦੇ ਨੂੰ ਡਾਊਨ-ਟਾਊਨ ਤੋਂ ਚੁੱਕਿਆ। ਉਹਨੇ ਬਰਾਡਵੇ 'ਤੇ ਜਿਹੜਾ ਹੋਲੀ-ਡੇਅ ਇੰਨ ਹੋਟਲ ਐ, ਉਥੇ ਜਾਣਾ ਸੀ। ਕਿਸੇ ਬਾਹਰਲੇ ਸ਼ਹਿਰ ਤੋਂ ਲੱਗਦਾ ਸੀ। ਉਹ ਫੋਨ 'ਤੇ ਕਿਸੇ ਨਾਲ ਗੱਲੀਂ ਲੱਗਾ ਸੀ। ਟ੍ਰਿੱਪ ਛੋਟਾ ਸੀ। ਮੈਂ ਸੋਚਿਆ ਇਹਨੂੰ ਥੋੜ੍ਹਾ ਵਲ ਕੇ ਲਿਆਉਨੇ ਆ। ਮੈਂ ਕੈਂਬੀ ਬ੍ਰਿਜ ਤੋਂ ਛੇ ਐਵੀਨਿਊ ਪਾ ਕੇ ਓਕ ਸਟਰੀਟ ਪਾ ਲਈ। ਮੇਰਾ ਵਿਚਾਰ ਸੀ, ਬਈ ਕਿੰਗ ਐਡਵਰਡ ਸਟਰੀਟ ਪਾ ਕੇ ਫਿਰ ਬਰਾਡਵੇ ਵੱਲ ਮੋੜ ਕੇ ਲਿਆਊਂਗਾ। ਉਹ ਫੋਨ 'ਤੇ ਗੱਲੀਂ ਰੁੱਝਿਆ ਵਾ ਸੀ। ਜਦੋਂ ਟੈਕਸੀ ਸੋਲ੍ਹਾਂ ਐਵੀਨਿਊ 'ਤੇ ਪਹੁੰਚੀਂ ਤਾਂ ਉਹਦੀ ਨਿਗ੍ਹਾ ਬਾਹਰ ਵੱਲ ਗਈ। ਉਹ ਕਹਿੰਦਾ, 'ਕਿੱਧਰ ਲੈ ਚੱਲਿਐਂ?' ਮੈਨੂੰ ਲੱਗ ਗਿਆ ਪਤਾ, ਬਈ ਇਹਨੂੰ ਰਾਹ ਦਾ ਪਤੈ। ਜੇ ਕੋਈ ਹੋਰ ਡਰੈਵਰ ਹੁੰਦਾ ਤਾਂ ਥਿੜਕ ਜਾਂਦਾ। ਮੈਂ ਜੁਗਤ ਵਰਤੀ। ਮੈਂ ਟੈਕਸੀ ਪਾਸੇ ਕਰ ਕੇ ਖੜ੍ਹਾ ਲਈ। ਦੋ ਕੁ ਵਾਰ ਸਿਰ ਨੂੰ ਝਟਕਿਆ। ਫੇਰ ਰੋਣਹਾਕੀ ਆਵਾਜ਼ ਬਣਾ ਕੇ ਉਸ ਨੂੰ 'ਸੌਰੀ' ਕਿਹਾ। ਤੇ ਫਿਰ ਸਟੋਰੀ ਬਣਾ ਕੇ ਉਹਨੂੰ ਦੱਸ ਦਿੱਤੀ। ਮੈਂ ਕਿਹਾ, ਬਈ ਮੇਰੀ ਘਰਵਾਲੀ ਕੈਂਸਰ ਹਸਪਤਾਲ 'ਚ ਪਈ ਐ। ਦੋ ਰਾਤਾਂ ਤੋਂ ਮੈਂ ਸੁੱਤਾ ਨ੍ਹੀਂ। ਹਮੇਸ਼ਾ ਧਿਆਨ ਉਸੇ 'ਚ ਰਹਿੰਦਾ। ਇਸੇ ਕਰ ਕੇ ਟੈਕਸੀ ਕੈਂਸਰ ਹਸਪਤਾਲ ਵੱਲ ਲੈ ਚੱਲਿਆ ਸੀ। ਦੋ ਵਾਰ ਫਿਰ ਉਹਨੂੰ 'ਸੌਰੀ' ਕਿਹਾ। ਉਸ ਬੰਦੇ ਨੇ ਮੇਰੇ ਮੋਢੇ 'ਤੇ ਹੱਥ ਰੱਖ ਕੇ ਹੌਸਲਾ ਦਿੱਤਾ। ਫਿਰ ਹੋਟਲ ਪਹੁੰਚ ਕੇ ਵੀਹ ਡਾਲਰ ਟਿੱਪ ਦੇ ਗਿਆ। ਕਹਿੰਦਾ, ਘਰ ਜਾ ਕੇ ਘੜੀ ਸੌਂ ਆ।"

"ਬੜੇ ਭਾਈ, ਬੜੀ ਕੁੱਤੀ ਸ਼ੈਅ ਐਂ ਤੂੰ। ਤੈਨੂੰ ਮੌਕੇ 'ਤੇ ਐਹੋ ਜੀਆਂ ਅਹੁੜਦੀਐਂ ਕਿਵੇਂ ਐਂ! ਕਮਾਲ ਐ ਬੜੇ ਭਾਈ! ਤੈਨੂੰ ਤਾਂ ਵਕੀਲ-ਵਕੂਲ ਬਣਨਾ ਚਾਹੀਦਾ ਸੀ।"

ਬਿੱਲਾ ਹੋਰ ਖੁਸ਼ ਹੋ ਗਿਆ।

"ਲੈ ਚੁੱਕ ਬੜੇ ਭਾਈ, ਫਿਰ ਤੈਨੂੰ ਖਾਣਾ ਵੀ ਖਵਾਉਣੈ। ਜੇ ਤੇਰੀ ਸੇਵਾ ਕਰਾਂਗੇ ਤਾਂ ਹੀ ਤੂੰ ਨਵੇਂ-ਨਵੇਂ ਗੁਰ ਦੱਸੇਂਗਾ!" ਆਖ ਕੇ ਧੰਨੇ ਨੇ ਬਿੱਲੇ ਵੱਲ ਦੇਖਿਆ। ਉਸ ਨੂੰ ਪੂਰਾ ਖੁਸ਼ ਦੇਖ ਕੇ ਫਿਰ ਬੋਲਿਆ, "ਬੜੇ ਭਾਈ, ਤੂੰ ਉਹ ਕੁੱਤੇ ਵਾਲੀ ਗੱਲ ਵੀ ਸੁਣਾ। ਉਡਦੀ ਜਿਹੀ ਆਸਿਓਂ-ਪਾਸਿਓਂ ਸੁਣੀ ਸੀ, ਪਰ ਤੂੰ ਪੂਰੀ ਸੁਣਾ।"

"ਓਹ, ਅੱਛਾ ਅੱਛਾ! ਉਹ ਤਾਂ ਪੁਰਾਣੀ ਗੱਲ ਐ ਯਾਰ।"

"ਕੋਈ ਨੀਂ ਪੁਰਾਣੀ ਕੀ ਕਹਿੰਦੀ ਐ, ਤੂੰ ਸੁਣਾ। ਹੋਊਗੀ ਉਹ ਵੀ ਸਿਰੇ ਸੱਟ ਈ।"

"ਉਹ ਏਦਾਂ ਸੀ ਕਿ ਮੈਨੂੰ ਇੱਕ ਵਾਰੀ ਖਾਣਾ ਡਲਿਵਰ ਕਰਨ ਦਾ ਟ੍ਰਿੱਪ ਮਿਲਿਆ। ਮੈਂ ਰੈਸਟੋਰੈਂਟ ਤੋਂ ਖਾਣਾ ਚੁੱਕ ਕੇ ਹਾਲੇ ਚੱਲਿਆ ਹੀ ਸੀ ਕਿ ਰਾਹ 'ਚ ਮੈਨੂੰ ਫਲੈਗ ਮਿਲ ਗਿਆ। ਮੈਂ ਪਹਿਲਾਂ ਹੀ ਸੋਚਦਾ ਜਾਂਦਾ ਸੀ ਕਿ ਜੇ ਕੋਈ ਉਧਰ ਨੂੰ ਜਾਂਦਾ ਫਲੈਗ ਮਿਲ ਜੇ, ਤਾਂ ਸਵਾਦ ਈ ਆ ਜੇ। ਮੈਂ ਟੈਕਸੀ ਰੋਕ ਲਈ। ਬੰਦੇ ਦੇ ਨਾਲ ਨਿੱਕਾ ਜਿਹਾ ਕੁੱਤਾ ਸੀ। ਉਹ ਕਹਿੰਦਾ ਕਿ ਇਸ ਕੁੱਤੇ ਨੂੰ ਘਰ ਪਚਾਉਣੈਂ। ਕਹਿੰਦਾ, ਬਹੁਤ ਚੰਗਾ ਕੁੱਤਾ ਐ, ਜਿਥੇ ਬਿਠਾ'ਤਾ, ਉਥੇ ਹੀ ਬੈਠਾ ਰਹਿਣੈਂ ਇਹਨੇ। ਨਾਲ ਹੀ ਉਸ ਬੰਦੇ ਨੇ ਵੀਹਾਂ ਦਾ ਨੋਟ ਦਿਖਾ'ਤਾ। ਵੀਹ ਤਾਂ ਉਦੋਂ ਏਅਰਪੋਰਟ ਦੇ ਮਸਾਂ ਚੱਲਦੇ ਸੀ। ਮੈਂ ਕਿਹਾ, ਠੀਕ ਐ...ਲੈ ਚੱਲਦੇ ਆਂ। ਮੈਂ ਖਾਣਾ ਵੀ ਉਧਰਲੇ ਪਾਸੇ ਹੀ ਡਲਿਵਰ ਕਰਨਾ ਸੀ। ਮੈਂ ਜੀ ਟੈਕਸੀ ਦਾ ਪਿਛਲਾ ਦਰਵਾਜਾ ਖੋਲ੍ਹ ਦਿੱਤਾ। ਉਸ ਬੰਦੇ ਨੇ ਪਿਛਲੀ ਸੀਟ ਦੇ ਪੈਰਾਂ 'ਚ ਕੁੱਤਾ ਬਿਠਾ ਦਿੱਤਾ। ਕੁੱਤੇ ਨੂੰ ਉਥੋਂ ਨਾ ਹਿੱਲਣ ਦੀ ਤਾੜਨਾ ਵੀ ਕਰ ਗਿਆ। ਮੈਂ ਟੈਕਸੀ ਹਾਲੇ ਤੋਰੀ ਹੀ ਸੀ ਕਿ ਕੁੱਤੇ ਨੇ ਟਪੂਸੀ ਮਾਰ ਕੇ ਮੂਹਰਲੀ ਸੀਟ 'ਤੇ ਪਏ ਖਾਣੇ ਨੂੰ ਸੰਨ੍ਹ ਲਾ ਲਈ। ਮੈਂ ਇਕ ਦਮ ਈ ਘਬਰਾ ਗਿਆ। ਕੁੱਤੇ ਨੂੰ ਹਟਾਉਣ ਲਈ ਉਹਦੇ ਮਾਰਿਆ ਤੇ ਟੈਕਸੀ ਪਾਸੇ ਕਰ ਕੇ ਰੋਕ ਲਈ। ਕੁੱਤਾ ਖੁੱਲ੍ਹੇ ਸ਼ੀਸ਼ੇ ਰਾਹੀਂ ਛਾਲ ਮਾਰ ਕੇ ਬਾਹਰ ਭੱਜ ਗਿਆ। ਮੈਂ ਬਥੇਰੀਆਂ ਬੁਸ਼ਕਰਾਂ ਮਾਰੀਆਂ, ਪਰ ਉਹ ਆਵਦੇ ਮਾਲਕ ਵੱਲ ਦੌੜ ਗਿਆ। ਮੈਂ ਛੇਤੀ-ਛੇਤੀ ਆ ਕੇ ਟੈਕਸੀ ਤੋਰ ਲਈ। ਮੈਨੂੰ ਡਰ ਸੀ ਕਿ ਅਗਲਾ ਆਵਦੇ ਵੀਹ ਡਾਲਰ ਨਾ ਮੁੜਵਾ ਲਵੇ। ਮੇਰੀ ਨਿਗ੍ਹਾ ਖਾਣੇ ਵਾਲੀ ਟ੍ਰੇਅ 'ਤੇ ਪਈ ਤਾਂ ਸੋਚਿਆ ਕਿ ਹੁਣ ਕੀ ਕਰਾਂ? ਕੁੱਤੇ ਨੇ ਟ੍ਰੇਅ ਉਪਰਲਾ ਫਾਇਲ ਪੇਪਰ ਪਾੜ ਦਿੱਤਾ ਸੀ। ਉਹ ਮੀਟ ਦਾ ਪੀਸ ਵੀ ਲੈ ਗਿਆ ਸੀ। ਖਾਣੇ ਵਾਲੇ ਖਾਣਾ ਉਡੀਕਦੇ ਸੀ। ਡਿਸਪੈਚਰ ਦੇਰੀ ਦਾ ਕਾਰਨ ਪੁੱਛਣ ਲੱਗਾ ਤਾਂ ਘਬਰਾਏ ਦੇ ਮੂੰਹੋਂ ਨਿਕਲ ਗਿਆ ਕਿ ਖਾਣਾ ਤਾਂ ਠੀਕ ਹੈ, ਪਰ ਕੁੱਤਾ ਭੱਜ ਗਿਆ। ਡਿਸਪੈਚਰ ਹੈਰਾਨ ਸੀ ਕਿ ਇਹ ਕੁੱਤਾ ਕਿਧਰੋਂ ਆ ਗਿਆ। ਮੇਰੀ ਸੁਰਤ ਜਦੋਂ ਟਿਕਾਣੇ ਸਿਰ ਆਈ ਤਾਂ ਮੈਂ ਜੁਗਤ ਵਰਤੀ। ਸਟੋਰ ਤੋਂ ਨਵਾਂ ਫਾਇਲ ਪੇਪਰ ਖਰੀਦ ਕੇ ਟ੍ਰੇਅ ਢੱਕ ਕੇ ਡਲਿਵਰ ਕਰ'ਤੀ।"

"ਓਹ ਬੱਲੇ-ਬੱਲੇ! ਬੜੇ ਭਾਈ ਤੂੰ ਤਾਂ ਬੜਾ ਵੱਡਾ ਗਰੀਡੀ ਡੌਗ ਐਂ!" ਆਖ ਕੇ ਧੰਨਾ ਹੱਸਿਆ।

'ਗਰੀਡੀ ਡੌਗ' ਸੁਣ ਕੇ ਬਿੱਲਾ ਝੇਂਪ ਗਿਆ। ਉਸ ਨੂੰ ਸਮਝ ਨਾ ਲੱਗੀ ਕਿ ਧੰਨੇ ਨੇ ਪ੍ਰਸੰਸਾ ਕੀਤੀ ਸੀ ਜਾਂ ਟਾਂਚ ਲਾਈ ਸੀ।

---

# ਸਵਿਟਜ਼ਰਲੈਂਡ ਵਾਲੀ ਪਲੇਠੀ ਮਹਾਂਸਭਾ

***(ਪਿਛਲੇ ਸਫੇ ਦੀ ਬਾਕੀ)***

ਯਹੂਦੀਆਂ ਨੂੰ ਇਜ਼ਤ ਦਾ ਖਤਰਾ, ਨਫਰਤ ਦਾ ਸਾਹਮਣਾ, ਸਵੈਮਾਣ ਨੂੰ ਸੱਟ। ਜਿਸ ਰੂਹਾਨੀ ਤ੍ਰਿਪਤੀ ਦੇ ਬਾਕੀ ਲੋਕ ਇਛੁਕ ਹਨ, ਯਹੂਦੀ ਉਸ ਤੋਂ ਵਾਂਝੇ ਰਹੇ। ਯਹੂਦੀ ਨਹੀਂ ਚਾਹੁੰਦਾ ਕਿ ਕੋਈ ਉਸ ਵਿਚ ਯਹੂਦੀਆਂ ਵਰਗੀਆਂ ਆਦਤਾਂ ਦੇਖੇ ਤੇ ਨਫਰਤ ਕਰੇ। ਉਸ ਨੂੰ ਆਪਣੇ ਗ਼ੈਰ ਯਹੂਦੀ ਦੋਸਤਾਂ 'ਤੇ ਵੀ ਭਰੋਸਾ ਨਹੀਂ। ਇਉਂ ਮਾਨਸਿਕ ਤੌਰ 'ਤੇ ਯਹੂਦੀ ਅਪੰਗ ਹੋ ਗਏ ਹਨ।

ਇਸ ਸਭਾ ਵਿਚ ਬਾਕੀਆਂ ਨੇ ਪਰਚੇ ਪੜ੍ਹੇ, ਕੇਵਲ ਨਾਰਦੂ ਜ਼ੁਬਾਨੀ ਬੋਲਿਆ। ਲੋਕ ਉਸ ਦੇ ਵਾਕ ਸੁਣਦਿਆਂ ਪਾਗਲ ਹੋ ਕੇ ਬੱਚਿਆਂ ਵਾਂਗ ਰੋਣ ਲੱਗੇ। ਹਰਜ਼ਲ ਨੇ ਕਿਹਾ, ਤੇਰਾ ਭਾਸ਼ਣ ਮਹਾਂਸਭਾ ਹੈ ਤੇ ਮਹਾਂਸਭਾ ਤੂੰ ਹੈਂ, ਨਾਰਦੂ। ਤੇਰਾ ਵਿਖਿਆਨ ਇਤਿਹਾਸਕ ਹੈ। ਨਾਰਦੂ ਨੇ ਪਤਨੀ ਨੂੰ ਕਿਹਾ, ਹਰਜ਼ਲ ਦੇ ਵਾਕ ਅਤਿਕਥਨੀ ਹਨ। ਮੈਂ ਜੋ ਕਿਹਾ, ਵਧਾ-ਚੜ੍ਹਾ ਕੇ ਨਹੀਂ ਕਿਹਾ।

ਇਸ ਸਭਾ ਦੀ ਕਾਮਯਾਬੀ ਵਾਸਤੇ ਸ਼ੁਭ-ਇਛਾਵਾਂ ਦੇ 50 ਹਜ਼ਾਰ ਪੱਤਰ ਆਏ। ਤਿੰਨ ਕਮੇਟੀਆਂ ਬਣੀਆਂ। ਇਕ ਕੌਮਾਂਤਰੀ ਯਹੂਦੀ ਫੰਡ, ਦੂਜੀ ਹਿਬਰੂ ਸਾਹਿਤ ਤੇ ਤੀਜੀ ਯਹੂਦੀਆਂ ਬਾਰੇ ਤੱਥ ਖੋਜ ਕਮੇਟੀ। ਹਰ ਦੇਸ਼ ਵਿਚੋਂ ਘੱਟੋ-ਘੱਟ ਇਕ-ਇਕ ਮੈਂਬਰ ਹਰ ਕਮੇਟੀ ਵਿਚ ਹੋਵੇਗਾ, ਲੋੜ ਅਨੁਸਾਰ ਵੱਧ ਹੋ ਸਕਣਗੇ।

ਸਨਾਤਨੀ ਕੱਟੜ ਯਹੂਦੀਆਂ ਨੂੰ ਹੈਰਾਨੀ ਹੋਈ ਕਿ ਹਰਜ਼ਲ ਇੰਨਾ ਨਿਮਰ ਹੈ, ਇੰਨਾ ਸਹਿਯੋਗ ਦਏਗਾ। ਉਸ ਨੇ ਕਿਹਾ, ਸਾਰਾ ਸੰਸਾਰ ਸਾਨੂੰ ਦੇਖ ਰਿਹਾ ਹੈ। ਅਸੀਂ ਸਾਬਤ ਕਰਾਂਗੇ, ਸਾਡਾ ਮਿਸ਼ਨ ਇਕ ਹੈ। ਸਾਡਾ ਮਨੋਰਥ ਜਿਉਂਦੇ ਰਹਿਣ ਦਾ ਹੈ। ਇਹ ਮਨੋਰਥ ਸਟੇਟ ਦੀ ਸਥਾਪਨਾ ਨਾਲ ਪੂਰਾ ਹੁੰਦਾ ਹੈ ਤਾਂ ਸਟੇਟ ਵਾਸਤੇ ਸੰਘਰਸ਼ ਕਰਾਂਗੇ। ਸਟੇਟ ਬਗੈਰ ਕੰਮ ਸਹੀ ਚੱਲ ਸਕਦਾ ਹੈ ਤਾਂ ਇਸੇ ਤਰ੍ਹਾਂ ਸਹੀ। ਸਾਨੂੰ ਪਤਾ ਹੈ, ਤੁਰਕੀ ਆਪਣਾ ਇਕ ਹਿੱਸਾ ਕੱਟ ਕੇ ਸਾਨੂੰ ਨਹੀਂ ਦੇਣ ਲੱਗਾ, ਪਰ ਇਹ ਪੈਸੇ ਵੱਲੋਂ ਤੰਗ ਹੈ। ਅਸੀਂ ਇਸ ਨੂੰ ਇਸ ਸ਼ਰਤ 'ਤੇ ਖੁਸ਼ਹਾਲ ਕਰ ਸਕਦੇ ਹਾਂ ਕਿ ਯੋਰੋਸ਼ਲਮ ਦੇ ਆਸ-ਪਾਸ ਤੁਰਕੀ ਹਕੂਮਤ ਅਧੀਨ ਉਨ੍ਹਾਂ ਯਹੂਦੀਆਂ ਨੂੰ ਹੋਮਲੈਂਡ ਦਿੱਤਾ ਜਾਵੇ ਜਿਨ੍ਹਾਂ ਨੂੰ ਹੋਰ ਕੋਈ ਦੇਸ਼ ਵਸਣ ਨਹੀਂ ਦਿੰਦਾ। ਇਹ ਹੋਮਲੈਂਡ ਤੁਰਕੀ ਸਰਕਾਰ ਅਧੀਨ ਹੋਵੇਗਾ ਅਤੇ ਕੌਮਾਂਤਰੀ ਕਾਨੂੰਨ ਅਨੁਸਾਰ ਹੋਵੇਗਾ। ਹੋਮਲੈਂਡ ਦੀ ਰੂਪ-ਰੇਖਾ ਅਤੇ ਵਿਧਾਨ ਤਿਆਰ ਕਰਨ ਵਿਚ ਹਰਜ਼ਲ ਦੇ ਸਲਾਹਕਾਰ ਪੰਜ ਵਕੀਲ ਸਨ।



***ਸਵਿਟਜ਼ਰਲੈਂਡ ਦੇ ਸ਼ਹਿਰ ਬੇਸਲ ਵਿੱਚ 1897 ਨੂੰ ਹੋਈ ਪਹਿਲੀ ਜ਼ਿਓਨਿਸਟ ਸਭਾ ਮੌਕੇ ਇਕ ਹੋਟਲ ਦੀ ਬਾਲਕਾਨੀ ਵਿਚ ਖੜ੍ਹਾ ਹਰਜ਼ਲ।***

ਗਰਮ ਦਲੀਏ ਬੇਚੈਨ ਹੋਏ। ਫੇਬੀਅਸ ਨੇ ਉਚੇ ਸੁਰ ਵਿਚ ਕਿਹਾ, ਭਾਈਓ, ਜ਼ਿਓਨਿਜ਼ਮ ਦਾ ਮੰਤਵ ਯਹੂਦੀਆਂ ਲਈ ਸੁਤੰਤਰ ਸਟੇਟ ਦੀ ਸਥਾਪਨਾ ਹੈ। ਸਾਨੂੰ ਆਪਣਾ ਕੌਮੀ ਘਰ ਚਾਹੀਦੈ, ਕਿਸੇ ਦੇ ਰਹਿਮ 'ਤੇ ਬਿਗਾਨੀ ਪਨਾਹ ਨਹੀਂ। ਹਰਜ਼ਲ ਨੇ ਕਿਹਾ, ਸ਼ਬਦਾਂ ਦੀ ਚੋਣ ਵੱਲ ਨਾ ਜਾਉ, ਸਾਡੀ ਮਨਸ਼ਾ ਦੇਖੋ। ਅਸੀਂ ਉਹੀ ਕਰਾਂਗੇ ਜੋ ਯਹੂਦੀਆਂ ਦੇ ਹਿਤ ਵਿਚ ਹੋਵੇਗਾ।

ਮਹਾਂਸਭਾ ਦੀ ਸਮਾਪਤੀ ਪਿਛੋਂ ਵਾਪਸ ਜਾ ਕੇ 3 ਸਤੰਬਰ ਨੂੰ ਹਰਜ਼ਲ ਨੇ ਡਾਇਰੀ ਵਿਚ ਲਿਖਿਆ, ਬੇਸਲ ਨਗਰ ਵਿਚ ਮੈਂ ਯਹੂਦੀ ਸਟੇਟ ਦੀ ਨੀਂਹ ਧਰ ਆਇਆਂ। ਇਸੇ ਤਰ੍ਹਾਂ ਜੇ ਸਾਫ-ਸਾਫ ਬੋਲ ਦਿੱਤੀ ਜਾਵੇ ਤਾਂ ਸਾਰਾ ਸੰਸਾਰ ਅੱਜ ਇਸ ਗੱਲ 'ਤੇ ਹੱਸੇ। ਕਹੇ ਗਏ ਲਫਜ਼ ਤੋਲੇ ਜਾ ਸਕਦੇ ਨੇ, ਅਣਕਹੀਆਂ ਭਾਵਨਾਵਾਂ ਨੂੰ ਕੌਣ ਤੋਲੇਗਾ? ਪੰਜ ਸਾਲ ਨੂੰ ਨਾ ਸਹੀ, 50 ਸਾਲ ਨੂੰ ਸਹੀ; ਇਜ਼ਰਾਈਲ ਯਹੂਦੀਆਂ ਦਾ ਦੇਸ਼ ਬਣੇਗਾ। ਸਭਾ ਵਿਚ ਭਾਗ ਲੈਂਦੇ ਸਾਰੇ ਮੈਂਬਰਾਂ ਨੂੰ ਮੈਂ ਇਹ ਅਹਿਸਾਸ ਕਰਵਾਉਣ ਵਿਚ ਕਾਮਯਾਬ ਹੋ ਗਿਆਂ ਜਿਵੇਂ ਉਹ ਪਾਰਲੀਮੈਂਟ ਮੈਂਬਰ ਹੋਣ ਤੇ ਮੇਰੀ ਸਟੇਟ ਦਾ ਪਾਰਲੀਮੈਂਟ ਇਜਲਾਸ ਚੱਲ ਰਿਹਾ ਹੋਵੇ।

ਆਖਰ ਸੰਗਤ ਦੀ ਆਗਿਆ ਨਾਲ ਸਭਾ ਸਮਾਪਤ ਹੋਈ। ਸ਼ੁਕਰਾਨਾ ਕਰਦਿਆਂ ਹਰਜ਼ਲ ਨੇ ਕਿਹਾ, ਸਾਡੀ ਇਹ ਪਹਿਲੀ ਕੌਮਾਂਤਰੀ ਕਾਂਗਰਸ ਸੀ। ਮੈਨੂੰ ਭਰੋਸਾ ਹੈ, ਇਸ ਸਭਾ ਕਾਰਨ ਅਸੀਂ ਕਦੀ ਸ਼ਰਮਿੰਦੇ ਨਹੀਂ ਹੋਵਾਂਗੇ। ਧੀਮੀ ਗਤੀ, ਪੂਰੀ ਦ੍ਰਿੜ੍ਹਤਾ ਨਾਲ ਅਸੀਂ ਅਹਿਮ ਫੈਸਲੇ ਕਰ ਕੇ ਵਾਪਸ ਚੱਲੇ ਹਾਂ।


ਹਰਜ਼ਲ ਦੇ ਸ਼ੁਕਰਾਨੇ ਮਗਰੋਂ ਸਭਾ ਉਠੀ। ਹੱਥ ਹਿਲਾਉਂਦਿਆਂ, ਰੁਮਾਲ ਲਹਿਰਾਉਂਦਿਆਂ ਵਿਦਾਇਗੀਆਂ ਹੋਈਆਂ। ਮੁਸਕਾਨਾਂ ਨਾਲ ਹੰਝੂਆਂ ਦੇ ਵਟਾਂਦਰੇ ਹੋਏ। ਸਭਾ ਦੇ ਅਸਰ ਦੇਰ ਤੱਕ, ਦੂਰ-ਦਰਾਜ ਤੱਕ ਹੋਏ। ਰਾਜ ਪਲਟਿਆਂ ਵਕਤ, ਇਨਕਲਾਬਾਂ ਮੌਕੇ ਜਿਵੇਂ ਯੁੱਧ ਹੁੰਦੇ, ਖੂਨ-ਖਰਾਬਾ ਹੁੰਦਾ, ਅਜਿਹਾ ਨਹੀਂ ਹੋਇਆ। ਭਾਰਾ ਜਹਾਜ਼ ਸਮੁੰਦਰ ਵਿਚ ਠਿੱਲ੍ਹ ਪਿਆ। ਜ਼ਿਓਨਿਜ਼ਮ ਦਾ ਪਹਿਲਾ ਮਨੋਰਥ ਧਰਮ ਜਾਗਰਨ ਸੀ। ਵਿਸ਼ਵਾਸ ਬਣਿਆ ਕਿ ਧਰਮੀ ਲੋਕਾਂ ਨੂੰ ਰੱਬ ਦਇਆਵਾਨ ਹੋ ਕੇ ਰਾਜ ਭਾਗ ਦਿੰਦਾ ਹੈ। ਤਤਕਾਲੀ ਲਾਭ ਇਹ ਹੋਇਆ ਕਿ ਸੰਸਾਰ ਦੇ ਯਹੂਦੀਆਂ ਕੋਲ ਜ਼ਿਓਨਿਜ਼ਮ ਦੇ ਝੰਡੇ ਅਧੀਨ ਮੰਚ ਆ ਗਿਆ ਜੋ ਪ੍ਰਤੀਨਿਧ ਸੰਸਥਾ ਹੋਣ ਕਾਰਨ ਫੈਸਲੇ ਕਰਨ ਦਾ ਅਧਿਕਾਰੀ ਹੋਵੇਗਾ। ਅੱਜ ਜ਼ਿਓਨਿਜ਼ਮ ਅਗਵਾਈ ਕਰ ਰਿਹਾ ਹੈ, ਭਵਿੱਖ ਵਿਚ ਰਾਜ ਕਰਨ ਲੱਗੇਗਾ।

ਦਿਲਚਸਪ ਟਿੱਪਣੀ ਆਮ ਆਦਮੀ ਬਾਰੇ ਮਿਲੀ। ਇਕ ਸਰੋਤੇ ਨੇ ਕਿਹਾ, ਇਹ ਸੰਪਾਦਕ, ਹਰਜ਼ਲ ਦਾ ਨਿੰਦਕ ਅਤੇ ਮਹਾਂਸਭਾ ਦਾ ਆਲੋਚਕ ਸਾਰੇ ਰੰਗ ਤਮਾਸ਼ੇ ਵਿਚ ਇਉਂ ਬੈਠਾ ਰਿਹਾ ਜਿਵੇਂ ਵਿਆਹ ਵਿਚ ਮਕਾਣ ਆਇਆ ਹੋਵੇ। ਆਖਰ ਉਸ ਦਾ ਪੱਥਰ ਦਿਲ ਵੀ ਪੰਘਰ ਗਿਆ, ਸੰਪਾਦਕੀ ਲਿਖੀ, ਸਵੇਰ ਤੋਂ ਸ਼ਾਮ ਤੱਕ ਤਿੰਨ ਦਿਨ ਦੁਨੀਆਂ ਦੇ 200 ਨੁਮਾਇੰਦਿਆਂ ਨੇ ਇਸ ਮਸਲੇ 'ਤੇ ਨਿੱਠਕ ਵਿਚਾਰ-ਵਟਾਂਦਰਾ ਕੀਤਾ ਕਿ ਆਪਣੇ ਵਡੇਰਿਆਂ ਦੇ ਇਤਿਹਾਸਕ ਰੂਹਾਨੀ ਘਰ ਇਜ਼ਰਾਈਲ ਵੱਲ ਕਿਵੇਂ ਪਰਤਿਆ ਜਾਵੇ। ਆਪਣੇ ਸੰਕੋਚ ਦੀਆਂ ਦੀਵਾਰਾਂ ਤੋੜਦਿਆਂ ਸੰਸਾਰ ਅੱਗੇ ਜ਼ਿਓਨਿਜ਼ਮ ਨੇ ਆਪਣਾ ਮਨੋਰਥ ਜ਼ਾਹਿਰ ਕਰ ਦਿੱਤਾ। ਸਾਫ ਖਰੇ ਲਫਜ਼ਾਂ ਵਿਚ ਸਿੱਧਮ-ਸਿਧਾ ਦੁਨੀਆਂ ਨੂੰ ਦੱਸ ਦਿੱਤਾ ਕਿ ਜਲਾਵਤਨ ਯਹੂਦੀਆਂ ਨੇ ਪੁਰਖਿਆਂ ਦੇ ਦੇਸ਼ ਵਿਚ ਜਾਣ ਦਾ ਫੈਸਲਾ ਕਰ ਲਿਆ ਹੈ। ਅਸੂਲਨ ਕੀ ਚਾਹੀਦਾ ਹੈ ਅਤੇ ਅਸਲ ਵਿਚ ਕੀ ਸੰਭਵ ਹੈ, ਸਾਫ ਹੋ ਗਿਆ।

ਕਾਨਫਰੰਸ ਦੀ ਸਮਾਪਤੀ ਬਾਅਦ ਲਿਲਿਅਨ ਨੇ ਲਿਖਿਆ, ਹੋਰ ਕੁਝ ਨਹੀਂ ਮਿਲਿਆ, ਨਾ ਸਹੀ! ਜ਼ਿਓਨਿਜ਼ਮ ਲਹਿਰ ਮਿਲੀ ਜਿਸ ਨੇ ਸੋਚਣ ਅਤੇ ਅਮਲ ਕਰਨ ਦੇ ਰਸਤੇ ਪਾ ਦਿੱਤੈ। ਕੀ ਪਤਾ, ਕਦੇ ਕਾਮਯਾਬ ਹੋ ਜਾਈਏ?

***(ਸਮਾਪਤ)***

## ਲੇਖਕ ਵੱਲੋਂ...




***ਇਜ਼ਰਾਈਲ ਬਾਰੇ ਲਿਖੇ ਇਸ ਲੰਮੇ ਲੇਖ ਲਈ ਵਧੀਕ ਸੂਚਨਾ David Vital, The Origins of Zionism, Oxford University Press, New York ਤੋਂ ਮਿਲੀ)***

ਪਾਕਿਸਤਾਨੀ ਕਹਾਣੀ

# ਮੀਂਹ, ਬੂਹੇ ਤੇ ਬਾਰੀਆਂ

***ਪਿਓ ਦੇ ਪੂਰੇ ਹੋਣ ਮਗਰੋਂ ਅਸਾਡਾ ਚਾਚੇ ਨਾਲ ਈ ਰਹਿਣਾ ਹੋਇਆ। ਮੈਂ ਕੌੜ ਪਾਲਦਾ ਤੇ ਸੜਦਾ ਬਲਦਾ ਰਿਹਾ। ਮੈਂ ਦੱਸ ਈ ਦੇਵਾਂ। ਮੈਂ ਨਾ ਚਾਚੀ ਨਾਲ ਲੜਿਆ, ਨਾ ਬਦਕਲਾਮੀ ਕੀਤੀ। ਬਸ ਚੁੱਪ ਕਰ ਕੇ ਉਸ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਤੱਕਿਆ ਸੀ। ਚਾਚੀ ਮਾਂ ਨਾਲ ਵਿਹੜੇ ਵਿਚ ਲੜਦੀ ਪਈ ਸੀ। ਮੈਂ ਉਤਲੀ ਬਾਰੀ ਵਿਚ ਖਲੋਤਾ ਸਾਂ। ਐਵੇਂ ਮੇਰੀ ਚੁੱਪ ਤੱਕਣੀ ਦਾ ਪਰਛਾਵਾਂ ਉਹਦੀਆਂ ਅੱਖਾਂ ਉਤੋਂ ਲੰਘਿਆ। ਉਹਨੇ ਕੌੜ ਨਾਲ ਉਤਲੀ ਮੰਜ਼ਲੇ ਤੱਕਿਆ। "ਤੂੰ ਕੀ ਆਨੇ ਟੱਡ ਕੇ ਤੱਕਦਾ ਪਿਆ ਏਂ?"***

ਮੀਂਹ ਪਿਆ ਪੈਂਦਾ ਏ ਤੇ ਬਾਰੀ ਲਾਗੇ ਬੈਠਾ ਆਂ ਮੈਂ! ਛੱਤਾਂ, ਚੁਬਾਰਿਆਂ, ਪੜਛੱਤੀਆਂ, ਕੰਧਾਂ ਤੇ ਪਰਨਾਲਿਆਂ ਰਾਹੀਂ ਪਾਣੀ ਡਿਗਦਾ ਪਿਆ ਏ, ਡਿੱਗੀ ਜਾਂਦਾ ਏ, ਵਗੀ ਜਾਂਦਾ ਏ। ਧੋਈ ਜਾਂਦਾ ਏ ਸਾਡੀ ਗਲੀ। ਮਿੱਟੀ, ਗਾਰ, ਕੱਖ ਤੇ ਗੰਦ ਸਭੇ ਜਾਂਦਾ ਏ ਰੋੜ੍ਹੀ। ਮੁੰਡਿਆਂ ਦੇ ਲੱਕ ਲੱਕ ਤੀਕ ਪਾਣੀ ਹੋ ਗਿਆ ਹੋਣਾ ਏ ਵੱਡੇ ਬਜ਼ਾਰ। ਮੁਹੱਲੇ ਦਾ ਮੁੰਡੀਰ ਉਥੇ ਨਹਾਂਵਦਾ ਹੋਣਾ ਏ ਤੇ ਵਿਚ ਪਾਣੀ ਪੁਲਾਂਘਾਂ ਮਾਰ-ਮਾਰ ਇਕ ਦੂਜੇ ਉਤੇ ਸੁੱਟਦੇ ਹੋਣਾ ਏ। ਪੀਲੀ ਕੋਠੀ ਵਾਲੇ ਅਸ਼ਰਫ ਸਾਹਿਬ ਕਹਿੰਦੇ ਨੇ ਇਸ ਗਾਰ ਰਲੇ ਪਾਣੀ ਵਿਚ ਨਹਾਵਣ ਨਾਲ ਫੋੜੇ ਫਿੰਨਸੀਆਂ ਨਿਕਲਦੇ ਨੇ ਪਰ ਹਨੀਫਾ ਬਰਫ ਆਲਾ ਕਹਿੰਦਾ ਏ, ਮਰਦੇ ਨੇ।

ਇਹ ਗੱਲਾਂ ਹੁਣ ਪੁਰਾਣੀਆਂ ਨਹੀਂ ਹੋ ਗਈਆਂ? ਨਾ ਵੱਡੇ ਬਜ਼ਾਰ ਪਾਣੀ ਖੜ੍ਹਾ ਹੋਂਦਾ ਏ, ਨਾ ਮੁੰਡੇ ਨਹਾਂਦੇ ਨੇ। ਨਵਾਂ ਸੀਵਰੇਜ ਜੋ ਪੈ ਗਿਆ ਏ ਵੱਡੇ ਬਜ਼ਾਰ ਵਿਚ। ਸਾਡਾ ਪੁਰਾਣਾ ਮੁਹੱਲਾ ਨਵੇਂ ਵਜ਼ੀਰੇ ਆਜ਼ਮ ਦੇ ਹਲਕੇ ਵਿਚ ਜੋ ਆ ਗਿਆ

ਜ਼ੁਬੈਰ ਅਹਿਮਦ

ਹੋਇਆ ਏ। ਘਰ ਸਾਡੇ ਦੇ ਪਰਨਾਲੇ 'ਚੋਂ ਮਿੱਟੀ ਰੰਗਾ, ਤੂੜੀ ਰਲਿਆ ਪਾਣੀ ਡਿੱਗੀ ਜਾਂਦਾ ਏ ਤੇ ਕੋਠਾ ਸਾਡਾ ਖੁਰੀ ਜਾਂਦਾ ਏ। ਚਿੰਤਾ ਲੱਗੀ ਪਈ ਏ ਮੈਨੂੰ। ਸਾਨੂੰ ਈ ਛੱਤਣਾ ਪੈਣਾ ਏ ਕੋਠਾ ਮੁੜ। ਟੱਬਰ ਸਾਡੇ ਨੂੰ ਕੰਮੀ ਲਾ ਦੇਣਾ ਏ ਚਾਚੀ ਤੇ ਆਪ ਦੋ ਗੁੱਤਾਂ ਕਰਕੇ ਪ੍ਰਾਹੁਣਿਆਂ ਵਾਂਗ ਰੰਗਲੇ ਪਲੰਗ ਉਤੇ ਜਾ ਬਹਿਣਾ ਏ।

ਵੱਡੀ ਭੈਣ ਮੇਰੀ ਤੇ ਮਾਂ ਸਾਰਾ ਕੋਠਾ ਲਿੱਪਣਗੀਆਂ ਤੇ ਚਾਚੀ ਸਿਆਲਾਂ ਵਿਚ ਸੁਥਰੇ ਕੋਠੇ ਉਤੇ ਮੰਜੀ ਡਾਹ ਕੇ ਧੁੱਪ ਸੇਕੇਗੀ ਤੇ ਦੋ ਗੁੱਤਾਂ ਕਰੇਗੀ ਪਰ ਮੈਂ ਹੁਣ ਵੱਡਾ ਹੋ ਗਿਆ ਆਂ ਤੇ ਕੋਈ ਕੰਮ ਨਹੀਂ ਆਖਦੀ ਚਾਚੀ। ਪਰ ਨਿੱਕੇ ਭਰਾਵਾਂ ਛਾਛੀ ਤੇ ਕਾਛੀ ਨੂੰ ਅਜੇ ਵੀ ਸਾਰਾ ਕੰਮ ਕਰਨਾ ਪੈਂਦਾ ਏ। ਕਾਛੀ ਪਰਦੇਸ ਟੁਰ ਗਿਆ ਏ ਕਦ ਦਾ। ਚਾਚੀ ਕਦ ਗੌਲਿਆ ਹੋਣਾ ਏ ਪਈ ਕਾਛੀ ਵੀ ਕਦੀ ਪਰਦੇਸ ਟੁਰ ਜਾਵੇਗਾ? ਗੋਰਿਆਂ ਦੇ ਦੇਸ ਵਿਚ। ਪਰ ਚਾਚੀ ਦੇ ਦੋਵੇਂ ਪੁੱਤਰ ਵੀ ਤਾਂ ਅਮਰੀਕਾ ਟੁਰ ਗਏ ਨੇ। ਉਹ ਆਪੇ ਵੀ ਹੁਣ ਉਥੇ ਈ ਰਹਿੰਦੀ ਏ। ਕਈ ਬੰਦਿਆਂ ਮੈਥੋਂ ਪੁੱਛਿਆ ਪਈ ਕੀ ਗੱਲ ਹੋਈ ਪਈ ਚਾਚੀ ਤੈਥੋਂ ਕੰਮ ਲੈਣਾ ਤੇ ਕਲਾਮ ਕਰਨਾ ਛੱਡ ਦਿੱਤਾ। ਪ੍ਰੀਤ ਵਾਂਗੂ ਕੌੜ ਨੂੰ ਵੀ ਪਾਲਣਾਂ ਪੈਂਦਾ ਏ। ਮੇਰੇ ਅੰਦਰ ਵੀ ਸਤਾਰਾਂ ਵਰ੍ਹਿਆਂ ਦੀ ਕੌੜ ਸੀ ਚਾਚੇ ਚਾਚੀ ਨਾਲ।

ਪਿਓ ਦੇ ਪੂਰੇ ਹੋਣ ਮਗਰੋਂ ਅਸਾਡਾ ਚਾਚੇ ਨਾਲ ਈ ਰਹਿਣਾ ਹੋਇਆ। ਮੈਂ ਕੌੜ ਪਾਲਦਾ ਤੇ ਸੜਦਾ ਬਲਦਾ ਰਿਹਾ। ਮੈਂ ਨਾ ਚਾਚੀ ਨਾਲ ਲੜਿਆ, ਨਾ ਬਦਕਲਾਮੀ ਕੀਤੀ। ਬਸ ਚੁੱਪ ਕਰ ਕੇ ਉਸ ਦੀਆਂ ਅੱਖਾਂ 'ਚ ਅੱਖਾਂ ਪਾ ਕੇ ਤੱਕਿਆ ਸੀ। ਚਾਚੀ ਮਾਂ ਨਾਲ ਵਿਹੜੇ 'ਚ ਲੜਦੀ ਪਈ ਸੀ। ਮੈਂ ਉਤਲੀ ਬਾਰੀ ਵਿਚ ਖਲੋਤਾ ਸਾਂ। ਐਵੇਂ ਮੇਰੀ ਚੁੱਪ ਤੱਕਣੀ ਦਾ ਪਰਛਾਵਾਂ ਉਹਦੀਆਂ ਅੱਖਾਂ ਉਤੋਂ ਲੰਘਿਆ। ਉਹਨੇ ਕੌੜ ਨਾਲ ਉਤਲੀ ਮੰਜ਼ਲੇ ਤੱਕਿਆ। "ਤੂੰ ਕੀ ਆਨੇ ਟੱਡ ਕੇ ਤੱਕਦਾ ਪਿਆ ਏਂ?"

ਪਹਿਲੋਂ ਕਦੀ ਅੱਖ ਨਹੀਂ ਸੀ ਚੁੱਕੀ। ਇਕੋ ਚੁੱਪ ਦੇ ਪਲ ਵਿਚ ਡਰਦੇ 17 ਵਰ੍ਹਿਆਂ ਉਤੇ ਮੈਂ ਪੁੱਠੇ ਪੈਰੀਂ ਪੈਂਡਾ ਕੀਤਾ ਤੇ ਅੱਖ ਨਾ ਝਮਕੀ। ਜਦ ਮੈਂ ਨਾ ਹਿੱਲਿਆ ਤੇ ਚਾਚੀ ਹੰਕਾਰ ਨਾਲ ਸਿਰ ਮਾਰ ਕੇ "ਹੂੰ" ਆਖ ਕੇ ਕਮਰੇ 'ਚ ਵੜ ਗਈ। ਉਹਨੂੰ ਕੀ ਪਤਾ ਪੈਰਾਂ ਤੋਂ ਮੈਂ ਕੰਬ ਰਿਹਾ ਸਾਂ।

ਉਹ ਦਿਨ ਤੋਂ ਲਾ ਮੁੜ ਉਸ ਨਾ ਮੈਨੂੰ ਕੋਈ ਕੰਮ ਕਿਹਾ, ਨਾ ਕਲਾਮ ਕੀਤਾ। ਤੀਹ ਪੈਂਤੀ ਵਰ੍ਹੇ ਹੋ ਗਏ ਨੇ ਜੱਦੀ ਘਰ ਵਿਕਿਆਂ, ਪੁਰਾਣਾ ਮਹੱਲਾ ਛੁਟਿਆਂ ਪਰ ਕੌੜ ਨਾ ਮੁੱਕੀ। ਕਾਮਰੇਡ ਬਾਲੀ ਮੈਨੂੰ ਮੱਤ ਦਿੰਦਾ ਹੋਂਦਾ ਸੀ। ਕੌੜ ਨੂੰ ਪੁੱਠਾ ਕਰਦੇ, ਤੇਰਾ ਦੁੱਖ ਮੁੱਕ ਜਾਵੇਗਾ। ਚਾਚੀ ਵੱਲੇ ਪਿਆਰ ਨਾਲ ਤੱਕ। ਚੰਗੀ ਮੱਤ ਦਿੰਦਾ ਸੀ। ਪਤਾ ਨਹੀਂ ਪਰ ਚਾਚੀ ਨੇ ਕਿੰਨਾ ਜਿਉਣਾ ਏਂ। ਹਰ ਵਾਰ ਅਮਰੀਕਾ ਤੋਂ ਆਂਦੀ ਏ ਤੇ ਪਹਿਲੇ ਤੋਂ ਵੱਧ ਵੱਲ ਹੋਂਦੀ ਏ, ਜੀਵੀ ਜਾਂਦੀ ਏ-ਜੀਵੀ ਜਾਂਦੀ ਏ।

ਮੀਂਹ ਪਈ ਜਾਂਦਾ ਏ ਤੇ ਮੈਂ ਬਾਰੀ ਤੋਂ ਤੱਕੀ ਜਾਨਾਂ। ਸਾਹਮਣੇ ਬਾਜੀ ਨਸੀਮ ਦਾ ਘਰ ਏ ਤੇ ਝਾਤੀ ਸਿੱਧੀ ਗਲੀ ਤੋਂ ਪਾਰ ਉਨ੍ਹਾਂ ਦੇ ਵਿਹੜੇ ਪੈਂਦੀ ਏ। ਹੁਣੇ-ਹੁਣੇ ਬਾਜੀ ਨਸੀਮ ਦੀ ਧਰੇਕ ਵਾਂਗ ਵਧਦੀ ਧੀ ਕੋਠੇ ਉਤੋਂ ਸੁੱਕਣੇ ਪਾਏ ਕੱਪੜੇ ਲਾਹ ਕੇ ਗਈ ਏ ਤੇ ਮਾਂ ਉਹਦੀ ਪਿੱਛੇ-ਪਿੱਛੇ ਆਈ ਏ। ਮਾਂ ਉਹਦੀ ਨੂੰ ਪਤਾ ਏ ਮੈਂ ਬਾਰੀ ਕੋਲ ਖਲਾ ਆਂ। ਪਿੱਛੇ ਮੈਂ ਆਪਣੇ ਘਰ ਦੇ ਬੂਹੇ ਅੱਗੇ ਪਿਸ਼ਾਬ ਕਰਦਾ ਪਿਆ ਸਾਂ। ਜਦ ਮੈਂ ਖਲੋ ਕੇ ਨਾਲਾ ਬੰਨ੍ਹਦਾ ਪਿਆ ਸਾਂ ਤੇ ਬਾਜੀ ਨਸੀਮ ਆਪਣੇ ਬੂਹੇ ਅੱਗੇ ਖਲੋਤੀ ਨਾਸਾਂ ਫੜਕਾ ਕੇ ਬੋਲੀ, "ਤੂੰ ਵੱਡਾ ਹੋ ਗਿਆ ਏਂ। ਰੋਟੀ ਨੂੰ ਚੋਚੀ ਤੇ ਨਹੀਂ ਕਹਿੰਦਾ। ਘਰ ਅੰਦਰ ਪਿਸ਼ਾਬ ਕਰਿਆ ਕਰ।"

ਮੈਂ ਹੈਰਾਨ, ਬਿਟ-ਬਿਟ ਉਹਦਾ ਮੂੰਹ ਤੱਕੀ ਗਿਆ। ਬਾਜੀ ਨਸੀਮ ਦੀਆਂ ਅੱਖੀਆਂ ਕਿੰਨੀਆਂ ਮੋਟੀਆਂ ਤੇ ਕਾਲੀਆਂ ਸ਼ਾਹ ਨੇ। ਕਿੰਨੇ ਵਰ੍ਹੇ ਤੋਂ ਉਹਦਾ ਬੰਦਾ ਕਿਸੇ ਅਰਬ ਮੁਲਕ ਵਿਚ ਏ। ਹਰ ਵਰ੍ਹੇ ਆਂਦਾ ਏ ਤੇ ਉਹਨੂੰ ਆਖ ਜਾਂਦਾ ਏ। ਇਕ ਦੋ ਵਰ੍ਹੇ ਪਹਿਲਾਂ ਤੇ ਬਾਜੀ ਮੈਥੋਂ ਘਰ ਦਾ ਸੌਦਾ ਮੰਗਵਾਂਦੀ ਹੋਂਦੀ ਸੀ ਤੇ ਹੁਣ ਟੱਡਣ ਲੱਗ ਪਈ ਏ ਆਨੇ। ਪਰ ਮੈਂ ਤਾਂ ਨਾ ਉਹਨੂੰ ਵੇਖਦਾ ਆਂ ਨਾ ਉਹਦੀ ਜੁਆਨ ਹੁੰਦੀ ਧੀ ਨੂੰ। ਬਸ ਉਨ੍ਹਾਂ ਦਾ ਘਰ ਹੀ ਸਾਡੇ ਸਾਹਮਣੇ ਏ ਤੇ ਝਾਤੀ ਸਿੱਧੀ ਉਨ੍ਹਾਂ ਦੇ ਘਰ ਪੈਂਦੀ ਏ। ਨਾਲੇ ਉਹਦੀ ਧੀ ਤਾਂ ਕਿਸੇ ਨੂੰ ਵੀ ਨਹੀਂ ਵੇਖਦੀ। ਉਹਨੂੰ ਈ ਸਾਰੇ ਵੇਖਦੇ ਨੇ। ਦੋਹਾਂ ਮਾਂਵਾਂ ਧੀਆਂ ਦੇ ਵਾਲ ਕਿੰਨੇ ਲੰਮੇ ਨੇ। ਸਹੁਰਾ ਬਾਜੀ ਨਸੀਮ ਦਾ ਹਰ ਐਤਵਾਰ ਵਿਹੜੇ ਬਹਿ ਕੇ ਸਿਰ ਨੂੰ ਖਜ਼ਾਬ ਲਾਂਦਾ ਰਹਿੰਦਾ ਏ ਜਾਂ ਫਿਰ ਪੁਰਾਣੀ ਸਾਈਕਲ ਧੋਂਦਾ ਰਹਿੰਦਾ ਏ। ਦੂਜੇ ਚੌਥੇ ਮਹੀਨੇ ਕਾਲੇ ਰੰਗ ਦੀ ਨਿੱਕੀ ਡੱਬੀ ਲਿਆ ਕੇ ਸਾਈਕਲ ਨੂੰ ਰੰਗਦਾ ਏ। ਸੁਣਿਆ ਉਸ ਤਿੰਨ ਵਿਆਹ ਕੀਤੇ ਪਰ ਹੁਣ ਤਾਂ ਇਕ ਵੀ ਉਹਦੇ ਨਾਲ ਨਹੀਂ।

ਬਾਜੀ ਨਸੀਮ ਹੁਣ ਪਤਾ ਨਹੀਂ ਕਿਥੇ ਏ? ਅਚਨਚੇਤ ਉਨ੍ਹਾਂ ਘਰ ਛੱਡ ਦਿੱਤਾ। ਕਹਿੰਦੇ ਉਹ ਕਿਰਾਏ ਉਤੇ ਸਨ ਤੇ ਮੁਕੱਦਮਾ ਚੱਲਦਾ ਪਿਆ ਸੀ। ਨਵੇਂ ਆਏ ਕੌਣ ਨੇ? ਮੀਂਹ ਪਈ ਜਾਂਦਾ ਏ ਤੇ ਮੈਂ ਬਾਰੀ ਕੋਲ ਬੈਠਾਂ। ਬਾਜੀ ਨਸੀਮ ਦੇ ਬੂਹੇ ਅੱਗੇ ਪਾਣੀ ਖਲੋ ਜਾਣਾ ਏ, ਸ਼ਰੀਫ ਹੱਟੀ ਆਲੇ ਦੇ ਕੋਲ ਵੀ, ਗੁੱਜਰਾਂ ਦੇ ਵਾੜੇ ਵੀ ਤੇ ਉਹ ਆਪਣੀਆਂ ਮੱਝਾਂ ਗਲੀ ਵਿਚ ਚੋਣਗੇ। ਮਾਸੀ ਦੇ ਵਿਹੜੇ ਵੀ ਪਾਣੀ ਭਰ ਜਾਣਾ ਏਂ ਰਾਤੀ ਉਥੋਂ ਡੱਡੂਆਂ ਦੀਆਂ 'ਵਾਜਾਂ ਆਣੀਆਂ ਨੇ। ਕਹਿੰਦੇ ਮਾਸੀ ਦੇ ਸਿਰ ਦਾ ਸਾਈਂ ਫਕੀਰ ਹੋ ਗਿਆ ਸੀ। ਕੁਝ ਸੁਣਾਂਦੇ, ਅਸਾਂ ਫਲਾਣੀ ਥਾਂ ਭਿਖਿਆ ਮੰਗਦੇ ਤੱਕਿਆ ਸੀ। ਅਸਾਂ ਕਦੀ ਨਹੀਂ ਅੱਖੀਂ ਡਿੱਠਾ। ਮਾਸੀ ਕੁਕੜੀਆਂ ਪਾਲੀਆਂ ਹੋਈਆਂ ਨੇ ਤੇ ਉਨ੍ਹਾਂ ਦੇ ਆਂਡੇ ਵੇਚ ਕੇ ਗੁਜ਼ਾਰਾ ਕਰਦੀ ਏ।

ਬਾਬੇ ਸ਼ਰੀਫ ਨੇ ਹੱਟੀਆਂ ਦੇ ਰਾਹ ਉਤੇ ਵਿੱਥ ਨਾਲ ਇੱਟਾਂ ਵਿਛਾ ਦਿੱਤੀਆਂ ਨੇ। ਬਾਲ ਤਾਂ ਛਲਾਂਗਾਂ ਮਾਰ ਕੇ ਇੱਟਾਂ ਟੱਪ ਕੇ ਪਾਣੀ ਨਾਲ ਖੇਡਾਂ ਕਰਦੇ ਅੱਪੜ ਜਾਂਦੇ ਨੇ ਪਰ ਅੰਕਲ ਜ਼ਮੀਲ ਜੋ ਸੌਦਾ ਲੈਣ ਆਏ ਤੇ ਉਨ੍ਹਾਂ ਕੋਲੋਂ ਇਕ ਇੱਟ ਤੋਂ ਦੂਜੀ ਤਾਈਂ ਪੈਰ ਈ ਨਹੀਂ ਪੁੱਟਿਆ ਜਾਣਾ। ਬਾਲਾਂ ਕੁਝ ਚਿਰ ਉਨ੍ਹਾਂ ਨੂੰ ਉਡੀਕਣਾ ਏਂ ਤੇ ਮੁੜ ਛੜੱਪੇ ਮਾਰ ਪਾਣੀ 'ਚੋਂ ਤਰਿਖੇ ਲੰਘਣਾ ਏਂ ਤੇ ਛਿੱਟਾਂ ਉਨ੍ਹਾਂ ਉਤੇ ਪੈਣੀਆਂ ਨੇ ਤੇ ਉਨ੍ਹਾਂ ਗਾਲ੍ਹਾਂ ਕੱਢਣੀਆਂ ਨੇ, "ਕੁੱਤੇ ਦੇ ਤੁਖਮੋ, ਬੱਦ ਦੇ ਬੀਓ। ਮਗਰਬ (ਸ਼ਾਮ) ਦੀ ਨਮਾਜ਼ ਪੜ੍ਹਨੀ ਸੀ ਮੈਂ ਮਸੀਤੇ ਜਾ ਕੇ।" ਭਾਵੇਂ ਮੀਂਹ ਹੋਵੇ ਭਾਵੇਂ ਹਨੇਰੀ, ਉਨ੍ਹਾਂ ਆਪਣੀ ਪੁਰਾਣੀ ਛਤਰੀ ਨਾਲ ਮਸੀਤੇ ਨਮਾਜ਼ ਪੜ੍ਹਨ ਜ਼ਰੂਰ ਜਾਣਾ ਹੋਂਦਾ ਏ। ਛੱਤਰੀ ਖੌਰੇ ਅੰਗਰੇਜ਼ਾਂ ਦੇ ਵੇਲੇ ਦੀ ਏ। ਬਾਜੀ ਨਸੀਮ ਦਾ ਸਹੁਰਾ ਆਪਣੀ ਸੈਕਲ ਤੇ ਅੰਕਲ ਜਮੀਲ ਛੱਤਰੀ ਤੋਂ ਖਲਾਸੀ ਕਿਉਂ ਨਹੀਂ ਕਰਾਂਦੇ?

ਮੀਂਹ ਪੈ ਰਿਹਾ ਏ ਤੇ ਮੈਨੂੰ ਪਤਾ ਏ ਸਾਡੇ ਘਰ ਦੇ ਨਾਲ ਦੇ ਕੋਠੇ ਉਤੇ ਸੋਨੀਆ ਤੇ ਉਹਦੀ ਨਿੱਕੀ ਭੈਣ ਨਹਾਂਦੀ ਹੋਣੀ ਏ। ਪਰ ਮੈਂ ਕਿਹੜੇ ਬਹਾਨੇ ਕੋਠੇ 'ਤੇ ਜਾਵਾਂ। ਮੰਜੀਆਂ ਵੀ ਲਾਹ ਲਈਆਂ ਹੋਣੀਆਂ ਨੇ ਤੇ ਜੇ ਉਨ੍ਹਾਂ ਦੀ ਭੈਣ ਬੁਸ਼ਰਾ ਨੇ ਤੱਕ ਲਿਆ ਤਾਂ ਉਸ ਮੀਂਹ ਦੇ ਨਾਲ ਅਨ੍ਹੇਰੀ ਵੀ ਝੁਲਾ ਦੇਣੀ ਏ। ਨਾਲੇ ਸੋਨੀਆ ਦਾ ਕੋਈ ਕੀ ਕਰੇ। ਇਕ ਨਾਲ ਟਿਕੇ ਤਾਂ ਗੱਲ ਏ। ਜਿਹੜੇ ਮੁੰਡੇ ਕੋਲ ਚਾਰ ਛਿੱਲੜ ਨੇ, ਦੋ ਚਾਰ ਪੈਂਟਾਂ ਨੇ, ਨਹਾਤਾ ਧੋਤਾ ਰਹਿੰਦਾ ਏ, ਕਾਲੀ ਐਨਕ ਲਾਂਦਾ ਏ, ਉਹ ਈ ਉਹਨੂੰ ਚੰਗਾ ਲੱਗਣਾ ਏ। ਬੁਸ਼ਰਾ ਨੂੰ ਵੇਖੋ! ਵਿਆਹ ਤੋਂ ਪਹਿਲਾਂ ਕਿਸੇ ਨੂੰ ਵੀ ਉਸ ਮੂੰਹ ਨਾ ਲਾਇਆ। ਭਾਵੇਂ ਉਹ ਵੀ ਸੁਹਣੀ ਈ ਸੀ। ਸੁਹਣੇ ਈ ਹੋਂਦੇ ਨੇ ਕਸ਼ਮੀਰੀ, ਵਿਆਹ ਦਾ ਕਿੰਨਾ ਚਾਅ ਸੀ ਉਸ ਨੂੰ। ਮਰੀ ਜਾਂਦੀ ਸੀ। ਵਿਆਹ ਹੋਇਆ ਪਰ ਨਿਬਾਹ ਨਾ ਹੋਇਆ। ਛੇਵੇਂ ਮਹੀਨੇ ਤੋਂ ਜੂੰ ਘਰ ਆ ਕੇ ਬੈਠੀ ਬੰਦਾ ਲੈਣ ਈ ਨਾ ਆਇਆ। ਮੂੰਹ ਫੱਟ ਸੀ ਉਹ ਹਮੇਸ਼ਾਂ ਤੋਂ ਈ। ਹੁਣ ਝੇੜੇ ਕਰਦੀ ਰਹਿੰਦੀ ਏ ਸਾਰਾ ਦਿਨ। ਹਰ ਫੇਰੀ ਆਲੇ ਨਾਲ ਉਹਦੀ ਲੜਾਈ। ਬਜ਼ਾਰ ਵਿਚ ਹਰ ਹੱਟੀ ਆਲੇ ਨਾਲ ਉਹਦੀ ਖਰਖਸ਼। ਸਾਡੇ ਉਹ ਗੁਆਂਢੀ ਨੇ। ਕੰਧ ਨਾਲ ਕੰਧ ਸਾਂਝੀ ਏ। ਗਰਮੀਆਂ ਵਿਚ ਉਨ੍ਹਾਂ ਦੇ ਘਰ ਜਾਵਾਂ ਤੇ ਉਨ੍ਹਾਂ ਦੀ ਮਾਂ ਗਲ ਵਿਚ ਬਿਨਾਂ ਕਮੀਜ਼ ਦੇ, ਮਲਮਲ ਦੀ ਚੁੰਨੀ ਨੂੰ ਗਿੱਲਿਆਂ ਕਰਕੇ ਪਿੰਡੇ ਉਤੇ ਲਿਆ ਹੁੰਦਾ ਏ। ਕਸ਼ਮੀਰੀ ਖੁੱਲ੍ਹੇ ਡੁੱਲ੍ਹੇ ਬਿਨਾਂ ਸ਼ਰਮ ਤੋਂ ਕੱਪੜੇ ਬਦਲ ਲੈਂਦੇ ਨੇ।

ਕਿੰਨੀ ਵਾਰ ਸੋਚਣਾ ਰੱਬ ਕਰੇ ਕੋਈ ਬੁਸ਼ਰਾ ਨੂੰ ਦੱਸ ਈ ਦੇਵੇ ਪਈ ਉਹ ਅਜੇ ਵੀ ਸੁਹਣੀ ਏਂ। ਸਾਰੇ ਘਰ ਦਾ ਕੰਮ ਉਹਨੇ ਸਾਂਭਿਆ ਹੋਇਆ ਤੇ ਹਰ ਇਕ ਨਾਲ ਖਿਝਦੀ ਤੇ ਖਹਿੰਦੀ ਰਹਿੰਦੀ ਏ ਤੇ ਝੇੜਾ ਕਰੀ ਜਾਂਦੀ ਏ...ਕਰੀ ਜਾਂਦੀ ਏ। ਕੀਨ੍ਹੇ ਦੱਸਿਆ ਸੀ ਬੁਸ਼ਰਾ ਦਾ ਦੂਜਾ ਵਿਆਹ ਹੋ ਗਿਆ ਏ। ਖੌਰੇ ਹੁਣ ਕਿਸ ਹਾਲ ਵਿਚ ਏ। ਕਿੰਨੇ ਈ ਵਰ੍ਹੇ ਹੋ ਗਏ ਨੇ। ਕੋਈ ਖ਼ੈਰ ਖਬਰ ਨਹੀਂ ਮਿਲੀ। ਮੇਰਾ ਵੀ ਫੇਰਾ ਨਹੀਂ ਲੱਗਾ।

ਮੀਂਹ ਇੰਜ ਹੀ ਪੈਂਦਾ ਪਿਆ ਏ ਤੇ ਕੁਵੈਤ ਆਲੀ ਭੱਜਦੀ ਸਾਹਮਣਿਓਂ ਲੰਘੀ ਏ। ਬਾਜੀ ਨਸੀਮ ਕਿਆਂ ਦੇ ਪਿਛਵਾੜੇ ਕੁਵੈਤ ਆਲੀ ਦਾ ਘਰ ਏ। ਉਹਦਾ ਇਕੋ ਪੁੱਤਰ ਏ ਤੇ ਉਹ ਕੁਵੈਤ ਏ। ਵੱਡਾ ਸਾਰਾ ਘਰ ਤੇ ਉਹ ਕੱਲੀ, ਨੌਕਰ ਵੀ ਕੋਈ ਨਹੀਂ ਰੱਖਿਆ ਹੋਇਆ ਸੂ। ਪਿਛੋਂ ਕਿਸੇ ਪਿੰਡ ਦੀ ਏ। ਕਦੀ ਕਦਾਰ ਕੋਈ ਬੰਦਾ ਜਨਾਨੀ ਆਂਦੇ ਨੇ ਕੁਝ



ਦਿਨ ਰਹਿ ਕੇ ਮੁੜ ਜਾਂਦੇ ਨੇ। ਕੁਵੈਤ ਆਲੀ ਦੇ ਇਕੱਲੇ ਪੁੱਤਰ ਦਾ ਇੰਜ ਵਿਆਹ ਨਹੀਂ ਹੋਇਆ। ਕਈ ਵਰ੍ਹਿਆਂ ਤੋਂ ਸਾਕ ਲੱਭਦੀ ਪਈ ਏ। ਹਰ ਵਰ੍ਹੇ ਉਹਦਾ ਪੁੱਤਰ ਆਂਦਾ ਏ ਤੇ ਵਿਆਹ ਕੀਤੇ ਬਿਨਾਂ ਪਰਤ ਜਾਂਦਾ ਏ। ਕਿਸੇ ਵੇਲੇ ਕੁਵੈਤ ਆਲੀ ਦਾ ਘਰ ਬੰਦ ਹੋਂਦਾ ਸੀ। ਹਿੰਦੂਆਂ ਵੇਲੇ ਦਾ ਪੁਰਾਣਾ ਘਰ ਤੇ ਕਹਿੰਦੇ ਨੇ ਇਥੇ ਭੂਤਾਂ ਦਾ ਡੇਰਾ ਏ। ਬਸੰਤ 'ਤੇ ਉਨ੍ਹਾਂ ਦੇ ਘਰ ਗੁੱਡੀਆਂ ਡਿੱਗਦੀਆਂ ਪਰ ਜੇਰਾ ਨਹੀਂ ਸੀ ਹੁੰਦਾ ਕਿਸੇ ਦਾ ਲੁੱਟਣ ਦਾ।

ਇਕ ਦਿਨ ਕੁਵੈਤ ਆਲੀ ਟਾਂਗੇ ਉਤੇ ਆਈ ਤੇ ਘਰੀਂ ਚਾਨਣ ਹੋਇਆ। ਜਦ ਉਸ ਦੱਸਿਆ ਪਈ ਮੇਰਾ ਪੁੱਤਰ ਕੁਵੈਤ ਏ ਤੇ ਉਸ ਵਿਆਹ ਕਰਨਾ ਏ ਤੇ ਕਿੰਨੀਆਂ ਈ ਜੁਆਨ ਕੁੜੀਆਂ ਦੀਆਂ ਮਾਂਵਾਂ ਉਹਦੀ ਸੇਵਾ ਵਿਚ ਰੁੱਝ ਗਈਆਂ। ਪਰ ਜਦ 3-4 ਵਰ੍ਹੇ ਉਹਦੇ ਪੁੱਤਰ ਕਿਸੇ ਨਾਲ ਵੀ ਵਿਆਹ ਨਾ ਕੀਤਾ ਤਾਂ ਜਨਾਨੀਆਂ ਉਹਨੂੰ ਮੂੰਹ ਲਾਣਾ ਈ ਬੰਦ ਕਰ ਦਿੱਤਾ ਤੇ ਸੌ-ਸੌ ਗੱਲਾਂ ਕਰਨ ਲੱਗੀਆਂ। ਮੈਨੂੰ ਪਤਾ ਏ ਕੁਵੈਤ ਆਲੀ ਗੁੜ ਆਲੇ ਚੌਲ ਜਾਂ ਪੂੜੇ ਪਕਾਏਗੀ ਤੇ ਸਾਡੇ ਘਰ ਜ਼ਰੂਰ ਲੈ ਕੇ ਆਏਗੀ। ਸਹੇਲੜੀ ਜੇ ਉਹ ਮਾਂ ਮੇਰੀ ਦੀ। ਦੋਵੇਂ ਹਰ ਜੁਮੇਰਾਤ ਨੂੰ ਸਵੇਰੇ-ਸਵੇਰੇ ਹੱਥ ਵਿਚ ਤਸਬੀਆਂ (ਮਾਲਾ) ਫੜ ਕੇ ਚਿੱਟੀਆਂ ਚੁੰਨੀਆਂ ਦੰਦਾਂ ਵਿਚ ਦੇ ਕੇ "ਅੱਲਾਹ ਹੂ-ਅੱਲਾਹ ਹੂ" ਕਰਦੀਆਂ ਦਾਤਾ ਸਾਹਿਬ ਪੈਦਲ ਜਾਂਦੀਆਂ ਨੇ।

ਕਿੰਨੇ ਈ ਵਰ੍ਹੇ ਕੁਵੈਤ ਆਲੀ ਦਾ ਪੁੱਤਰ ਆਂਦਾ ਰਿਹਾ ਤੇ ਫੇਰ ਮੁੜ ਕਦੇ ਨਾ ਆਇਆ। ਕਿੰਨੇ ਈ ਵਰ੍ਹੇ ਹੋ ਗਏ ਹੋਏ ਨੇ ਕੁਵੈਤ ਆਲੀ ਨੂੰ ਗੁਜ਼ਰਿਆਂ ਤੇ ਹੁਣ ਪਤਾ ਨਹੀਂ ਉਨ੍ਹਾਂ ਦੇ ਘਰ ਕੌਣ ਰਹਿੰਦਾ ਏ। ਮੀਂਹ ਪਈ ਜਾਂਦਾ ਏ ਤੇ ਮੈਂ ਬਾਰੀ ਕੋਲ ਈ ਬੈਠਾ ਆਂ, ਹੋਰ ਕੀ ਕਰਾਂ?

ਬਾਜੀ ਨਸੀਮ ਕਿਆਂ ਦੇ ਸੱਜੇ ਪਾਸੇ ਸਈਅਦ ਅਲੀ ਹੈਦਰ ਵਾਸਤੀ ਹੋਰਾਂ ਦਾ ਘਰ ਏ। ਹੈਦਰ ਵਾਸਤੀ ਮੇਰੇ ਨਾਲ ਕਾਲਜ ਵਿਚ ਵੀ ਏ ਪਰ ਉਹਦਾ ਗਰੁਪ ਦੂਜਾ ਏ। ਹੈਦਰ ਵਾਸਤੀ ਦੇ ਦੋ ਵੱਡੇ ਭਰਾ ਤੇ ਤਿੰਨ ਵੱਡੀਆਂ ਭੈਣਾਂ ਨੇ। ਪਿਉ ਉਹਦਾ ਆਲਮ ਏ, ਕਈ ਕਿਤਾਬਾਂ ਲਿਖੀਆਂ ਉਸ। ਪਰ ਹੁਣ ਕਈ ਵਰ੍ਹਿਆਂ ਤੋਂ ਮੰਜੇ ਲੱਗਾ ਹੋਇਆ ਏ। ਜਨਾਨੀ ਉਹਦੀ ਉਹਨੂੰ ਕਈ ਵਰ੍ਹਿਆਂ ਤੋਂ ਦਵਾਈਆਂ ਖੁਆਈ ਜਾਂਦੀ ਏ, ਖੁਆਈ ਜਾਂਦੀ ਏ। ਉਹ ਵਲ ਈ ਨਹੀਂ ਹੋ ਰਿਹਾ। ਵੱਡੀਆਂ ਤਿੰਨੇ ਭੈਣਾਂ ਯੂਨੀਵਰਸਿਟੀ ਤੀਕ ਪੜ੍ਹੀਆਂ ਤੇ ਨੌਕਰੀ ਕਰਦੀਆਂ ਨੇ। ਦੋਵੇਂ ਭਰਾ ਵੀ ਨੌਕਰੀਆਂ ਕਰਦੇ ਨੇ। ਪਹਿਲੇ ਸਾਕ ਪਸੰਦ ਨਾ ਆਏ। ਹੁਣ ਆਂਦਾ ਕੋਈ ਨਹੀਂ। ਜਾਪਦਾ ਏ ਤਿੰਨੇ ਭੈਣਾਂ ਰੁੱਸੀਆਂ ਹੋਈਆਂ ਨੇ ਆਪਣੇ ਆਪ ਤੋਂ। ਵੇਲੇ ਤੋਂ, ਭਰਾਵਾਂ ਤੋਂ, ਮਾਪਿਆਂ ਤੋਂ ਤੇ ਪਤਾ ਨਹੀਂ ਕੀਹਦੇ ਕੀਹਦੇ ਕੋਲੋਂ। ਭਰਾ ਆਖਦੇ ਨੇ ਜਦ ਤੀਕ ਭੈਣਾਂ ਦੇ ਵਿਆਹ ਨਹੀਂ ਹੋਂਦੇ, ਅਸਾਂ ਵੀ ਨਹੀਂ ਕਰਨੇ। ਭੈਣਾਂ ਕਦੇ ਬਾਰੀ ਕੋਲ ਨਹੀਂ ਖਲੋਂਦੀਆਂ। ਮੀਂਹ ਨਹੀਂ ਵੇਖਦੀਆਂ, ਕਦੀ ਵਿਹੜੇ ਨਹੀਂ ਨਹਾਉਂਦੀਆਂ, ਕਿਸੇ ਨਾਲ ਗੱਲ ਨਹੀਂ ਕਰਦੀਆਂ। ਬਸ ਉਨ੍ਹਾਂ ਨੂੰ ਰੋਹ ਏ। ਸਾਰੇ ਭੈਣ ਭਰਾ ਨੌਕਰੀਆਂ ਕਰੀ ਜਾਂਦੇ ਨੇ ਤੇ ਬੁੱਢੇ ਹੋਈ ਜਾਂਦੇ ਨੇ, ਹੋਈ ਜਾਂਦੇ ਨੇ।

ਸਈਅਦ ਅਲੀ ਹੈਦਰ ਵਾਸਤੀ ਹੁਣ ਘਰ ਢਾਹ ਕੇ ਮਾਰਕੀਟ ਪਾ ਲਈ ਏ। ਦੂਜੇ ਬੰਨਿਓਂ ਉਨ੍ਹਾਂ ਦਾ ਘਰ ਬਜ਼ਾਰ ਨੂੰ ਜੋ ਲੱਗਦਾ ਸੀ। ਪਰ ਉਹ ਕਿੱਥੇ ਨੇ। ਕਦੀ ਉਘ-ਸੁੱਘ ਨਹੀਂ ਮਿਲੀ। ਹੈਦਰ ਵਾਸਤੀ ਵੀ ਨਾ ਕਦੀ ਨਜ਼ਰੀਂ ਨਹੀਂ ਪਿਆ।

ਮੀਂਹ ਅਜੇ ਰੁਕਿਆ ਨਹੀਂ। ਆਪਣੇ ਘਰ ਦੀ ਦੂਜੀ ਮੰਜ਼ਲ ਦੀ ਬਾਰੀ ਤੋਂ ਮੈਂ ਸਾਹਮਣੇ ਬਾਜੀ ਨਸੀਮ ਕਿਆਂ ਤੋਂ ਖੱਬੇ ਪਾਸੇ ਗਲੀ ਦੀ ਨੁੱਕੜੇ ਰਿਆਜ਼ ਡਾਕੀਏ ਨੂੰ ਘਰ ਦੀ ਬਾਰੀ ਕੋਲ ਬੈਠਾ ਤਕਨਾਂ ਵਾਂ। ਰਿਆਜ਼ ਡਾਕੀਆ ਕਦੋਂ ਦਾ ਰਿਟਾਇਰ ਹੋ ਗਿਆ ਏ। ਥੱਲੇ ਘਰ ਕਿਰਾਏ 'ਤੇ ਚੜ੍ਹਿਆ ਹੋਇਆ ਸੂ ਤੇ ਉਤੇ ਦੋ ਕਮਰਿਆਂ 'ਚ ਕੱਲਾ ਰਹਿੰਦਾ ਏ। ਇਹ ਘਰ ਵੀ ਉਹਨੇ 15-20 ਵਰ੍ਹੇ ਪਿਛੋਂ ਇੱਟ-ਇੱਟ ਜੋੜ ਕੇ ਉਸਾਰਿਆ ਏ। ਮੁਹੱਲੇ 'ਚ ਕਮੇਟੀਆਂ ਪਾ ਪਾ ਕੇ ਚਾਰ ਪੈਸੇ ਜੋੜਦਾ ਏ ਤੇ ਘਰ ਉਤੇ ਲਾ ਦਿੰਦਾ ਏ। ਕਹਿੰਦੇ ਨੇ ਉਹਦੀ ਜ਼ਨਾਨੀ ਬਹੁਤ ਸੁਹਣੀ ਸੀ। ਤਿੱਖਾ ਨੱਕ, ਸਾਂਵਲਾ ਰੰਗ, ਮਧਰਾ ਕੱਦ ਤੇ ਪਿੱਛਾ ਭਾਰਾ। ਚਾਰ ਬਾਲਾਂ ਸਣੇ ਉਹ ਖੁਰਸ਼ੀਦ ਨਾਲ ਉਧਲ ਗਈ। ਪਰ ਨਹੀਂ! ਉਧਲੀ ਉਹ ਖੁਰਸ਼ੀਦ ਨਾਲ ਈ ਸੀ ਪਰ ਵੱਸੀ ਉਹਦੇ ਨਾਲ ਨਹੀਂ। ਖੁਰਸ਼ੀਦ ਨੂੰ ਤਾਂ ਉਹਨੇ ਧੁਰਾ ਬਣਾਇਆ ਆਪਣੇ ਪੁਰਾਣੇ ਯਾਰ ਤਾਈਂ ਅਪੜ੍ਹਨ ਲਈ। ਖੁਰਸ਼ੀਦ ਰਕਸ਼ਾ ਚਲਾਂਦਾ ਸੀ। ਇਕ ਦਿਨ ਜਦ ਰਿਆਜ਼ ਨੌਕਰੀ ਉਤੇ ਗਿਆ ਹੋਇਆ ਸੀ। ਖੁਰਸ਼ੀਦ ਬਿਨਾਂ ਬੂਹਾ ਖੜਕਾਏ ਉਹਦੇ ਬੂਹੇ ਦਾ ਫਾਟ ਚੁੱਕ ਕੇ ਘਰ ਅੰਦਰ ਵੜ ਗਿਆ। ਰਿਆਜ਼ ਦੀ ਜ਼ਨਾਨੀ ਦੇ ਰੌਲੇ ਦੀ ਅਵਾਜ਼ ਆਈ ਤੇ ਲੋਕਾਂ ਖੁਰਸ਼ੀਦ ਨੂੰ ਉਹਦੇ ਘਰੋਂ ਨਿਕਲ ਨੱਸਦੇ ਨੂੰ ਤੱਕਿਆ। ਖੁਰਸ਼ੀਦ ਬਹੁੰ ਉਚਾ ਲੰਮਾ ਗੱਭਰੂ ਸੀ। ਉਹਨੂੰ ਡੱਕਣ ਦਾ ਜ਼ੇਰਾ ਨਾ ਹੋਇਆ ਕਿਸੇ ਦਾ। ਦੋ ਤਿੰਨ ਦਿਨਾਂ ਮਗਰੋਂ ਮੁੜ ਇੰਜ ਹੀ ਹੋਇਆ। ਹੋਂਦੇ ਹੋਂਦੇ ਦਿਨ ਦਿਹਾੜੇ ਖੁਰਸ਼ੀਦ ਰਿਆਜ਼ ਦੇ ਘਰ ਜਾ ਵੜਦਾ ਪਰ ਉਹਦੀ ਜ਼ਨਾਨੀ ਦੀ ਵਾਜ ਈ ਨਾ ਆਂਦੀ। ਰਿਆਜ਼ ਨੂੰ ਪਤਾ ਲੱਗਾ ਤੇ ਉਸ ਰੋਜ਼ ਘਰ ਆ ਕੇ ਜ਼ਨਾਨੀ ਦਾ ਕੁੱਟ ਕੁਟਾਪਾ ਕਰਨਾ। ਬਾਲਾਂ ਦੇ ਉਚੀ ਉਚੀ ਰੋਵਣ ਦਾ ਰੌਲਾ ਪੂਰੇ ਮੁਹੱਲੇ ਸੁਣਿਆ ਜਾਣਾ। ਅਖੀਰ ਇਕ ਦਿਹਾੜੇ ਉਹਦੀ ਜ਼ਨਾਨੀ ਖੁਰਸ਼ੀਦ ਨਾਲ ਈ ਨਿਕਲ ਗਈ। ਉਸ ਬਾਲ ਸਾਂਭੇ, ਇਕ ਦੋ ਗਠੜੀਆਂ ਬੰਨ੍ਹੀਆਂ ਤੇ ਸਾਰਾ ਸੋਨਾ ਰੁਪਿਆ ਹੂੰਝ ਹਾਂਝ ਕੇ ਖੁਰਸ਼ੀਦ ਨਾਲ ਰਕਸ਼ੇ ਬਹਿ ਕੇ ਟੁਰ ਗਈ ਤੇ ਮੁੜ ਕਦੇ ਨਾ ਆਈ। ਮੁਹੱਲੇ ਦੇ ਬੁੱਢੇ ਬਾਬੇ ਅੱਜ ਵੀ ਪੁਰਾਣੀ ਡਿੱਠੀ ਨੂੰ ਚੇਤਿਓਂ ਲੰਘਾ ਕੇ ਉਹਦੇ ਸੁਹਪਣ ਨੂੰ ਮੋਹ ਨਾਲ ਚਿਤਾਰਦੇ ਨੇ।

ਕੁਝ ਦਿਨਾਂ ਮਗਰੋਂ ਖੁਰਸ਼ੀਦ ਪਰਤ ਆਇਆ। ਰਿਆਜ਼ ਉਹਦੇ ਖਿਲਾਫ਼ ਪੁਲਿਸ ਵਿਚ ਪਹਿਲੋਂ ਈ ਪਰਚਾ ਦਿੱਤਾ ਹੋਇਆ ਸੀ। ਪਰ ਰਾਤੀਂ ਈ ਥਾਣੇ ਤੋਂ ਮੁੜ ਆਇਆ। ਉਹਦਾ ਆਖਣਾ ਸੀ, ਉਹ ਮੈਨੂੰ ਵੀ ਛੱਡ ਕੇ ਆਪਣੇ ਵਿਆਹ ਤੋਂ ਪਹਿਲੋਂ ਦੇ ਈ ਕਿਸੇ ਯਾਰ ਦੇ ਨਾਲ ਟੁਰ ਗਈ ਏ ਤੇ ਕਰਾਚੀ ਜਾ ਵਸੀ ਏ। ਜ਼ਨਾਨੀ ਦੇ ਜਾਵਣ ਤੋਂ ਕੁਝ ਦਿਨਾਂ ਮਗਰੋਂ ਰਿਆਜ਼ ਆਪਣੇ ਬਾਲਾਂ ਤੇ ਜ਼ਨਾਨੀ ਨੂੰ ਚੇਤੇ ਕਰ ਰੋਂਦਾ। ਉਹਨੇ ਮੁੜ ਵਿਆਹ ਕਰਨ ਦੇ ਲੱਖ ਆਹਰ ਕੀਤੇ ਪਰ ਵਿਆਹ ਕਰਵਾਉਣ ਆਲੀਆਂ ਵਿਚ ਵਿਚੋਲੀਆਂ ਉਹਨੂੰ ਲੁੱਟ ਪੁੱਟ ਲੈ ਜਾਂਦੀਆਂ ਪਰ ਉਹਦਾ ਵਿਆਹ ਨਾ ਹੋਂਦਾ। ਸਿੱਧੜ ਤਾਂ ਉਹ ਸਦਾ ਤੋਂ ਸੀ।

ਰਿਆਜ਼ ਡਾਕੀਏ ਨੂੰ ਸਾਰੇ ਪੁਰਾਣੇ ਮੁਹੱਲੇ ਦੇ ਲੋਕਾਂ ਦਾ ਪਤਾ ਏ। ਚਾਲੀ ਸਾਲ ਦੀ ਨੌਕਰੀ ਪਿਛੋਂ ਉਹ ਰਿਟਾਇਰ ਹੋਇਆ। ਜਦ ਦਾ ਸਰਕਾਰ ਨੇ ਗਲੀਆਂ, ਮੁਹੱਲਿਆਂ ਤੇ ਸੜਕਾਂ ਦੇ ਨਾਂ ਬਦਲੇ ਨੇ, ਰਿਆਜ਼ ਡਾਕੀਏ ਨੂੰ ਅੱਲਾ ਭਾਣੇ ਕੰਮ ਲੱਭ ਪਿਆ ਏ। ਉਹਨੂੰ ਈ ਪੁਰਾਣੇ ਮੁਹੱਲਿਆਂ ਦੇ ਨਾਂ ਯਾਦ ਨੇ। ਸਗੋਂ ਹਰ ਘਰ ਦੇ ਇਕ ਇਕ ਜੀਅ ਦਾ ਪਤਾ ਏ। ਪੁਰਾਣੇ ਪਤਿਆਂ ਉਤੇ ਜਿਹੜੀਆਂ ਚਿੱਠੀਆਂ ਆਂਦੀਆਂ ਨੇ, ਨਵੇਂ ਡਾਕੀਏ ਉਹਦੇ ਕੋਲੋਂ ਈ ਆ ਕੇ ਪੁੱਛਦੇ ਨੇ, "ਅਰਜਨ ਰੋਡ, ਸ਼ਿਵਾਜੀ ਸਟਰੀਟ, ਕ੍ਰਿਸ਼ਨਾ ਗਲੀ।"

ਰਿਆਜ਼ ਕੱਲਾ ਰਹਿੰਦਾ ਏ ਤੇ ਰੋਟੀ ਟੁੱਕਰ ਆਪ ਪਕਾਂਦਾ ਏ। ਅਸਾਂ ਤਾਂ ਜਦ ਦਾ ਉਹਨੂੰ ਤੱਕਿਆ ਏ ਉਹਦੇ ਧੌਲੇ ਨੇ ਤੇ ਬਿਮਾਰ ਏ। ਜਾਪਦਾ ਏ ਉਹ ਵੇਲੇ ਤੋਂ ਬਾਹਰ ਏ। ਉਹਦੇ ਲਈ ਨਾ ਵੇਲਾ ਲੰਘਦਾ ਏ, ਨਾ ਘਟਦਾ ਏ ਸਗੋਂ ਉਹ ਵੇਲੇ ਤੋਂ ਬਾਹਰ ਹੋ ਕੇ ਲੰਘਦੇ ਵੇਲੇ ਨੂੰ ਤੱਕਦਾ ਰਹਿੰਦਾ ਏ। ਕਈ ਵਰ੍ਹਿਆਂ ਤੋਂ ਚੁੱਪ ਚੁਪੀਤਾ ਬੈਠਾ ਤੱਕੀ ਜਾਂਦਾ ਏ। ਕੈਰਮ ਬੋਰਡ ਖੇਡਦਿਆਂ ਮੁੰਡਿਆਂ ਨੂੰ, ਬਾਂਦਰ ਕਿਲਾ ਖੇਡਦਿਆਂ ਨੂੰ, ਬਸੰਤ 'ਤੇ ਪਤੰਗਾਂ ਨੂੰ, ਬਾਜ਼ੀ ਲੱਗੇ ਕਬੂਤਰਾਂ ਨੂੰ, ਗਲੀ ਵਿਚੋਂ ਲੰਘਦੀ ਖਲਕਤ ਨੂੰ ਉਹ ਤੱਕੀ ਜਾਂਦਾ ਏ।

ਮੀਂਹ ਘਟ ਗਿਆ ਏ ਤੇ ਗਲੀ ਵਿਚ ਨ੍ਹਾਤੀ ਧੋਤੀ ਤਾਰਕੋਲ ਦੀ ਸੜਕ ਵਾਂਗ ਸਲੇਟੀ ਸ਼ਾਮ ਲੱਥ ਪਈ ਏ।

ਜ਼ਫਰੀ ਆ ਜਾਂਦਾ ਤੇ ਚੰਗਾ ਸੀ। ਉਹਦੇ ਕੋਲ ਸਿਗਰਟਾਂ ਦੀ ਡੱਬੀ ਵੀ ਹੋਣੀ ਏ। ਸਾਰੇ ਯਾਰਾਂ ਬੂਟਾਂ ਦੀ ਸਟਾਲ 'ਤੇ ਇਕੱਠੇ ਹੋਣਾ ਏਂ ਤੇ ਰੋਜ਼ ਵਾਂਗਰ ਰਾਤੀਂ ਅਸਾਂ ਚਿਰਕੇ ਘਰ ਆਉਣਾ ਏਂ। ਭਾਦੋਂ ਦਾ ਅਖੀਰੀ ਮੀਂਹ ਏ ਤੇ ਅਮਜਦ ਸਾਹਿਬ ਸਿਆਲ ਤੋਂ ਅਗੋਂ ਈਂ ਚੁੜ-ਮੁੜ ਕੀਤਾ ਅੱਧੀਆਂ ਬਾਹਵਾਂ ਵਾਲਾ ਸਵੈਟਰ ਪਾ ਕੇ ਪਾਣੀ ਤੋਂ ਬਚਦੇ ਗੜਵੀ ਫੜ ਕੇ ਦੁੱਧ ਲੈਣ ਜਾਂਦੇ ਪਏ ਨੇ।

ਚੰਗਾ ਸੀ ਜੇ ਜ਼ਫਰੀ ਆ ਜਾਂਦਾ। ਦੋ ਤਿੰਨ ਗਲੀਆਂ ਛੱਡ ਕੇ ਈ ਉਹਦਾ ਘਰ ਏ। ਮੈਂ ਆਪੇ ਈ ਨਾ ਪਤਾ ਕਰਾਂ। ਪਰ ਉਹਦੇ ਪਿਓ ਨੇ ਆਖ ਦੇਣਾ ਏ ਪਈ ਉਹ ਤਾਂ ਘਰ ਈ ਨਹੀਂ। ਨਾਲੇ ਇਕ ਦੋ ਗੱਲਾਂ ਵੀ ਸੁਣਾ ਦੇਣੀਆਂ ਨੇ।

ਹੁਣੇ ਬਾਜੀ ਨਸੀਮ ਦੀਆਂ ਮੋਟੀਆਂ-ਮੋਟੀਆਂ ਕਾਲੀਆਂ ਸ਼ਾਹ ਅੱਖਾਂ ਵਾਂਗ ਰਾਤ ਲੱਥ ਪੈਣੀ ਏ। ਰਾਤ ਨੂੰ ਤਿਖੀ ਹਵਾ ਝੁੱਲਣੀ ਏ ਤੇ ਬੂਹੇ ਬਾਰੀਆਂ ਰਾਹੀਂ ਆਂਦੇ ਨਿਮ੍ਹੇ-ਨਿਮ੍ਹੇ ਚਾਨਣ ਵਿਚ ਗਲੀ ਵਿਚ ਖਲੋਤੇ ਪਾਣੀਆਂ ਉਤੇ ਹਵਾ ਪਾਰੋਂ ਸੱਪ ਲਹਿਰਦੇ ਜਾਪਣੇ ਨੇ। ਅਚੇਤ ਵਿਚ ਬਾਰੀ ਤੋਂ ਤੱਕੇ ਇਹ ਰੰਗ ਕਦੇ ਵੀ ਫਿੱਕੇ ਨਹੀਂ ਪੈਣੇ...ਮੀਂਹ, ਸ਼ਾਮ ਤੇ ਰਾਤ ਦੇ! ਗਲੀ ਦੀ ਇਕੱਲੀ ਸਟਰੀਟ ਲਾਈਟ ਦੇ ਫਿੱਕੇ ਚਾਨਣ ਵਿਚ ਬੱਸ ਚੁੱਪ ਈ ਸੱਖਣੀ ਹੋਣੀ ਏ। ਅਲੀ ਹੈਦਰ ਵਾਸਤੀ ਦੇ ਘਰ ਦੀ ਬੱਤੀ ਕਿੰਨੀ ਈ ਦੇਰ ਬਲਦੀ ਰਹਿਣੀ ਏ ਤੇ ਬੁਸਰਾ ਕਿਆਂ ਦੇ ਘਰੋਂ ਗੱਲਾਂ ਕਰਨ ਦੀਆਂ 'ਵਾਜਾਂ ਆਂਦੀਆਂ ਰਹਿਣੀਆਂ ਏ। ਰਿਆਜ਼ ਡਾਕੀਏ ਦੇ ਰੇਡੀਉ ਉਤੇ ਵੱਜਦੇ ਪੁਰਾਣੇ ਹਿੰਦੋਸਤਾਨੀ ਗਾਣਿਆਂ ਉਤੇ ਕਈਆਂ ਕੰਨ ਲਾਏ ਹੋਣੇ ਨੇ।

ਮੈਂ ਯਾਰਾਂ ਨਾਲ ਟੀ ਸਟਾਲ ਉਤੇ ਚਾਹ ਸੁੜਕਦੇ ਹੋਣਾ ਏ ਤੇ ਤਕੀ ਤੇ ਪ੍ਰੋਫੈਸਰ ਐਵੇਂ ਈ ਕਿਸੇ ਗੱਲ 'ਤੇ ਅੜ ਕੇ ਸਭ ਨੂੰ ਬੋਰ ਕਰੀ ਜਾਣਾ ਏ ਤੇ ਮੈਨੂੰ ਗੁਲਾਬੋ ਈ ਚੇਤੇ ਆਈ ਜਾਣੀ ਏ। ਮੀਂਹ ਪਵੇ ਨਾ ਪਵੇ, ਅਸਾਂ ਬਾਰੀ ਕੋਲ ਈ ਖਲੋਤੇ ਰਹਿ ਜਾਣਾ ਏ। ਸਵਾਦਲੀ ਗੱਲ ਇਹ ਏ ਪਈ ਗੁਲਾਬੋ ਹੇਠਲੀ ਮੰਜ਼ਿਲ 'ਤੇ ਰਹਿੰਦੀ ਏ ਤੇ ਉਹਦੇ ਘਰ ਅੱਗੇ ਪਾਣੀ ਵੀ ਨਹੀਂ ਖਲੋਂਦਾ। ਤੁਸੀਂ ਆਖਸੋ ਮੈਂ ਗੁਲਾਬੋ ਦਾ ਤੇ ਦੱਸਿਆ ਈ ਨਹੀਂ। ਗੁਲਾਬੋ ਦਾ ਕੀ ਦੱਸਾਂ? ਖੌਰੇ ਹੁਣ ਉਹ ਕਿੱਥੇ ਏ?

# ਲੋਟਾਕਰੇਸੀ ਬਨਾਮ ਲੌਟਾਕਰੇਸੀ

ਸ਼ਬਦ ਝਰੋਖਾ



ਬਲਜੀਤ ਬਾਸੀ

ਫੋਨ: 734-259-9353

ਜ਼ਿਲਾ ਨਵਾਂ ਸ਼ਹਿਰ ਦੇ ਪਿੰਡ ਢਾਹਾਂ ਦੇ ਪਰਵਾਸੀ, ਵੈਨਕੂਵਰ ਦੇ ਜਾਣੇ ਪਛਾਣੇ ਕਾਰੋਬਾਰੀ ਬਰਜ ਢਾਹਾਂ ਦੇ ਉਦਮ ਅਤੇ ਬ੍ਰਿਟਿਸ਼ ਕੋਲੰਬੀਆ ਯੂਨੀਵਰਸਿਟੀ ਦੇ ਸਹਿਯੋਗ ਨਾਲ ਢਾਹਾਂ ਇੰਟਰਨੈਸ਼ਨਲ ਇਨਾਮ ਸਥਾਪਤ ਕੀਤਾ ਗਿਆ ਹੈ। ਵਿਵਸਥਾ ਅਨੁਸਾਰ ਹਰ ਸਾਲ ਗੁਰਮੁਖੀ ਜਾਂ ਸ਼ਾਹਮੁਖੀ ਵਿਚ ਰਚੀ ਗਈ ਪੰਜਾਬੀ ਦੀ ਸ੍ਰੇਸ਼ਟ ਗਲਪ ਰਚਨਾ ਦੇ ਲੇਖਕ ਨੂੰ 25000 ਡਾਲਰ ਤੇ ਦੂਜੇ ਨੰਬਰ 'ਤੇ ਆਏ ਦੋ ਲੇਖਕਾਂ ਨੂੰ ਪੰਜ-ਪੰਜ ਹਜ਼ਾਰ ਡਾਲਰ ਇਨਾਮ ਦਿੱਤਾ ਜਾਣ ਲੱਗਾ ਹੈ। ਯਕੀਨੀ ਬਣਾਇਆ ਗਿਆ ਹੈ ਕਿ ਦੋਨੋਂ ਲਿਪੀਆਂ, ਗੁਰਮੁਖੀ ਅਤੇ ਸ਼ਾਹਮੁਖੀ ਦੇ ਹਿੱਸੇ ਇੱਕ-ਇੱਕ ਇਨਾਮ ਜ਼ਰੂਰ ਆਵੇ। ਪਹਿਲੇ ਇਨਾਮ ਦੀ ਘਣੀ ਰਾਸ਼ੀ ਮੂੰਹ ਵਿਚ ਲਾਲਾਂ ਵਗਾਉਂਦੀ ਹੈ ਪਰ ਹਮਾਤੜ ਦੀ ਕਲਮ ਨਾਵਲ ਲਿਖਣ ਲਈ ਟੱਸ ਤੋਂ ਮੱਸ ਨਹੀਂ ਹੁੰਦੀ। ਧੰਨ ਹਨ ਉਹ ਲੇਖਕ ਜੋ ਆਪਣੀ ਲੇਖਣੀ ਦੇ ਬਲਬੂਤੇ ਏਨੇ ਧਨ ਦੀ ਲੁਟਕੀ ਹਥਿਆ ਲੈਂਦੇ ਹਨ। ਪਿਛਲੇ ਸਾਲ ਪਹਿਲੀ ਵਾਰ ਇਹ ਇਨਾਮ ਲੁਧਿਆਣਾ, ਰੋਪੜ ਅਤੇ ਫਤਿਹਗੜ੍ਹ ਸਾਹਿਬ ਦੇ ਇਲਾਕੇ ਢਾਹਾ ਦੇ ਵਸਨੀਕ ਨਾਵਲਕਾਰ ਅਵਤਾਰ ਸਿੰਘ ਬਿਲਿੰਗ ਨੂੰ ਦਿੱਤਾ ਗਿਆ ਸੀ ਤਾਂ ਮੇਰਾ 'ਢਾਹਾ' ਨਾਂ ਅਤੇ ਸ਼ਬਦ 'ਤੇ ਲਿਖਣ ਦਾ ਵਿਚਾਰ ਬਣਿਆ ਸੀ ਪਰ ਰਹਿ ਗਿਆ। ਇਸ ਵਾਰ ਦਾ ਸਰਬ-ਸ੍ਰੇਸ਼ਟ ਇਨਾਮ ਬੁਢ-ਵਰੇਸ ਵਿਚ ਗਲਪ ਲਿਖਣ ਲੱਗੇ ਲੇਖਕ ਦਰਸ਼ਨ ਸਿੰਘ ਦੇ ਨਾਵਲ 'ਲੋਟਾ' ਨੂੰ ਦਿੱਤਾ ਗਿਆ ਹੈ।

ਚਲੰਤ ਰਾਜਸੀ ਤੇ ਸਾਹਿਤਕ ਮੁੱਦਿਆਂ ਉਤੇ ਦਰਸ਼ਨ ਸਿੰਘ ਦੀ ਪਕੜ ਬਹੁਤ ਮਜ਼ਬੂਤ ਹੈ। ਉਸ ਵਿਚ ਨਿੱਕੇ ਵੱਡੇ ਵੇਰਵਿਆਂ ਨੂੰ ਸਮੇਣ ਦੀ ਮੁਹਾਰਤ ਹੈ, ਉਸ ਦੀ ਗਲਪ ਵਿਚ ਰੌਚਿਕਤਾ ਅਤੇ ਵਿਅੰਗ ਦੀ ਪੁੱਠ ਚੜ੍ਹੀ ਹੁੰਦੀ ਹੈ। ਉਘੀਆਂ ਰਾਜਸੀ ਤੇ ਸਾਹਿਤਕ ਸ਼ਖਸੀਅਤਾਂ ਉਤੇ ਉਸ ਨੇ ਕੋਈ ਦਰਜਨ ਭਰ ਰਾਂਗਲੇ ਨਾਵਲ ਰਚ ਦਿੱਤੇ ਹਨ।

ਲੋਟਾ ਇਕ ਅਜਿਹਾ ਗੜਵੀ ਜਿਹਾ ਪਾਣੀ ਵਾਲਾ ਭਾਂਡਾ ਹੁੰਦਾ ਹੈ ਜਿਸ ਨੂੰ ਰਮਤਾ ਕਿਸਮ ਦੇ ਲੋਕ ਹਮੇਸ਼ਾ ਪਾਸ ਰਖਦੇ ਹਨ ਤਾਂ ਜੋ ਲੋੜ ਪੈਣ 'ਤੇ ਕੰਮ ਆ ਸਕੇ। ਇਸ ਦੀ ਵਰਤੋਂ ਹੱਥ-ਪਾਣੀ ਲਈ ਵੀ ਕੀਤੀ ਜਾਂਦੀ ਹੈ, ਪੂਜਾ ਦੌਰਾਨ ਇਸ ਨਾਲ ਅਰਘ ਚੜ੍ਹਾਇਆ ਜਾਂਦਾ ਹੈ, ਯੋਗ ਸਮੇਂ ਇਹ ਨੇਤੀ ਕਿਰਿਆ ਲਈ ਵਰਤਿਆ ਜਾਂਦਾ ਹੈ। ਮੁਸਲਮਾਨ ਇਸ ਵਿਚ ਪਾਣੀ ਪਾ ਕੇ ਵੁਜ਼ੂ ਕਰਦੇ ਹਨ। ਇੰਜ ਇਹ ਆਮ ਭਾਂਡੇ ਤੋਂ ਉਪਰ ਉਠ ਕੇ ਧਾਰਮਕ ਮਹੱਤਤਾ ਅਖਤਿਆਰ ਕਰ ਲੈਂਦਾ ਹੈ। ਲੋਟਾ ਆਮ ਤੌਰ 'ਤੇ ਥੱਲਿਓਂ ਗੋਲ ਜਿਹਾ ਹੁੰਦਾ ਹੈ ਇਸ ਲਈ ਛੇਤੀ ਹੀ ਏਧਰ ਉਧਰ ਹਿੱਲ ਜਾਂ ਘੁੰਮ ਜਾਂਦਾ ਹੈ। 'ਬੇਪੇਂਦੀ ਦਾ ਲੋਟਾ' ਮੁਹਾਵਰਾ ਉਸ ਬੰਦੇ ਲਈ ਵਰਤਿਆ ਜਾਂਦਾ ਹੈ ਜੋ ਵਿਹਾਰ ਵਿਚ ਕਿਸੇ ਦ੍ਰਿੜ ਵਿਚਾਰ ਜਾਂ ਵਿਚਾਰਧਾਰਾ ਨਾਲ ਪ੍ਰਤਿਬਧਤਾ ਨਹੀਂ ਦਰਸਾਉਂਦਾ ਸਗੋਂ ਮੌਕੇ ਅਨੁਸਾਰ ਵਫਾਦਾਰੀਆਂ ਮਹਾਂ ਸਵਾਰਥੀ ਹਿਤਾਂ ਕਾਰਨ ਬਦਲਦਾ ਰਹਿੰਦਾ ਹੈ। ਅੱਜ ਕਲ੍ਹ ਰਾਜਨੀਤੀ ਵਿਚ ਅਜਿਹੇ ਸ਼ਖਸ ਨੂੰ ਦਲ-ਬਦਲੂ ਕਿਹਾ ਜਾਂਦਾ ਹੈ। ਸਿੱਖ ਇਤਿਹਾਸ ਅਤੇ ਰਾਜਨੀਤੀ ਵਿਚ ਅਜਿਹੇ ਲੋਕਾਂ ਨੂੰ ਚੁਫੇਰਗੜ੍ਹੀਆ ਦਾ ਲਕਬ ਮਿਲਿਆ ਸੀ। ਪਿਛਲੀ ਸਦੀ ਦੇ ਸੱਠਵਿਆਂ ਦੇ ਅਖੀਰ ਜਿਹੇ ਵਿਚ ਭਾਰਤ ਵਿਚ ਕਾਂਗਰਸ ਦੀ ਇਜਾਰੇਦਾਰੀ ਖਤਮ ਹੋਣ ਲੱਗੀ ਤਾਂ ਕਈ ਰਾਜਾਂ ਵਿਚ ਰਲੀਆਂ ਮਿਲੀਆਂ ਸਰਕਾਰਾਂ ਬਣਨ ਲੱਗੀਆਂ। ਇਹ ਸਿਆਸੀ ਅਸਥਿਰਤਾ ਦਾ ਦੌਰ ਵੀ ਸੀ। ਉਸ ਸਮੇਂ ਹਰਿਆਣਾ ਦਾ ਇਕ ਵਿਧਾਇਕ ਸੀ, ਗਇਆ ਰਾਮ। ਉਸ ਨੇ ਦੋ ਹਫਤਿਆਂ ਵਿਚ ਤਿੰਨ ਵਾਰੀ ਦਲ ਬਦਲੇ। ਅਖੀਰ ਅੱਠਾਂ ਘੰਟਿਆਂ ਪਿਛੋਂ ਜਦ ਉਹ ਮੁੜ ਕਾਂਗਰਸ ਵਿਚ ਆ ਗਿਆ ਤਾਂ ਕਾਂਗਰਸੀ ਨੇਤਾ ਰਾਉ ਬਰਿੰਦਰ ਸਿੰਘ ਨੇ ਪ੍ਰੈਸ ਨੂੰ ਦੱਸਿਆ, "ਗਇਆ ਰਾਮ ਹੁਣ ਆਇਆ ਰਾਮ ਬਣ ਗਿਆ ਹੈ।" ਉਦੋਂ ਦੇ ਕਾਂਗਰਸੀ ਲੀਡਰ ਜਗਜੀਵਨ ਰਾਮ ਨੇ ਇਸ ਦਲਬਦਲੀ ਦੀ ਪਰਵਿਰਤੀ ਨੂੰ ਹੀ 'ਆਇਆ ਰਾਮ ਗਇਆ ਰਾਮ' ਕਹਿ ਦਿੱਤਾ ਤਾਂ ਦਲਬਦਲੂਆਂ ਨਾਲ ਜੋੜ ਕੇ ਇਹ ਮੁਹਾਵਰਾ ਕਾਫੀ ਦੇਰ ਚਲਦਾ ਰਿਹਾ।



ਹੱਥ ਲਗਦੇ ਦੱਸ ਦੇਈਏ ਕਿ ਕਿਸੇ ਵੇਲੇ ਪਟਿਆਲਵੀ ਭਾਸ਼ਾ ਵਿਗਿਆਨੀਆਂ ਨੇ ਗੁਰਮੁਖੀ ਵਿਚ 'ਗਿਆ' ਨੂੰ ਦੇਵਨਾਗਰੀ ਦੀ ਤਰ੍ਹਾਂ 'ਗਇਆ' ਲਿਖਣ ਦਾ ਆਦੇਸ਼ ਜਾਰੀ ਕਰ ਦਿੱਤਾ ਸੀ। ਦਲਬਦਲੂਆਂ ਨੂੰ ਪੌਣ-ਕੁੱਕੜ ਵੀ ਕਿਹਾ ਜਾਂਦਾ ਹੈ। ਬਿਹਾਰ ਦਾ ਰਾਮ ਵਿਲਾਸ ਪਾਸਵਾਨ ਸਿਆਸੀ ਮੌਸਮ ਪ੍ਰਤੀ ਅਤਿ ਦਾ ਸੰਵੇਦਨਸ਼ੀਲ ਹੋਣ ਕਾਰਨ ਵੱਡਾ ਪੌਣ ਕੁੱਕੜ ਕਹਾਉਂਦਾ ਹੈ। ਪਿੰਡਾਂ ਵਿਚ ਅਜਿਹੀ ਤਬੀਅਤ ਦੇ ਬੰਦੇ ਨੂੰ ਗੋਲ ਲੱਕੜੀ ਜਾਂ ਚੱਕਵਾਂ ਚੁੱਲ੍ਹਾ ਕਿਹਾ ਜਾਂਦਾ ਹੈ। ਇਸੇ ਪ੍ਰਸੰਗ ਵਿਚ 'ਧੋਬੀ ਪਟੜਾ ਮਾਰਨਾ' ਮੁਹਾਵਰਾ ਵੀ ਆਮ ਹੀ ਵਰਤਿਆ ਜਾਂਦਾ ਹੈ।

'ਲੋਟਾ' ਨਾਵਲ ਦੇ ਲੇਖਕ ਅਨੁਸਾਰ ਆਜ਼ਾਦੀ ਤੋਂ ਪਹਿਲਾਂ ਲੋਟਾ ਸ਼ਬਦ ਦਲਬਦਲੂ ਲਈ ਵੀ ਵਰਤਿਆ ਜਾਂਦਾ ਸੀ। ਲੇਖਕ ਦਾ ਪਿਛੋਕੜ ਪੱਛਮੀ ਪੰਜਾਬ ਦਾ ਹੈ ਤੇ ਮੇਰੀ ਜਾਣਕਾਰੀ ਅਨੁਸਾਰ ਉਥੇ ਯਾਨਿ ਅਜੋਕੇ ਪਾਕਿਸਤਾਨ ਵਿਚ ਇਹ ਸ਼ਬਦ ਅਜੇ ਵੀ ਚਲਦਾ ਹੈ। ਵੰਡ ਤੋਂ ਕੁਝ ਅਰਸਾ ਪਹਿਲਾਂ ਲਾਹੌਰ ਵਿਚ ਮੁਹੰਮਦ ਆਲਮ ਨਾਂ ਦਾ ਇਕ ਸਿਆਸਤੀਆ ਸੀ ਜਿਸ ਦੇ ਸਿਰ ਲੋਟਾ ਸ਼ਬਦ ਨੂੰ ਅਜਿਹੇ ਅਰਥਾਂ ਵਿਚ ਵਰਤੇ ਜਾਣ ਦਾ ਸਿਹਰਾ ਬੰਨ੍ਹਿਆ ਜਾ ਸਕਦਾ ਹੈ। ਉਹ ਇਕ ਦਿਨ ਕਾਂਗਰਸ ਜਾਂ ਯੂਨੀਅਨਿਸਟ ਪਾਰਟੀ ਨਾਲ ਹੁੰਦਾ ਤਾਂ ਦੂਜੇ ਦਿਨ ਮੁਸਲਿਮ ਲੀਗ ਨਾਲ। ਸਾਰੇ ਪੰਜਾਬ ਵਿਚ ਉਸ ਨੂੰ 'ਡਾਕਟਰ ਲੋਟਾ' ਕਿਹਾ ਜਾਣ ਲੱਗਾ। ਕੁਝ ਜਾਣਕਾਰ ਲੋਕ ਦੱਸਦੇ ਹਨ ਕਿ ਉਹ ਖੁਦ ਆਪਣੀ ਪਛਾਣ ਦ੍ਰਿੜਾਉਣ ਲਈ ਆਪਣਾ ਪਰਿਚੈ ਡਾਕਟਰ ਆਲਮ ਲੋਟਾ ਵਜੋਂ ਦਿਆ ਕਰਦਾ ਸੀ ਜਿਵੇਂ ਫੋਨ 'ਤੇ, "ਮੀਆਂ ਆਲਮ ਬੋਲ ਰਹਾ ਹੂੰ ਭਾਈ, ਆਲਮ ਲੋਟਾ।" ਇਥੋਂ ਤੱਕ ਕਿ ਪਾਕਿਸਤਾਨ ਵਿਚ ਦਲਬਦਲਣ ਦੀ ਨਿੱਤ ਵਧਦੀ ਪਰਵਿਰਤੀ ਲਈ ਲੋਟਾਕਰੇਸੀ ਸ਼ਬਦ ਵੀ ਚੱਲ ਪਿਆ ਹੈ।

'ਲੋਟਾ' ਨਾਵਲ ਵਿਚ ਮੁਖ ਤੌਰ 'ਤੇ ਦੋ ਪਾਤਰਾਂ ਨੇ ਲੋਟਾ ਦਾ ਕਿਰਦਾਰ ਨਿਭਾਇਆ ਹੈ ਭਾਵੇਂ ਦੋਨੋਂ ਪਾਤਰ ਚਲੰਤ ਭਾਰਤੀ ਅਫਸਰਸ਼ਾਹੀ ਜਾਂ ਰਾਜਨੀਤੀ ਵਿਚ ਪਛਾਣੇ ਵੀ ਜਾ ਸਕਦੇ ਹਨ। ਗੁਰਦਿਆਲ ਸਿੰਘ ਨਾਂ ਦੇ ਵਿਅਕਤੀ ਦੀ ਬਤੌਰ 'ਦਲਿਤ ਵਿਦਿਅਕ ਬੋਰਡ' ਦੇ ਉਚੇ ਅਹੁਦੇ ਦੀ ਮਿਆਦ ਮੁੱਕ ਜਾਣ ਪਿਛੋਂ ਉਸ ਨੂੰ ਦਿੱਲੀ ਵਿਚ ਮਿਲੀ ਕੋਠੀ ਦੇ ਖੁਸਣ ਦਾ ਖਦਸ਼ਾ ਪੈਦਾ ਹੋ ਗਿਆ। ਇਸ ਕੋਠੀ 'ਤੇ ਕਬਜ਼ਾ ਰੱਖੀ ਰੱਖਣ ਲਈ ਉਹ ਸੌ ਪਾਪੜ ਵੇਲਦਾ ਹੈ। ਪੱਲੇ ਕੁਝ ਨਾ ਪੈਂਦਾ ਦੇਖ ਉਹ ਰਾਜ ਸਭਾ ਦੀ ਮੈਂਬਰੀ ਲਈ ਹੱਥ ਪੈਰ ਮਾਰਨ ਲਗਦਾ ਹੈ। ਇਸ ਖਾਤਰ ਉਹ ਪੰਜਾਬ, ਹਰਿਆਣਾ ਅਤੇ ਯੂ.ਪੀ. ਦੇ ਇਕ ਦੂਜੇ ਦੇ ਵਿਰੋਧੀ ਸਿਆਸਤਦਾਨਾਂ ਦੇ ਗੋਡੇ ਕੱਦਣ ਲਗਦਾ ਹੈ। ਉਹ ਹਰਿਆਣੇ ਦੇ ਮੁਖ ਮੰਤਰੀ ਦੀ ਬੁੱਤੀ ਕਰਨ ਤੋਂ ਇਲਾਵਾ ਪੰਜਾਬ ਦੀਆਂ ਚੋਣਾਂ ਵਿਚ ਇਕ ਉਮੀਦਵਾਰ ਦਾ ਇੰਚਾਰਜ ਬਣ ਜਾਂਦਾ ਹੈ। ਉਹ ਪਹਿਲਾਂ ਛੱਡੀ ਰਾਸ਼ਟਰੀ ਪਾਰਟੀ ਵੱਲ ਕੂਹਣੀ ਮੋੜ ਲੈਣ ਪਿਛੋਂ ਆਪਣੇ ਮੁਖ ਮੰਤਰੀ ਦੀ ਪਾਰਟੀ ਦੇ ਖਿਲਾਫ ਚੋਣ ਪ੍ਰਚਾਰ ਵਿਚ ਦਿੰਦਾ ਹੈ। ਰਾਜ ਸਭਾ ਦੀ ਮੈਂਬਰੀ ਹੁਣ ਵੀ ਹਾਸਿਲ ਨਹੀਂ ਹੁੰਦੀ ਪਰ ਬੇਵਫਾਈ ਦੇ ਇਵਜ਼ ਵਿਚ ਉਸ ਨੂੰ ਇਕ ਛੋਟੇ ਜਿਹੇ ਦੇਸ਼ ਦਾ ਰਾਜਦੂਤ ਬਣਾ ਦਿੱਤਾ ਜਾਂਦਾ ਹੈ। ਇਸ ਤਰ੍ਹਾਂ ਨਿੱਤ ਗਿਰਗਿਟ ਵਾਂਗ ਰੰਗ ਬਦਲਣ ਨੇ ਰੰਗ ਲਿਆਂਦਾ: ਕੋਠੀ 'ਤੇ ਉਸ ਦਾ ਜੱਫਾ ਕਾਇਮ ਰਿਹਾ।

ਨਾਵਲ ਦਾ ਇਕ ਹੋਰ ਪਾਤਰ ਹਜ਼ੂਰ ਸਿੰਘ ਅਸਲੀ ਰਾਜਸੀ ਲੋਟਾ ਹੈ ਜਿਸ ਨੇ ਕਿਸੇ ਵੇਲੇ ਆਪਣੀ 'ਸਰਬਤ ਪਾਰਟੀ' ਬਣਾਈ ਹੋਈ ਸੀ ਪਰ ਫਿਰ ਪੰਜਾਬ ਦੀ ਪਾਰਸ ਪਾਰਟੀ ਵਿਚ ਸ਼ਾਮਿਲ ਹੋ ਗਿਆ। ਇਥੇ ਪੰਜਾਬ ਦੀ ਅਜੋਕੀ ਰਾਜ ਕਰਦੀ ਪਾਰਟੀ ਵੱਲ ਸੰਕੇਤ ਹੈ ਤੇ ਲੋਟਾ ਦਾ ਰੋਲ ਨਿਭਾਉਂਦਾ ਪਾਤਰ ਬਲਵੰਤ ਸਿੰਘ ਰਾਮੂਵਾਲੀਆ ਤੋਂ ਬਿਨਾਂ ਹੋਰ ਕੌਣ ਹੋ ਸਕਦਾ ਹੈ? ਮਜ਼ੇਦਾਰ ਗੱਲ ਹੈ ਕਿ ਨਾਵਲ ਰਚੇ ਜਾਣ ਪਿਛੋਂ ਹਾਲ ਹੀ ਵਿਚ ਇਸ ਲੋਟੇ ਨੇ ਲੋਟਾਗੀਰੀ ਨੂੰ ਸਿਖਰ 'ਤੇ ਪਹੁੰਚਾਉਂਦਿਆਂ ਤੇ 'ਪਾਰਸ ਪਾਰਟੀ' ਦੀ ਪਰਵਾਹ ਨਾ ਕਰਦਿਆਂ ਯੂ.ਪੀ. ਦੀ ਹੁਕਮਰਾਨ ਪਾਰਟੀ ਵਿਚ ਜਾ ਛੜੱਪਾ ਲਾਇਆ ਹੈ। ਕਿਉਂ? ਕਿਉਂਕਿ ਇਥੇ ਵਜ਼ੀਰੀ ਮਿਲ ਗਈ ਹੈ। ਨਾਲੇ ਉਸ ਦਾ ਦਾਅਵਾ ਹੈ ਕਿ ਉਸ ਦਾ ਅਸਲੀ ਨਿਵਾਸ ਤਾਂ ਹੈ ਹੀ ਯੂ.ਪੀ. ਵਿਚ। ਅੱਜ ਲੋਟਾਕਰੇਸੀ ਭਾਰਤੀ ਉਪਮਹਾਂਦੀਪ ਦੇ ਤਰੱਕੀ ਰਾਮਾਂ ਦਾ ਆਜੀਵਨ ਉਦੇਸ਼ ਅਤੇ ਆਦਰਸ਼ ਹੀ ਬਣ ਗਿਆ ਹੈ। ਇਸ ਨਾਵਲ ਦੇ ਕਈ ਜਨਤਕ ਆਗੂ ਜਿਵੇਂ ਸੁੰਦਰ ਦਾਸ, ਚੌਧਰੀ ਚੰਦਰ ਮੱਲ, ਪਾਰਸ ਸਾਹਿਬ, ਵੱਡੇ ਭਾਈ ਸਾਹਿਬ, ਛਾਇਆ ਦੇਵੀ, ਹਜ਼ੂਰਾ ਸਿੰਘ, ਰਤਨ ਲਾਲ ਬੱਤਰਾ, ਭੂਪਤ ਰਾਓ, ਆਂਗਰੇ ਇਸ ਪਰਵਿਰਤੀ ਦੇ ਚਾਨਣ ਮੁਨਾਰੇ ਬਣ ਕੇ ਉਭਰਦੇ ਹਨ।

ਦੇਸ਼ ਵਿਚ ਚੱਲ ਰਹੇ ਅਸਹਿਣਸ਼ੀਲਤਾ ਦੇ ਨਾਂ ਨਾਲ ਜਾਣੇ ਜਾਂਦੇ ਚਲੰਤ ਦੌਰ ਪ੍ਰਤੀ ਤਿੱਖੇ ਰੋਸ ਵਜੋਂ ਕਈ ਲੇਖਕਾਂ ਨੇ ਸਾਹਿਤ ਅਕਾਦਮੀ ਇਨਾਮ 'ਲੌਟਾ' ਦਿੱਤੇ ਹਨ। ਹੋਰ ਖੇਤਰਾਂ ਦੇ ਬੁਧੀਜੀਵੀਆਂ, ਕਲਾਕਾਰਾਂ ਆਦਿ ਨੇ ਵੀ ਇਸੇ ਤਰ੍ਹਾਂ ਦਾ ਪ੍ਰਤੀਕਰਮ ਜ਼ਾਹਿਰ ਕੀਤਾ ਹੈ। ਸੇਵਾਮੁਕਤ ਹੋਏ ਫੌਜੀਆਂ ਨੇ ਆਪਣੀਆਂ ਮੰਗਾਂ ਖਾਤਰ ਸਰਕਾਰ ਨੂੰ ਆਪਣੇ ਮੈਡਲ 'ਲੌਟਾਣੇ' ਸ਼ੁਰੂ ਕਰ ਦਿੱਤੇ ਹਨ। ਬੁਧੀਜੀਵੀਆਂ ਵਲੋਂ ਰੋਸ ਦਾ ਇਹ ਇੱਕ ਨਵਾਂ ਤਰੀਕਾ ਹੈ ਜਿਸ ਨੂੰ 'ਲੋਟਾਕਰੇਸੀ' ਦੀ ਤਰਜ਼ 'ਤੇ 'ਲੌਟਾਕਰੇਸੀ' ਕਹਿਣਾ ਸ਼ਾਇਦ ਸਹੀ ਹੋਵੇਗਾ ਅਰਥਾਤ ਰੋਸ ਵਜੋਂ ਇਨਾਮ-ਸਨਮਾਨ 'ਲੌਟਾਉਣ' ਦਾ ਪ੍ਰਪੰਚ! ਪਰ ਪੰਜਾਬੀ ਗਲਪ ਸਾਹਿਤ ਸੇਵਾ ਦੇ ਆਦਰਸ਼ ਨੂੰ ਲੈ ਕੇ ਤੁਰੀ ਢਾਹਾਂ ਇੰਟਰਨੈਸ਼ਨਲ ਇਨਾਮ ਸੰਸਥਾ ਨੂੰ ਦੇਸ਼ ਭਰ ਵਿਚ ਚੱਲੇ ਇਸ ਰੁਝਾਨ ਦਾ ਬੇਵਜ੍ਹਾ ਸ਼ਿਕਾਰ ਹੋਣਾ ਪਿਆ ਹੈ।

ਯੂ.ਕੇ. ਦਾ ਗਲਪਕਾਰ ਹਰਜੀਤ ਅਟਵਾਲ ਮੇਰੀ ਜਾਚੇ ਇਕ ਬੇਹੱਦ ਪ੍ਰਤਿਭਾਵਾਨ ਗਲਪਕਾਰ ਹੈ ਪਰ ਇਸ ਵਰ੍ਹੇ ਢਾਹਾਂ ਪੁਰਸਕਾਰ ਸੰਸਥਾ ਵਲੋਂ ਉਸ ਦੇ ਨਾਵਲ ਨੂੰ ਪਹਿਲਾ ਇਨਾਮ ਨਾ ਦੇ ਕੇ ਦੂਜਾ ਹੀ ਦਿੱਤਾ ਗਿਆ ਤਾਂ ਉਸ ਵਿਚ 'ਲੌਟਾਕਰੇਸੀ' ਦੇ ਵਲਵਲੇ ਜਾਗ ਪਏ। ਉਸ ਨੇ ਮਿਲਿਆ ਦੂਜਾ ਇਨਾਮ ਰੋਸ ਵਜੋਂ ਇਹ ਕਹਿ ਕੇ 'ਲੌਟਾ' ਦਿੱਤਾ ਕਿ ਮੁਕਾਬਲੇ ਦਾ ਨਾਵਲ ਅਖਬਾਰਾਂ ਦੀਆਂ ਕਾਤਰਾਂ 'ਤੇ ਆਧਾਰਤ ਹੋਣ ਕਾਰਨ ਕਮਜ਼ੋਰ ਰਚਨਾ ਹੈ।... 'ਲੋਟਾਕਰੇਸੀ' ਅਤੇ 'ਲੌਟਾਕਰੇਸੀ' ਦੋ ਵਿਰੋਧੀ ਰੁਝਾਨ ਹਨ: ਇਕ ਵਿਚ ਲੋਭ ਦਾ ਆਦਰਸ਼ ਹੈ ਤੇ ਦੂਜੇ ਵਿਚ ਤਿਆਗ ਦਾ; ਇਕ ਸੱਤਾ ਹੜੱਪਣ ਵੱਲ ਰੁਚਿਤ ਹੈ ਤੇ ਦੂਜਾ ਇਸ ਨੂੰ ਹਿਲਾਉਣ ਵੱਲ।

ਲੋਟਾਕਰੇਸੀ ਦੀ ਇਸ ਚਰਚਾ ਵਿਚ ਵਿਚਾਰਾ ਲੋਟਾ ਸ਼ਬਦ ਤਾਂ ਰਹਿ ਹੀ ਗਿਆ। ਚਲੋ ਫਿਰ ਸਹੀ।

# ਬਲਜੀਤ ਬਾਸੀ ਦਾ ਧੁਨੀਆਂ ਦੇ ਅਰਥਾਂ ਬਾਰੇ ਸਵਾਲ

ਪ੍ਰਤੀਕਰਮ

**ਸੰਪਾਦਕ ਸਾਹਿਬ,**

ਪੰਜਾਬ ਟਾਈਮਜ਼ ਦੇ 14 ਨਵੰਬਰ ਦੇ ਅੰਕ ਵਿਚ ਬਲਜੀਤ ਬਾਸੀ ਨੇ ਆਪਣੇ ਪੱਤਰ ਵਿਚ ਧੁਨੀਆਂ ਦੇ ਅਰਥਾਂ ਬਾਰੇ ਲਿਖਿਆ ਹੈ ਕਿ ਧੁਨੀਆਂ ਦੇ ਅਰਥਾਂ ਨੂੰ ਉਨ੍ਹਾਂ ਨੇ ਲਾਗੂ ਕਿੱਥੇ ਕੀਤਾ ਹੈ? ਇਸ ਸਬੰਧੀ ਮੈਂ ਉਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਮੈਂ ਤਾਂ ਆਪਣੇ ਪਹਿਲੇ ਹੀ ਪੱਤਰ ਵਿਚ ਸੰਪਾਦਕ ਸਾਹਿਬ ਨੂੰ ਬੇਨਤੀ ਕਰ ਦਿੱਤੀ ਸੀ ਕਿ ਮੈਂ ਧੁਨੀਆਂ ਦੇ ਅਰਥਾਂ ਬਾਰੇ ਇੱਕ ਕਿਤਾਬ (ਸ਼ਬਦ ਕਿਵੇਂ ਬਣੇ?) ਲਿਖ ਰਿਹਾ ਹਾਂ ਇਸ ਲਈ ਮੈਂ ਇਨ੍ਹਾਂ ਦੇ ਅਰਥ ਅਜੇ ਨਹੀਂ ਦੱਸ ਸਕਦਾ। ਪਰ ਮੇਰਾ ਦਾਅਵਾ ਹੈ ਕਿ ਜਿਨ੍ਹਾਂ ਧੁਨੀਆਂ ਨੂੰ ਹੁਣ ਤੱਕ ਲੋਕ 'ਮਿਥਿਆ' ਆਖਦੇ ਰਹੇ ਹਨ ਅਤੇ ਕਹਿੰਦੇ ਰਹੇ ਹਨ ਕਿ ਧੁਨੀਆਂ ਦੇ ਆਪਣੇ ਕੋਈ ਅਰਥ ਨਹੀਂ ਹੁੰਦੇ, ਇਹ ਤਾਂ ਅੱਖਰਾਂ ਦਾ ਆਪਸ ਵਿਚ ਅਤੇ ਉਨ੍ਹਾਂ ਨਾਲ ਲਗਾਂ-ਲਗਾਖਰਾਂ ਦਾ ਮੇਲ ਹੀ ਹੈ ਜਿਸ ਨਾਲ ਕਿਸੇ ਸ਼ਬਦ ਦੀ ਵਿਉਤਪਤੀ ਹੁੰਦੀ ਹੈ ਅਤੇ ਉਸ ਦੇ ਕੋਈ ਅਰਥ ਬਣਦੇ ਹਨ। ਇਹ ਨਿਰੀ ਗਲਤ-ਬਿਆਨੀ ਹੈ। ਮੈਂ ਇਸ ਗੱਲ ਨੂੰ ਸਿੱਧ ਕਰਕੇ ਦਿਖਾਵਾਂਗਾ ਕਿ ਇੱਕ ਧੁਨੀ ਨਾਲ ਬਣੇ ਹੋਏ ਸਾਰੇ ਸ਼ਬਦਾਂ ਵਿਚ ਉਸ ਧੁਨੀ ਦੇ ਉਹੋ ਹੀ ਅਰਥ ਹੋਣਗੇ ਜਿਹੜੇ ਕਿ ਮੇਰੇ ਵੱਲੋਂ ਪਹਿਲਾਂ ਹੀ ਨਿਰਧਾਰਿਤ ਕੀਤੇ ਗਏ ਹੋਣਗੇ।

ਮੈਨੂੰ ਉਮੀਦ ਹੈ ਕਿ ਮੇਰਾ ਇਹ ਯਤਨ ਸ਼ਬਦਾਂ ਦੀ ਦੁਨੀਆਂ ਵਿਚ ਇੱਕ ਨਵਾਂ ਮੀਲ-ਪੱਥਰ ਹੋਵੇਗਾ। ਜੇਕਰ ਮੇਰੇ ਇਸ ਦਾਅਵੇ ਨੂੰ ਕੋਈ 'ਮਿਥਿਆ', ਝੂਠ ਜਾਂ ਨਿਰੇ ਸੁਫਨੇ ਆਖਦਾ ਹੈ ਤਾਂ ਮੈਨੂੰ ਇਸ ਨਾਲ ਕੋਈ ਫਰਕ ਨਹੀਂ ਪੈਂਦਾ। ਅਸਲੀਅਤ ਛੇਤੀ ਹੀ ਸਾਹਮਣੇ ਆ ਜਾਵੇਗੀ। ਮੈਨੂੰ ਪੂਰੀ ਆਸ ਹੈ ਕਿ ਪੰਜਾਬੀ ਮਾਂ-ਬੋਲੀ ਦੇ ਜੇਕਰ ਸਾਰੇ ਨਹੀਂ ਤਾਂ ਬਹੁਤ ਸਾਰੇ ਸ਼ਬਦਾਂ ਦਾ ਖੁਲਾਸਾ ਜਲਦੀ ਹੀ ਹੋ ਜਾਵੇਗਾ।

ਸ੍ਰੀ ਬਾਸੀ ਨੇ ਲਿਖਿਆ ਹੈ ਕਿ 'ਕੁ' ਸ਼ਬਦ ਵਿਚ ਨਿਘਾਰ ਜਾਂ ਗਿਰਾਵਟ ਵਾਲੀ ਗੱਲ ਹੈ, ਜਿਸ ਕਰਕੇ 'ਖੂਹ' ਸ਼ਬਦ ਦੇ ਅਰਥਾਂ ਵਿਚ ਵੀ ਨਿਵਾਣ ਜਾਂ ਉਸ ਦੀ ਡੂੰਘਾਈ ਵਾਲੀ ਗੱਲ ਜਾਂ ਅਰਥ ਆ ਗਏ ਹਨ। ਕੀ ਨਿਘਾਰ ਵਾਲੀ ਗੱਲ ਫਿਰ ਕੁੱਪ ਜਾਂ ਕੁੱਪੀ ਸ਼ਬਦ 'ਤੇ ਵੀ ਲਾਗੂ ਨਹੀਂ ਹੁੰਦੀ? ਉਨ੍ਹਾਂ ਵਿਚ ਤਾਂ ਸਗੋਂ ਹੇਠੋਂ ਉਪਰ ਤੱਕ ਭੰਡਾਰੇ ਭਰੇ ਜਾਂਦੇ ਹਨ। ਇਨ੍ਹਾਂ ਅਤੇ ਇਹੋ ਜਿਹੇ ਹੋਰ ਅਨੇਕਾਂ ਸ਼ਬਦਾਂ ਵਿਚ ਵੀ ਤਾਂ 'ਕੁ' ਸ਼ਬਦ ਆਉਂਦਾ ਹੈ। ਦਰਅਸਲ ਨਿਘਾਰ ਵਾਲੀ ਗੱਲ ਵਧੇਰੇ ਕਰਕੇ ਉਥੇ ਹੀ ਲਾਗੂ ਹੋਣੀ ਹੈ, ਜਿੱਥੇ 'ਕੁ' ਸ਼ਬਦ ਅਗੇਤਰ ਦੇ ਤੌਰ 'ਤੇ ਵਰਤਿਆ ਜਾਣਾ ਹੈ, ਜਿਵੇਂ ਕੁਪੱਤ, ਕੁਮੱਤ, ਕੁਲੱਖਣਾ ਆਦਿ। ਇਸ ਦਾ ਵੀ ਇੱਕ ਵਿਸ਼ੇਸ਼ ਕਾਰਨ ਹੈ। ਕੀ ਸ੍ਰੀ ਬਾਸੀ ਦੱਸ ਸਕਦੇ ਹਨ ਕਿ 'ਕੂਪ' ਸ਼ਬਦ ਤੋਂ ਪੰਜਾਬੀ ਵਿਚ ਬਣੇ 'ਖੂਹ' ਸ਼ਬਦ ਦਾ ਉਚਾਰਨ ਜਾਂ ਲਿਖਤੀ ਰੂਪ ਪੰਜਾਬੀ ਵਿਚ 'ਖੂਹ' ਕਿਉਂ ਹੈ ਅਰਥਾਤ 'ਕ' ਧੁਨੀ 'ਖ' ਧੁਨੀ ਵਿਚ ਕਿਉਂ ਬਦਲੀ ਹੈ? ਇਸ ਦੇ ਵੀ ਵਿਸ਼ੇਸ਼ ਕਾਰਨ ਹਨ। ਇਹ ਸਾਰੀ ਖੇਡ ਧੁਨੀਆਂ ਦੇ ਅਰਥਾਂ ਦੀ ਹੀ ਹੈ। ਅਜਿਹਾ ਧੁਨੀ-ਪਰਿਵਰਤਨ ਵੀ ਕਿਸੇ ਖਾਸ ਨਿਯਮ ਅਨੁਸਾਰ ਅਰਥਾਤ ਧੁਨੀਆਂ ਦੇ ਅਰਥਾਂ ਦੀ ਸਮਾਨਤਾ ਜਾਂ ਨਿਕਟਤਾ ਕਾਰਨ ਹੀ ਹੁੰਦਾ ਹੈ।

ਸ਼ਬਦਾਂ ਦਾ ਪਸਾਰਾ ਬੇਥਾਹ ਹੈ। ਇਨ੍ਹਾਂ ਬਾਰੇ ਮੁਕੰਮਲ ਜਾਣਕਾਰੀ ਦਾ ਦਾਅਵਾ ਨਹੀਂ ਕੀਤਾ ਜਾ ਸਕਦਾ। ਹਾਂ, ਜੇ ਸਾਨੂੰ ਆਪਣੀ ਮਾਂ-ਬੋਲੀ ਵਿਚ ਪ੍ਰਚਲਿਤ ਪ੍ਰਮੁੱਖ ਅਤੇ ਆਮ ਵਰਤੇ ਜਾਣ ਵਾਲੇ ਸ਼ਬਦਾਂ ਵਿਚੋਂ ਕੁਝ ਇੱਕ ਦੀ ਵੀ ਜਾਣਕਾਰੀ ਹੋ ਜਾਵੇ ਤਾਂ ਇਹ ਵੀ ਇੱਕ ਚਮਤਕਾਰ ਹੀ ਹੋਵੇਗਾ। ਹੁਣ ਜੇਕਰ 'ਅਪ' ਜਾਂ 'ਪਾਣੀ' ਸ਼ਬਦ ਨੂੰ ਹੀ ਲਈਏ ਤਾਂ ਇਨ੍ਹਾਂ ਸ਼ਬਦਾਂ ਵਿਚ ਵੀ 'ਪ' ਧੁਨੀ ਦੇ ਅਰਥ ਪਾਣੀ ਨਹੀਂ ਹਨ। ਇੱਕਾ-ਦੁੱਕਾ ਸ਼ਬਦਾਂ ਵਿਚ 'ਅਪ' ਨੂੰ ਪਾਣੀ ਦੇ ਅਰਥਾਂ ਵਿਚ ਭਾਵੇਂ ਲੈ ਲਿਆ ਗਿਆ ਹੋਵੇ ਪਰ ਇਸ ਸ਼ਬਦ ਦੀ ਵਰਤੋਂ ਵਧੇਰੇ ਨਹੀਂ ਹੈ ਤੇ ਇਸ ਦਾ ਅਰਥ ਪਾਣੀ ਹੋਣ ਦਾ ਵੀ ਇੱਕ ਵਿਸ਼ੇਸ਼ ਕਾਰਨ ਹੈ। 'ਅਪ' ਸ਼ਬਦ ਵਿਚ 'ਪ' ਧੁਨੀ ਦਾ ਅਰਥ ਪਾਣੀ ਨਹੀਂ ਹੈ। ਇਸੇ ਤਰ੍ਹਾਂ ਦਵੀਪ (ਦੀਪ) ਸ਼ਬਦ ਵਿਚ ਵੀ 'ਪ' ਜਾਂ 'ਅਪ' ਧੁਨੀ ਦੇ ਅਰਥ ਪਾਣੀ ਨਹੀਂ ਹਨ ਤੇ ਨਾ ਹੀ 'ਦਵੈ' ਦਾ ਅਰਥ ਇੱਥੇ ਦੋ ਪਾਸਿਆਂ ਤੋਂ ਹੈ, ਇਹ ਗੱਲ ਮੈਂ ਦਾਅਵੇ ਨਾਲ ਕਹਿ ਸਕਦਾ ਹਾਂ। 'ਦੀਪ' ਦੀਆਂ ਧੁਨੀਆਂ ਦੇ ਅਰਥ ਇੱਥੇ ਹੋਰ ਹਨ। ਜੇ ਮੈਂ ਕਿਸੇ ਕਾਰਨ ਇਨ੍ਹਾਂ ਧੁਨੀਆਂ ਦੇ ਅਰਥ ਇੱਥੇ ਸਪਸ਼ਟ ਨਹੀਂ ਕਰ ਸਕਿਆ ਤਾਂ ਇਸ ਦਾ ਅਰਥ ਇਹ ਕਤਈ ਨਹੀਂ ਹੈ ਕਿ ਇਨ੍ਹਾਂ ਦੇ ਅਰਥ ਸ੍ਰੀ ਬਾਸੀ ਵਾਲੇ ਹੀ ਹਨ। ਮੈਂ ਤਾਂ ਇਹੋ ਹੀ ਕਹਾਂਗਾ ਕਿ ਨਿਰੁਕਤੀ ਦਾ ਕੰਮ ਧੁਨੀਆਂ ਦੇ ਅਰਥਾਂ ਨੂੰ ਜਾਣੇ ਤੋਂ ਬਿਨਾਂ ਪੂਰੀ ਤਰ੍ਹਾਂ ਅਧੂਰਾ ਹੈ। ਇਹ ਗੱਲ ਉਨ੍ਹਾਂ ਦੇ ਲੇਖ 'ਤੀਵੀਂ ਤੇ ਉਸ ਦੀਆਂ ਭੈਣਾਂ' ਵਿਚ 'ਇਸਤਰੀ' ਸ਼ਬਦ ਬਾਰੇ ਅਤੇ 'ਆਰੀਆਂ ਦੇ ਆੜੀ' ਲੇਖ ਵਿਚ 'ਆਰੀਆ' ਅਤੇ 'ਆੜੀ' ਸ਼ਬਦਾਂ ਬਾਰੇ ਵੀ ਦੇਖੀ ਜਾ ਸਕਦੀ ਹੈ।

ਇਨ੍ਹਾਂ ਲੇਖਾਂ ਦੇ ਆਧਾਰ 'ਤੇ ਕੀ ਉਹ ਦੱਸ ਸਕਦੇ ਹਨ ਕਿ 'ਇਸਤਰੀ' ਸ਼ਬਦ ਦੀ ਵਿਉਤਪਤੀ ਸਬੰਧੀ ਉਨ੍ਹਾਂ ਦੀ ਗੱਲ ਕਿਸ ਸਿਰੇ 'ਤੇ ਲੱਗੀ ਹੈ? ਉਹ ਆਖਦੇ ਹਨ ਕਿ ਹੋ ਸਕਦਾ ਹੈ ਕਿ ਇਹ ਸ਼ਬਦ 'ਸਤੈ' ਸ਼ਬਦ ਤੋਂ ਬਣਿਆ ਹੋਵੇ। ਕੀ ਉਹ ਸਪਸ਼ਟ ਕਰਨਗੇ ਕਿ 'ਸਤੈ' ਸ਼ਬਦ ਦੇ ਕੀ ਅਰਥ ਹਨ ਅਤੇ ਇਸ ਤੋਂ ਇਸਤਰੀ ਸ਼ਬਦ ਕਿਵੇਂ ਬਣਿਆ ਹੈ? ਜੇ ਉਨ੍ਹਾਂ ਨੂੰ ਪਤਾ ਹੀ ਨਹੀਂ ਸੀ ਕਿ ਇਸ ਸ਼ਬਦ ਦੀ ਵਿਉਤਪਤੀ ਕਿਵੇਂ ਹੋਈ ਹੈ ਤਾਂ ਫਿਰ ਏਨਾ ਖਿਲਾਰਾ ਪਾਉਣ ਦੀ ਕੀ ਲੋੜ ਸੀ? ਇਸਤਰੀ (ਸਤ੍ਰੀ) ਸ਼ਬਦ ਵਿਚ ਸ਼ਾਮਲ ਇਹ ਧੁਨੀਆਂ ਹੀ ਹਨ ਜੋ ਬਾਕੀ ਸ਼ਬਦਾਂ ਦੀਆਂ ਧੁਨੀਆਂ ਵਾਂਗ ਪੁਕਾਰ-ਪੁਕਾਰ ਕੇ ਆਖ ਰਹੀਆਂ ਹਨ ਕਿ ਸਾਡੇ ਅਰਥ ਇਹ ਹਨ। ਆਓ, ਸਾਨੂੰ ਸਮਝੋ ਤੇ ਸਾਡੇ ਅਰਥਾਂ ਨੂੰ ਜਾਣੋ ਪਰ ਕੋਈ ਨਿਰੁਕਤਸ਼ਾਸਤਰੀ ਜਾਂ ਭਾਸ਼ਾ ਵਿਗਿਆਨੀ ਇਸ ਪਾਸੇ ਵੱਲ ਆਵੇ, ਤਦ ਨਾ!

ਇਸੇ ਤਰ੍ਹਾਂ ਉਹ 'ਆਰੀਆ' ਅਤੇ 'ਆੜੀ' ਦੇ ਅਰਥਾਂ ਨੂੰ ਵੀ ਰਲ-ਗੱਡ ਕਰੀ ਜਾ ਰਹੇ ਹਨ ਜਦੋਂਕਿ 'ਆਰੀਆ' ਸ਼ਬਦ ਦੇ ਅਰਥ ਉਸ ਦੀਆਂ ਧੁਨੀਆਂ ਦੇ ਅਰਥਾਂ ਅਨੁਸਾਰ ਹੋਰ ਹਨ ਅਤੇ 'ਆੜੀ' ਸ਼ਬਦ ਦੀ ਵਿਉਤਪਤੀ ਅਤੇ ਅਰਥ ਹੋਰ। ਇਸੇ ਤਰ੍ਹਾਂ ਉਹ 'ਛਿਟੀ' ਸ਼ਬਦ ਨੂੰ ਵੀ 'ਯਸ਼ਟਿ' ਸ਼ਬਦ ਤੋਂ ਉਤਪੰਨ ਹੋਇਆ ਮੰਨਣ ਤੋਂ ਇਨਕਾਰੀ ਹਨ। ਹਾਲਾਂਕਿ ਇਹ ਸ਼ਬਦ 'ਯਸ਼ਟਿ' ਸ਼ਬਦ ਦਾ ਸਭ ਤੋਂ ਵੱਧ ਨਜ਼ਦੀਕੀ ਸ਼ਬਦ ਹੈ। ਪਰ ਇਸ ਸ਼ਬਦ ਦਾ ਸਾਰੇ ਲੇਖ ਵਿਚ ਕਿਤੇ ਜ਼ਿਕਰ ਤੱਕ ਵੀ ਨਹੀਂ ਹੈ। ਉਲਟਾ 'ਯਸ਼ਟਿ' ਸ਼ਬਦ ਨੂੰ ਹੀ ਉਹ 'ਯਜ' ਜਾਂ 'ਯੋਗ' ਸ਼ਬਦ ਤੋਂ ਬਣਿਆ ਦੱਸ ਰਹੇ ਹਨ। ਉਨ੍ਹਾਂ ਦੀ 'ਸ਼ਬਦਕਾਰੀ' ਵੀ ਕਮਾਲ ਦੀ ਹੈ। ਮੈਂ ਇਥੇ ਇਹ ਗੱਲ ਦੱਸਣੀ ਚਾਹੁੰਦਾ ਹਾਂ ਕਿ 'ਯਸ਼ਟਿ' ਸ਼ਬਦ ਆਪਣੇ ਆਪ ਵਿਚ ਪੂਰੀ ਤਰ੍ਹਾਂ ਮੁਕੰਮਲ ਹੈ।

ਬਲਜੀਤ ਬਾਸੀ ਅਨੁਸਾਰ 'ਲਾਠੀ' ਸ਼ਬਦ ਦੀ ਵਿਉਤਪਤੀ ਸਮੇਂ 'ਯਸ਼ਟਿ' ਸ਼ਬਦ ਵਿਚਲੀ 'ਯ' ਦੀ ਧੁਨੀ 'ਲ' ਧੁਨੀ ਵਿਚ ਬਦਲ ਗਈ ਹੈ। ਅਜਿਹਾ ਬਿਲਕੁਲ ਨਹੀਂ ਹੈ। 'ਲ' ਦੀ ਧੁਨੀ 'ਯਸ਼ਟਿ' ਸ਼ਬਦ ਵਿਚ ਅਲੱਗ ਤੌਰ 'ਤੇ ਜੋੜੀ ਗਈ ਹੈ ਜਿਸ ਕਾਰਨ 'ਛਿਟੀ' ਅਤੇ 'ਲਾਠੀ' ਸ਼ਬਦਾਂ ਵਿਚ ਅਰਥ ਪਰਿਵਰਤਨ ਹੋਇਆ ਹੈ। ਕਿਰਪਾ ਕਰਕੇ ਬੇਸਿਰ ਪੈਰ ਕਿਆਫੇ ਨਾ ਲਾਓ। ਪੁਰਾਤਨ ਭਾਸ਼ਾ ਵਿਗਿਆਨੀ ਅਰਥਾਤ ਸ਼ਬਦ ਘਾੜੇ ਸਾਥੋਂ ਬਹੁਤ ਹੀ ਸਿਆਣੇ ਸਨ। ਉਨ੍ਹਾਂ ਨੂੰ ਝੁਠਲਾਉਣ ਦੀ ਕੋਸ਼ਿਸ਼ ਨਾ ਕੀਤੀ ਜਾਵੇ। ਇਸ ਨਾਲ ਸਾਡੀ ਹੀ ਮੱਤ ਨੀਵੀਂ ਹੁੰਦੀ ਹੈ।

ਮੈਂ ਸ੍ਰੀ ਬਾਸੀ ਦੀ ਜਾਣਕਾਰੀ ਲਈ ਇਹ ਵੀ ਦੱਸ ਦੇਣਾ ਚਾਹੁੰਦਾ ਹਾਂ ਕਿ 'ਆੜੀ' ਸ਼ਬਦ 'ਆੜ' (ਆਸਰਾ/ਸਹਾਰਾ/ਸਾਥ ਦੇਣਾ) ਤੋਂ ਬਣਿਆ ਹੈ, 'ਆਰੀਆ' ਤੋਂ ਬਿਲਕੁਲ ਨਹੀਂ। 'ਆਰੀਆ' ਸ਼ਬਦ ਵਿਚਲੀਆਂ ਧੁਨੀਆਂ ਦੇ ਅਰਥਾਂ ਅਨੁਸਾਰ ਇਸ ਸ਼ਬਦ ਦੇ ਅਰਥ ਵੀ ਬਹੁਤ ਹੀ ਆਸਾਨ ਤੇ ਪੂਰੀ ਤਰ੍ਹਾਂ ਇਸ ਦੀ ਪਰਿਭਾਸ਼ਾ ਅਨੁਸਾਰ ਢੁਕਵੇਂ ਹਨ। ਇਸ ਵਿਚਲੀਆਂ ਧੁਨੀਆਂ ਦੇ ਅਰਥਾਂ ਕਾਰਨ ਤੀਰ ਸਿੱਧਾ ਨਿਸ਼ਾਨੇ 'ਤੇ ਹੀ ਵੱਜਦਾ ਹੈ।

ਅੰਤ ਵਿਚ ਇਹੋ ਕਹਾਂਗਾ ਕਿ ਸ੍ਰੀ ਬਾਸੀ ਦੇ ਕਹਿਣ ਅਨੁਸਾਰ ਧੁਨੀਆਂ ਦੇ ਅਰਥਾਂ ਦਾ ਮੈਨੂੰ ਕੋਈ 'ਇਲਹਾਮ' ਤਾਂ ਨਹੀਂ ਹੋਇਆ ਪਰ ਮੈਂ ਏਨਾ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਇਨ੍ਹਾਂ ਦੇ ਅਰਥਾਂ ਤੱਕ ਪਹੁੰਚਣ ਲਈ ਮੈਨੂੰ ਵਰ੍ਹਿਆਂ ਬੱਧੀ ਸਖਤ ਮਿਹਨਤ ਕਰਨੀ ਪਈ ਹੈ। ਸ਼ੁਰੂ ਤੋਂ ਹੀ ਸ਼ਬਦਾਂ/ਸ਼ਬਦ-ਅਰਥਾਂ/ਸ਼ਬਦ-ਜੋੜਾਂ/ਸ਼ਬਦ-ਵਿਉਤਪਤੀ ਆਦਿ ਬਾਰੇ ਵੱਧ ਤੋਂ ਵੱਧ ਜਾਣਨ ਦੇ ਮੇਰੇ ਸ਼ੌਕ ਦਾ ਵੀ ਇਸ ਵਿਚ ਬਹੁਤ ਵੱਡਾ ਹੱਥ ਹੈ। ਇਹ ਕੰਮ ਮਹਿਜ਼ ਸ਼ਬਦ-ਕੋਸ਼ ਜਾਂ ਐਨਸਾਈਕਲੋਪੀਡੀਏ ਆਦਿ ਫਰੋਲਣ ਜਾਂ ਨਿਰਾ ਇੰਟਰਨੈਟ 'ਤੇ ਉਂਗਲਾਂ ਮਾਰਨ ਨਾਲ ਸਿਰੇ ਨਹੀਂ ਚੜ੍ਹਿਆ ਕਰਦੇ। ਇਸ ਕੰਮ ਲਈ ਧੁਨੀਆਂ ਦੀ ਆਤਮਾ ਨੂੰ ਪਛਾਨਣਾ ਪੈਂਦਾ ਹੈ।

-ਜਸਵੀਰ ਸਿੰਘ ਲੰਗੜੋਆ
ਫੋਨ: 91-98884-03052

# ਕੀ ਅਮਰੀਕਨ ਸਿੱਖਾਂ ਨੂੰ ਇਕ ਸਾਂਝੀ ਕੌਮੀ ਕਮੇਟੀ ਦੀ ਲੋੜ ਹੈ?

## ਵਿਚਾਰ ਚਰਚਾ

ਸੰਪੂਰਨ ਸਿੰਘ, ਟੈਕਸਸ
ਫੋਨ: 281-635-7466

1699 ਦੀ ਵਿਸਾਖੀ ਉਪਰੰਤ ਸਿੱਖ ਕੌਮ ਨੇ ਕਈ ਸਦੀਆਂ ਦਾ ਪੈਂਡਾ ਤੈਅ ਕੀਤਾ ਹੈ। ਸਿੱਖ ਇਤਿਹਾਸ ਵਿਚੋਂ ਜੇ ਅਸੀਂ ਮਿਸਲਾਂ ਦਾ ਕੁਝ ਸਮਾਂ ਤੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦਾ ਸਮਾਂ ਮਨਫੀ ਕਰ ਕੇ ਦੇਖੀਏ ਤਾਂ ਸ਼ਾਇਦ ਹੀ ਕੋਈ ਪੰਨਾ ਹੋਵੇ ਜਿਸ 'ਤੇ ਸਾਡੇ ਲਹੂ ਦੇ ਛਿੱਟੇ ਨਜ਼ਰ ਨਾ ਆਉਣ। ਸ਼ਾਇਦ ਹੀ ਦੁਨੀਆਂ ਅੰਦਰ ਕਿਸੇ ਹੋਰ ਕੌਮ ਦਾ ਇਤਿਹਾਸ ਇੰਨਾ ਸੰਘਰਸ਼ਪੂਰਨ, ਲਹੂ-ਲਬਰੇਜ਼ ਹੋਵੇ। ਇਨ੍ਹਾਂ ਸੰਘਰਸ਼ਾਂ, ਕਤਲੋਗਾਰਤ, ਘੱਲੂਘਾਰਿਆਂ ਤੇ ਗੁਲਾਮੀ ਦੇ ਜ਼ੁਲਮਾਂ ਦੌਰਾਨ ਸਿੱਖ ਕੌਮ ਬਹੁਤ ਹੀ ਮੁਸ਼ਕਿਲ ਤੇ ਦੁਖਦਾਈ ਸਮੇਂ ਵਿਚੋਂ ਗੁਜ਼ਰੀ, ਪਰ ਸਿੱਖ ਕੌਮ ਨੇ ਕਦੀ ਵੀ ਆਪਣੇ ਆਪ ਨੂੰ ਕੌਮੀ ਤੌਰ 'ਤੇ ਹਾਰੇ ਹੋਏ ਮਹਿਸੂਸ ਨਹੀਂ ਸੀ ਕੀਤਾ। ਕਾਰਨ, ਅਸੀਂ ਗੁਰੂਆਂ ਦੀ ਜੋਤ ਦੇ ਪ੍ਰਕਾਸ਼ ਰਾਹੀਂ ਆਪਣਾ ਮਾਰਗ ਦਰਸ਼ਨ ਕਰਦੇ ਰਹੇ। ਗੁਰੂ ਦੀ ਬਾਣੀ ਸਾਨੂੰ ਆਪਣੇ ਅੰਮ੍ਰਿਤ ਵਿਚ ਭਿਉਂ ਕੇ ਆਤਮਕ ਤੇ ਮਾਨਸਕ ਸ਼ਕਤੀ ਦਿੰਦੀ ਰਹੀ। ਗੁਰੂ ਅਰਜਨ ਦੇਵ ਜੀ ਦੀ ਤੱਤੀ ਤਵੀ ਵਾਲੀ ਦਾਸਤਾਨ ਨੇ ਹਮੇਸ਼ਾ ਸਾਨੂੰ ਸਬਰ-ਸ਼ੁਕਰ ਤੇ ਭਾਣਾ ਮੰਨਣ ਦੇ ਸੰਕਲਪ ਨਾਲ ਜੋੜੀ ਰੱਖਿਆ।

ਗੁਰੂ ਤੇਗ ਬਹਾਦਰ ਜੀ ਦੇ ਬਚਨ "ਭੈ ਕਾਹੂ ਕੋ ਦੇਤਿ ਨਹਿ ਨਹਿ ਭੈ ਮਾਨਤ ਆਨ" ਅਤੇ ਉਨ੍ਹਾਂ ਦੀ ਸ਼ਹਾਦਤ ਨਾਲ ਜੁੜਿਆ ਸੰਕਲਪ ਫਰਾਂਸੀਸੀ ਲੇਖਕ, ਦਾਰਸ਼ਨਿਕ-ਇਤਿਹਾਸਕਾਰ, ਮਨੁਖੀ ਧਰਮ ਤੇ ਵਿਚਾਰਾਂ ਦੇ ਪ੍ਰਗਟਾਵੇ ਦੇ ਮਜ਼ਬੂਤ ਪਹਿਰੇਦਾਰ ਦੇ ਕਥਨ, "I may not agree with what you have to say, but I will defend to the death your right to say" (ਅਰਥਾਤ ਮੈਂ ਤੁਹਾਡੇ ਨਾਲ ਸਹਿਮਤ ਨਾ ਵੀ ਹੋਵਾਂ ਪਰ ਮੈਂ ਤੁਹਾਡੇ ਕਹਿਣ ਦੇ ਹੱਕ ਲਈ ਮੌਤ ਤੱਕ ਲੜਾਂਗਾ)। ਸਿੱਖਾਂ ਦੇ ਚੇਤੇ ਵਿਚ ਬਣਿਆ ਰਿਹਾ ਕਿ ਕਿਸੇ ਮਜ਼ਲੂਮ ਦੀ ਪੁਕਾਰ 'ਤੇ ਕਿਵੇਂ, ਕਦ ਤੇ ਕਿਉਂ ਮਰਨਾ ਹੈ। ਦਸ਼ਮ ਪਾਤਸ਼ਾਹ ਦੇ ਬਚਨਾਂ, "ਚੂੰ ਕਾਰ ਅਜ਼ ਹਮਾਂ ਹੀਲਤੇ ਦਰ ਗੁਜ਼ਸ਼ਤ॥ ਹਲਾਲ ਅਸਤ ਬੁਰਦਨ ਬਾ ਸ਼ਮਸ਼ੀਰ ਦਸਤ॥" ਅਤੇ 200 ਸਾਲ ਤੋਂ ਵੱਧ ਸਮੇਂ ਦੇ ਗੁਰੂ ਇਤਿਹਾਸ ਦੇ ਹਰ ਮੁੱਖ ਘਟਨਾਕ੍ਰਮ ਨੂੰ ਵਿਚਾਰਦਿਆਂ ਸਪਸ਼ਟ ਸੰਕੇਤ ਮਿਲਦੇ ਹਨ ਕਿ ਆਜ਼ਾਦੀ ਨਾਲ ਰਹਿਣ ਵਾਸਤੇ ਜਾਂ ਆਜ਼ਾਦੀ ਦਾ ਮਾਹੌਲ ਬਣਿਆ ਰੱਖਣ ਲਈ ਜਦੋਂ ਸਾਰੇ ਹੀ ਤੌਰ-ਤਰੀਕੇ ਕਾਰਗਰ ਸਾਬਤ ਨਾ ਹੋਣ ਤਾਂ ਹੱਥ ਵਿਚ ਤਲਵਾਰ ਫੜਨੀ ਜਾਇਜ਼ ਹੈ। ਆਪਣੇ ਸਵੈਮਾਣ ਤੇ ਆਜ਼ਾਦੀ ਦੀ ਰਾਖੀ ਲਈ ਕਿਸ ਹੱਦ ਤੱਕ ਕੀਮਤ ਅਦਾ ਕੀਤੀ ਜਾ ਸਕਦੀ ਹੈ, ਦੀ ਜਾਚ ਗੁਰੂ ਪਾਤਸ਼ਾਹ ਨੇ ਆਪਣਾ ਸਰਬੰਸ ਵਾਰ ਕੇ ਸਿਖਾਈ ਕਿ ਕੋਈ ਵੀ ਕੀਮਤ ਤੁਹਾਡੇ ਸਵੈਮਾਣ ਤੇ ਆਜ਼ਾਦੀ ਤੋਂ ਵੱਡੀ ਨਹੀਂ, ਅਤੇ ਬਹੁਤ ਲੰਬਾ ਸਮਾਂ ਇਹ ਗੁਰੂ ਇਤਿਹਾਸ ਸਿੱਖਾਂ ਦਾ ਮਾਰਗ ਦਰਸ਼ਨ ਕਰਦਾ ਰਿਹਾ।

20ਵੀਂ ਸਦੀ ਦਾ ਅਖੀਰਲਾ ਅੱਧ ਤੇ 21ਵੀਂ ਸਦੀ ਦਾ ਸਮੁੱਚਾ ਸਮਾਂ ਪ੍ਰਤੱਖ ਤੌਰ 'ਤੇ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਅਸੀਂ ਕਿੰਨੀ ਬੁਰੀ ਤਰ੍ਹਾਂ ਆਪਣੇ ਅਧਿਆਤਮਕ ਤੇ ਇਤਿਹਾਸਕ ਧੁਰੇ ਤੋਂ ਟੁੱਟ ਚੁੱਕੇ ਹਾਂ। ਭਾਰਤ ਦੀ ਆਜ਼ਾਦੀ ਸਮੇਂ, ਜਦੋਂ ਸਿੱਖ ਰਹਿਨੁਮਾਵਾਂ ਨੇ ਆਪਣੀ ਕੌਮੀ ਕਿਸਮਤ ਨੂੰ ਇੱਕ ਬੇਗੈਰਤ, ਨਾਸ਼ੁਕਰੀ ਤੇ ਵਿਸ਼ਵਾਸਘਾਤੀ ਸੋਚ ਵਾਲੀ ਧਿਰ ਨਾਲ ਜੋੜਿਆ, ਉਦੋਂ ਤੋਂ ਹੀ ਸਾਡੀ ਕੌਮੀ ਬਦਕਿਸਮਤੀ ਤੇ ਅਧੋਗਤੀ ਦੀ ਇੱਕ ਅਜਿਹੀ ਕਹਾਣੀ ਸ਼ੁਰੂ ਹੋਈ ਜਿਸ ਦਾ ਕਦੀ ਅੰਤ ਵੀ ਹੋ ਸਕੇਗਾ, ਦੀ ਆਸ ਦਿਨੋ-ਦਿਨ ਮੱਧਮ ਪਈ ਜਾ ਰਹੀ ਹੈ।

ਸਾਡਾ ਗੁਰੂ ਇਤਿਹਾਸ ਹੀ ਸਾਡਾ ਮਾਰਗ ਦਰਸ਼ਕ ਬਣਿਆ ਰਿਹਾ, ਪਰ ਅਜੋਕੇ ਸਮੇਂ ਅੰਦਰ ਅਸੀਂ ਗੁਰੂ ਦੇ ਮਾਰਗ ਨਾਲੋਂ ਆਪਣਾ ਨਾਤਾ ਬੁਰੀ ਤਰ੍ਹਾਂ ਤੋੜੀ ਜਾ ਰਹੇ ਹਾਂ। ਸਿੱਖ ਅਕਸਰ ਇਹ ਗੱਲ ਕਹਿੰਦੇ/ਸੁਣਦੇ ਹਨ ਤੇ ਮੰਨਦੇ ਵੀ ਹਨ ਕਿ ਜੇ ਸਿੱਖਾਂ ਅੰਦਰ ਮੁਕੰਮਲ ਏਕਤਾ ਹੋ ਜਾਵੇ ਤਾਂ ਕਿਸੇ ਵੀ ਨਿਸ਼ਾਨੇ ਦੀ ਪ੍ਰਾਪਤੀ ਸਾਡੇ ਲਈ ਅਸੰਭਵ ਨਹੀਂ। ਸਿੱਖਾਂ ਨੇ ਹਮੇਸ਼ਾ ਆਪਣੀ ਅਦੁੱਤੀ ਸ਼ਕਤੀ ਨੂੰ ਆਪਸ ਵਿਚ ਲੜ ਕੇ ਗੰਵਾਇਆ ਹੈ। ਸਾਡੀ ਆਪਸੀ ਖਿੱਚੋਤਾਣ ਸਾਨੂੰ ਅਜਿਹੀ ਦਲਦਲ ਵਿਚ ਵਾੜ ਦਿੰਦੀ ਹੈ ਕਿ ਸਾਨੂੰ ਅਕਸਰ ਬਿਗਾਨਿਆਂ ਦੀ ਅਧੀਨਗੀ ਦੀ ਜ਼ਲਾਲਤ ਭੋਗਣ ਲਈ ਮਜਬੂਰ ਹੋਣਾ ਪੈਂਦਾ ਹੈ। ਅਸੀਂ ਦੇਸ਼ ਵੀ ਬਦਲੇ, ਵਾਤਾਵਰਣ ਦੀ ਬਦਲੀ ਦਾ ਸੁੱਖ ਵੀ ਮਾਣਿਆ, ਕਿਸੇ ਹੱਦ ਤੱਕ ਸਾਡੀ ਸੋਚ ਵਿਚ ਵੀ ਨਿਖਾਰ ਆਇਆ ਪਰ ਫਿਰ ਵੀ ਅਸੀਂ ਆਪਣੀ 'ਭਰਾ-ਮਾਰੂ' ਫਿਤਰਤ ਨਹੀਂ ਬਦਲੀ। ਇਸੇ ਕਾਰਨ ਅਸੀਂ ਆਪਣੇ ਹੀ ਹੱਥੀਂ ਪੈਦਾ ਕੀਤੀਆਂ ਸਥਿਤੀਆਂ ਦੀ ਜ਼ਿਲਤ ਭੋਗਦੇ ਹਾਂ।

ਤੁਹਾਨੂੰ ਯਾਦ ਹੋਵੇਗਾ, ਗੁਰਦੁਆਰਾ ਓਕ ਕਰੀਕ (ਵਿਸਕਾਨਸਿਨ) ਦਾ ਦੁਖਾਂਤ। ਉਸ ਸਮੇਂ ਜਿਨ੍ਹਾਂ ਲੋਕਾਂ ਨੇ ਮੀਡੀਆ ਨੂੰ ਖਾਸ ਕਰਕੇ ਚੈਨਲ ਸੀ ਐਨ ਐਨ ਨੂੰ ਸੰਜੀਦਗੀ ਨਾਲ ਵੇਖਿਆ ਹੋਵੇਗਾ ਤੇ ਉਨ੍ਹਾਂ ਦੇ ਰਿਪੋਰਟਰਾਂ ਦੀਆਂ ਗੱਲਾਂ ਸੁਣੀਆਂ ਹੋਣਗੀਆਂ ਕਿ ਉਨ੍ਹਾਂ ਨੂੰ ਕੋਈ ਵੀ ਕੌਮੀ ਹੈਸੀਅਤ ਵਾਲਾ ਵਿਅਕਤੀ ਨਹੀਂ ਮਿਲਿਆ ਜਿਹੜਾ ਉਨ੍ਹਾਂ ਨੂੰ ਸਿੱਖੀ ਸਿਧਾਤਾਂ ਬਾਬਤ ਸਪਸ਼ਟ ਜਵਾਬ ਦੇ ਸਕਦਾ, ਤਾਂ ਜਰੂਰ ਮਹਿਸੂਸ ਕੀਤਾ ਹੋਵੇਗਾ। ਕਾਸ਼! ਅਮਰੀਕਨ ਸਿਸਟਮ ਅੰਦਰ ਸਿੱਖਾਂ ਦੀ ਕੋਈ ਕੌਮੀ ਮਾਨਤਾ ਪ੍ਰਾਪਤ ਜਥੇਬੰਦੀ ਹੁੰਦੀ, ਜਾਂ ਕੋਈ ਅਜਿਹਾ ਕੌਮੀ ਲੀਡਰ ਹੁੰਦਾ ਜੋ ਸਮੁੱਚੇ ਅਮਰੀਕਾ ਦੇ ਸਿੱਖਾਂ ਦੇ ਨੁਮਾਇੰਦੇ ਦੇ ਤੌਰ 'ਤੇ ਆਪਣਾ ਪੱਖ ਸਪਸ਼ਟ ਦਸ ਸਕਦਾ। ਕਦੀ ਹੀ ਕੋਈ ਅਜਿਹੀ ਘਟਨਾ ਜਾਂ ਦੁਰਘਟਨਾ ਵਾਪਰਦੀ ਹੈ ਜਦੋਂ ਪੂਰੇ ਦੇਸ਼ ਦਾ ਧਿਆਨ ਕਿਸੇ ਨਾ ਕਿਸੇ ਰੂਪ ਵਿਚ ਉਥੇ ਕੇਂਦਰਤ ਹੁੰਦੈ। ਅਜਿਹੇ ਮੌਕਿਆਂ 'ਤੇ ਤੁਸੀਂ ਆਪਣੇ ਨਾਲ ਸਬੰਧਤ ਸੰਕਿਆਂ ਨੂੰ ਨਵਿਰਤ ਕਰਨ ਦਾ ਉਪਰਾਲਾ ਜਰੂਰ ਕਰ ਸਕਦੇ ਹੋ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਪਿਛਲੇ ਕਈ ਸਾਲਾਂ ਤੋਂ, ਜਦੋਂ ਤੋਂ ਸਿੱਖਾਂ ਨੇ ਇਸ ਦੇਸ਼ ਨਾਲ ਆਪਣੇ ਨਾਤੇ ਨੂੰ ਪੱਕੇ ਤੌਰ 'ਤੇ ਮਹਿਸੂਸ ਕੀਤਾ, ਤੇ ਆਰਥਿਕ ਸਥਿਰਤਾ ਤੋਂ ਬਾਅਦ ਆਪਣੀ ਹੋਂਦ ਦੀ ਸਥਾਪਤੀ ਤੇ ਸਲਾਮਤੀ ਦਾ ਅਹਿਸਾਸ ਅਨੁਭਵ ਕੀਤਾ, ਬਹੁਤ ਸਾਰੀਆਂ ਸਿੱਖ ਸੰਸਥਾਵਾਂ ਹੋਂਦ ਵਿਚ ਆਈਆਂ ਜਿਨ੍ਹਾਂ ਨੇ ਸਿੱਖ ਧਰਮ, ਸਿੱਖੀ ਸਰੂਪ ਦੀ ਪਛਾਣ ਸਬੰਧੀ ਬਹੁਤ ਸੁਜਗ ਉਪਰਾਲੇ ਕੀਤੇ। ਕੁਝ ਸੰਸਥਾਵਾਂ ਨੇ ਆਪਣੀ ਪਹੁੰਚ ਤੇ ਸੇਵਾਵਾਂ ਸਦਕਾ ਆਪਣੀ ਪਛਾਣ ਕੌਮੀ ਤੇ ਕੌਮਾਂਤਰੀ ਪੱਧਰ ਤੱਕ ਸਥਾਪਤ ਕੀਤੀ। ਕਈ ਸੰਸਥਾਵਾਂ ਦੀ ਵਾਗਡੋਰ ਇਥੋਂ ਦੀ ਜੰਮਪਲ ਨੌਜਵਾਨ ਪੀੜੀ ਦੇ ਹੱਥਾਂ ਵਿਚ ਹੈ। ਹਰੇਕ ਸੰਸਥਾ ਆਪੋ ਆਪਣੇ ਖੇਤਰ 'ਚ ਆਪਣੀ ਸਮੱਰਥਾ ਮੁਤਾਬਕ ਯੋਗਦਾਨ ਪਾ ਰਹੀ ਹੈ।

ਬੇਸ਼ਕ ਇਹ ਸੰਸਥਾਵਾਂ ਸੁਤੰਤਰ ਹਨ ਪਰ ਆਪਸੀ ਇਕਸੁਰਤਾ ਦੀ ਥਾਂ ਇਹ ਆਪਸ ਵਿਚ ਇੱਕ ਅਜਿਹੀ ਵਿਥ ਬਣਾ ਕੇ ਰਖਦੀਆਂ ਹਨ ਕਿ ਸਿੱਖਾਂ ਦੀ ਸਾਂਝੀ ਸ਼ਕਤੀ ਦਾ ਸਰੂਪ ਹੀ ਨਜ਼ਰ ਨਹੀ ਆਉਂਦਾ। ਇਨ੍ਹਾਂ ਸਭ ਸੰਸਥਾਵਾਂ ਨੇ ਇੱਕਠੇ ਜਾਂ ਵੱਖਰੇ ਰੂਪ ਵਿਚ ਕੋਈ ਝੰਡਾ ਸਥਾਪਤ ਨਹੀਂ ਕੀਤਾ ਕਿ ਸਮੁੱਚੇ ਅਮਰੀਕਾ ਦੇ ਸਿੱਖ ਉਸ ਥੱਲੇ ਇਕੱਤਰ ਹੋਣ ਲਈ ਉਤਸੁਕ ਹੋਣ।

ਜਦੋਂ ਤੋਂ ਮੈਨੂੰ ਅਮਰੀਕਨ ਸਿੱਖ ਸੰਸਥਾਵਾਂ ਵਿਚ ਵਿਚਰਨ ਦਾ ਮੌਕਾ ਮਿਲਿਆ, ਹਮੇਸ਼ਾ ਚਾਹਿਆ ਵੀ ਤੇ ਕੋਸ਼ਿਸ਼ ਵੀ ਕੀਤੀ ਕਿ ਘੱਟੋ-ਘੱਟ ਕੁਝ ਖਾਸ ਮੌਕਿਆਂ ਉਪਰ ਆਪਣੀ ਜਾਤੀ ਹੋਂਦ ਹਸਤੀ ਨੂੰ ਥੋੜ੍ਹਾ ਪਿੱਛੇ ਪਾ ਕੇ ਆਪਣਾ ਸ਼ਕਤੀ ਪ੍ਰਦਰਸ਼ਨ ਕਰ ਸਕੀਏ। ਬਹੁਤ ਸਾਰੇ ਪੰਥ ਦਰਦੀਆਂ ਨਾਲ ਕੀਤੇ ਵਿਚਾਰ-ਵਟਾਂਦਰੇ ਤੋਂ ਵੀ ਇਹੀ ਸਪਸ਼ਟ ਹੁੰਦੈ ਕਿ ਜਿੰਨੇ ਵੀ ਲੋਕ ਪੰਥਕ ਕਾਰਜਾਂ ਵਿਚ ਸਰਗਰਮ ਹਨ, ਉਹ ਆਪਣੇ ਕੰਮ ਕਰਨ ਦੇ ਤਰੀਕੇ ਤੇ ਸੋਚ ਨਾਲ ਇੰਨੀ ਕੱਟੜਤਾ ਤੇ ਕਠੋਰਤਾ ਨਾਲ ਜੁੜੇ ਹੁੰਦੇ ਹਨ ਕਿ ਆਪਣੇ ਆਪ ਨੂੰ ਜਾਂ ਆਪਣੀ ਸੰਸਥਾ ਨੂੰ ਹੀ ਸਹੀ ਅਤੇ ਸਰਵੋਤਮ ਸਮਝਦੇ ਤੇ ਪ੍ਰਚਾਰਦੇ ਹਨ। ਭਾਵੇਂ ਪਤਾ ਵੀ ਹੁੰਦੈ ਕਿ ਅਜਿਹੀ ਸਥਿਤੀ ਵਿਚ ਸਾਡੀ ਕਮਜ਼ੋਰੀ ਦਾ ਪ੍ਰਗਟਾਵਾ ਸਪੱਸ਼ਟ ਹੈ ਤੇ ਸਾਡੇ ਮਕਸਦ ਦੀ ਪ੍ਰਾਪਤੀ ਅਸੰਭਵ ਹੈ, ਫਿਰ ਵੀ ਅਸੀਂ ਆਪਣੀ ਹਉਮੈ ਵਸ ਨਤੀਜੇ ਦੀ ਸ਼ਰਮਿੰਦਗੀ ਦਾ ਸੰਤਾਪ ਭੋਗਦੇ ਹਾਂ। ਅਜਿਹੇ ਦਿਸ਼ਾਹੀਣ ਕੌਸ਼ਮੀ ਵਰਤਾਰੇ ਤਾਂ ਉਸ ਬੰਬ ਦੀ ਤਰ੍ਹਾਂ ਹਨ ਜੋ ਚਲਾਏ ਤਾਂ ਦੁਸ਼ਮਣ ਦੇ ਮਾਰਨ ਲਈ ਜਾਂਦੇ ਹਨ ਪਰ ਰਿਮੋਟ ਨਾਲੋਂ ਸੰਪਰਕ ਟੁੱਟ ਜਾਣ ਕਾਰਨ ਬਹੁਤੀ ਵਾਰੀ ਉਹ ਆਪਣਿਆਂ ਦੇ ਹੀ ਨੁਕਸਾਨ ਦਾ ਕਾਰਨ ਬਣਦੇ ਹਨ।

ਹੁਣ ਤੱਕ ਸਾਡੀ ਕੌਮੀ ਮਜ਼ਬੂਤ ਜਥੇਬੰਦੀ ਨਾ ਬਣਨ ਦੇ ਕਈ ਕਾਰਨਾਂ ਵਿਚੋਂ ਇਕ ਸਾਡੇ ਕੁਝ ਆਗੂਆਂ ਦੇ ਪੰਜਾਬ ਵਿਚਲੇ ਸਿਆਸੀ ਲੋਕਾਂ ਨਾਲ ਜੁੜੇ ਹੋਣਾ ਵੀ ਹੈ। ਉਥੋਂ ਦੇ ਸਿਆਸਦਾਨ ਆਪਣੇ ਕੁਝ ਚਹੇਤਿਆਂ ਰਾਹੀਂ ਆਪਣਾ ਕੋਈ ਨਾ ਕੋਈ ਆਧਾਰ ਵਿਦੇਸ਼ਾਂ ਅੰਦਰ ਬਣਾਈ ਰੱਖਣਾ ਚਾਹੁੰਦੇ ਹਨ। ਸਾਡੀ ਅੰਦਰੂਨੀ ਲਾਲਸਾ ਦੀ ਪੂਰਤੀ ਲਈ ਸਾਨੂੰ ਕਈ ਵੱਡੇ-ਵੱਡੇ ਨਾਂਵਾਂ ਵਾਲੇ ਅਹੁਦੇ ਦਿਤੇ ਜਾਂਦੇ ਹਨ, ਭਾਵੇਂ ਸਾਨੂੰ ਪਤਾ ਹੁੰਦੈ ਕਿ ਉਨ੍ਹਾਂ ਸਿਆਸੀ ਅਹੁਦਿਆਂ ਦੀ ਸ਼ਕਤੀ ਦਾ ਕੋਈ ਆਧਾਰ ਨਹੀਂ ਹੁੰਦਾ। ਆਮ ਸਿੱਖ ਮਹਿਸੂਸ ਕਰਦੈ ਕਿ ਇਨ੍ਹਾਂ ਸਿਆਸੀ ਲੀਡਰਾਂ ਦੀਆਂ ਨਜ਼ਰਾਂ ਜਾਂ ਤਾਂ ਸਾਡੇ ਡਾਲਰਾਂ ਉਪਰ ਹੁੰਦੀਆਂ ਹਨ ਤੇ ਜਾਂ ਉਨ੍ਹਾਂ ਦੇ ਸਨਮਾਨ ਵਿਚ ਸਾਡੇ ਵੱਲੋਂ ਕਰਵਾਏ ਜਾਂਦੇ ਵੱਡੇ-ਵੱਡੇ ਸਵਾਗਤੀ ਸਮਾਰੋਹਾਂ ਉਪਰ। ਉਥੋਂ ਦੇ ਸਿਆਸੀ ਆਗੂ ਨਹੀਂ ਚਾਹੁੰਦੇ ਕਿ ਵਿਦੇਸ਼ੀ ਸਿੱਖ ਖਾਸ ਕਰਕੇ ਅਮਰੀਕਨ ਸਿੱਖ ਆਪਣਾ ਕੋਈ ਮਜ਼ਬੂਤ ਸੰਗਠਨ ਬਣਾ ਲੈਣ। ਉਹ ਸਮਝਦੇ ਹਨ ਕਿ ਸਾਡੀ ਏਕਤਾ ਉਨ੍ਹਾਂ ਦੀਆਂ ਪੰਥਕ ਸਫਾਂ ਅੰਦਰ ਆਪਹੁਦਰੀਆਂ ਲਈ ਇੱਕ ਵੱਡੀ ਚੁਣੌਤੀ ਸਾਬਤ ਹੋ ਸਕਦੀ ਹੈ। ਉਨ੍ਹਾਂ ਸਿਆਸੀ ਪਾਰਟੀਆਂ ਪਾਸ ਸ਼ਕਤੀ ਦੇ ਅਸੀਮ ਸਾਧਨ ਹੋਣ ਸਦਕਾ ਉਹ ਸਾਡੀਆਂ ਆਜ਼ਾਦ ਸੋਚ ਵਾਲੀਆਂ ਸਫਾਂ ਅੰਦਰ ਘੁਸਪੈਠ ਕਰਕੇ ਸਾਨੂੰ ਕਿਸੇ ਨਾ ਕਿਸੇ ਤਰ੍ਹਾਂ ਖਿੰਡਾਉਣ ਵਿਚ ਸਫਲ ਰਹਿੰਦੇ ਹਨ।

ਜੋ ਵਿਸਫੋਟਕ ਸਥਿਤੀ ਪੰਜਾਬ ਦੇ ਪੰਥਕ ਮਾਹੌਲ ਵਿਚ ਅੱਜ ਬਣੀ ਹੋਈ ਹੈ, ਉਹ ਕਿਸੇ ਵੀ ਵਿਅਕਤੀ ਜਾਂ ਸੰਸਥਾ ਦੀ ਕੋਸ਼ਿਸ਼ ਦਾ ਨਤੀਜਾ ਨਹੀਂ, ਸਗੋਂ ਇਹ ਤਾਂ ਪਾਪ ਦੇ ਬੇੜੇ ਦਾ ਆਪਣੇ ਆਪ ਹੀ ਭਰ ਕੇ ਡੁਬਣ ਵਾਲੀ ਗੱਲ ਹੈ। ਵਾਹਿਗੁਰੂ ਪਾਪੀਆਂ ਨੂੰ ਸਜ਼ਾ ਦਿੰਦਾ ਜ਼ਰੂਰ ਹੈ ਪਰ ਅਸਿੱਧੇ ਰੂਪ ਵਿਚ। ਇਨ੍ਹਾਂ ਲੋਕਾਂ ਨੇ ਜੋ ਜਾਲ ਦੂਜਿਆਂ ਨੂੰ ਕਿਸੇ ਨਾ ਕਿਸੇ ਤਰ੍ਹਾਂ ਫਸਾਉਣ ਲਈ ਬਣਾਏ ਸਨ, ਆਪ ਹੀ ਉਨ੍ਹਾਂ ਵਿਚ ਇੰਨੀ ਬੁਰੀ ਤਰ੍ਹਾਂ ਫਸ ਗਏ ਹਨ ਕਿ ਉਸ ਵਿਚੋਂ ਨਿਕਲਣ ਦੀ ਸੰਭਾਵਨਾ ਦਿਨੋ ਦਿਨ ਘਟਦੀ ਜਾ ਰਹੀ ਹੈ। ਪੰਥ ਦੀ ਪੂਰੀ ਇਮਾਨਦਾਰੀ ਨਾਲ ਚੜ੍ਹਦੀ ਕਲਾ ਦੀ ਭਾਵਨਾ ਰੱਖਣ ਵਾਲੇ ਪੰਥ ਦਰਦੀਆਂ ਪਾਸ ਸ਼ਾਇਦ ਇਸ ਤੋਂ ਬਿਹਤਰ ਮੌਕਾ ਫਿਰ ਛੇਤੀ ਨਾ ਆ ਸਕੇ। ਇਹ ਅਸਾਂ ਸਭ ਉਪਰ ਨਿਰਭਰ ਕਰਦੈ ਕਿ ਇਸ ਸਥਿਤੀ ਵਿਚੋਂ ਪੰਥਕ ਮੁਹਾਂਦਰੇ ਨੂੰ ਨਿਖਾਰਨ ਲਈ ਕਿੰਨੀ ਕੁ ਸੁਹਿਰਦਤਾ ਤੇ ਦੂਰ-ਅੰਦੇਸ਼ੀ ਨਾਲ ਕਦਮ ਉਠਾਉਂਦੇ ਹਾਂ।

ਪੰਜਾਬ ਵਿਚ ਵਾਪਰੀਆਂ ਘਟਨਾਵਾਂ ਦੇ ਪ੍ਰਤੀਕਰਮ ਵਜੋਂ ਨਿਊ ਜਰਸੀ ਦੇ ਦਸ ਗੁਰੂਘਰਾਂ ਦੀ ਪਹਿਲ 'ਤੇ ਪੂਰੇ ਅਮਰੀਕਾ ਦੀਆਂ ਸਿੱਖ ਸੰਸਥਾਵਾਂ ਨੇ ਮਤੇ ਪਾਸ ਕਰਕੇ ਆਪਣੇ ਰੋਹ ਤੇ ਰੋਸ ਦਾ ਪ੍ਰਗਟਾਵਾ ਕਰਕੇ ਆਪਣੇ ਆਪ ਨੂੰ ਪੰਜਾਬ ਵਿਚ ਚੱਲ ਰਹੇ ਸੰਕਟਮਈ ਧਾਰਮਕ ਸੰਘਰਸ ਦਾ ਹਿੱਸਾ ਬਣਾਇਆ। ਜਿਹੜੇ ਮਤੇ ਪਾਸ ਕੀਤੇ ਗਏ, ਉਨ੍ਹਾਂ ਅੰਦਰਲੀ ਭਾਵਨਾ ਬਹੁਤ ਪਵਿਤਰ ਤੇ ਸੰਜੀਦਾ ਹੈ ਪਰ ਮਤਿਆਂ ਦੀ ਸ਼ਬਦਾਵਲੀ ਮੰਗਾਂ ਦੇ ਰੂਪ ਅਤੇ ਗਿਣਤੀ ਵਿਚਲੀ ਭਿੰਨਤਾ ਸਾਫ ਜ਼ਾਹਰ ਕਰਦੀ ਹੈ ਕਿ ਅਜਿਹੇ ਸੰਵੇਦਨਸ਼ੀਲ ਮਸਲੇ ਦੇ ਰੋਸ ਵਜੋਂ ਉਠੇ ਜੋਸ਼ ਵਿਚ ਵੀ ਸਾਡੀ ਇੱਕ ਸੁਰਤ ਦੀ ਘਾਟ ਅਤੇ ਆਪ ਮੁਹਾਰਾਪਨ ਪ੍ਰਤੱਖ ਹੈ, ਜਿਸ ਵਿਚੋਂ ਬਾਹਰ ਆਉਣ ਲਈ ਵੀ ਸਾਨੂੰ ਮਾਰਗ ਤਲਾਸ਼ਣ ਦੀ ਲੋੜ ਹੈ ਜੋ ਸਿਰਫ ਤੇ ਸਿਰਫ ਸਾਡੀ ਆਪਸੀ ਏਕਤਾ ਵਿਚੋਂ ਹੀ ਨਿਕਲ ਸਕਦਾ ਹੈ।

ਮੈਂ ਮਹਿਸੂਸ ਕਰਦਾ ਹਾਂ ਕਿ ਇਸ ਸਮੇਂ ਸਭ ਤੋਂ ਵੱਡੀ ਜਿੰਮੇਵਾਰੀ ਅਮਰੀਕਨ ਸਿੱਖਾਂ ਦੀ ਬਣਦੀ ਹੈ। ਨਿਰਸੰਕੋਚ ਸਿੱਖ ਕੈਨੇਡਾ ਤੇ ਯੂਰਪ ਵਿਚ ਵੱਧ ਗਿਣਤੀ ਵਿਚ ਹਨ ਪਰ ਕਿਉਂਕਿ ਅਮਰੀਕਾ ਸਮੁੱਚੀ ਦੁਨੀਆਂ ਦੇ ਨਕਸ਼ੇ ਉਪਰ ਸਭ ਤੋਂ ਵੱਧ ਪ੍ਰਭਾਵਸ਼ਾਲੀ ਸ਼ਕਤੀ ਦੇ ਰੂਪ ਵਿਚ ਸਥਾਪਤ ਹੋ ਚੁੱਕਾ ਹੈ, ਇਸ ਲਈ ਜੋ ਆਵਾਜ਼ ਸੰਗਠਤ ਰੂਪ ਵਿਚ ਅਮਰੀਕਨ ਸਿੱਖਾਂ ਵੱਲੋਂ ਉਠੇਗੀ, ਉਸ ਦਾ ਪ੍ਰਭਾਵ ਸਿਰਫ ਪੰਜਾਬ ਹੀ ਨਹੀਂ, ਦਿੱਲੀ ਵੀ ਉਸ ਤੋਂ ਅਭਿੱਜ ਨਹੀਂ ਰਹੇਗੀ। ਇਹ ਕੋਸ਼ਿਸ਼ਾਂ ਇਸ ਸਮੇਂ ਜੰਗੀ-ਪੱਧਰ 'ਤੇ ਹੋਣੀਆਂ ਚਾਹੀਦੀਆਂ ਹਨ।

ਪੰਜਾਬ ਵਿਚ ਇਹ ਸਾਰਾ ਘਟਨਾਕ੍ਰਮ ਨਿਰਾ ਧਾਰਮਕ ਹੀ ਨਹੀਂ ਤੇ ਨਾ ਹੀ ਕਿਸੇ ਇੱਕ ਸਿਆਸੀ ਪਾਰਟੀ ਨਾਲ ਸਬੰਧਤ ਹੈ। ਅੰਦੇਸ਼ਾ ਹੈ ਕਿ ਪੰਜਾਬ ਕਿਸੇ ਬਹੁਤ ਵੱਡੀ ਮੁਸੀਬਤ ਵਲ ਨੂੰ ਧੱਕਿਆ ਜਾ ਰਿਹਾ ਹੈ। ਇਸ ਲਈ ਸਭ ਨੂੰ ਬਹੁਤ ਸੰਜੀਦਾ ਹੋਣ ਦੀ ਲੋੜ ਹੈ। ਮੈਂ ਇਹੋ ਕਹਿਣਾ ਚਾਹਾਂਗਾ ਕਿ ਅੱਜ ਦੁਨੀਆਂ ਭਰ ਦਾ ਖਾਸ ਕਰਕੇ ਵਿਦੇਸ਼ੀ ਸਿੱਖ ਧਾਰਮਕ ਕਾਰਨਾਂ ਕਰਕੇ ਮਾਨਸਕ ਇੱਕਸੁਰਤਾ ਵਿਚ ਨਜ਼ਰ ਆ ਰਿਹਾ ਹੈ ਤੇ ਸਮਾਂ ਹੈ ਉਨ੍ਹਾਂ ਦੀ ਮਾਨਸਿਕਤਾ ਨੂੰ ਇੱਕ ਸੰਗਠਿਤ ਤੇ ਸੁਜਗ ਰਹਿਨੁਮਾਈ ਦਿੱਤੀ ਜਾਵੇ ਤੇ ਉਸ ਸੋਚ ਦੇ ਉਜਾਗਰ ਹੋਣ ਦੀ ਸੰਭਾਵਨਾ ਦਾ ਆਧਾਰ ਸਾਡੀ ਨਿਰ-ਵਿਵਾਦ ਤੇ ਨਿਰ-ਸਵਾਰਥ ਏਕਤਾ ਉਪਰ ਹੋਣਾ ਚਾਹੀਦਾ ਹੈ। ਮੇਰੀ ਸਮਝ ਮੁਤਾਬਕ ਇਸ ਸਮੇਂ ਅਮੈਰਿਕਨ ਗੁਰਦੁਆਰਾ ਪ੍ਰਬੰਧਕ ਕਮੇਟੀ, ਜਿਸ ਦੀਆਂ ਪ੍ਰਾਪਤੀਆਂ ਜਾਂ ਕਮਜ਼ੋਰੀਆਂ ਨੂੰ ਆਪਾਂ ਅੱਖੋਂ ਉਹਲੇ ਕਰ ਵੀ ਦੇਈਏ ਪਰ ਫਿਰ ਵੀ ਆਪਾਂ ਦੇਖਦੇ ਹਾਂ ਕਿ ਘੱਟੋ-ਘੱਟ ਪੰਥਕ ਲੋਕਾਂ ਅੰਦਰ ਇਸ ਨਾਮ ਦਾ ਚਰਚਾ ਜ਼ਰੂਰ ਹੈ। ਇਹ ਪਲੇਟਫਾਰਮ ਆਰਜੀ ਤੌਰ 'ਤੇ ਸਾਡੇ ਲਈ ਜਰੂਰ ਸਹਾਈ ਹੋ ਸਕਦਾ ਹੈ। ਇਹ ਸਮਾਂ ਨਿਰੀ ਅੱਗ ਬਣ ਕੇ ਮੱਚਣ ਦਾ ਨਹੀਂ ਸਗੋਂ ਲਗਾਤਾਰ ਮਘਦੇ ਰਹਿਣ ਦਾ ਸੰਕਲਪ ਲੈਣ ਦਾ ਹੈ।

"ਅੱਗ ਨਾ ਬਣ, ਪਾਣੀ ਨਾਲ ਬੁਝ ਜਾਵੇਂਗਾ,
ਸੂਰਜ ਬਣ, ਤਾਂ ਜੋ ਬਲਦਾ ਰਹੇਂ।"

## ਕਾਵਿ-ਕਿਆਰੀ

### ਨਾਨਕ ਕੀ ਚਾਹੁੰਦੈ...

ਬਾਬਾ ਕਾਲੂ ਵੀ ਚਾਹੁੰਦਾ ਸੀ
ਕਿ ਮੇਰਾ ਇਕਲੌਤਾ ਪੁੱਤਰ ਨਾਨਕ
ਚੰਗਾ ਪੜ੍ਹ ਲਿਖ ਜਾਵੇ ਅਤੇ
ਕਿਸੇ ਵੱਡੇ ਰੁਤਬੇ 'ਤੇ ਬੈਠੇ।
ਘੱਟ ਤੋਂ ਘੱਟ ਜੇ ਤਹਿਸੀਲਦਾਰ ਨਹੀਂ,
ਪਟਵਾਰੀ ਤਾਂ ਜ਼ਰੂਰ ਬਣੇ।
ਬਾਬਾ ਕਾਲੂ ਜੀ ਆਪ ਪਟਵਾਰੀ,
ਉਨ੍ਹਾਂ ਦਾ ਦਾਮਾਦ ਪਟਵਾਰੀ
ਪਰ ਜੇ ਪੁੱਤਰ ਨਿਖੱਟੂ ਹੋਵੇ
ਤਾਂ ਫਿਰ ਜ਼ਿੰਦਗੀ ਵੀ ਕਾਹਦੀ?
ਉਪਰੋਂ ਇਲਾਕੇ ਦੇ ਸਰਦਾਰ
ਰਾਏ ਬੁਲਾਰ ਦਾ ਚਹੇਤਾ ਬਾਬਾ ਕਾਲੂ।
ਪਰ ਨਾਨਕ ਕੀ ਚਾਹੁੰਦਾ ਹੈ,
ਬਾਪੂ ਇਸ ਗੱਲੋਂ ਉਕਾ ਹੀ ਅਨਜਾਣ ਸੀ।

ਮਾਤਾ ਤ੍ਰਿਪਤਾ ਵੀ ਚਾਹੁੰਦੀ ਸੀ,
ਮੇਰਾ ਨਾਨਕ ਕਦੀ ਕਿਤੇ ਨਾ ਜਾਵੇ,
ਤਲਵੰਡੀ ਵਿਚ ਹੀ ਰਵ੍ਹੇ ਤੇ
ਬਾਪੂ ਦਾ ਸਾਰਾ ਕਾਰੋਬਾਰ ਸੰਭਾਲੇ।
ਹੁਣ ਤੇ ਨਾਨਕ ਵਿਆਹਿਆ ਵੀ ਗਿਐ,
ਸੁੱਖਾਂ ਲੱਧੀ ਸੁਲੱਖਣੀ ਨਾਲ,
ਰੱਬ ਨੇ ਦੋ ਪੁੱਤਰ ਵੀ ਦੇ ਦਿੱਤੇ ਨੇ,
ਘਰ ਦੀ ਵੇਲ ਵਧ ਗਈ ਹੈ।
ਅਸੀਂ ਵੀ ਦੋਵੇਂ ਬੁੱਢੇ ਹੋ ਰਹੇ ਹਾਂ,
ਪੋਤਿਆਂ ਨਾਲ ਖੇਡਣ ਨੂੰ ਦਿਲ ਕਰਦਾ,
ਜ਼ਿੰਦਗੀ ਦਾ ਕੀ ਪਤੈ, ਅੱਜ ਹੈਗੀ ਆ
ਤੇ ਭਲਕੇ ਕੁਝ ਵੀ ਨਹੀਂ।
ਪਰ ਨਾਨਕ ਕੀ ਚਾਹੁੰਦਾ ਹੈ,
ਭੋਲੀ ਮਾਂ ਭਲਾ ਕਿਵੇਂ ਜਾਣ ਸਕਦੀ ਸੀ।
ਕਦੀ ਕਦੀ ਬਾਪ ਕਾਲੂ ਤੇ ਮਾਂ ਤ੍ਰਿਪਤਾ
ਦੋਵੇਂ ਬੈਠ ਕੇ ਗੱਲਾਂ ਕਰਦੇ
ਭਲਾ ਸਾਡੀ ਵੀ ਕੀ ਜ਼ਿੰਦਗੀ ਹੈ,
ਰੱਬ ਦਾ ਦਿੱਤਾ ਹੋਇਆ ਸਭ ਕੁਝ ਹੈ,
ਪਰ ਨਾਨਕ ਜਦੋਂ ਮਰਜੀ
ਜਿਸ ਪਾਸੇ ਵਲ ਜੀ ਕਰੇ ਤੁਰ ਪੈਂਦਾ ਹੈ
ਅਤੇ ਗਿਆ ਹੋਇਆ ਕਈ ਕਈ ਸਾਲ
ਘਰ ਨੂੰ ਮੁੜਦਾ ਹੀ ਨਹੀਂ।
ਨੂੰਹ ਸੁਲੱਖਣੀ ਦੋਹਾਂ ਨਿਆਣਿਆਂ ਨੂੰ
ਲੈ ਕੇ ਪੇਕੀਂ ਬੈਠੀ ਹੋਈ ਏ।
ਜਦ ਪੁਛੀਏ ਤਾਂ ਆਖਦਾ ਏ,
ਮੈਂ ਤੇ ਦੁਨੀਆਂ ਨੂੰ ਤਾਰਨ ਗਿਆ ਸਾਂ।
ਭਲਾ ਇਹ ਕਿਹੜੀ ਦੁਨੀਆਂ
ਪਈ ਡੁਬਦੀ ਸੀ ਜੋ ਤਾਰਨ ਗਿਆ ਸੀ।

ਉਧਰ ਬੀਬੀ ਸੁਲੱਖਣੀ ਸੋਚਦੀ
ਮੈਂ ਵੀ ਕੈਸੀ ਵਿਆਹੀ ਵਰੀ ਸੁਹਾਗਣ ਹਾਂ,
ਜਿਦ੍ਹੀ ਸਾਰੀ ਉਮਰਾ ਪੇਕੇ ਘਰ ਵਿਚ
ਬੈਠੀ ਦੀ ਹੀ ਨਿਕਲ ਚੱਲੀ ਏ।
ਵਿਆਹ ਤੋਂ ਪਹਿਲੋਂ ਸੁਣਿਆ ਸੀ,
ਬਾਪੂ ਮਾਂ ਨੂੰ ਹੌਲੀ ਹੌਲੀ ਆਖਦਾ ਸੀ,
ਬੜਾ ਵੱਡਾ ਘਰ-ਘਰਾਣਾ ਏ ਬੇਦੀਆਂ ਦਾ,
ਤੇ ਉਤੋਂ ਇਕੋ ਇਕ ਪੁੱਤਰ ਏ।
ਸਾਡੀ ਧੀ ਵੀ ਲਾਡਾਂ ਪਾਲੀ ਕੱਲੀ ਕੱਲੀ ਏ,
ਸਹੁਰੇ ਘਰ ਰਾਜ ਪਈ ਕਰੇਗੀ।
ਇਹ ਕਿਹੜਾ ਰਾਜ ਏ ਜੋ ਮੈਂ ਕਰ ਰਹੀ ਹਾਂ,
ਮੈਨੂੰ ਕੋਈ ਦੱਸੇ ਤਾਂ ਸਹੀ।
ਹੁਣ ਜਦੋਂ ਪਰਤੇਗਾ ਤੇ ਪੁੱਛਾਂਗੀ ਜ਼ਰੂਰ
ਕਿ ਮੈਨੂੰ ਕਿਹੜਾ ਸੁੱਖ ਦਿੱਤਾ ਈ।

ਮਾਂ ਤ੍ਰਿਪਤਾ ਤੇ ਪਿਤਾ ਕਾਲੂ ਜੀ ਸੋਚਦੇ,
ਸੁਲੱਖਣੀ ਘਰ ਤਲਵੰਡੀ ਆ ਜਾਵੇ,
ਸਿਰੀ ਚੰਦ ਤੇ ਲਖਮੀ ਵੀ ਆ ਜਾਣਗੇ
ਤੇ ਘਰ ਵਿਚ ਰੌਣਕ ਹੋ ਜਾਵੇਗੀ।
ਇਕੱਲਿਆਂ ਨੂੰ ਹੁਣ ਸਾਨੂੰ ਇਹ ਘਰ ਵੀ
ਖਾਣ ਨੂੰ ਆਉਂਦਾ ਏ, ਕੀ ਕਰੀਏ?
ਜੇ ਸੁਲੱਖਣੀ ਘਰ ਆ ਜਾਵੇ ਤਾਂ
ਸਾਨੂੰ ਵੀ ਜਿਊਣ ਦਾ ਆਹਰ ਮਿਲ ਜਾਵੇਗਾ,
ਪਰ ਉਹਨੂੰ ਲੈਣ ਕਿਸ ਮੂੰਹ ਨਾਲ ਜਾਈਏ,
ਉਹ ਤੇ ਅੱਗਿਓਂ ਪੁਛੇਗੀ ਕਿ ਦੱਸੋ,
ਮੇਰੇ ਸਿਰ ਦਾ ਸਾਈਂ ਤੇ
ਮੇਰੇ ਬੱਚਿਆਂ ਦਾ ਬਾਪ ਕਿਥੇ ਹੈ?
ਫਿਰ ਕੀ ਆਖਾਂਗੇ?
ਰੱਬ ਮੋੜਾ ਪਾ ਦੇਵੇ ਤਾਂ ਨਾਨਕ ਕਿਤੇ
ਆਪੇ ਹੀ ਘਰ ਨੂੰ ਪਰਤ ਆਵੇ।

ਸੁਲਤਾਨਪੁਰੇ ਵਿਚ ਬੈਠੀ ਭੈਣ ਨਾਨਕੀ
ਸੋਚਦੀ ਰੱਬ ਦਾ ਰੂਪ ਮੇਰਾ ਵੀਰਾ
ਨਾਨਕ ਨਿਰੰਕਾਰੀ ਜਿਸ ਨੂੰ ਰੱਬ ਨੇ
ਆਪੂੰ ਇਸ ਦੁਨੀਆਂ ਵਿਚ ਘੱਲਿਆ ਏ,
ਉਹ ਤੇ ਆਪ ਹੀ ਰੱਬ ਜਿਹਾ ਏ ਮਾਂ ਬਾਪ
ਤੇ ਭਾਬੀ ਐਵੇਂ ਫਿਕਰ ਪਏ ਕਰਦੇ ਨੇ।
ਭਲਾ ਉਹ ਸੰਸਾਰ ਨੂੰ ਵਿਲਕਦਾ ਛੱਡ ਕੇ
ਤਲਵੰਡੀ ਕਿਵੇਂ ਬੈਠ ਜਾਵੇ?
ਉਹ ਤੇ ਜੋ ਕਰਨ ਲਈ ਆਇਆ ਏ,
ਉਸ ਨੇ ਉਹ ਹੀ ਕਰਨਾ ਏ,
ਨਾਨਕ ਕੋਈ ਇਕੱਲਾ ਤਲਵੰਡੀ ਦਾ ਤੇ ਨਹੀਂ,
ਉਹ ਤੇ ਸਾਰੇ ਸੰਸਾਰ ਦਾ ਹੈ।
ਇਹ ਗੱਲਾਂ ਸੁਣ ਕੇ
ਕਮਲੀ ਸੁਰਜੀਤ ਆਖਦੀ ਹੈ,
ਕਲ ਤਾਰਨ ਗੁਰੂ ਨਾਨਕ ਆਇਆ।

**-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ**

---

### ਬਾਬਾ ਨਾਨਕ ਤੇਰੀ ਮਹਿਮਾ

ਬਾਬਾ ਨਾਨਕ ਤੇਰੀ ਮਹਿਮਾ
ਸਾਰੇ ਜਗ ਤੋਂ ਨਿਰਾਲੀ ਹੈ।
ਕਲਯੁਗ ਵਿਚੋਂ ਸਾਰੀ ਦੁਨੀਆਂ
ਤੂੰ ਨਿਕਾਲੀ ਹੈ।

ਦਿੱਤਾ ਉਪਦੇਸ਼ ਸੱਚ ਦਾ
ਤੂੰ ਕੀਤੇ ਸਾਰੇ ਇੱਕ,
ਚਲਾਇਆ ਧਰਮ ਅਨੋਖਾ,
ਅਸੀਂ ਸਜੇ ਤੇਰੇ ਸਿੱਖ।
ਸੱਚੀ ਸੁੱਚੀ ਸਿੱਖੀ ਦੀ
ਤੂੰ ਰਾਹ ਵਿਖਾਲੀ ਹੈ।

ਚਾਰ ਕੀਤੀਆਂ ਉਦਾਸੀਆਂ
ਤੂੰ ਜੱਗ ਤਾਰਿਆ,
ਖੁਦ ਹੱਥਾਂ ਨਾਲ ਮੰਜੀਆਂ ਨੂੰ
ਸੀ ਤੂੰ ਚਾਰਿਆ।
'ਆਪੇ ਬੀਜ ਆਪੇ ਖਾਹ' ਦੀ
ਤੂੰ ਰਾਹ ਦਿਖਾਲੀ ਹੈ।

ਤੇਰਾ ਤੇਰਾ ਕਹਿ ਕੇ
ਮੋਦੀਖਾਨੇ ਸੌਦਾ ਵੇਚਿਆ,
ਕਣ ਕਣ ਵਿਚੋਂ ਰੱਬ ਨੂੰ
ਤੂੰ ਜਿਵੇਂ ਵੇਖਿਆ।
ਨਾਮ ਜਪਣਾ, ਕਿਰਤ ਕਰਨੀ,
ਸਾਨੂੰ ਤੂੰ ਸਿਖਾਲੀ ਹੈ।

ਜਿਵੇਂ ਆ ਗਿਆ ਸੀ
ਨਾਨਕੀ ਦੇ ਫੁਲਕੇ ਛਕਣ,
ਤੇਰੀ ਦੀਦ ਦੇ ਪਿਆਸੇ
ਸਾਨੂੰ ਦੇ ਦੇ ਦਰਸ਼ਨ।
ਤੇਰਾ ਨਾਮ ਇਕ ਲੈ ਕੇ
ਮਨਾਈ ਦੀਵਾਲੀ ਹੈ।
ਬਾਬਾ ਨਾਨਕ ਤੇਰੀ ਮਹਿਮਾ
ਸਾਰੇ ਜਗ ਤੋਂ ਨਿਰਾਲੀ ਹੈ।

**-ਦਿਲਪ੍ਰੀਤ ਮਾਨ**
*ਫੋਨ: 559-291-7116*


REGULAR
2.09 9/10
Diesel
EC Unleaded
8.88 9/10
2.09 9/10
GAS SIGN
MESSAGE BOARD
Box & Channel Letters SIGNS
We Install any where in California
ELECTRIC SIGN COMPANY
Call For More Info:
1-661-586-5080


HIGH QUALITY PICTURE
HD
TVI, SDI, IP
We install anywhere in California
NEW TREND IN SECURITY SYSTEM
ULTRA HIGH DEFINITION
MOTORIZED LENS
Call Sukhpal for your next security solution purchase
2 YEAR WARRANTY
vista
CCTV TECHNOLOGY
SOLUTION PROVIDER COMPANY
661-586-5080
commvision@sbcglobal.net


Need Water? Tired of waiting in Line?
Call: 844-486-9355
We have Multiple Drilling Rigs
and We Convert Pumps to Solar too
Run Your Well Without Bill
Hydro Tech Solutions
One Stop Shop
Kamaljit Dhillon
Simran Deol
Deep Grewal

# ਹੁਣ ਕਰਨ ਦਿਓਲ ਦੀ ਵਾਰੀ




ਫਿਲਮ ਅਦਾਕਾਰ ਧਰਮਿੰਦਰ ਦਾ ਪੋਤਾ ਅਤੇ ਸਨੀ ਦਿਓਲ ਦਾ ਜੇਠਾ ਮੁੰਡਾ ਕਰਨ ਦਿਓਲ ਵੀ ਫਿਲਮੀ ਦੁਨੀਆਂ ਵਿਚ ਪੈਰ ਪਾ ਰਿਹਾ ਹੈ। ਇਸ ਬਾਰੇ ਸਨੀ ਦਿਓਲ ਨੇ ਬਾਕਾਇਦਾ ਐਲਾਨ ਕਰ ਦਿੱਤਾ ਹੈ। ਯਾਦ ਰਹੇ ਕਿ ਇਸ ਤੋਂ ਪਹਿਲਾਂ ਸਨੀ ਦਿਓਲ ਨੇ ਕਰਨ ਦਿਓਲ ਦੀ ਯਸ਼ ਫਿਲਮਜ਼ ਦੀ ਪੇਸ਼ਕਸ਼ ਠੁਕਰਾ ਦਿੱਤੀ ਸੀ। ਹੁਣ ਸਨੀ ਦਿਓਲ ਨੇ ਐਲਾਨ ਕੀਤਾ ਹੈ ਕਿ ਆਪਣੇ ਪੁੱਤਰ ਨੂੰ ਲਾਂਚ ਕਰਨ ਲਈ ਉਹ ਖੁਦ ਫਿਲਮ ਬਣਾਏਗਾ ਅਤੇ ਇਹ ਫਿਲਮ ਪ੍ਰੇਮ ਕਹਾਣੀ ਉਤੇ ਆਧਾਰਿਤ ਹੋਵੇਗੀ। ਇਸ ਫਿਲਮ ਦਾ ਐਕਸ਼ਨ ਨਾਲ ਕੋਈ ਵਾਹ ਵਾਸਤਾ ਨਹੀਂ ਹੋਵੇਗਾ। ਸਭ ਨੂੰ ਯਾਦ ਹੈ ਕਿ ਸਨੀ ਦਿਓਲ ਦੀ ਪਹਿਲੀ ਫਿਲਮ 'ਬੇਤਾਬ' ਵੀ ਪ੍ਰੇਮ ਕਹਾਣੀ ਹੀ ਸੀ। ਕਰਨ ਦਿਓਲ ਅੱਜ ਕੱਲ੍ਹ ਫਿਲਮ ਅਸਿਸਟੈਂਟ ਵਜੋਂ ਫਿਲਮ ਦੁਨੀਆਂ ਵਿਚ ਕੰਮ ਕਰ ਰਿਹਾ ਹੈ। ਉਸ ਦਾ ਆਖਣਾ ਹੈ ਕਿ ਉਹ ਹੁਣ ਅਦਾਕਾਰੀ ਨੂੰ ਕਰੀਅਰ ਵਜੋਂ ਅਪਣਾਏਗਾ ਅਤੇ ਇਸ ਪਾਸੇ ਹੁਣ ਉਸ ਨੇ ਪੂਰੀ ਵਾਹ ਲਾ ਦਿੱਤੀ ਹੈ। ਫਿਲਮ ਸਨਅਤ ਵਿਚ ਮੁਕਾਬਲੇ ਬਾਰੇ ਪੁੱਛਣ ਉਤੇ ਉਹ ਹੱਸ ਕੇ ਆਖਦਾ ਹੈ- "ਮੈਂ ਆਪਣੇ ਪਿਤਾ ਨੂੰ ਟੱਕਰ ਦੇਵਾਂਗਾ।" ਕਰਨ ਦਾ ਛੋਟਾ ਭਰਾ ਰਾਜਵੀਰ ਦਿਓਲ ਵੀ ਫਿਲਮ ਦੁਨੀਆਂ ਵਿਚ ਆਉਣ ਲਈ ਪਰ ਤੋਲ ਰਿਹਾ ਹੈ, ਪਰ ਉਸ ਦੀ ਵਾਰੀ ਕਰਨ ਤੋਂ ਬਾਅਦ ਹੀ ਆਵੇਗੀ।

# ਸਈਦ ਜਾਫਰੀ ਦੀ ਦਾਸਤਾਨ

ਸਿਮਰਨ ਕੌਰ



ਉਘਾ ਫਿਲਮਸਾਜ਼ ਸੱਤਿਆਜੀਤ ਰੇਅ ਜਦੋਂ 1975 ਵਿਚ 'ਸ਼ਤਰੰਜ ਕੇ ਖਿਲਾੜੀ' ਦੀ ਯੋਜਨਾ ਬਣਾ ਰਿਹਾ ਸੀ ਤਾਂ ਫਿਲਮਸਾਜ਼ ਜੌਹਨ ਹਸਟਨ ਦੀ ਫਿਲਮ 'ਦਿ ਮੈਨ ਹੂ ਵੁੱਡ ਬੀ ਕਿੰਗ' ਦੇ ਪੋਸਟਰ ਰਿਲੀਜ਼ ਹੋਏ। ਇਨ੍ਹਾਂ ਪੋਸਟਰਾਂ ਉਤੇ ਅਦਾਕਾਰ ਸੀਨ ਕੋਨਰੀ ਅਤੇ ਮਾਈਕਲ ਕੇਨ ਤੋਂ ਇਲਾਵਾ ਇਕ ਹੋਰ ਅਦਾਕਾਰ ਦਾ ਨਾਂ ਵੀ ਸੀ- ਸਈਦ ਜਾਫ਼ਰੀ। ਫਿਲਮ ਵਿਚ ਸਈਦ ਜਾਫਰੀ (8 ਜਨਵਰੀ 1929-15 ਨਵੰਬਰ 2015) ਨੇ ਗੋਰਖੇ ਫੌਜੀ ਦਾ ਕਿਰਦਾਰ ਨਿਭਾਇਆ ਸੀ। ਇਹ ਫੌਜੀ ਅੰਗਰੇਜ਼ੀ ਦੇ ਨਾਲ-ਨਾਲ ਮੁਕਾਮੀ ਭਾਸ਼ਾ ਮਹਾਰਤ ਨਾਲ ਬੋਲਦਾ ਹੈ। ਦੋ ਸਾਲ ਬਾਅਦ ਫਿਲਮ 'ਸ਼ਤਰੰਜ ਕੇ ਖਿਡਾਰੀ' ਆਈ ਤਾਂ ਇਸ ਵਿਚ ਜਾਫ਼ਰੀ ਨੇ ਲਖਨਊ ਦੇ ਸ਼ਤਰੰਜ ਪ੍ਰੇਮੀ ਮੀਰ ਰੋਸ਼ਨ ਅਲੀ ਦਾ ਕਿਰਦਾਰ ਨਿਭਾਇਆ ਸੀ। ਉਸ ਦਾ ਉਰਦੂ ਬੋਲਣ ਦਾ ਲਹਿਜ਼ਾ ਬਾ-ਕਮਾਲ ਸੀ। ਇਨ੍ਹਾਂ ਦੋਹਾਂ ਫਿਲਮਾਂ ਦੇ ਦੋਹਾਂ ਕਿਰਦਾਰਾਂ ਵਿਚ ਸਈਦ ਜਾਫ਼ਰੀ ਨੇ ਆਪਣੀ ਅਦਾਕਾਰੀ ਅਤੇ ਸੰਵਾਦ ਬੋਲਣ ਦੀ ਮਹਾਰਤ ਨਾਲ ਨਵੀਂ ਰੂਹ ਫੂਕ ਦਿੱਤੀ ਸੀ!

ਸਈਦ ਜਾਫਰੀ ਸ਼ਾਇਦ ਇਕੋ-ਇਕ ਅਜਿਹਾ ਅਦਾਕਾਰ ਸੀ ਜਿਹੜਾ ਬਾਲੀਵੁੱਡ, ਹਾਲੀਵੁੱਡ ਜਾਂ ਬ੍ਰਿਟਿਸ਼ ਫਿਲਮਾਂ ਵਿਚ ਆਪਣੀ ਅਦਾਕਾਰੀ ਸਦਕਾ ਆਪਣੀ ਸਫਲਤਾ ਦੇ ਝੰਡੇ ਗੱਡ ਸਕਿਆ ਹੈ। ਫਿਲਮਸਾਜ਼ ਸਾਈ ਪਰਾਂਜਪੇ ਨੇ 'ਚਸ਼ਮੇ ਬੱਦੂਰ' ਵਿਚ ਉਸ ਨੂੰ ਸਿਰਫ਼ 15 ਮਿੰਟ ਦਾ ਰੋਲ ਦਿੱਤਾ, ਪਰ ਇਨ੍ਹਾਂ 15 ਮਿੰਟਾਂ ਵਿਚ ਉਸ ਨੇ ਦੱਸ ਦਿੱਤਾ ਕਿ ਅਦਾਕਾਰੀ ਕਿਸ ਸ਼ੈਅ ਨੂੰ ਕਹਿੰਦੇ ਹਨ। ਇਸ ਫਿਲਮ ਵਿਚ ਉਸ ਨੇ ਪੁਰਾਣੀ ਦਿੱਲੀ ਦੇ ਇਕ ਪਾਨ ਵਾਲੇ ਦਾ ਕਿਰਦਾਰ ਨਿਭਾਇਆ ਸੀ ਅਤੇ ਉਹ ਇਸ ਕਿਰਦਾਰ ਨੂੰ ਹਕੀਕੀ ਰੂਪ ਨਾਲ ਜੋੜਨ ਲਈ ਪਾਨ ਵਾਲਿਆਂ ਕੋਲ ਬੈਠ ਕੇ ਗੱਪਾਂ ਮਾਰਦਾ ਰਹਿੰਦਾ ਸੀ। ਇਉਂ ਸਈਦ ਜਾਫਰੀ ਨੇ ਆਪਣੀ ਹਰ ਫਿਲਮ ਵਿਚ ਕਿਰਦਾਰ ਰੂਹ ਤੱਕ ਡੁੱਬ ਕੇ ਨਿਭਾਇਆ। ਸ਼ਾਇਦ ਇਸੇ ਕਰ ਕੇ ਫਿਲਮ ਪ੍ਰੇਮੀਆਂ ਨੂੰ ਉਸ ਦਾ ਇਕੱਲਾ-ਇਕੱਲਾ ਕਿਰਦਾਰ ਯਾਦ ਹੈ ਅਤੇ ਚਿਰਾਂ ਤੱਕ ਯਾਦ ਰਹੇਗਾ। ਆਪਣੇ ਛੇ ਦਹਾਕਿਆਂ ਵਿਚ ਫੈਲੇ ਕਰੀਅਰ ਦੌਰਾਨ ਉਸ ਨੇ ਡੇਢ ਸੌ ਤੋਂ ਵੱਧ ਫਿਲਮਾਂ ਵਿਚ ਆਪਣੀ ਅਦਾਕਾਰੀ ਦੇ ਜਲਵੇ ਦਿਖਾਏ।





*ਅਦਾਕਾਰ ਸਈਦ ਜਾਫਰੀ ਦੇ ਵੱਖ-ਵੱਖ ਸਮਿਆਂ ਦੇ ਤਿੰਨ ਵੱਖ-ਵੱਖ ਅੰਦਾਜ਼।*

# ਅਰਵਿੰਦ ਦੇਸਾਈ ਕੀ ਅਜੀਬ ਦਾਸਤਾਨ

## ਅਮੀਰੀ ਦੀ ਜ਼ਿਹਨੀ ਗੁਰਬਤ

ਆਵਾਜ਼ ਦੇ ਕਹਾਂ ਹੈ... -27-



ਕੁਲਦੀਪ ਕੌਰ
ਫੋਨ: +91-98554-04330

ਫਿਲਮਸਾਜ਼ ਸਈਦ ਅਖਤਰ ਮਿਰਜ਼ਾ ਦੀ ਫਿਲਮ 'ਅਰਵਿੰਦ ਦੇਸਾਈ ਕੀ ਅਜੀਬ ਦਾਸਤਾਨ' 1978 ਵਿਚ ਰਿਲੀਜ਼ ਹੋਈ ਸੀ। ਇਹ ਫਿਲਮ ਆਪਣੇ ਸ਼ੁਰੂਆਤੀ ਦ੍ਰਿਸ਼ਾਂ ਨਾਲ ਹੀ ਫਿਲਮਸਾਜ਼ ਦੀ ਕਾਰੀਗਰੀ ਦੇ ਦਰਸ਼ਨ ਕਰਾ ਦਿੰਦੀ ਹੈ। ਗਰੀਬ ਤੇ ਪਛੜੇ ਪਿੰਡ ਵਿਚ ਮਹਿੰਗੇ ਕਾਰਪੈੱਟ ਬੁਣੇ ਜਾ ਰਹੇ ਹਨ। ਪਿੰਡ ਦੇ ਬੱਚਿਆਂ, ਔਰਤਾਂ ਅਤੇ ਮਰਦਾਂ ਲਈ ਇਹ ਜਿਉਂਦੇ ਰਹਿਣ ਦਾ ਵਸੀਲਾ ਹਨ ਅਤੇ ਉਨ੍ਹਾਂ ਅੰਦਰਲੀ ਕੁਦਰਤੀ ਕਲਾ ਦਾ ਨਮੂਨਾ ਵੀ। ਕਾਰਪੈੱਟ ਅਰਵਿੰਦ ਦੇਸਾਈ ਦੇ ਮਹਿੰਗੇ ਸ਼ੋਅਰੂਮ ਵਿਚ ਪਹੁੰਚਦੇ ਹਨ। ਹੁਣ ਉਨ੍ਹਾਂ ਹੀ ਪਿੰਡ ਵਾਲਿਆਂ ਦੀ ਇਸ ਨੂੰ ਛੂਹਣ ਤੱਕ ਦੀ 'ਔਕਾਤ' ਨਹੀਂ। ਵਿਦੇਸ਼ੀ ਹੱਥਾਂ ਵਿਚ ਇਹ ਭੋਗਣ ਅਤੇ ਦਿਖਾਵੇ ਦੀ ਸ਼ੈਅ ਬਣਦੇ ਹਨ। ਇਨ੍ਹਾਂ ਦੀ ਬਾਜ਼ਾਰੀ ਕੀਮਤ ਪਿੰਡ ਵਾਲਿਆਂ ਦੀ ਕਲਪਨਾ ਤੋਂ ਵੀ ਬਾਹਰ ਹੈ। ਇਹ ਫਿਲਮ ਅਮੀਰ ਹੋਣ ਦੇ ਅਮਲ ਦਾ ਕੱਚ-ਸੱਚ ਦਰਸ਼ਕਾਂ ਅੱਗੇ ਰੱਖਦੀ ਹੈ ਅਤੇ ਉਸ ਧਾਰਨਾ ਦਾ ਖੰਡਨ ਕਰਦੀ ਹੈ ਕਿ ਅਮੀਰ ਹੋਣਾ ਬੰਦੇ ਦਾ ਨਿੱਜੀ ਤੇ ਕੁਦਰਤੀ ਹੱਕ ਹੈ ਜਾਂ ਕਿਸਮਤ ਦਾ ਖੇਲ ਹੈ ਜਾਂ ਅਮੀਰੀ ਬੰਦੇ ਦੇ 'ਮਿਹਨਤੀ' ਖਾਸੇ ਦਾ ਫਲ ਹੈ।

ਫਿਲਮ ਵਿਚਲਾ ਅਮੀਰ ਅਰਵਿੰਦ ਦੇਸਾਈ ਅਮੀਰੀ ਦੀਆਂ ਅਲਾਮਤਾਂ ਨਾਲ ਘਿਰਿਆ ਹੋਇਆ ਹੈ। ਉਹ ਸੋਹਣਾ ਹੈ, ਪਰ ਉਸ ਅੰਦਰਲਾ ਕੁਹਜ ਉਹਨੂੰ ਟਿਕਣ ਨਹੀਂ ਦਿੰਦਾ। ਪਹਿਲੀ ਨਜ਼ਰ ਵਿਚ ਉਹ ਆਤਮਵਿਸ਼ਵਾਸ ਨਾਲ ਭਰਿਆ ਹੋਇਆ ਹੈ, ਪਰ ਉਸ ਦੀ ਰੂਹ ਵਿਚ ਖੁੱਭੀਆਂ ਛਿੱਲਤਰਾਂ ਉਸ ਦੀ ਨਜ਼ਰ ਨੂੰ ਧੁੰਦਲਾ ਕਰ ਰਹੀਆਂ ਹਨ। ਕਾਰਪੈੱਟ ਦਾ ਸੌਦਾ ਬੰਨ੍ਹਦਿਆਂ ਉਹ ਦਲਾਲ ਨੂੰ ਪੁੱਛਦਾ ਹੈ ਕਿ ਕਿਉਂ ਇਸ ਨੂੰ ਬਣਾਉਣ ਵਾਲੇ ਮਜ਼ਦੂਰਾਂ ਨੂੰ ਇੰਨੇ ਘੱਟ ਪੈਸੇ 'ਤੇ ਗੁਜ਼ਾਰਾ ਕਰਨਾ ਪੈਂਦਾ ਹੈ? ਭਾਰਤੀ ਫਿਲਮ ਇਤਿਹਾਸ ਵਿਚ ਸ਼ਾਇਦ ਉਹ ਪਹਿਲਾ ਨਾਇਕ (?) ਹੈ ਜੋ ਇਨ੍ਹਾਂ ਸਵਾਲਾਂ ਬਾਰੇ ਕਿਸੇ ਵੀ ਨਤੀਜੇ 'ਤੇ ਨਹੀਂ ਪਹੁੰਚਦਾ ਜਾਂ ਫਿਰ ਪਹੁੰਚਣਾ ਹੀ ਨਹੀਂ ਚਾਹੁੰਦਾ। ਉਹ ਪੂਰੀ ਫਿਲਮ ਵਿਚ ਇੱਕ ਤੋਂ ਦੂਜੀ ਜਗ੍ਹਾ ਜਾਂਦਾ ਹੈ, ਇੱਕ ਤੋਂ ਬਾਅਦ ਦੂਜੇ ਬੰਦੇ ਨੂੰ ਮਿਲਦਾ ਹੈ, ਪਰ ਕੋਈ ਵੀ ਜਗ੍ਹਾ ਉਸ ਨੂੰ ਆਪਣੀ ਨਹੀਂ ਲੱਗਦੀ। ਕੋਈ ਵੀ ਬੰਦਾ ਉਸ ਨੂੰ ਪੂਰੀ ਤਰ੍ਹਾਂ ਮਿਲਦਾ ਨਹੀਂ ਲੱਗਦਾ। ਇੱਥੋਂ ਤੱਕ ਕਿ ਉਸ ਦਾ ਆਪਣੀ ਪ੍ਰੇਮਿਕਾ ਨਾਲ ਵੀ ਪ੍ਰੇਮਿਕਾ ਵਾਲਾ ਰਿਸ਼ਤਾ ਨਹੀਂ। ਉਸ ਵੇਸਵਾ ਕੋਲ ਵੀ ਜਾਂਦਾ ਹੈ, ਪਰ ਉਸ ਨਾਲ ਕਰਨ ਲਈ ਵੀ ਉਸ ਕੋਲ ਕੋਈ ਅਰਥ-ਭਰਪੂਰ ਗੱਲ ਨਹੀਂ। ਫਿਲਮ ਦੇ ਇੱਕ ਦ੍ਰਿਸ਼ ਵਿਚ ਉਹ ਕਿਤਾਬਾਂ ਦੀ ਦੁਕਾਨ 'ਤੇ ਜਾਂਦਾ ਹੈ ਜਿੱਥੇ ਉਹ ਸਮਾਜਕ ਮੁੱਦਿਆਂ ਨਾਲ ਸਬੰਧਿਤ ਕਿਤਾਬਾਂ ਦੇਖ ਰਿਹਾ ਹੈ। ਉਸ ਨੂੰ ਵਧੀਆ ਕਿਤਾਬਾਂ ਦੀ ਪਛਾਣ ਹੈ, ਪਰ ਉਹ ਚਾਹੁੰਦੇ ਹੋਏ ਵੀ ਕੋਈ ਕਿਤਾਬ ਖਰੀਦਦਾ ਨਹੀਂ। ਇਸ ਤੋਂ ਉਸ ਦੀ ਅਜੀਬ ਹਾਲਤ ਸਮਝ ਆ ਸਕਦੀ ਹੈ। ਸ਼ਇਦ ਇਸ ਤੋਂ ਫਿਲਮ ਦੇ ਅਜੀਬ ਸਿਰਲੇਖ ਦੀ ਦੱਸ ਵੀ ਪੈਂਦੀ ਹੈ।

ਅਰਵਿੰਦ ਦਾ ਦੋਸਤ ਰਾਜਨ (ਉਮਪੁਰੀ) ਉਸ ਅੰਦਰਲੇ ਪੈ ਰਹੇ ਖੌਰੂ ਨੂੰ ਵਿਚਾਰਾਂ ਅਤੇ ਮੁੱਦਿਆਂ ਰਾਹੀਂ ਹੋਰ ਤਿੱਖਾ ਕਰਦਾ ਹੈ। ਅਰਵਿੰਦ ਉਸ ਨਾਲ ਸਹਿਮਤ ਤਾਂ ਹੈ, ਪਰ ਉਸ ਨੂੰ ਕਦੇ ਇਹ ਲੱਗਦਾ ਹੀ ਨਹੀਂ ਕਿ ਇਨ੍ਹਾਂ ਬਾਰੇ ਉਹ ਕੁਝ ਕਰਨ ਦੀ ਹਾਲਤ ਵਿਚ ਹੈ। ਉਹ ਮੇਲੇ ਵਿਚ ਗੁੰਮ ਹੋਏ ਅਜਿਹੇ ਨਿਆਣੇ ਵਾਂਗ ਹੈ ਜੋ ਮੇਲਾ ਵੀ ਨਹੀਂ ਛੱਡਣਾ ਚਾਹੁੰਦਾ, ਪਰ ਘਰ ਵੀ ਜਾਣਾ ਚਾਹੁੰਦਾ ਹੈ ਤੇ ਇਹ ਵੀ ਨਹੀਂ ਚਾਹੁੰਦਾ ਕਿ ਉਸ ਨੂੰ ਕੋਈ ਲੱਭ ਸਕੇ। ਫਿਲਮ ਵਿਚ ਇਹ ਭੂਮਿਕਾ ਦਲੀਪ ਧਵਨ ਨੇ ਅਦਾ ਕੀਤੀ ਸੀ ਅਤੇ ਇਹ ਉਸ ਦੀ ਪਹਿਲੀ ਫਿਲਮ ਸੀ। ਉਹ ਅਤੇ ਸਈਦ ਅਖਤਰ ਮਿਰਜ਼ਾ, ਦੋਵੇ ਨਵੇਂ-ਨਵੇਂ ਫਿਲਮ ਸੰਸਥਾ ਪੂਣੇ ਤੋਂ ਫਿਲਮਸਾਜ਼ੀ ਦੇ ਗੁਰ ਸਿੱਖ ਕੇ ਨਿਕਲੇ ਸਨ। ਦਲੀਪ ਧਵਨ ਦਾ ਨੌਸਿਖੀਆਪਣ ਹੀ ਫਿਲਮ ਦੇ ਮੁੱਖ ਕਿਰਦਾਰ ਦੀ ਸਭ ਤੋਂ ਵੱਡੀ ਤਾਕਤ ਬਣ ਕੇ ਉਭਰਦਾ ਹੈ।

ਫਿਲਮ ਵਿਚ ਸ਼ੋਅਰੂਮ, ਪੂੰਜੀ ਦਾ ਅਜਿਹਾ ਬਾਜ਼ਾਰ ਹੈ ਜਿਥੇ ਹੋ ਰਹੀ ਗੱਲਬਾਤ ਦਾ ਬਹੁਤ ਘੱਟ ਹਿੱਸਾ ਦਰਸ਼ਕਾਂ ਤੱਕ ਪਹੁੰਚਦਾ ਹੈ। ਇਸ ਘੁਸਰ-ਮੁਸਰ ਵਿਚ ਮੁਨਾਫੇ ਦਾ ਡੰਗ ਹੈ ਜਿਸ ਦਾ ਡਸਿਆ ਅਰਵਿੰਦ ਦਿਨ-ਰਾਤ ਤੜਫਦਾ ਹੈ। ਭਾਰਤੀ ਸਿਨੇਮਾ ਵਿਚ ਗਰੀਬੀ 'ਤੇ ਬਣੀਆਂ ਕਈ ਫਿਲਮਾਂ ਵਿਚ ਗਰੀਬੀ ਨਾਲ ਜੁੜੀ ਮਾਨਸਿਕਤਾ ਦੀ ਬਾਤ ਪਾਈ ਗਈ ਹੈ, ਅਮੀਰੀ ਦੀ ਜ਼ਿਹਨੀ ਗੁਰਬਤ 'ਤੇ ਬਣੀ ਇਹ ਫਿਲਮ, ਮੁਨਾਫੇ ਦਾ ਮੱਕੜਜਾਲ ਨੰਗਾ ਕਰਦੀ ਹੈ।




*ਫਿਲਮਸਾਜ਼ ਸਈਦ ਅਖਤਰ ਮਿਰਜ਼ਾ ਦੀ ਫਿਲਮ 'ਅਰਵਿੰਦ ਦੇਸਾਈ ਕੀ ਅਜੀਬ ਦਾਸਤਾਨ' ਦੇ ਦੋ ਦ੍ਰਿਸ਼।*

SIGNS • GRAPHICS • WRAP

Quik Signs

www.quiksigns.us

SIGNS & GRAPHICS

ਟਰੱਕਾਂ ਅਤੇ ਟਰੇਲਰਾਂ ਦੇ ਸਾਈਨ, ਟਰਿਪ ਪੈਕ, ਲੌਗ ਬੁੱਕ

• ਸਟੋਰਾਂ ਦੇ ਸਾਈਨ • ਫਲਾਇਰ • ਪੋਸਟਰ • ਬਿਜ਼ਨਸ ਕਾਰਡ
• ਇਲੈਕਟ੍ਰਾਨਿਕ ਸਾਈਨ • ਐਲ.ਈ.ਡੀ. ਸਾਈਨ • ਕਲੈਂਡਰ
ਅਤੇ ਹਰ ਤਰ੍ਹਾਂ ਦੀ ਪ੍ਰਿੰਟਿੰਗ ਕਰਵਾਉਣ ਲਈ ਕਾਲ ਕਰੋ

• Store Sign • Flyers • Posters • LED Sign
• Business Cards • Electronic Signs • Banner






ਅਸੀਂ ਸਾਈਨ ਮੇਲ ਵੀ ਕਰ ਦਿੰਦੇ ਹਾਂ

LED GAS PRICE CHANGER
ALL SIZE AVAILABLE

Reasonable Price, Fast & Friendly Service

661.703.8795
tanjit5020@yahoo.com
661.900.7357
manmit5020@yahoo.com



ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ॥ ਜਿਉ ਕਰਿ ਸੂਰਜ ਨਿਕਲਿਆ ਤਾਰੇ ਛਪੇ ਅੰਧੇਰੁ ਪਰੋਆ॥

# ਗੁਰੂ ਨਾਨਕ ਪ੍ਰਕਾਸ਼ ਪੁਰਬ ਦੀ ਸਮੂਹ ਸਾਧ ਸੰਗਤ ਅਤੇ 'ਪੰਜਾਬ ਟਾਈਮਜ਼' ਦੇ ਪਾਠਕਾਂ ਨੂੰ

# ਲੱਖ ਲੱਖ ਵਧਾਈ

ਘਰਾਂ ਦੀ ਵਧੀਆ ਡੀਲ ਅਤੇ ਘਟ ਤੋਂ ਘਟ ਵਿਆਜ ਦਰਾਂ ਉਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

# Golden State Realty

**Real Estate and Loans Under One Roof**

ਪਿਛਲੇ 28 ਸਾਲਾਂ ਤੋਂ ਬਿਜਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

## Reo/Short Sale Specialist

**We can sell your house in short sale at no cost to you.**

**Selling Homes from Gilroy to Sacramento, CA**

**Call us before visiting any model homes to save big time.**

**JUST SOLD**

1. 4709 Valencia Way Union City, CA 94587
2. 3313 Oak Bluff Ct., Dublin, CA 94568
3. 816 Climbing Rose Ct. Hayward, CA 94544
4. 32526 Endeavour way Union City, CA 94587
5. 916 Brook Way Gilroy, CA 95020
6. 4205 Lunar Way Union City, CA 94587
7. 4124 Polaris Ave., Union City, CA 94587
8. 4105 Pluto Way, Union City, CA 94587
9. 49077 Tomahawk Pl Fremont, CA 94539
10. 3155 Courthouse Drive, Union City, CA 94587
11. 2781 Determine Drive Atwater, CA 95301
12. 105 Machado Ct., Tracy, CA 95376
13. 2622 Daniel Hansen Way, Tracy, CA 95377
14. 1849 Girard Dr., Milpitas, CA 95035
15. 29180 Marshbrook Dr., Hayward CA 94545

Market is hot. Do not wait any more to buy home of your dreams. There are multiple offer situations on all under market homes. Act now before it is too late. Master of winners in multiple offer situation is waiting for your call.

Selling new and old Homes from San Jose to Sacramento

Fremont Office:
86 Pilgrim Loop
Fremont CA 94539
Tel:510-440-9292, Fax:510-656-8941

**Cell: 510-304-9292**
**Cell:408-666-8279**



**Jaswinder Gill** M.Sc (PAU)
CA BRE# 00966763
Broker/Owner/Notary

Grand Master Award Winner 2012, 2013 & 2014

**Commercial Unit**
9912 Kapalua Ln.,
Elk Grove, CA 95624
Tel:916-612-5773, Fax:916-393-2586

E-mail: jassi@jassigill.com or
Visit us @ www.jassigill.com
for hot listings

## Refinance Now

15 & 30 Yr Fixed Rates Are Still Better!!!
5/1, 7/1 ARM are also attractive Refinance Now At Zero Cost

Call Sukhi Gill DHMS, Loan Broker @ 510-207-9067
CA BRE Lic.#01180969
NMLS# 352095